ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 23 | 15 June 2022 to 21 June 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮੁੱਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦਾ

## ✪ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਲਈ ਵਿਦਿਆਰਥੀ ਤੇ ਪੰਥਕ ਜਥੇਬੰਦੀਆਂ ਸਰਗਰਮ ✪ ਭਗਵੰਤ ਮਾਨ ਸਰਕਾਰ ਲਈ ਪ੍ਰੀਖਿਆ ਦੀ ਘੜੀ ਸਾਬਤ ਹੋ ਸਕਦਾ ਹੈ ਯੂਨੀਵਰਸਿਟੀ ਦਾ ਮਾਮਲਾ

**ਜਲੰਧਰ/ਏ.ਟੀ.ਨਿਊਜ਼ :-** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹੜੱਪਣ ਦੀਆਂ ਸਾਜਿਸ਼ਾਂ ਸਾਹਮਣੇ ਆਈਆਂ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਬਾਰੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਰਾਜਬੀਰ ਸਹਿਰਾਵਤ ਦੀ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਜਵਾਬ ਮੰਗਦੇ ਹੋਏ ਅੰਤਰ-ਰਾਜੀ ਸੰਸਥਾ ਵਜੋਂ ਯੂਨੀਵਰਸਿਟੀ ਦਾ ਆਧਾਰ ਪਹਿਲਾਂ ਹੀ ਖ਼ਤਮ ਹੋਣ ਦਾ ਹਵਾਲਾ ਦਿੱਤਾ। ਇਸ ਯੂਨੀਵਰਸਿਟੀ ਲਈ ਪੰਜਾਬ ਕੋਲ ਨਤੀਜੇ ਵਜੋਂ ਲਾਭਾਂ ਨਾਲ ਸਿਰਫ ਮਾਨਤਾ ਪ੍ਰਾਪਤ ਸਹੂਲਤ ਹੈ ਅਤੇ ਪੰਜਾਬ ਦੇ ਵਿੱਤੀ ਯੋਗਦਾਨਾਂ ਤੇ 30 ਅਗਸਤ ਤੱਕ ਸੁਚੇਤ ਫ਼ੈਸਲਾ ਕੀਤਾ ਜਾਵੇਗਾ। ਅਦਾਲਤ ਦੇ ਫ਼ੈਸਲੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਦੁਆਰਾ ਲਏ ਗਏ ਫੈਸਲੇ ਨੂੰ ਘੱਟੋ ਘੱਟ ਸਿਧਾਂਤਕ ਤੌਰ ’ਤੇ, ਅਗਲੀ ਸੁਣਵਾਈ ਦੀ ਤਰੀਕ ’ਤੇ ਅਦਾਲਤ ਦੇ ਸਾਹਮਣੇ ਰੱਖਿਆ ਜਾਵੇ। ਇਸ ਬਾਰੇ ਦੱਸਿਆ ਗਿਆ ਹੈ ਕਿ ਆਰੀਆ ਸਮਾਜ ਦੇ ਸਮਰਥਕਾਂ ਨੇ ਸਰਗਰਮੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਵਿਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਇਹ ਸਿਆਸੀ ਸਿਰਦਰਦੀ ਬਣ ਸਕਦੀ ਹੈ। ਇਹ ਅੱਜ ਤੋਂ ਨਹੀਂ ਕਈ ਦਹਾਕਿਆਂ ਤੋਂ ਪੰਜਾਬ ਵਿਚੋਂ ਇਕ-ਇਕ ਕਰਕੇ ਇਸ ਦੀਆਂ ਜਮਾਂਦਰੂ ਚੀਜ਼ਾਂ ਨੂੰ ਪੰਜਾਬ ਨਾਲੋਂ ਵੱਖ ਕੀਤਾ ਜਾ ਰਿਹਾ ਹੈ। ਪੰਜਾਬ ਦੇ ਕਈ ਅਜਿਹੇ ਮੁੱਦੇ ਹਨ ਜੋ ਦਹਾਕਿਆਂ ਤੋਂ ਵੱਖ-ਵੱਖ ਕਾਬਜ਼ ਸਰਕਾਰਾਂ ਨੂੰ ਚੁੱਭਦੇ ਆਏ ਹਨ। ਚਾਹੇ ਉਹ ਪੰਜਾਬੀ ਬੋਲਦੇ ਇਲਾਕੇ ਹੋਣ, ਰਾਜਧਾਨੀ ਦਾ ਮੁੱਦਾ ਹੋਵੇ, ਪੰਜਾਬ ਦੇ ਪਾਣੀਆਂ





ਦੀ ਗੱਲ ਹੋਵੇ, ਜਾਂ ਪੰਜਾਬੀ ਭਾਸ਼ਾ ਨੂੰ ਲੈ ਕੇ ਸੰਘਰਸ਼ ਕਰਨ ਦੀ ਗੱਲ ਹੋਵੇ ਹਮੇਸ਼ਾ ਹੀ ਰਾਜਨੀਤਕ ਪਾਰਟੀਆਂ ਵਲੋਂ ਪੰਜਾਬ ਦੇ ਇਨਾਂ ਮੁੱਦਿਆਂ ਨੂੰ ਠੰਢੇ ਬਸਤੇ ਵਿਚ ਪਾਇਆ ਗਿਆ ਹੈ। ਅੱਜ ਤੱਕ ਕੋਈ ਵੀ ਮੁੱਦਾ ਸਿਰੇ ਨਹੀਂ ਲੱਗ ਸਕਿਆ, ਇਨਾਂ ਸਭ ਮੁੱਦਿਆਂ ਵਿਚ ਪੰਜਾਬ ਲਈ ਇਕ ਹੋਰ ਮੁੱਦਾ ਆਣ ਖੜਾ ਹੋਇਆ ਉਹ ਹੈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦਾ। ਜਿਸ ਨਾਲ ਪੰਜਾਬ ਦੀ ਦਾਅਵੇਦਾਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬਿਲਕੁਲ ਖ਼ਤਮ ਹੋ ਜਾਵੇਗੀ। ਇਹ ਹੀ ਨਹੀਂ ਇਸ ਦੇ ਜਾਣ ਨਾਲ ਰਾਜਧਾਨੀ ਚੰਡੀਗੜ੍ਹ ’ਤੇ ਪੰਜਾਬ ਦਾ ਦਾਅਵਾ ਕਮਜ਼ੋਰ ਹੋ ਜਾਵੇਗਾ। ਇਸ ’ਤੇ ਹੋਰ ਬੁਰਾ ਅਸਰ ਪਵੇਗਾ। ਅਸਲ ਮਸਲਾ ਸਾਰਾ ਰਾਜਧਾਨੀ ਚੰਡੀਗੜ੍ਹ ਦਾ ਹੀ ਹੈ ਤੇ ਇਸੇ ਲਈ ਪੰਜਾਬ ਯੂਨੀਵਰਸਿਟੀ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੇਂਦਰੀ ਏਜੰਸੀਆਂ ਦੇ ਡਰ ਕਾਰਨ ਪੰਜਾਬ ਦੇ ਸਿਆਸੀ ਲੀਡਰ ਸਾਹਿਬਾਨ ਇਸ ਬਾਰੇ ਬੋਲ ਕੇ ਰਾਜ਼ੀ ਨਹੀਂ।

ਇਥੇ ਜਿਕਰਯੋਗ ਹੈ ਕਿ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ 1882 ਵਿਚ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਹੋਈ ਸੀ। 1880 ਵਿਚ ਲਾਰਡ ਰਿਪਨ ਵਾਇਸਰਾਏ ਦੀ ਲਾਹੌਰ ਆਮਦ ਮੌਕੇ ਕਈ ਪ੍ਰਮੁੱਖ ਸ਼ਖ਼ਸੀਅਤਾਂ, ਅਮੀਰ ਖ਼ਾਨਦਾਨੀ ਲੋਕਾਂ, ਯੂਰਪੀਅਨ ਕਰਤਾ ਧਰਤਾ ਨੇ ਇਸ ਆਮਦ ਦਾ ਫ਼ਾਇਦਾ ਉਠਾ ਕੇ ਵਾਇਸਰਾਏ ਨੂੰ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਲਈ ਰਜ਼ਾਮੰਦ ਕਰ ਲਿਆ ਸੀ। 1882, ਵਿਚ ਯੂਨੀਵਰਸਿਟੀ ਦੀ ਐਕਟ ਬਣਾ ਕੇ ਸਥਾਪਨਾ ਕਰ ਦਿੱਤੀ ਗਈ ਸੀ ਜੋ ਕਿ ਗਜ਼ਟ ਵਿਚ ਵੀ ਛੱਪ ਗਿਆ ਸੀ। ਪੰਜਾਬ ਯੂਨੀਵਰਸਿਟੀ ਦੇ ਪਹਿਲੇ ਆਨਰੇਰੀ ਮੁਖੀ ਮਿਸਟਰ ਬਦਨ ਪੋਬਲ ਸਨ ਅਤੇ ਡਾ. ਡਬਲਿਊ ਲਿਤਨਰ ਨੂੰ ਪਹਿਲਾ ਰਜਿਸਟਰਾਰ ਨਿਯੁਕਤ ਕੀਤਾ ਗਿਆ ਸੀ। 1947 ਵੇਲੇ ਦੇਸ਼ ਦੀ ਵੰਡ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਲਹਿੰਦੇ ਪੰਜਾਬ ਅਤੇ ਚੜਦੇ ਪੰਜਾਬ ਦੇ ਦੋ ਭਾਗਾਂ ਵਿਚ ਵੰਡਿਆ ਗਿਆ। 1947 ਤੋਂ ਬਾਅਦ ਪੰਜਾਬ ਯੂਨੀਵਰਸਿਟੀ ਦਾ ਦਸ ਸਾਲਾਂ ਤੱਕ ਕੋਈ ਕੈਂਪਸ ਨਹੀਂ ਸੀ। ਫੇਰ 1956 ਵਿਚ ਯੂਨੀਵਰਸਿਟੀ ਦਾ ਕੈਂਪਸ ਚੰਡੀਗੜ੍ਹ ਸਥਾਪਿਤ ਕੀਤਾ ਗਿਆ। ਪੰਜਾਬ ਦੇ ਵਸਦੇ ਪਿੰਡਾਂ ਨੂੰ ਉਠਾ ਕੇ 550 ਏਕੜ ਵਿਚ ਪੰਜਾਬ ਯੂਨੀਵਰਸਿਟੀ ਦੇ ਕੈਂਪਸ ਦਾ ਨਿਰਮਾਣ ਕਰਵਾਇਆ ਗਿਆ। ਦਰਅਸਲ ਚੰਡੀਗੜ੍ਹ ਸ਼ਹਿਰ ਹੀ ਪੰਜਾਬ ਦੇ ਵਸਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ। ਜ਼ਮੀਨ ਪੰਜਾਬ ਦੀ, ਇਲਾਕੇ ਪੰਜਾਬ ਦੇ, ਯੂਨੀਵਰਸਿਟੀ ਦਾ ਨਾਮ ਪੰਜਾਬ ਤੋਂ। ਫੇਰ ਪੰਜਾਬ ਆਪਣੀ ਦਾਅਵੇਦਾਰੀ ਕਿਉਂ ਨਹੀਂ ਜਤਾ ਸਕਦਾ? ਹਾਈਕੋਰਟ ਦਾ ਫੈਸਲਾ ਆਇਆ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ ਕਰ ਕੇ ਕੇਂਦਰ ਸਰਕਾਰ ਸਾਰਾ ਕਾਰਜ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਵੇ। ਇਸ ਦੇ ਜਵਾਬ ਵਿਚ ਪੰਜਾਬ ਸਰਕਾਰ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਂਦਿਆਂ ਮੁੱਖ ਰੂਪ ਵਿਚ ਸਾਹਮਣੇ ਆਉਣਾ ਚਾਹੀਦਾ ਹੈ। ਇਹ ਸਿਰਫ਼ ਇਕ ਯੂਨੀਵਰਸਿਟੀ ਹੀ ਨਹੀਂ ਹੈ ਇਹ ਪੰਜਾਬ ਦੇ ਆਉਣ ਵਾਲੇ ਭਵਿੱਖ ਦਾ ਮਾਰਗਦਰਸ਼ਨ ਹੈ। ਇਸ ਦੇ ਜਾਣ ਨਾਲ ਸਾਡੇ ਇਤਿਹਾਸ ਨੂੰ ਮਾਰਿਆ ਜਾਵੇਗਾ, ਪੰਜਾਬੀ ਬੋਲੀ ਨੂੰ ਕੁਚਲਿਆ ਜਾਵੇਗਾ। ਸਭ ਉੱਚ ਅਹੁਦਿਆਂ ’ਤੇ ਬਾਹਰਲੇ ਲੋਕ ਬੈਠਣਗੇ, ਜਿਨਾਂ ’ਤੇ ਸਿਰਫ਼ ਪੰਜਾਬੀਆਂ ਦਾ ਹੱਕ ਹੈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਇਸ ਮੁੱਦੇ ਉਪਰ ਧਰਨੇ ਲਗਾ ਰਹੇ ਹਨ ਪਰ ਉਨਾਂ ਦੇ ਹੱਕ ਵਿਚ ਕੋਈ ਰਾਜਨੀਤਕ ਪਾਰਟੀ ਨਹੀਂ ਡਟੀ।

ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ ਕੀਤੇ ਜਾਣ ਅਤੇ ਇਸ ਦਾ ਪ੍ਰਬੰਧ ਪੰਜਾਬ ਸਰਕਾਰ ਤੋਂ ਲੈ ਕੇ ਕੇਂਦਰ ਸਰਕਾਰ ਨੂੰ ਦਿੱਤੇ ਜਾਣ ਦੀ ਕਾਰਵਾਈ ਦੇ ਵਿਰੋਧ ਵਿਚ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਨਾਲ ਸੰਬੰਧਿਤ ਵਿਦਿਆਰਥੀਆਂ ਵਲੋਂ ਗੁਰਦੁਆਰਾ ਅੰਬ ਸਾਹਿਬ ਫੇਜ਼-8 ਮੁਹਾਲੀ ਅੱਗੇ ਇਕੱਠੇ ਹੋ ਕੇ ਰੋਸ ਰੈਲੀ ਕੀਤੀ ਗਈ। ਇਸ ਰੈਲੀ ਤੋਂ ਬਾਅਦ ਵਿਦਿਆਰਥੀਆਂ ਵਲੋਂ ਚੰਡੀਗੜ੍ਹ ਵੱਲ ਨੂੰ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਕਿਹਾ ਕਿ ਇਸ ਕਾਰਵਾਈ ’ਤੇ ਤੁਰੰਤ ਰੋਕ ਲਗਾਈ ਜਾਵੇ। ਉਨਾਂ ਕਿਹਾ ਕਿ ਉਹ ਗਵਰਨਰ ਹਾਊਸ ਜਾ ਕੇ ਰੋਸ ਜ਼ਾਹਿਰ ਕਰਨਾ ਚਾਹੁੰਦੇ ਸੀ, ਪਰ ਵਾਈ. ਪੀ. ਐੱਸ. ਚੌਂਕ ਨੇੜੇ ਹੀ ਮੁਹਾਲੀ ਪੁਲਿਸ ਵਲੋਂ ਉਨਾਂ ਨੂੰ ਬੈਰੀਕੇਡ ਲਗਾ ਕੇ ਅੱਗੇ ਵਧਣ ਤੋਂ ਰੋਕ ਦਿੱਤਾ ਗਿਆ।

ਬਾਕੀ ਸਫ਼ਾ 29 ’ਤੇ

## ਮਾਮਲਾ ਕਿਰਨ ਬੇਦੀ ਵਲੋਂ ਸਿੱਖਾਂ ਉਪਰ ਭੱਦੀ ਟਿੱਪਣੀ ਕਰਨ ਦਾ

# ਪੰਥਕ ਤੇ ਸਿਆਸੀ ਜਥੇਬੰਦੀਆਂ ਵਲੋਂ ਕੇਸ ਦਰਜ ਕਰਨ ਦੀ ਮੰਗ

**ਚੰਡੀਗੜ੍ਹ/ਏ.ਟੀ.ਨਿਊਜ਼ :-** ਸਾਬਕਾ ਆਈ. ਪੀ. ਐਸ. ਅਫਸਰ ਕਿਰਨ ਬੇਦੀ ਵਲੋਂ ਸਿੱਖਾਂ ਪ੍ਰਤੀ ਕੀਤੀ ਗਈ ਟਿੱਪਣੀ ਨੂੰ ਲੈ ਕੇ ਸਿੱਖਾਂ ਵਲੋਂ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਕਿਰਨ ਬੇਦੀ ਨੂੰ ਜਨਤਕ ਤੌਰ ’ਤੇ ਮੁਆਫੀ ਮੰਗਣ ਲਈ ਕਿਹਾ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਰਨ ਬੇਦੀ ਦੀ ਟਿੱਪਣੀ ਬਾਰੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਇਹ ਬਹੁਤ ਅਫਸੋਸਜਨਕ ਹੈ ਕਿ ਕਿਰਨ ਬੇਦੀ ਨੇ ਇਕ ਪ੍ਰੋਗਰਾਮ ਦੌਰਾਨ ਕਥਿਤ ਤੌਰ ’ਤੇ 12 ਵਜੇ ਨਾਲ ਜੋੜ ਕੇ ਸਿੱਖਾਂ ਦਾ ਮਜ਼ਾਕ ਉਡਾਇਆ। ਕਾਲਕਾ ਨੇ ਕਿਹਾ ਕਿ ਕਿਰਨ ਬੇਦੀ ਨੂੰ ਇਤਿਹਾਸ ਪੜ ਲੈਣਾ ਚਾਹੀਦਾ ਹੈ ਕਿ ਮੁਗਲ ਰਾਜ ਸਮੇਂ ਕਿਸ ਤਰਾਂ ਅਹਿਮਦ ਸ਼ਾਹ ਅਬਦਾਲੀ ਇਥੋਂ ਦੀਆਂ ਔਰਤਾਂ ਨੂੰ ਗਜ਼ਨੀ ਦੇ ਬਾਜ਼ਾਰਾਂ ਵਿਚ ਵੇਚਣ ਵਾਸਤੇ ਲੈ ਜਾਂਦਾ ਸੀ ਤੇ ਸਿੱਖਾਂ ਵਲੋਂ ਰਣਨੀਤੀ ਤਹਿਤ 12 ਵਜੇ ਹਮਲਾ ਕਰਕੇ ਉਨਾਂ ਔਰਤਾਂ ਨੂੰ ਛੁਡਵਾ ਕੇ ਘਰ ਪਹੁੰਚਾਇਆ ਜਾਂਦਾ ਸੀ। ਉਨਾਂ ਕਿਹਾ ਕਿ ਉਕਤ ਟਿੱਪਣੀ ਬਾਰੇ ਕਿਰਨ ਬੇਦੀ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਦਿੱਲੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਕਿਹਾ ਕਿ ਫੀਅਰਲੈੱਸ ਗਵਰਨੈੱਸ ਕਿਤਾਬ ਦੇ ਹਿੰਦੀ ਐਡੀਸ਼ਨ ਨੂੰ ਲਾਂਚ ਕਰਨ ਮੌਕੇ ਕਿਰਨ ਬੇਦੀ ਵਲੋਂ ਕੀਤੀ ਗਈ ਟਿੱਪਣੀ ਬੇਹੱਦ ਇਤਰਾਜ਼ਯੋਗ ਹੈ। ਸ਼ੰਟੀ ਨੇ ਕਿਹਾ ਕਿ ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ ਪਰ ਕੁਝ ਲੋਕ ਉਸ ਨੂੰ ਮਜ਼ਾਕ ਦੇ ਰੂਪ ਵਿਚ ਪੇਸ਼ ਕਰ ਰਹੇ ਹਨ। ਉਨਾਂ ਕਿਹਾ ਕਿ ਕਿਰਨ ਬੇਦੀ ਨੂੰ ਜਨਤਕ ਤੌਰ ’ਤੇ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਆਮ ਆਦਮੀ ਪਾਰਟੀ ਨੇ ਭਾਜਪਾ ਆਗੂ ਤੇ ਪੁਲਿਸ



ਅਧਿਕਾਰੀ ਕਿਰਨ ਬੇਦੀ ਖਿਲਾਫ਼ ਸਿੱਖਾਂ ਦਾ ਮਜ਼ਾਕ ਉਡਾਉਣ ’ਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ‘ਆਪ’ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਕਿਹਾ ਕਿ ਜਦੋਂ ਮੁਗਲ ਭਾਰਤ ਨੂੰ ਲੁੱਟ ਕੇ ਤੇ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਸਨ ਤਾਂ ਸਿੱਖ ਉਨਾਂ ਨਾਲ ਲੜਨ ਤੇ ਭੈਣਾਂ, ਬੇਟੀਆਂ ਦੀ ਰੱਖਿਆ ਲਈ 12 ਵਜੇ ਮੁਗਲਾਂ ’ਤੇ ਹਮਲੇ ਕਰਦੇ ਸਨ। ਇਹ ਹੈ 12 ਵਜੇ ਦਾ ਇਤਿਹਾਸ। ਸ਼ਰਮ ਆਉਂਦੀ ਹੈ ਭਾਜਪਾ ਦੀ ਘਟੀਆ ਮਾਨਸਿਕਤਾ ਵਾਲੇ ਆਗੂਆਂ ‘ਤੇ ਜਿਹੜੇ ਸਿੱਖਾਂ ਨੂੰ ਇੱਜ਼ਤ ਦੇਣ ਦੀ ਥਾਂ ਉਨਾਂ ਦਾ ਮਜ਼ਾਕ ਉਡਾਉਂਦੇ ਹਨ। ‘ਆਪ’ ਦੇ ਪ੍ਰਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ, ‘ਭਾਜਪਾ ਆਗੂ ਕਿਰਨ ਬੇਦੀ ਵੱਲੋਂ ਸਿੱਖਾਂ ਖ਼ਿਲਾਫ਼ ਦਿੱਤਾ ਬਿਆਨ ਬਹੁਤ ਹੀ ਮੰਦਭਾਗਾ ਹੈ। ਕੰਗ ਨੇ ਕਿਹਾ ਕਿ ਉਹ ਕਿਰਨ ਬੇਦੀ ਨੂੰ ਦੱਸਣਾ ਚਾਹੁੰਦੇ ਹਨ ਕਿ ਜਦੋਂ ਦੇਸ਼ ਵਿਚ ਮੁਗਲ ਹਮਲਾਵਰਾਂ ਅਤੇ ਰਾਜਿਆਂ ਦਾ ਅੱਤਿਆਚਾਰ ਹੁੰਦਾ ਸੀ ਅਤੇ ਉਹ ਦੇਸ਼ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦੇ ਸਨ ਤਾਂ ਸਿੱਖ ਕੌਮ ਇਨਾਂ ਹਮਲਾਵਰਾਂ ਅਤੇ ਰਾਜਿਆਂ ਖ਼ਿਲਾਫ਼ ਲੜਾਈ ਲੜਨ ਦਾ ਬਿਗਲ (ਹਮਲਾ ਕਰਨ ਦਾ) ਰਾਤ ਨੂੰ 12 ਵਜੇ ਵਜਾਉਂਦੇ ਸਨ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਟਵੀਟ ਕੀਤਾ, ‘ਤੁਹਾਨੂੰ ਆਪਣੀ ਸੋਚ ’ਤੇ ਸ਼ਰਮ ਆਉਣੀ ਚਾਹੀਦੀ ਏ। ਸਿੱਖਾਂ ਦਾ ਇਤਿਹਾਸ ਅਤੇ ਭਾਰਤ ਲਈ ਸਿੱਖਾਂ ਦੇ ਯੋਗਦਾਨ ਬਾਰੇ ਪੜੋ। ਭਾਜਪਾ ਘਟੀਆ ਸੋਚ ਵਾਲੇ ਆਗੂਆਂ ਦਾ ਕਾਰਖਾਨਾ ਹੈ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਰਨ ਬੇਦੀ ਵਲੋਂ ਸਿੱਖਾਂ ਬਾਰੇ ਕੀਤੀ ਵਿਵਾਦਿਤ ਟਿੱਪਣੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਕਿਰਨ ਬੇਦੀ ਵਲੋਂ ਖ਼ੁਦ ਪੰਜਾਬੀ ਹੋਣ ਦੇ ਬਾਵਜੂਦ ਸਿੱਖ ਭਾਈਚਾਰੇ ਬਾਰੇ ਅਜਿਹੀ ਟਿੱਪਣੀ ਕਰਨਾ ਬੇਹੱਦ ਹੈਰਾਨੀਜਨਕ ਤੇ ਸ਼ਰਮਨਾਕ ਹੈ। ਉਨਾਂ ਕਿਹਾ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਕਿਰਨ ਬੇਦੀ ਨੂੰ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ।

# ਗੰਨ ਕੰਟਰੋਲ ਬਾਰੇ ਅਮਰੀਕੀ ਸੈਨੇਟ ਵਿੱਚ ਦੁਵੱਲਾ ਸਮਝੌਤਾ ਸਿਰੇ ਚੜਿਆ

## ਅਮਰੀਕੀ ਕਾਂਗਰਸ ਵੱਲੋਂ ਦਹਾਕਿਆਂ ਵਿਚ ਪਾਸ ਸਭ ਤੋਂ ਅਹਿਮ ਕਾਨੂੰਨ ਹੋਵੇਗਾ : ਬਾਈਡਨ

**ਵਾਸ਼ਿੰਗਟਨ/ਏ.ਟੀ.ਨਿਊਜ਼ :-** ਗੋਲੀਬਾਰੀ ਦੀਆਂ ਵਧਦੀਆਂ ਘਟਨਾਵਾਂ ਦੇ ਹਵਾਲੇ ਨਾਲ ਮੁਲਕ ਵਿੱਚ ਗੰਨ ਕਾਨੂੰਨ ਸਖ਼ਤ ਕੀਤੇ ਜਾਣ ਦੀ ਮੰਗ ਦਰਮਿਆਨ ਗੰਨ ਕੰਟਰੋਲ ਬਿੱਲ ਨੂੰ ਲੈ ਕੇ ਅਮਰੀਕੀ ਸੈਨੇਟ ਵਿੱਚ ਬਣਿਆ ਜਮੂਦ ਟੁੱਟ ਗਿਆ ਹੈ। ਬਿੱਲ ਨੂੰ ਲੈ ਕੇ ਸੈਨੇਟ ਦੇ ਡੈਮੋਕਰੈਟ ਤੇ ਰਿਪਬਲਿਕਨ ਮੈਂਬਰਾਂ ਦਰਮਿਆਨ ਸਹਿਮਤੀ ਬਣੀ ਹੈ ਜਿਸ ਤਹਿਤ ਸਕੂਲਾਂ ਦੀ ਸੁਰੱਖਿਆ ਤੇ ਮਾਨਸਿਕ ਸਿਹਤ ਪ੍ਰੋਗਰਾਮਾਂ ਵਿੱਚ ਸੁਧਾਰ ਲਈ ਵੱਡੀ ਰਕਮ ਖਰਚੀ ਜਾਵੇਗੀ। ਸੈਨੇਟ ਵਾਰਤਾਕਾਰਾਂ ਨੇ ਗੰਨ ਬਾਰੇ ਦੁਵੱਲੇ ਕਰਾਰ ਦਾ ਐਲਾਨ ਕੀਤਾ ਹੈ, ਹਾਲਾਂਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਕਈ ਡੈਮੋਕ੍ਰੇਟਾਂ ਵੱਲੋਂ ਜਿਨਾਂ ਸਖ਼ਤ ਪੇਸ਼ਬੰਦੀਆਂ ਦੀ ਮੰਗ ਕੀਤੀ ਜਾ ਰਹੀ ਸੀ, ਉਸ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਇਕ ਅਹਿਮ ਪੇਸ਼ਕਦਮੀ ਤਹਿਤ 20 ਸੈਨੇਟਰਾਂ ਜਿਨਾਂ ਵਿੱਚ 10 ਰਿਪਬਲਿਕਨ ਸ਼ਾਮਲ ਸਨ, ਨੇ ਇਕ ਬਿਆਨ ਵਿੱਚ ਗੰਨ ਕੰਟਰੋਲ ਬਿੱਲ ਬਾਰੇ ਸਹਿਮਤੀ ਬਣਨ ਦਾ ਐਲਾਨ ਕੀਤਾ।

ਅਮਰੀਕੀ ਸਦਰ ਜੋਅ ਬਾਈਡਨ ਨੇ ਕਿਹਾ ਕਿ (ਕਾਨੂੰਨ ਦਾ) ਚੌਖਟਾ ‘ਉਹ ਹਰ ਚੀਜ਼ ਨਹੀਂ ਕਰ ਸਕਦਾ, ਜੋ ਮੈਨੂੰ ਲਗਦਾ ਹੈ ਕਿ ਜ਼ਰੂਰੀ ਚਾਹੀਦੀ ਹੈ, ਪਰ ਇਹ ਸਹੀ ਦਿਸ਼ਾ ਵਿੱਚ ਕੀਤੀ ਅਹਿਮ ਪੇਸ਼ਕਦਮੀ ਨੂੰ ਦਰਸਾਉਂਦਾ ਹੈ ਅਤੇ ਇਹ ਅਮਰੀਕੀ ਕਾਂਗਰਸ ਵੱਲੋਂ ਦਹਾਕਿਆਂ ਵਿੱਚ ਪਾਸ ਸਭ ਤੋਂ ਅਹਿਮ ਗੰਨ ਸੁਰੱਖਿਆ ਕਾਨੂੰਨ ਹੋਵੇਗਾ।’ ਬਾਇਡਨ ਨੇ ਕਿਹਾ ਕਿ ਬਿੱਲ ਨੂੰ ਦੋਵਾਂ ਧਿਰਾਂ ਵੱਲੋਂ ਮਿਲੀ ਹਮਾਇਤ ਮਗਰੋਂ ‘ਇਸ ਨੂੰ ਸੈਨੇਟ ਤੇ ਸਦਨ ਵਿੱਚ ਪੇਸ਼ ਕਰਨ ਵਿੱਚ ਦੇਰੀ ਦਾ ਹੋਰ ਕੋਈ ਬਹਾਨਾ ਨਹੀਂ ਚੱਲੇਗਾ।’

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸੰਗਰੂਰ ਲੋਕ ਸਭਾ ਦੇ ਚੋਣ ਦੰਗਲ ਵਿਚ ਮਾਨ ਦੀ ਵੱਡੀ ਚਰਚਾ

**✪ 23 ਜੂਨ ਨੂੰ ਵੋਟਾਂ ਪੈਣਗੀਆਂ ਅਤੇ ਨਤੀਜਾ 26 ਜੂਨ ਨੂੰ ਐਲਾਨਿਆ ਜਾਵੇਗਾ ✪ ਆਪ, ਬਾਦਲ ਦਲ, ਕਾਂਗਰਸ ਤੇ ਮਾਨ ਵਿਚਾਲੇ ਹੋਵੇਗਾ ਕਰੜਾ ਮੁਕਾਬਲਾ ✪ ਸਿਮਰਨਜੀਤ ਸਿੰਘ ਮਾਨ ਸੱਤਵੀਂ ਵਾਰ ਸੰਗਰੂਰ ਤੋਂ ਆਪਣੀ ਕਿਸਮਤ ਅਜ਼ਮਾ ਰਹੇ ਨੇ ✪ ਸ਼੍ਰੋਮਣੀ ਅਕਾਲੀ ਦਲ ਨੇ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ ਚੋਣ ਮੈਦਾਨ ਵਿਚ ਉਤਾਰਿਆ ✪ 'ਆਪ' ਨੇ ਜਿੱਤ ਲਈ ਹਰ ਹਲਕੇ ਵਿਚ 10-10 ਵਿਧਾਇਕਾਂ ਦੀ ਡਿਊਟੀ ਲਗਾਈ**

**ਜਲੰਧਰ/ਏ.ਟੀ.ਨਿਊਜ਼** :- ਭਗਵੰਤ ਮਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਬਣਨ 'ਤੇ ਸੰਗਰੂਰ ਦੀ ਲੋਕ ਸਭਾ ਸੀਟ ਤੋਂ ਅਸਤੀਫ਼ਾ ਦੇਣ ਕਾਰਨ ਹੁਣ ਉੱਥੇ ਜ਼ਿਮਨੀ ਚੋਣ ਹੋ ਰਹੀ ਹੈ ਜਿਸ ਲਈ 23 ਜੂਨ ਨੂੰ ਵੋਟਾਂ ਪੈਣਗੀਆਂ ਅਤੇ ਨਤੀਜਾ 26 ਜੂਨ ਨੂੰ ਐਲਾਨਿਆ ਜਾਵੇਗਾ। ਭਗਵੰਤ ਮਾਨ ਪਹਿਲਾਂ 2014 ਅਤੇ ਫਿਰ 2019 ਵਿਚ 2 ਵਾਰ ਸੰਗਰੂਰ ਲੋਕ ਸਭਾ ਸੀਟ ਜਿੱਤ ਕੇ ਸੰਸਦ ਮੈਂਬਰ ਬਣੇ ਸਨ। ਸੰਗਰੂਰ ਲੋਕ ਸਭਾ ਹਲਕੇ ਵਿਚ 9 ਵਿਧਾਨ ਸਭਾ ਹਲਕੇ ਲਹਿਰਾਗਾਗਾ, ਦਿੜਬਾ, ਸੁਨਾਮ, ਭਦੌੜ, ਬਰਨਾਲਾ, ਮਹਿਲ ਕਲਾਂ, ਮਾਲੇਰਕੋਟਲਾ, ਧੂਰੀ ਅਤੇ ਸੰਗਰੂਰ ਪੈਂਦੇ ਹਨ। ਸੰਨ 2022 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਸਾਰੇ ਹੀ ਹਲਕਿਆਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ। ਲਹਿਰਾਗਾਗਾ ਤੋਂ ਬਰਿੰਦਰ ਕੁਮਾਰ ਗੋਇਲ ਨੇ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਨੂੰ, ਦਿੜਬਾ ਤੋਂ ਹਰਪਾਲ ਸਿੰਘ ਚੀਮਾ ਨੇ ਅਕਾਲੀ ਦਲ ਦੇ ਗੁਲਜ਼ਾਰ ਸਿੰਘ ਮੂਨਕ ਨੂੰ, ਸੁਨਾਮ ਤੋਂ ਅਮਨ ਅਰੋੜਾ ਨੇ ਕਾਂਗਰਸ ਦੇ ਜਸਵਿੰਦਰ ਸਿੰਘ ਧੀਮਾਨ ਨੂੰ, ਭਦੌੜ ਤੋਂ ਲਾਭ ਸਿੰਘ ਉੱਗੋਕੇ ਨੇ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਨੂੰ, ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ ਨੇ ਅਕਾਲੀ ਦਲ ਦੇ ਕੁਲਵੰਤ ਸਿੰਘ ਕੀਤੂ ਨੂੰ ਵੱਡੇ ਫ਼ਰਕ ਨਾਲ ਹਰਾਇਆ। ਇਸੇ ਤਰਾਂ ਮਹਿਲਕਲਾਂ ਤੋਂ ਕੁਲਵੰਤ ਸਿੰਘ ਪੰਡੋਰੀ ਨੇ ਅਕਾਲੀ ਦਲ ਦੇ ਗੁਰਜੰਟ ਸਿੰਘ ਨੂੰ, ਮਾਲੇਰਕੋਟਲਾ ਤੋਂ ਡਾ. ਮੁਹੰਮਦ ਜ਼ਮੀਲ ਨੇ ਕਾਂਗਰਸ ਦੀ ਰਜ਼ੀਆ ਸੁਲਤਾਨਾ ਨੂੰ, ਧੂਰੀ ਤੋਂ ਭਗਵੰਤ ਮਾਨ ਨੇ ਕਾਂਗਰਸ ਦੇ ਦਲਬੀਰ ਸਿੰਘ ਗੋਲਡੀ ਨੂੰ ਅਤੇ ਸੰਗਰੂਰ ਤੋਂ ਨਰਿੰਦਰ ਕੌਰ ਭਰਾਜ ਨੇ ਕਾਂਗਰਸ ਦੇ ਵਿਜੇਇੰਦਰ ਸਿੰਗਲਾ ਨੂੰ ਹਰਾਇਆ। ਸੰਗਰੂਰ ਲੋਕ ਸਭਾ ਹਲਕੇ ਲਈ ਪੰਜ ਮੁੱਖ ਰਾਜਨੀਤਕ ਪਾਰਟੀਆਂ ਵਿਚ ਮੁਕਾਬਲਾ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਜ਼ਿਲੇ ਦੇ ਪ੍ਰਧਾਨ ਗੁਰਮੇਲ ਸਿੰਘ ਘਰਾਚੋਂ ਆਪਣੀ ਪਹਿਲੀ ਚੋਣ ਲੜ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਸੱਤਵੀਂ ਵਾਰ ਸੰਗਰੂਰ ਲੋਕ ਸਭਾ ਹਲਕੇ ਤੋਂ ਆਪਣੀ ਕਿਸਮਤ ਅਜ਼ਮਾ ਰਹੇ ਹਨ। ਉਨਾਂ ਨੇ 1999 ਵਿਚ ਲੋਕ ਸਭਾ ਚੋਣ ਜਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਜੋ ਫਾਂਸੀ ਦੀ ਸਜ਼ਾ ਯਾਫਤਾ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਧਰਮ ਭੈਣ ਹਨ। ਉਹ ਦੂਜੀ ਵਾਰ ਲੋਕ ਸਭਾ ਦੀ ਚੋਣ ਲੜ ਰਹੇ ਹਨ। ਭਾਜਪਾ ਵੱਲੋਂ ਕੇਵਲ ਸਿੰਘ ਢਿੱਲੋਂ ਉਮੀਦਵਾਰ ਹਨ ਜੋ ਕਿ ਹੁਣੇ-ਹੁਣੇ









ਕਾਂਗਰਸ ਛੱਡ ਕੇ ਆਏ ਹਨ ਅਤੇ ਦੂਜੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਕਾਂਗਰਸ ਦੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ 2017 ਵਿਚ ਧੂਰੀ ਤੋਂ ਜਿੱਤੇ ਸਨ ਅਤੇ ਉਹ ਲੋਕ ਸਭਾ ਲਈ ਪਹਿਲੀ ਵਾਰ ਕਿਸਮਤ ਅਜ਼ਮਾ ਰਹੇ ਹਨ। ਪੰਜਾਬ ਵਿਚ 'ਆਇਆ ਰਾਮ ਗਿਆ ਰਾਮ' ਦਾ ਰੁਝਾਨ ਪੂਰੇ ਜ਼ੋਰਾਂ 'ਤੇ ਹੈ ਅਤੇ ਰੋਜ਼ਾਨਾ ਹੀ ਲੀਡਰ ਘਪਲਿਆਂ ਤੋਂ ਬਚਣ ਲਈ ਪਾਰਟੀਆਂ ਬਦਲ ਰਹੇ ਹਨ। ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਬਣਾ ਲਈ ਹੈ। ਰਾਣਾ ਗੁਰਮੀਤ ਸਿੰਘ ਸੋਢੀ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਕੁਝ ਦਿਨ ਹੋਏ ਕਾਂਗਰਸ ਦੇ ਬਲਬੀਰ ਸਿੰਘ ਸਿੱਧੂ, ਡਾ. ਰਾਜ ਕੁਮਾਰ ਵੇਰਕਾ, ਸੁੰਦਰ ਸ਼ਾਮ ਅਰੋੜਾ, ਗੁਰਪ੍ਰੀਤ ਸਿੰਘ ਕਾਂਗੜ (ਚਾਰੇ ਸਾਬਕਾ ਮੰਤਰੀ), ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ, ਮੋਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਕਾਂਗਰਸ ਛੱਡ ਕੇ ਭਾਜਪਾ 'ਵਿਚ ਸ਼ਾਮਲ ਹੋ ਗਏ ਹਨ। ਇਸ ਤੋਂ ਇਲਾਵਾ ਅਕਾਲੀ ਦਲ ਦੀ ਸਾਬਕਾ ਮੰਤਰੀ ਮਹਿੰਦਰ ਕੌਰ ਜੋਸ਼ ਅਤੇ ਬਠਿੰਡਾ ਤੋਂ ਸਰੂਪ ਚੰਦ ਸਿੰਗਲਾ ਨੇ ਵੀ ਭਾਜਪਾ ਦਾ ਲੜ ਫੜ ਲਿਆ ਹੈ। ਇਨਾਂ ਦਲ ਬਦਲੂਆਂ ਦਾ ਸੰਗਰੂਰ ਦੀ ਲੋਕ ਸਭਾ ਸੀਟ 'ਤੇ ਜ਼ਰੂਰ ਅਸਰ ਪਵੇਗਾ। ਪੰਜਾਬ 'ਚ ਆਪ ਪਾਰਟੀ ਦੀ ਸਰਕਾਰ ਆਉਣ ਨਾਲ ਸਿਆਸਤ 'ਵਿਚ ਪਛੜ ਚੁੱਕੀਆਂ ਪਾਰਟੀਆਂ ਵਿਚੋਂ ਕਾਂਗਰਸ ਅਤੇ ਅਕਾਲੀ ਦਲ ਨੂੰ ਹਾਲੇ ਵੀ ਸਿਆਸੀ ਖੋਰਾ ਲੱਗ ਰਿਹਾ ਹੈ, ਜਦੋਂ ਕਿ ਕੌਮੀ ਪਾਰਟੀ ਭਾਜਪਾ ਨੇ ਪੰਜਾਬ ਵਿਚ ਸੰਭਲਣਾ ਸ਼ੁਰੂ ਕਰ ਦਿੱਤਾ ਹੈ ਅਤੇ ਜਿਸ ਤਰਾਂ ਭਾਜਪਾ ਵਿਚ ਦੂਸਰੀਆਂ ਪਾਰਟੀਆਂ ਦੇ ਦਿੱਗਜ ਆਗੂਆਂ ਦੇ ਸ਼ਾਮਿਲ ਹੋਣ ਨਾਲ ਇਸ ਦਾ ਕਾਫ਼ਲਾ ਵੱਡਾ ਹੁੰਦਾ ਜਾ ਰਿਹਾ ਹੈ, ਅਗਲੇ ਦਿਨਾਂ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਕਈ ਸੀਨੀਅਰ ਆਗੂਆਂ ਵਲੋਂ ਭਾਜਪਾ ਦਾ ਪੱਲਾ ਫੜੇ ਜਾਣ ਦੀ ਚਰਚਾ ਹੈ ।ਭਾਜਪਾ ਭਾਵੇਂ ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਵਜੋਂ ਉੱਭਰ ਚੁੱਕੀ ਹੈ ਪਰ ਪੰਜਾਬ ਵਿਚ ਇਹ ਪਾਰਟੀ ਆਪਣਾ ਆਧਾਰ ਬਣਾਉਣ ਵਿਚ ਸਫਲ ਨਹੀਂ ਹੋਈ ਸੀ। ਪਰ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦਾ ਧਿਆਨ ਹੁਣ ਪੰਜਾਬ 'ਚ ਪਾਰਟੀ ਨੂੰ ਮਜ਼ਬੂਤ ਕਰਨ ਵੱਲ ਹੈ। ਇਸ ਲਈ ਸੂਬੇ ਵਿਚ ਦੂਸਰੀਆਂ ਰਵਾਇਤੀ ਪਾਰਟੀਆਂ ਨੂੰ ਢਾਹ ਲਗਾ ਕੇ ਆਪਣਾ ਕਾਫ਼ਲਾ ਵੱਡਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਮਿਲੀ ਹੂੰਝਾ ਫੇਰ ਜਿੱਤ ਤੋਂ ਬਾਅਦ ਕਈ ਲੋਕਾਂ ਨੇ ਆਪਣਾ ਸਿਆਸੀ ਭਵਿੱਖ ਇਸ ਪਾਰਟੀ ਵਿਚ ਤਲਾਸ਼ਣਾ ਸ਼ੁਰੂ ਕਰ ਦਿੱਤਾ ਸੀ, ਪਰ ਪੰਜਾਬ ਦੀ ਸੱਤਾ ਸੰਭਾਲਣ ਲਈ ਜਿਸ ਤਰਾਂ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਹਾਲੇ ਉਨਾਂ ਨੂੰ ਪੂਰੇ ਕਰਨ ਵਿਚ ਪਾਰਟੀ ਸਫਲ ਨਹੀਂ ਹੋ ਸਕੀ, ਜਿਸ ਕਾਰਨ 'ਆਪ' ਦੀ ਲੋਕਪ੍ਰਿਅਤਾ ਦਾ ਗਰਾਫ਼ ਕੁਝ ਹੇਠਾਂ ਆਇਆ ਹੈ। ਹਾਲ ਹੀ ਵਿਚ ਕਾਂਗਰਸ ਪਾਰਟੀ ਦੇ ਚਾਰ ਸਾਬਕਾ ਮੰਤਰੀਆਂ ਬਲਬੀਰ ਸਿੰਘ ਸਿੱਧੂ, ਡਾ. ਰਾਜ ਕੁਮਾਰ ਵੇਰਕਾ, ਗੁਰਪ੍ਰੀਤ ਸਿੰਘ ਕਾਂਗੜ, ਸੁੰਦਰ ਸ਼ਾਮ ਅਰੋੜਾ, ਕੇਵਲ ਸਿੰਘ ਢਿੱਲੋਂ ਨੇ ਭਾਜਪਾ ਦਾ ਪੱਲਾ ਫੜ ਕੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਕਾਂਗਰਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਕਈ ਵੱਡੇ ਆਗੂ ਭਾਜਪਾ ਦੇ ਕਈ ਸੀਨੀਅਰ ਆਗੂਆਂ ਦੇ ਸੰਪਰਕ ਵਿਚ ਹਨ ।ਸੰਗਰੂਰ ਹਲਕੇ ਦੇ ਸਾਰੇ 9 ਵਿਧਾਨ ਸਭਾ ਹਲਕਿਆਂ ਵਿਚ ਆਪ ਪਾਰਟੀ ਦੇ ਵਿਧਾਇਕ ਜੇਤੂ ਰਹੇ ਹਨ। ਵੈਸੇ ਆਮ ਆਦਮੀ ਪਾਰਟੀ ਦਾ ਪਲੜਾ ਭਾਰੂ ਲੱਗ ਰਿਹਾ ਹੈ ਕਿਉਂਕਿ ਉਨਾਂ ਦਾ ਹਰ ਵਿਧਾਇਕ ਆਪੋ-ਆਪਣੇ ਹਲਕੇ ਤੋਂ ਘਰਾਚੋਂ ਨੂੰ ਜਿਤਾਉਣ ਲਈ ਦਿਨ ਰਾਤ ਇਕ ਕਰ ਕੇ ਅੱਡੀ-ਚੋਟੀ ਦਾ ਜ਼ੋਰ ਲਗਾਵੇਗਾ। 'ਆਪ' ਨੇ ਜਿੱਤ ਨੂੰ ਯਕੀਨੀ ਬਣਾਉਣ ਲਈ ਹਰ ਹਲਕੇ ਵਿਚ 10-10 ਵਿਧਾਇਕਾਂ ਦੀ ਡਿਊਟੀ ਲਾ ਦਿੱਤੀ ਹੈ। ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਆਪ ਪਾਰਟੀ ਨੂੰ 92 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਜਦਕਿ ਕਾਂਗਰਸ ਨੂੰ 18, ਸ਼੍ਰੋਮਣੀ ਅਕਾਲੀ ਦਲ ਨੂੰ 3, ਭਾਜਪਾ ਨੂੰ 2 ਅਤੇ ਆਜ਼ਾਦ ਤੇ ਬੀਐੱਸਪੀ ਨੂੰ ਇਕ-ਇਕ ਸੀਟ 'ਤੇ ਸਬਰ ਕਰਨਾ ਪਿਆ ਸੀ। ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਪੰਜਾਬ 'ਵਿਚ ਜਿੰਨੀਆਂ ਵੀ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਹੋਈਆਂ ਹਨ, ਉਨਾਂ 'ਵਿਚੋਂ ਜ਼ਿਆਦਾ ਕਰਕੇ ਸੱਤਾਧਾਰੀ ਪਾਰਟੀ ਹੀ ਜਿੱਤ ਦੇ ਝੰਡੇ ਗੱਡਦੀ ਰਹੀ ਹੈ।

### ਬੰਦੀ ਸਿੰਘਾਂ ਦੇ ਮੁੱਦੇ 'ਤੇ ਸਿਆਸਤ ਕਰ ਰਿਹੈ ਅਕਾਲੀ ਦਲ : ਖਹਿਰਾ

ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬੰਦੀ ਸਿੰਘਾਂ ਦੇ ਮੁੱਦੇ 'ਤੇ ਸਿਆਸਤ ਕਰ ਰਿਹਾ ਹੈ। ਖਹਿਰਾ ਨੇ ਕਿਹਾ ਕਿ ਜਦੋਂ ਬਾਦਲ ਪਰਿਵਾਰ ਦਸ ਸਾਲ ਸੱਤਾ ਦਾ ਸੁੱਖ ਭੋਗ ਰਿਹਾ ਸੀ, ਉਦੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀ ਕੀਤਾ ਗਿਆ।

ਬਾਕੀ ਸਫ਼ਾ 31 'ਤੇ

## ਮੋਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੀ ਬੇਨਤੀ 'ਤੇ ਗ਼ੌਰ ਕਰਨ : ਸਰਨਾ



**ਅੰਮ੍ਰਿਤਸਰ/ਏ.ਟੀ.ਨਿਊਜ਼** : ਅਕਾਲੀ ਦਲ (ਦਿੱਲੀ) ਨੇ ਪ੍ਰਧਾਨ ਮੰਤਰੀ ਨੂੰ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਪੰਦਰਵਾੜਾ ਪਹਿਲਾਂ ਭੇਜੇ ਗਏ ਸ਼੍ਰੋਮਣੀ ਕਮੇਟੀ ਦੇ ਪੱਤਰ ਨੂੰ ਸਕਾਰਾਤਮਕ ਤੌਰ 'ਤੇ ਸਵੀਕਾਰ ਕਰਨ ਦੀ ਅਪੀਲ ਕੀਤੀ ਹੈ। ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਮੇਂ ਸਮੇਂ ਸਿੱਖ ਮਸਲਿਆਂ ਬਾਰੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖੇ ਜਾਂਦੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਤਾਂ ਲਿਖਿਆ ਪਰ ਮੰਤਰੀ ਦਫ਼ਤਰ ਨੇ ਧਿਆਨ ਨਹੀਂ ਦਿੱਤਾ। ਹਾਲਾਂਕਿ ਵਿਸ਼ਾ-ਵਸਤੂ ਇੰਨਾ ਸੰਵੇਦਨਸ਼ੀਲ ਹੈ ਕਿ ਕਈ ਸਿੱਖ ਕੈਦੀਆਂ ਦੇ ਵਜੂਦ ਦਾ ਸਵਾਲ ਹੈ। ਸਰਨਾ ਨੇ ਅੱਗੇ ਕਿਹਾ ਕਿ ਇਹ ਰਾਸ਼ਟਰੀ/ਅੰਤਰਰਾਸ਼ਟਰੀ ਕਾਨੂੰਨਾਂ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਸਿੱਖ ਕੈਦੀਆਂ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਬੇਨਤੀ ਪੱਤਰ ਨੂੰ ਸਵੀਕਾਰ ਕਰਨ ਤੇ ਉਹਨਾਂਦੀ ਰਿਹਾਈ ਲਈ ਪ੍ਰਕਿਰਿਆ ਸ਼ੁਰੂ ਕਰਨ ਦੀਆਂ ਹਦਾਇਤਾਂ ਜਾਰੀ ਕਰਨ।

## ਪਾਕਿਸਤਾਨ ਵਿਚ ਡਰਾਈਵਰਾਂ ਨੇ ਟਰੱਕ 'ਤੇ ਬਣਵਾਈਆਂ ਸਿੱਧੂ ਮੂਸੇਵਾਲੇ ਦੀਆਂ ਤਸਵੀਰਾਂ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੀ ਮੌਤ ਨਾਲ ਦੇਸ਼ ਦੇ ਹੀ ਨਹੀਂ ਸਗੋਂ ਗੁਆਂਢੀ ਮੁਲਕ ਪਾਕਿਸਤਾਨ ਵਿਚ ਲਹਿੰਦੇ ਪੰਜਾਬ ਦੇ ਉਨਾਂ ਦੇ ਪ੍ਰਸੰਸਕ ਸਦਮੇ ਵਿਚ ਹਨ। ਜਿੱਥੇ ਬੀਤੇ ਦਿਨੀਂ ਮੂਸੇਵਾਲਾ ਦੇ ਲਹਿੰਦੇ ਪੰਜਾਬ ਦੇ ਪ੍ਰਸੰਸਕਾਂ ਵਲੋਂ ਉਸ ਦੇ ਜਨਮ ਦਿਨ ਮੌਕੇ ਕੇਕ ਬਣਵਾ ਕੇ ਲੋਕਾਂ ਵਿਚ ਵੰਡੇ ਗਏ, ਉੱਥੇ ਹੀ ਕੁਝ ਪ੍ਰਸੰਸਕਾਂ ਵਲੋਂ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ 'ਤੇ ਉਕਤ ਪੰਜਾਬੀ ਗਾਇਕ ਦੀਆਂ ਤਸਵੀਰਾਂ ਵਾਲੇ ਸਟਿੱਕਰ, ਪੋਸਟਰ ਵੀ ਲਗਵਾਏ ਗਏ ਹਨ। ਇਸ ਦੇ ਇਲਾਵਾ ਲਹਿੰਦੇ ਪੰਜਾਬ ਵਿਚ ਟਰੱਕਾਂ ਦੇ ਪਿੱਛੇ ਸਿੱਧੂ ਮੂਸੇਵਾਲੇ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਵੱਡੇ ਸਾਈਜ਼ ਵਿਚ ਪੇਂਟਿੰਗਾਂ ਵੀ ਬਣਾਈਆਂ ਗਈਆਂ ਹਨ। ਵੱਡੀ ਗਿਣਤੀ ਵਿਚ ਪਾਕਿਸਤਾਨੀ ਪ੍ਰਸੰਸਕ ਉਸ ਦੇ ਗਾਏ






ਗੀਤਾਂ ਨੂੰ ਗਾ ਕੇ ਆਪੋ-ਆਪਣੇ ਅੰਦਾਜ਼ ਵਿਚ ਸੋਸ਼ਲ ਮੀਡੀਆ ਦੀ ਮਾਰਫ਼ਤ ਉਸ ਨੂੰ ਯਾਦ ਵੀ ਕਰ ਰਹੇ ਹਨ ।ਕੁਝ ਪਾਕਿਸਤਾਨੀ ਨੌਜਵਾਨਾਂ ਨੇ ਦੱਸਿਆ ਕਿ ਲਹਿੰਦੇ ਪੰਜਾਬ ਦੇ ਨੌਜਵਾਨਾਂ 'ਚੋਂ 75 ਫ਼ੀਸਦੀ ਦੇ ਲਗਭਗ ਸਿੱਧੂ ਮੂਸੇਵਾਲੇ ਦੇ ਗੀਤਾਂ ਨੂੰ ਪਸੰਦ ਕਰਦੇ ਹਨ ਅਤੇ ਇਸਲਾਮ ਵਿਚ ਸਰੀਰ ਦੇ ਅੰਗਾਂ 'ਤੇ ਟੈਟੂ ਬਣਾਉਣ ਦੀ ਇਜਾਜ਼ਤ ਨਾ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿਚ ਪਾਕਿ ਪੰਜਾਬੀ ਨੌਜਵਾਨਾਂ ਨੇ ਆਪਣੀਆਂ ਬਾਂਹਾਂ 'ਤੇ ਮੂਸੇਵਾਲੇ ਦੀ ਤਸਵੀਰ ਵਾਲੇ ਟੈਟੂ ਗੁੰਦਵਾਏ ਹਨ।

## ਪੰਜਾਬ ਐਂਡ ਸਿੰਧ ਬੈਂਕ ਦਾ ਐੱਮਡੀ ਗੈਰ-ਸਿੱਖ ਲਾਉਣ 'ਤੇ ਸ਼੍ਰੋਮਣੀ ਕਮੇਟੀ ਨਰਾਜ਼

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਐਂਡ ਸਿੰਧ ਬੈਂਕ ਦੇ ਐੱਮਡੀ ਅਤੇ ਸੀਈਓ ਦੇ ਅਹੁਦੇ 'ਤੇ ਇਕ ਗੈਰ-ਸਿੱਖ ਨੂੰ ਨਿਯੁਕਤ ਕਰਨ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਹਾਲ ਹੀ ਵਿਚ ਭਾਰਤ ਸਰਕਾਰ ਵੱਲੋਂ ਸਵਰੂਪ ਕੁਮਾਰ ਸਾਹਾ ਨੂੰ ਇਸ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਤਰਾਜ਼ ਕਰਦਿਆਂ ਕਿਹਾ ਕਿ 1908 ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਸਿੱਖਾਂ ਦੇ ਇਕ ਸੁਤੰਤਰ ਬੈਂਕ ਵਜੋਂ ਹੋਈ ਸੀ। ਇਸ ਬੈਂਕ ਨੂੰ ਸਿੱਖ ਬੈਂਕ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਦੇ ਸਿਖਰਲੇ ਅਹੁਦੇ 'ਤੇ ਸਿੱਖ ਨੂੰ ਹੀ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। ਉਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਇਸ ਨਿਯੁਕਤੀ ਦੀ ਨਜ਼ਰਸਾਨੀ ਕੀਤੀ ਜਾਵੇ। ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਵੀ ਇਸ ਨਿਯੁਕਤੀ ਦੀ ਨਿਖੇਧੀ ਕੀਤੀ ਹੈ।

# ਜੰਗ ਕਾਰਨ ਯੂਕਰੇਨ ਤੋਂ ਭਾਰਤ ਪਰਤੇ ਵਿਦਿਆਰਥੀ ਰੂਸੀ ਯੂਨੀਵਰਸਿਟੀ ਵਿਚ ਕਰ ਸਕਣਗੇ ਪੜ੍ਹਾਈ

## ਰੂਸੀ ਯੂਨੀਵਰਸਿਟੀ ਵਿੱਚ ਸਕਾਲਰਸ਼ਿਪ ਲੈਣ ਦੇ ਯੋਗ ਵੀ ਹੋਣਗੇ ਵਿਦਿਆਰਥੀ

**ਦਿੱਲੀ/ਏ.ਟੀ.ਨਿਊਜ਼** :- ਰੂਸ-ਯੂਕਰੇਨ ਯੁੱਧ ਕਾਰਨ ਉੱਥੇ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ ਪਰ ਇਸ ਸਭ ਦੇ ਵਿਚਕਾਰ ਇੱਕ ਚੰਗਾ ਆਉਣ ਵਾਲਾ ਹੈ। ਹੁਣ ਅਜਿਹੇ ਵਿਦਿਆਰਥੀ ਰੂਸੀ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਕੇ ਆਪਣੀ ਪੜ੍ਹਾਈ ਜਾਰੀ ਰੱਖ ਸਕਣਗੇ। ਨਵੀਂ ਦਿੱਲੀ ਸਥਿਤ ਰੂਸੀ ਦੂਤਾਵਾਸ ਦੇ ਡਿਪਟੀ ਚੀਫ਼ ਆਫ਼ ਮਿਸ਼ਨ ਰੋਮਨ ਬਾਬੁਸ਼ਕਿਨ ਨੇ ਇਹ ਖੁਸ਼ਖਬਰੀ ਦਿੱਤੀ ਹੈ। ਉਨ੍ਹਾਂ ਮੁਤਾਬਕ ਭਾਰਤੀ ਵਿਦਿਆਰਥੀਆਂ ਨੂੰ ਰੂਸੀ ਯੂਨੀਵਰਸਿਟੀਆਂ ਵਿੱਚ ਦਾਖਲਾ ਦਿੱਤਾ ਜਾਵੇਗਾ, ਜਿੱਥੇ ਉਹ ਆਪਣੇ ਕੋਰਸਾਂ ਨੂੰ ਜਾਰੀ ਰੱਖ ਸਕਦੇ ਹਨ। ਰੂਸ-ਯੂਕਰੇਨ ਯੁੱਧ ਕਾਰਨ ਯੂਕਰੇਨ ਛੱਡਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਕਰੀਅਰ ਖ਼ਰਾਬ ਹੋ ਗਿਆ ਸੀ ਅਤੇ ਉਹ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਦੇ ਸ਼ਿਕਾਰ ਸੀ। ਅਜਿਹੇ ਵਿਚ ਰੂਸੀ ਦੂਤਾਵਾਸ ਤੋਂ ਉਨ੍ਹਾਂ ਲਈ ਚੰਗੀ ਖ਼ਬਰ ਆਈ ਹੈ। ਰੂਸੀ ਦੂਤਾਵਾਸ ਦੇ ਉਪ ਮੁਖੀ ਰੋਮਨ ਬਾਬੁਸ਼ਕਿਨ ਨੇ ਦੱਸਿਆ ਕਿ ਅਜਿਹੇ ਵਿਦਿਆਰਥੀ ਹੁਣ ਰੂਸੀ ਯੂਨੀਵਰਸਿਟੀਆਂ ਵਿੱਚ ਆਪਣੀ ਪੜ੍ਹਾਈ ਜਾਰੀ ਰੱਖ ਸਕਦੇ ਹਨ। ਹੁਣ ਵਿਦਿਆਰਥੀ ਆਪਣੀ ਪੜ੍ਹਾਈ ਅੱਧ ਵਿਚਾਲੇ ਛੱਡਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਪਾ ਸਕਣਗੇ ਤੇ ਉਨ੍ਹਾਂ ਦਾ ਵਿੱਦਿਅਕ ਸਾਲ ਵੀ ਖ਼ਰਾਬ ਨਹੀਂ ਹੋਵੇਗਾ।

ਰਸ਼ੀਅਨ ਫੈਡਰੇਸ਼ਨ ਦੇ ਆਨਰੇਰੀ ਕੌਂਸਲਰ ਅਤੇ ਤਿਰੂਵਨੰਤਪੁਰਮ ਵਿੱਚ ਰਸ਼ੀਅਨ ਹਾਊਸ ਦੇ ਡਾਇਰੈਕਟਰ ਰਤੀਸ਼ ਸੀ ਨਾਇਰ ਨੇ ਦੱਸਿਆ ਕਿ ਜਿਹੜੇ ਵਿਦਿਆਰਥੀ ਸਕਾਲਰਸ਼ਿਪ ਹਾਸਲ ਕਰ ਰਹੇ ਸੀ, ਉਹ ਰੂਸੀ ਯੂਨੀਵਰਸਿਟੀਆਂ ਵਿੱਚ ਵੀ ਸਕਾਲਰਸ਼ਿਪ ਹਾਸਲ ਕਰ ਸਕਦੇ ਹਨ, ਹਾਲਾਂਕਿ ਉਨ੍ਹਾਂ ਨੇ ਰੂਸੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਲਈ ਫੀਸਾਂ ਦਾ ਭੁਗਤਾਨ ਕਰਨਾ ਪਵੇਗਾ।

# ਡੋਨਬਾਸ ਵਿੱਚ ਫ਼ੈਸਲਾਕੁਨ ਸਾਬਿਤ ਹੋ ਸਕਦੀ ਹੈ ਰੂਸ ਤੇ ਯੂਕਰੇਨ ਵਿਚਾਲੇ ਜੰਗ

## ✪ ਰੂਸ ਵੱਲੋਂ ਅਮਰੀਕੀ ਤੇ ਯੂਰੋਪੀ ਹਥਿਆਰ ਨਸ਼ਟ ਕਰਨ ਦਾ ਦਾਅਵਾ ✪ ਯੂਕਰੇਨ ਵੱਲੋਂ ਦੋਨੇਤਸਕ ਦੇ ਬਾਜ਼ਾਰ ਵਿੱਚ ਹਮਲਾ, ਤਿੰਨ ਹਲਾਕ

**ਕੀਵ/ਏ.ਟੀ.ਨਿਊਜ਼** :- ਰੂਸ ਵੱਲੋਂ ਯੂਕਰੇਨ ਦੇ ਡੋਨਬਾਸ ਖ਼ਿੱਤੇ ਵਿਚ ਜ਼ੋਰਦਾਰ ਬੰਬਾਰੀ ਅਤੇ ਹਵਾਈ ਹਮਲੇ ਕੀਤੇ ਜਾ ਰਹੇ ਹਨ। ਸਨਅਤੀ ਕੇਂਦਰ ਵਜੋਂ ਜਾਣੇ ਡੋਨਬਾਸ ਖ਼ਿੱਤੇ 'ਤੇ ਕਬਜ਼ੇ ਲਈ ਉਹ ਹੌਲੀ ਪਰ ਪੱਕੇ ਪੈਰੀਂ ਅੱਗੇ ਵਧ ਰਿਹਾ ਹੈ। ਯੂਕਰੇਨ ਵਿਚ ਜੰਗ ਨੂੰ ਚਾਰ ਮਹੀਨੇ ਹੋ ਗਏ ਹਨ ਅਤੇ ਹੁਣ ਜੇਕਰ ਡੋਨਬਾਸ 'ਤੇ ਰੂਸ ਦਾ ਕਬਜ਼ਾ ਹੋ ਗਿਆ ਤਾਂ ਪੂਰੀ ਜੰਗ ਦਾ ਮੁਹਾਂਦਰਾ ਬਦਲ ਜਾਵੇਗਾ। ਖ਼ਿੱਤੇ ਨੂੰ ਯੂਕਰੇਨ ਤੋਂ ਵੱਖ ਕਰਾਉਣ ਲਈ ਰੂਸ ਨੇ ਨਵੇਂ ਸਿਰੇ ਤੋਂ ਰਣਨੀਤੀ ਬਣਾਈ ਹੈ। ਰੂਸ ਦੇ ਡੋਨਬਾਸ ਵਿਚ ਜੰਗ ਜਿੱਤਣ ਨਾਲ ਯੂਕਰੇਨ ਦੇ ਹੱਥੋਂ ਨਾ ਸਿਰਫ਼ ਆਪਣੀ ਜ਼ਮੀਨ ਖੁੱਸ ਜਾਵੇਗੀ ਸਗੋਂ ਉਸ ਦੀ ਫ਼ੌਜ ਨੂੰ ਵੀ ਢਾਹ ਲੱਗੇਗੀ ਅਤੇ ਮਾਸਕੋ, ਕੀਵ 'ਤੇ ਆਪਣਾ ਦਬਦਬਾ ਬਣਾਉਣ ਵਿਚ ਕਾਮਯਾਬ ਹੋ ਜਾਵੇਗਾ। ਪਰ ਕਿਤੇ ਜੇਕਰ ਰੂਸ ਨਾਕਾਮ ਰਿਹਾ ਤਾਂ ਯੂਕਰੇਨ ਨੂੰ ਜਵਾਬੀ ਹਮਲਾ ਕਰਨ ਦਾ ਮੌਕਾ ਮਿਲ ਜਾਵੇਗਾ ਅਤੇ ਸੰਭਾਵਨਾ ਹੈ ਕਿ ਉਹ ਸਿਆਸੀ ਤੌਰ 'ਤੇ ਉਸ ਦੀ ਪਿੱਠ ਵੀ ਲੁਆ ਦੇਵੇ। ਰੂਸ ਵੱਲੋਂ ਜੰਗ ਦੀ ਸ਼ੁਰੂਆਤ 'ਚ ਕੀਵ ਅਤੇ ਦੂਜੇ ਸਭ ਤੋਂ ਵੱਡੇ ਸ਼ਹਿਰ ਖਾਰਕੀਵ 'ਤੇ ਕਬਜ਼ੇ ਦੀ ਕੋਸ਼ਿਸ਼ ਨਾਕਾਮ ਰਹਿਣ ਮਗਰੋਂ ਉਸ ਨੇ ਆਪਣਾ ਧਿਆਨ ਡੋਨਬਾਸ ਵੱਲ ਕੀਤਾ ਹੋਇਆ ਹੈ ਜਿਥੇ ਮਾਸਕੋ ਸਮਰਥਿਤ ਵੱਖਵਾਦੀ 2014 ਤੋਂ ਯੂਕਰੇਨੀ ਫ਼ੌਜ ਨਾਲ ਲੋਹਾ ਲੈ ਰਹੇ ਹਨ। ਇਹ ਖ਼ਿੱਤਾ ਖਾਣਾਂ ਅਤੇ ਫੈਕਟਰੀਆਂ ਲਈ ਜਾਣਿਆ ਜਾਂਦਾ ਹੈ। ਆਪਣੀਆਂ ਪਹਿਲੀਆਂ ਗਲਤੀਆਂ ਤੋਂ ਸਬਕ ਲੈਂਦਿਆਂ ਹੁਣ ਰੂਸ ਵੱਲੋਂ ਯੂਕਰੇਨੀ ਫ਼ੌਜ ਦੇ ਟਿਕਾਣਿਆਂ 'ਤੇ ਲੰਬੀ ਦੂਰੀ ਤੋਂ ਬੰਬਾਰੀ ਕੀਤੀ ਜਾ ਰਹੀ ਹੈ। ਡੋਨਬਾਸ 'ਚ ਪੈਂਦੇ ਲੁਹਾਂਸਕ 'ਚ ਰੂਸ ਨੇ 94 ਫ਼ੀਸਦੀ ਅਤੇ ਦੋਨੇਤਸਕ ਖ਼ਿੱਤੇ ਦੇ ਕਰੀਬ ਅੱਧੇ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ।

ਰੂਸ ਦੇ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਯੂਕਰੇਨ ਦੇ ਪੂਰਬੀ ਡੋਨਬਾਸ ਖ਼ਿੱਤੇ ਵਿਚ ਵੱਡੀ ਗਿਣਤੀ ਵਿਚ ਹਥਿਆਰ ਅਤੇ ਫ਼ੌਜੀ ਸਾਜ਼ੋ-ਸਾਮਾਨ ਨਸ਼ਟ ਕੀਤਾ ਹੈ। ਮੰਤਰਾਲੇ ਮੁਤਾਬਕ ਇਨ੍ਹਾਂ ਵਿਚ ਅਮਰੀਕਾ ਅਤੇ ਯੂਰੋਪੀਅਨ ਮੁਲਕਾਂ ਵੱਲੋਂ ਭੇਜੇ ਗਏ ਹਥਿਆਰ ਵੀ ਸ਼ਾਮਲ ਹਨ।

ਬਾਕੀ ਸਫ਼ਾ 31 'ਤੇ

# ਦੁਨੀਆ ਦੀ ਛੱਤ 'ਤੇ ਚੀਨ ਬਣਾ ਰਿਹਾ ਤਾਰਾਮੰਡਲ, ਅਮਰੀਕਾ ਨੂੰ ਦੇ ਰਿਹਾ ਏ ਚੁਣੌਤੀ

**ਤਿੱਬਤ/ਏ.ਟੀ.ਨਿਊਜ਼** :- ਤਕਨਾਲੋਜੀ ਦੇ ਖੇਤਰ ਵਿੱਚ ਚੀਨ ਲਗਾਤਾਰ ਨਵੇਂ ਰਿਕਾਰਡ ਕਾਇਮ ਕਰ ਰਿਹਾ ਹੈ। ਖਾਸ ਕਰਕੇ ਪੁਲਾੜ ਖੇਤਰ ਵਿੱਚ ਚੀਨ ਲਗਾਤਾਰ ਤਰੱਕੀ ਕਰ ਰਿਹਾ ਹੈ। ਚੀਨ ਪਹਿਲਾਂ ਹੀ ਆਪਣਾ ਰੋਬੋਟ ਨੂੰ ਮੰਗਲ ਗ੍ਰਹਿ 'ਤੇ ਭੇਜ ਚੁੱਕਾ ਹੈ ਅਤੇ ਹੁਣ ਚੀਨ ਨੇ 'ਦੁਨੀਆਂ ਦੀ ਛੱਤ' ਮੰਨੇ ਜਾਂਦੇ ਤਿੱਬਤ ਵਿਚ ਬ੍ਰਹਿਮੰਡ ਦੀ ਖੋਜ ਕਰਨ ਲਈ ਇਕ ਪਲੈਨੇਟੇਰੀਅਮ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਚੀਨ ਦੀ ਸਰਕਾਰੀ ਮੀਡੀਆ ਨੇ ਅਧਿਕਾਰਤ ਤੌਰ 'ਤੇ ਕਿਹਾ ਹੈ ਕਿ ਚੀਨ ਨੇ 'ਸੰਸਾਰ ਦੀ ਛੱਤ' 'ਤੇ ਬ੍ਰਹਿਮੰਡ ਦੀ ਖੋਜ ਕਰਨ ਲਈ ਤਿੱਬਤ ਵਿੱਚ ਦੁਨੀਆ ਦੇ ਸਭ ਤੋਂ ਉੱਚੇ ਸਥਾਨ 'ਤੇ ਇੱਕ ਪਲੈਨੇਟੇਰੀਅਮ ਮਤਲਬ ਤਾਰਾਮੰਡਲ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਚੀਨ ਦਾ ਇਹ ਪਲੈਨੇਟੇਰੀਅਮ ਸਾਲ 2024 ਵਿੱਚ ਬਣ ਜਾਵੇਗਾ ਅਤੇ ਚੀਨ ਨੂੰ ਸਾਲਾਨਾ ਇੱਕ ਲੱਖ ਤੋਂ ਵੱਧ ਸੈਲਾਨੀਆਂ ਦੇ ਆਉਣ ਦੀ ਉਮੀਦ ਹੈ। ਸਰਕਾਰੀ ਮੀਡੀਆ ਨੇ ਇੱਥੇ ਦੱਸਿਆ ਕਿ ਚੀਨ ਦਾ ਉਦੇਸ਼ 'ਸੰਸਾਰ ਦੀ ਛੱਤ' 'ਤੇ ਬ੍ਰਹਿਮੰਡ ਦੀ ਖੋਜ ਲਈ ਇੱਕ ਵਿੰਡੋ ਖੋਲਣਾ ਹੈ। ਤੁਹਾਨੂੰ ਦੱਸ ਦੇਈਏ ਕਿ ਤਿੱਬਤ ਜ਼ਿਆਦਾਤਰ ਚੀਨੀ ਸੈਲਾਨੀਆਂ ਅਤੇ ਵਿਸ਼ੇਸ਼ ਇਜਾਜ਼ਤ ਦੇ ਨਾਲ ਵਿਦੇਸ਼ੀਆਂ ਲਈ ਖੁੱਲਾ ਹੈ।

### ਖਗੋਲੀ ਦੂਰਬੀਨ ਨਾਲ ਹੋਵੇਗਾ ਲੈਸ

ਤਿੱਬਤ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਨੇ ਕਿਹਾ ਕਿ ਤਾਰਾਮੰਡਲ ਖੇਤਰ ਦਾ ਸਭ ਤੋਂ ਵੱਡਾ ਆਪਟੀਕਲ ਖਗੋਲ-ਵਿਗਿਆਨਕ ਦੂਰਬੀਨ ਹੋਵੇਗੀ, ਜਿਸ ਵਿੱਚ ਇੱਕ ਮੀਟਰ ਵਿਆਸ ਵਾਲਾ ਲੈਂਸ ਹੋਵੇਗਾ ਅਤੇ ਇਹ ਖਗੋਲ ਵਿਗਿਆਨ ਖੋਜ ਅਤੇ ਜਨਤਕ ਵਿਗਿਆਨ ਸਿੱਖਿਆ ਲਈ ਇੱਕ ਪ੍ਰਮੁੱਖ ਖੇਤਰੀ ਅਧਾਰ ਬਣ ਜਾਵੇਗਾ। ਦਰਅਸਲ ਚੀਨ ਜਾਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਬਾਦਸ਼ਾਹ ਉਹੀ ਹੋਵੇਗਾ ਜਿਸ ਦਾ ਪੁਲਾੜ ਵਿਚ ਦਬਦਬਾ ਹੈ। ਚੀਨ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਹੈ, ਇਸ ਲਈ ਚੀਨ ਆਪਣੇ ਪੁਲਾੜ ਮਿਸ਼ਨ ਨੂੰ ਬਹੁਤ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ ਅਤੇ ਆਪਣੇ ਸਭ ਤੋਂ ਵੱਡੇ ਵਿਰੋਧੀ ਅਮਰੀਕਾ ਦੇ ਸ਼ਾਸਨ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਇਸ ਸਾਲ ਇਕ ਦੋ ਨਹੀਂ ਸਗੋਂ 40 ਤੋਂ ਵੱਧ ਮਿਸ਼ਨ ਨੂੰ ਅੰਜਾਮ ਦੇ ਰਿਹਾ ਹੈ।

### ਸਪੇਸ ਸਟੇਸ਼ਨ ਦਾ ਕਰ ਰਿਹਾ ਨਿਰਮਾਣ

ਚੀਨ ਅਮਰੀਕਾ ਦੇ ਬਾਅਦ ਪੁਲਾੜ ਵਿਚ ਨਿੱਜੀ ਸਪੇਸ ਸਟੇਸ਼ਨ ਦਾ ਨਿਰਮਾਣ ਕਰ ਰਿਹਾ ਹੈ। ਹੁਣ ਤੱਕ ਪੁਲਾੜ ਵਿਚ ਸਿਰਫ ਅਮਰੀਕਾ ਦਾ ਹੀ ਸਪੇਸ ਸਟੇਸ਼ਨ ਸੀ ਪਰ ਇਸ ਸਾਲ ਚੀਨ ਦਾ ਵੀ ਸਪੇਸ ਸਟੇਸ਼ਨ ਬਣਕੇ ਤਿਆਰ ਹੋ ਰਿਹਾ ਹੈ ਅਤੇ ਪਿਛਲੇ ਕਈ ਮਹੀਨਿਆਂ ਤੋਂ ਚੀਨੀ ਡ੍ਰੈਗਨ ਸਪੇਸ ਸਟੇਸ਼ਨ ਬਣਾਉਣ ਦੀ ਤਿਆਰੀ ਕਰ ਰਿਹਾ ਸੀ।

# ਖਾਲਿਸਤਾਨੀ ਸਿੱਖ ਆਗੂ ਡਾਕਟਰ ਰਣਜੀਤ ਸਿੰਘ ਜੀ ਦਾ ਅਕਾਲ ਚਲਾਣਾ



**ਨਿਊਯਾਰਕ/ਏ.ਟੀ.ਨਿਊਜ਼**:- ਨਾਰਥ ਅਮਰੀਕਾ ਦੇ ਉੱਘੇ ਪੰਥਕ ਆਗੂ ਡਾਕਟਰ ਰਣਜੀਤ ਸਿੰਘ (ਨਿਊਯਾਰਕ) 14 ਜੂਨ ਨੂੰ ਸਵੇਰੇ ਅਚਾਨਕ ਅਕਾਲ ਚਲਾਣਾ ਕਰ ਗਏ। ਕੌਮ ਪ੍ਰਤੀ ਪਿਆਰ ਅਤੇ ਸਿੱਖਾਂ ਦੀ ਹੋਣੀ ਦਾ ਦਰਦ ਉਨ੍ਹਾਂ ਦੀ ਰੂਹ ਵਿਚ ਵਸਦਾ ਸੀ। ਰਣਜੀਤ ਸਿੰਘ ਜੀ ਪਿਛਲੇ ਤਿੰਨ ਦਹਾਕਿਆਂ ਤੋਂ ਖਾਲਸਤਾਨੀ ਸੰਘਰਸ਼ ਵਿੱਚ ਵੱਡਮੁਲੀਆਂ ਸੇਵਾਵਾਂ ਨਿਭਾਉਣ ਵਾਲੇ ਉਹ ਆਗੂ ਸਨ ਜਿਨ੍ਹਾਂ ਨੇ ਕਿ ਅਜੋਕੇ ਸਮੇਂ Narrative ਦੀ ਲੜਾਈ ਦੀ ਅਹਿਮੀਅਤ ਨੂੰ ਸਮਝਦਿਆਂ ਕੌਮ ਦਾ ਆਪਣਾ ਚੈਨਲ ਟੀਵੀ 84 ਚਲਾਉਣ ਲਈ ਤਨ, ਮਨ, ਧਨ ਸਭ ਕੁਝ ਲੇਖੇ ਲਾ ਦਿੱਤਾ ਅਤੇ ਫਿਰ ਵੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਜਿੱਥੇ ਡਾਕਟਰ ਰਣਜੀਤ ਸਿੰਘ ਦਾ ਨਾਂ ਕੌਮੀ ਸੰਘਰਸ਼ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ ਉੱਥੇ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਡਾਕਟਰ ਰਣਜੀਤ ਸਿੰਘ ਵਰਗੇ ਹੀਰਿਆਂ ਦੀ ਜਿਉਂਦੇ ਜੀਅ ਕਦਰ ਪਾਉਣ ਦੀ ਲੋੜ ਹੈ, ਕਿਉਂਕਿ ਕੌਮੀ ਘਰ ਦੀ ਪ੍ਰਾਪਤੀ ਲਈ ਇਸ ਹੱਦ ਤੱਕ ਸਮਰਪਿਤ ਸਿਪਾਹੀ ਤੇ ਨਾਲ ਹੀ ਗੁਰਮਤਿ ਸਿਧਾਂਤ ਦੀ ਵਿਲੱਖਣਤਾ ਬਾਰੇ ਡੂੰਘਾਈ ਨਾਲ ਸਮਝ ਰੱਖਣ ਵਾਲੇ ਵਿਰਲੇ ਹੀ ਗੁਰਸਿੱਖ ਸੱਜਣ ਹੋਣਗੇ। ਡਾਕਟਰ ਸਾਹਿਬ ਦਾ ਵਿਛੋੜਾ ਅਤਿ ਦੁਖਦਾਈ ਅਤੇ ਕੌਮ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

# ਨੀਰਜ ਚੋਪੜਾ ਨੇ ਸਿਰਜਿਆ ਨਵਾਂ ਰਾਸ਼ਟਰੀ ਰਿਕਾਰਡ

## ਟੋਕੀਓ ਓਲੰਪਿਕ ਵਿਚ ਆਪਣਾ ਹੀ ਰਿਕਾਰਡ ਤੋੜਿਆ



**ਨਵੀਂ ਦਿੱਲੀ/ਏ.ਟੀ.ਨਿਊਜ਼** :- ਟੋਕੀਓ ਓਲੰਪਿਕ ਦੇ ਸੋਨ ਤਮਗਾ ਜੇਤੂ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਬੀਤੇ ਮੰਗਲਵਾਰ ਨੂੰ ਫਿਨਲੈਂਡ ਵਿੱਚ ਪਾਵੋ ਨੂਰਮੀ ਖੇਡਾਂ ਵਿੱਚ 89.30 ਮੀਟਰ ਦੇ ਆਪਣੇ ਸਰਵੋਤਮ ਥਰੋਅ ਨਾਲ ਚਾਂਦੀ ਦਾ ਤਮਗਾ ਜਿੱਤਣ ਦਾ ਆਪਣਾ ਕੌਮੀ ਰਿਕਾਰਡ ਸੁਧਾਰਿਆ। ਇਸ ਤੋਂ ਪਹਿਲਾਂ ਨੀਰਜ ਨੇ ਟੋਕੀਓ ਓਲੰਪਿਕ ਦੌਰਾਨ 87.58 ਮੀਟਰ ਦੀ ਥਰੋਅ ਨਾਲ ਰਾਸ਼ਟਰੀ ਰਿਕਾਰਡ ਬਣਾਇਆ ਸੀ। ਇਸ ਥਰੋਅ ਦੇ ਦਮ 'ਤੇ ਹੀ ਉਸ ਨੇ ਟੋਕੀਓ ਵਿਚ ਇਤਿਹਾਸਕ ਸੋਨ ਤਮਗਾ ਜਿੱਤਿਆ।

### ਨੀਰਜ ਚੋਪੜਾ ਦੂਜੇ ਸਥਾਨ 'ਤੇ ਰਿਹਾ

10 ਮਹੀਨਿਆਂ ਬਾਅਦ ਨੀਰਜ ਦਾ ਇਹ ਪਹਿਲਾ ਟੂਰਨਾਮੈਂਟ ਸੀ ਅਤੇ ਉਸਨੇ ਆਪਣੀ ਦੂਜੀ ਕੋਸ਼ਿਸ਼ ਵਿੱਚ 89.30 ਥਰੋਅ ਕੀਤਾ, ਜੋ ਉਸਦਾ ਨਿੱਜੀ ਸਰਵੋਤਮ ਥਰੋਅ ਬਣ ਗਿਆ। ਉਸ ਨੇ ਪਹਿਲੀ ਕੋਸ਼ਿਸ਼ ਵਿੱਚ 86.92 ਮੀਟਰ ਸੁੱਟਿਆ ਸੀ, ਜਦੋਂ ਕਿ ਉਸ ਦੀ ਤੀਜੀ, ਚੌਥੀ ਅਤੇ ਪੰਜਵੀਂ ਕੋਸ਼ਿਸ਼ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਨੀਰਜ ਨੇ ਆਪਣੀ ਆਖਰੀ ਕੋਸ਼ਿਸ਼ ਵਿੱਚ 85.85 ਮੀਟਰ ਦੀ ਥਰੋਅ ਨਾਲ ਸਮਾਪਤ ਕੀਤਾ। ਨੀਰਜ ਨੇ ਭਾਵੇਂ ਆਪਣਾ ਹੀ ਰਾਸ਼ਟਰੀ ਰਿਕਾਰਡ ਤੋੜਿਆ ਹੋਵੇ ਪਰ ਫਿਨਲੈਂਡ ਦੇ ਓਲੀਵੀਅਰ ਹੈਲੈਂਡਰ ਤੋਂ ਬਾਅਦ ਦੂਜੇ ਸਥਾਨ 'ਤੇ ਰਿਹਾ, ਜਿਸ ਨੂੰ ਚਾਂਦੀ ਦੇ ਤਮਗੇ ਨਾਲ ਸੰਤੁਸ਼ਟ ਹੋਣਾ ਪਿਆ।

ਨੀਰਜ ਚੋਪੜਾ ਦਾ ਪਹਿਲਾਂ ਰਾਸ਼ਟਰੀ ਰਿਕਾਰਡ 88.07 ਮੀਟਰ ਸੀ, ਜੋ ਉਸ ਨੇ ਪਿਛਲੇ ਸਾਲ ਮਾਰਚ ਵਿੱਚ ਪਟਿਆਲਾ ਵਿੱਚ ਬਣਾਇਆ ਸੀ। ਉਸਨੇ 7 ਅਗਸਤ, 2021 ਨੂੰ 87.58 ਮੀਟਰ ਥਰੋਅ ਨਾਲ ਟੋਕੀਓ ਓਲੰਪਿਕ ਸੋਨ ਤਮਗਾ ਜਿੱਤਿਆ।

ਚੋਪੜਾ ਅਗਲੇ ਸ਼ਨਿਚਰਵਾਰ ਨੂੰ ਫਿਨਲੈਂਡ ਵਿੱਚ ਕੋਰਟਨ ਖੇਡਾਂ ਵਿੱਚ ਹਿੱਸਾ ਲਵੇਗਾ, ਜਿੱਥੇ ਉਹ ਵਰਤਮਾਨ ਵਿੱਚ ਰਹਿ ਰਿਹਾ ਹੈ। ਉਹ 30 ਜੂਨ ਨੂੰ 'ਸਟੌਕਹੋਮ ਲੇਗ ਆਫ ਦਿ ਡਾਇਮੰਡ ਲੀਗ' 'ਚ ਹਿੱਸਾ ਲਵੇਗਾ। ਉਸਨੇ ਪਿਛਲੇ ਮਹੀਨੇ ਫਿਨਲੈਂਡ ਜਾਣ ਤੋਂ ਪਹਿਲਾਂ ਅਮਰੀਕਾ ਅਤੇ ਤੁਰਕੀ ਵਿੱਚ ਸਿਖਲਾਈ ਲਈ ਸੀ।

# ਅਮਰੀਕਾ ਭਾਰੀ ਮਹਿੰਗਾਈ ਦਾ ਕਰ ਰਿਹਾ ਸਾਹਮਣਾ

## ਮਹਿੰਗਾਈ ਦਾ 40 ਸਾਲ ਦਾ ਰਿਕਾਰਡ ਟੁੱਟਿਆ

**ਵਾਸ਼ਿੰਗਟਨ** : ਇਨੀਂ ਦਿਨੀਂ ਅਮਰੀਕਾ ਭਾਰੀ ਮਹਿੰਗਾਈ ਦਾ ਸਾਹਮਣਾ ਕਰ ਰਿਹਾ ਹੈ। ਨਿਊਜ਼ ਏਜੰਸੀ ਏਪੀ ਦੀ ਰਿਪੋਰਟ ਮੁਤਾਬਕ ਅਮਰੀਕਾ 'ਚ ਮਹਿੰਗਾਈ ਚਾਰ ਦਹਾਕਿਆਂ ਦੇ ਉੱਚ ਪੱਧਰ 8.6 ਫੀਸਦੀ 'ਤੇ ਪਹੁੰਚ ਗਈ ਹੈ। ਮਈ ਮਹੀਨੇ 'ਚ ਗੈਸ, ਖਾਣ-ਪੀਣ ਦੀਆਂ ਵਸਤੂਆਂ ਅਤੇ ਜ਼ਿਆਦਾਤਰ ਹੋਰ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਦਰਜ ਕੀਤਾ ਗਿਆ ਹੈ। ਯੂਐਸ ਲੇਬਰ ਡਿਪਾਰਟਮੈਂਟ ਨੇ ਅੰਕੜੇ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਮਹੀਨੇ ਖਪਤਕਾਰਾਂ ਦੀਆਂ ਕੀਮਤਾਂ ਇੱਕ ਸਾਲ ਪਹਿਲਾਂ ਨਾਲੋਂ 8.6 ਪ੍ਰਤੀਸ਼ਤ ਵਧੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu Proof Editor: Prabhjot Kaur
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# 32 ਸਾਲਾਂ ਬਾਅਦ ਦੋ ਖਾਲਿਸਤਾਨੀ ਨੇਤਾਵਾਂ ਸ੍ਰ. ਮਾਨ ਅਤੇ ਰਾਜਦੇਵ ਸਿੰਘ ਖਾਲਸਾ ਵਿਚ ਹੋਈ ਮੁਕੰਮਲ ਏਕਤਾ

## ✪ ਮਾਨ ਨੇ ਖਾਲਸਾ ਨੂੰ ਵਿਧਾਨ ਸਭਾ ਲਈ ਬਣਾਇਆ ਪਾਰਟੀ ਉਮੀਦਵਾਰ ✪ ਮੈਂ ਮਾਨ ਨੂੰ ਕੇਂਦਰੀ ਵਜਾਰਤ ਵਿਚ ਮੰਤਰੀ ਅਤੇ ਪੰਜਾਬ ਦਾ ਮੁੱਖ ਮੰਤਰੀ ਦੇਖਣ ਦਾ ਇੱਛੁਕ ਹਾਂ : ਖਾਲਸਾ

ਬਰਨਾਲਾ/ਬਘੇਲ ਸਿੰਘ ਧਾਲੀਵਾਲ :- ਲੋਕ ਸਭਾ ਹਲਕਾ ਸੰਗਰੂਰ ਦੀ ਜਿਮਨੀ ਚੋਣ ਨੇ 32 ਸਾਲਾਂ ਤੋਂ ਵੱਖ ਹੋਏ ਖਾਲਸਾ ਪੰਥ ਅਤੇ ਖਾਲਿਸਤਾਨ ਦੇ ਹਾਮੀ ਦੋ ਵੱਡੇ ਆਗੂਆਂ ਨੂੰ ਮੁੜ ਤੋਂ ਇੱਕ ਕਰ ਦਿੱਤਾ ਹੈ। ਸੰਗਰੂਰ ਤੋਂ ਉਮੀਦਵਾਰ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਉਸ ਮੌਕੇ ਵੱਡਾ ਹੁਲਾਰਾ ਮਿਲਿਆ ਜਦੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਫੌਜਦਾਰੀ ਕੇਸਾਂ ਦੇ ਵਕੀਲ ਰਾਜਦੇਵ ਸਿੰਘ ਖਾਲਸਾ ਨੇ ਮਾਨ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਬੀਤੇ ਦਿਨੀਂ ਰਾਜਦੇਵ ਸਿੰਘ ਖਾਲਸਾ ਦੇ ਘਰ ਪਹੁੰਚੇ ਸਿਮਰਨਜੀਤ ਸਿੰਘ ਮਾਨ ਨੇ ਰਾਜਦੇਵ ਸਿੰਘ ਖਾਲਸਾ ਦੇ ਨਾਲ ਇਕੱਠਿਆਂ ਬੈਠ ਕੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਇਤਿਹਾਸਕ ਏਕਤਾ ਦਾ ਇੰਕਸ਼ਾਫ ਕੀਤਾ। ਖਾਲਸਾ ਨੇ ਕਿਹਾ ਕਿ ਮਾਨ ਦੀ ਸੋਚ ਨਾਲ ਮੈਂ ਪੂਰੀ ਤਰਾਂ ਸਹਿਮਤ ਹਾਂ ਅਤੇ ਕੌਮੀ ਘਰ ਖਾਲਿਸਤਾਨ ਲਈ ਮਾਨ ਵੀ ਲੜਾਈ ਲੜ ਰਹੇ ਹਨ ਅਤੇ ਮੈ ਵੀ ਕੌਮੀ ਘਰ ਲਈ ਦ੍ਰਿੜ ਸੰਕਲਪ ਹਾਂ। ਉਨਾਂ ਕਿਹਾ ਕਿ ਭਾਵੇਂ ਅਸੀਂ 32 ਸਾਲਾਂ ਦੇ ਲੰਮੇ ਵਕਫੇ ਬਾਅਦ ਇਕੱਠੇ ਹੋਏ ਹਾਂ, ਪ੍ਰੰਤੂ ਮਾਨ ਉਦੋਂ ਵੀ ਸਾਡਾ ਆਗੂ ਸੀ ਤੇ ਅੱਜ ਵੀ ਆਗੂ ਹੈ। ਉਨਾਂ ਮਾਨ ਦੀ ਜਿੱਤ ਲਈ ਜੀਅ ਜਾਨ ਨਾਲ ਮਿਹਨਤ ਕਰਨ ਦੀ ਹਾਮੀ ਭਰਦਿਆਂ ਕਿਹਾ ਕਿ ਮੈਂ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਦੇਖਣਾ ਚਾਹੁੰਦਾ ਹਾਂ ਅਤੇ ਕੇਂਦਰੀ ਵਜਾਰਤ ਵਿੱਚ ਵੀ ਮੰਤਰੀ ਦੇਖਣਾ ਚਾਹੁੰਦਾ ਹਾਂ ਤਾਂ ਕਿ ਪੰਜਾਬ ਅਤੇ ਪੰਥ ਦੇ ਹਿਤਾਂ ਦੀ ਗੱਲ ਜੋਰ ਨਾਲ ਉਠਾਈ ਜਾ ਸਕੇ। ਖਾਲਸਾ ਨੇ ਕਿਹਾ ਕਿ ਮਾਨ ਦੇ ਚੋਣ ਪ੍ਰਚਾਰ ਦੌਰਾਨ ਪੰਥ ਦਾ ਸਭ ਤੋਂ ਵੱਧ ਨੁਕਸਾਨ ਕਰਨ ਵਾਲੇ ਅਕਾਲੀ ਦਲ ਬਾਦਲ ਸਮੇਤ ਸਿੱਖ ਵਿਰੋਧੀ ਭਾਜਪਾ ਤੇ ਆਪ ਮੇਰੇ ਨਿਸ਼ਾਨੇ 'ਤੇ ਰਹਿਣਗੇ। ਭਾਜਪਾ ਨਾਲੋਂ ਨਾਤਾ ਤੋੜਨ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਖਾਲਸਾ ਨੇ ਕਿਹਾ ਕਿ ਭਾਜਪਾ ਸਭ ਤੋਂ ਵੱਧ ਸਿੱਖ ਵਿਰੋਧੀ ਪਾਰਟੀ ਹੈ। ਭਾਜਪਾ ਦੇ ਸੰਗਠਨ ਮੰਤਰੀ ਬੀ ਐਲ ਸੰਤੋਸ਼, ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਪੰਜਾਬ ਦੇ ਇੰਚਾਰਜ ਬਸੰਤ ਗੌਤਮ ਤੇ ਸਿੱਖ ਵਿਰੋਧੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਤਿੰਨੇ ਆਗੂ ਸਭ ਤੋਂ ਵੱਡੇ ਸਿੱਖ ਵਿਰੋਧੀ ਹਨ, ਜਿਹੜੇ ਕਹਿੰਦੇ ਹਨ ਕਿ ਸਾਡੀ ਪਾਰਟੀ ਨੂੰ ਗਾਤਰੇ, ਕਿਰਪਾਨ ਅਤੇ ਦਾਹੜਾ ਪਰਕਾਸ਼ ਕਰਨ ਵਾਲੇ ਸਿੱਖ ਨੇਤਾਵਾਂ ਦੀ ਜਰੂਰਤ ਨਹੀਂ ਹੈ। ਉਨਾਂ ਕਿਹਾ ਕਿ ਮੈਂ ਸੰਤ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ 'ਤੇ ਪਹਿਰ ਦੇਣ ਲਈ ਵਚਨਵੱਧ ਹਾਂ। ਇਸ ਤੋਂ ਉਪਰੰਤ ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਦੇ ਰੁਬਰੂ ਹੁੰਦਿਆਂ ਕਿਹਾ ਰਾਜਦੇਵ ਪੰਥ ਦੇ ਸਿਰਕੱਢ ਆਗੂ,



ਵਕੀਲ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਹਨ, ਜਿਨਾਂ ਦੇ ਸਾਡੀ ਪਾਰਟੀ ਵਿਚ ਸ਼ਾਮਲ ਹੋਣ ਨਾਲ ਮੈਨੂੰ ਵੱਡਾ ਹੁਲਾਰਾ ਤਾਂ ਮਿਲਿਆ ਹੈ ਨਾਲ ਹੀ ਬਰਨਾਲੇ ਤੋਂ ਆਉਣ ਵਾਲੀ ਵਿਧਾਨ ਸਭਾ ਲਈ ਇੱਕ ਤਜਰਬੇਕਾਰ ਸਿੱਖ ਆਗੂ ਉਮੀਦਵਾਰ ਦੇ ਰੂਪ ਵਿਚ ਵੀ ਮਿਲਿਆ ਹੈ।ਉਨਾਂ ਕਿਹਾ ਖਾਲਸੇ ਵਰਗੇ ਨਿਧੱੜਕ ਪੰਥਕ ਸੋਚ ਵਾਲ ਸਿੱਖਾਂ ਆਗੂਆਂ ਦਾ ਵਿਧਾਨ ਸਭਾ ਵਿਚ ਜਾਣਾ ਵੀ ਬੇਹੱਦ ਜਰੂਰੀ ਹੈ।ਉਨਾਂ ਕਿਹਾ ਅਜੇ ਤੱਕ ਕੋਈ ਵੀ ਅਜਿਹਾ ਸਿੱਖ ਆਗੂ ਜਿੱਤ ਕੇ ਵਿਧਾਨ ਸਭਾ ਵਿੱਚ ਨਹੀਂ ਗਿਆ, ਜਿਹੜਾ ਪੁੱਛ ਸਕੇ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਿਵੇਂ ਸ਼ਹੀਦ ਹੋਏ ਹਨ ਅਤੇ ਉਨਾਂ ਦੀਆਂ ਅੰਤਮ ਰਸਮਾਂ ਕਿੱਥੇ ਅਤੇ ਕਦੋਂ ਕੀਤੀਆਂ ਗਈਆਂ ਹਨ। ਮੈਨੂੰ ਪੂਰਨ ਆਸ ਹੈ ਕਿ ਖਾਲਸਾ ਬਰਨਾਲਾ ਤੋਂ ਜਿੱਤ ਪ੍ਰਾਪਤ ਕਰਕੇ ਵਿਧਾਨ ਸਭਾ ਵਿਚ ਕੌਮ ਦੀ ਅਵਾਜ਼ ਬਨਣਗੇ। ਜਿਕਰਯੋਗ ਹੈ 1989 ਦੀ ਇਤਿਹਾਸਕ ਜਿੱਤ ਤੋਂ ਬਾਅਦ ਦੋਨੋਂ ਆਗੂਆਂ ਵਿੱਚ ਮਤਭੇਦ ਪੈਦਾ ਹੋ ਗਏ ਸਨ, ਜਿਸ ਦੇ ਚੱਲਦਿਆਂ 32 ਸਾਲਾਂ ਤੱਕ ਦੋਨੋਂ ਇੱਕ ਦੂਜੇ ਤੋਂ ਵੱਖ ਚੱਲੇ ਆ ਰਹੇ ਸਨ,ਪਰ ਸੰਗਰੂਰ ਦੀ ਜਿਮਨੀ ਚੋਣ ਦੌਰਾਨ ਸਿੱਖ ਕੌਮ ਦੇ ਸੰਘਰਸ਼ੀ ਨੌਜਵਾਨ ਤੇ ਸੀਨੀਅਰ ਪੱਤਰਕਾਰ ਜੱਸਾ ਸਿੰਘ ਮਾਣਕੀ ਅਤੇ ਸਾਬਕਾ ਸਰਪੰਚ ਸੁਰਿੰਦਰ ਸਿੰਘ ਪੱਪੀ ਪੰਡੋਰੀ ਦੇ ਯਤਨਾਂ ਸਦਕਾ ਇਹ ਇਤਿਹਾਸਕ ਏਕਤਾ ਸੰਭਵ ਹੋ ਸਕੀ ਹੈ। ਸਵਾ ਤਿੰਨ ਦਹਾਕਿਆਂ ਤੋਂ ਬਾਅਦ ਹੋਈ ਇਸ ਏਕਤਾ ਤੋਂ ਦੋਵੇਂ ਆਗੂ ਖੁਸ਼ ਅਤੇ ਸੰਤੁਸ਼ਟ ਦਿਖਾਈ ਦੇ ਰਹੇ ਸਨ।

# ਵਿਸ਼ਵ ਯੂਨੀਵਰਸਿਟੀ ਦਰਜਾਬੰਦੀ ਵਿੱਚ ਭਾਰਤੀ ਯੂਨੀਵਰਸਿਟੀਆਂ ਨੇ ਕੀਤਾ ਸੁਧਾਰ

## ਦੁਨੀਆ ਭਰ ਦੀਆਂ ਲਗਭਗ 1,500 ਯੂਨੀਵਰਸਿਟੀਆਂ 'ਚ ਸ਼ਾਮਲ ਨੇ ਭਾਰਤੀ ਯੂਨੀਵਰਸਿਟੀਆਂ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤ ਦੀਆਂ ਯੂਨੀਵਰਸਿਟੀਆਂ ਨੇ ਦੇਸ਼ ਦੀਆਂ ਕੁੱਲ 41 ਯੂਨੀਵਰਸਿਟੀਆਂ ਦੀ ਰੈਂਕਿੰਗ ਦੇ ਨਾਲ ਵੱਕਾਰੀ ਕਵਾਕਕੁਆਰੇਲੀ ਸਾਇਮੰਡਜ਼ (ਕਿਊਐਸ) ਵਿਸ਼ਵ ਯੂਨੀਵਰਸਿਟੀ ਦਰਜਾਬੰਦੀ ਦੀ ਆਪਣੀ ਸਥਿਤੀ ਵਿੱਚ ਸੁਧਾਰ ਕੀਤਾ ਹੈ। ਇਨਾਂ ਵਿੱਚੋਂ 12 ਨੇ ਆਪਣੀ ਰੈਂਕਿੰਗ ਵਿੱਚ ਸੁਧਾਰ ਕੀਤਾ ਹੈ, 12 ਸਥਿਰ ਹਨ, 10 ਵਿਗੜ ਗਈਆਂ ਹਨ ਅਤੇ ਸੱਤ ਨਵੀਆਂ ਯੂਨੀਵਰਸਿਟੀਆਂ ਨੇ ਰੈਂਕਿੰਗ ਵਿੱਚ ਥਾਂ ਬਣਾਈ ਹੈ। ਬੈਂਗਲੁਰੂ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ 31 ਸਥਾਨਾਂ ਦੀ ਛਾਲ ਨਾਲ ਭਾਰਤੀ ਯੂਨੀਵਰਸਿਟੀਆਂ ਵਿੱਚ ਸਿਖਰ 'ਤੇ ਹੈ। ਆਈ ਆਈ ਟੀ, ਬੰਬਈ ਨੇ 11 ਸਥਾਨਾਂ ਦੀ ਛਾਲ ਮਾਰੀ ਹੈ ਅਤੇ ਆਈ ਆਈ ਟੀ, ਦਿੱਲੀ ਤੀਜੇ ਸਥਾਨ 'ਤੇ ਹੈ। ਦੁਨੀਆ ਭਰ ਦੀਆਂ ਲਗਭਗ 1,500 ਯੂਨੀਵਰਸਿਟੀਆਂ ਇਸ ਰੈਂਕਿੰਗ ਵਿੱਚ ਸ਼ਾਮਲ ਹਨ।

ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਦੇ ਪ੍ਰਦਰਸ਼ਨ 'ਤੇ ਲੰਡਨ ਸਥਿਤ ਕਿਊ ਐਸ ਰੈਂਕਿੰਗ ਦਾ 19ਵਾਂ ਐਡੀਸ਼ਨ ਬੀਤੇ ਹਫਤੇ ਜਾਰੀ ਕੀਤਾ ਗਿਆ। ਚੋਟੀ ਦੀਆਂ 200 ਯੂਨੀਵਰਸਿਟੀਆਂ ਵਿੱਚੋਂ, ਆਈ ਐਸ ਸੀ ਬੰਗਲੌਰ ਦੱਖਣੀ ਏਸ਼ੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਯੂਨੀਵਰਸਿਟੀ ਹੈ। ਇਸ ਸ਼੍ਰੇਣੀ ਵਿੱਚ ਚਾਰ ਆਈਆਈਟੀਜ਼ ਵੀ ਹਨ, ਜਿਨਾਂ ਨੇ ਪਿਛਲੇ ਐਡੀਸ਼ਨ ਨਾਲੋਂ ਵਧੀਆ ਅੰਕ ਹਾਸਲ ਕੀਤੇ ਹਨ। ਆਈਆਈਟੀ ਬੰਬੇ ਨੇ 172ਵਾਂ ਸਥਾਨ ਹਾਸਲ ਕੀਤਾ ਹੈ ਅਤੇ ਆਈਆਈਟੀ ਦਿੱਲੀ ਨੇ 174ਵਾਂ ਰੈਂਕ ਹਾਸਲ ਕੀਤਾ ਹੈ।

### ਇਨਾਂ ਯੂਨੀਵਰਸਿਟੀਆਂ ਦੀ ਰੈਂਕਿੰਗ ਡਿੱਗੀ

ਦਿੱਲੀ ਦੀਆਂ ਯੂਨੀਵਰਸਿਟੀਆਂ 'ਚ ਦਿੱਲੀ ਯੂਨੀਵਰਸਿਟੀ ਆਪਣੀ ਪਹਿਲੀ ਸ਼੍ਰੇਣੀ 501-510 ਤੋਂ ਖਿਸਕ ਕੇ 521-530 'ਤੇ ਆ ਗਈ ਹੈ, ਜਦਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਰੈਂਕਿੰਗ ਜੋ ਪਹਿਲਾਂ 561-570 ਦੇ ਵਿਚਕਾਰ ਸੀ, ਇਸ ਵਾਰ 601-650 'ਤੇ ਆ ਗਈ ਹੈ। ਜਾਮੀਆ ਮਿਲੀਆ ਇਸਲਾਮੀਆ ਦੀ ਰੈਂਕਿੰਗ, ਜੋ ਪਿਛਲੇ ਸਾਲ 751-800 ਦੇ ਵਿਚਕਾਰ ਸੀ, ਹੁਣ 801-1000 'ਤੇ ਆ ਗਈ ਹੈ। ਜਾਮੀਆ ਹਮਦਰਦ ਪਿਛਲੇ ਐਡੀਸ਼ਨ ਵਿੱਚ 1001-1200 ਦੇ ਵਿਚਕਾਰ ਸੀ, ਜੋ ਹੁਣ 1201-1400 ਦੇ ਵਿੱਚ ਆ ਗਿਆ ਹੈ। ਦਿੱਲੀ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਵਿਚ ਹੈਦਰਾਬਾਦ ਯੂਨੀਵਰਸਿਟੀ ਦੀ ਰੈਂਕਿੰਗ 651-700 ਤੋਂ ਡਿੱਗ ਕੇ 751-800 'ਤੇ, ਜਾਦਵਪੁਰ ਯੂਨੀਵਰਸਿਟੀ ਦੀ ਰੈਂਕਿੰਗ 651-700 ਤੋਂ ਡਿੱਗ ਕੇ 701-750 'ਤੇ ਅਤੇ ਆਈਆਈਟੀ ਭੁਵਨੇਸ਼ਵਰ ਦੀ ਰੈਂਕਿੰਗ 701-750 ਤੋਂ ਡਿੱਗ ਕੇ 801-801 'ਤੇ ਪਹੁੰਚ ਗਈ ਹੈ।

### ਓਪੀ ਜਿੰਦਲ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਸਭ ਤੋਂ ਅੱਗੇ ਹਨ

ਲਗਾਤਾਰ ਤੀਜੇ ਸਾਲ, ਹਰਿਆਣਾ ਸਥਿਤ ਓਪੀ ਜਿੰਦਲ ਗਲੋਬਲ ਯੂਨੀਵਰਸਿਟੀ ਨੇ ਭਾਰਤ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚੋਂ ਚੋਟੀ ਦੀ ਰੈਂਕਿੰਗ (651-700 ਰੇਂਜ) ਹਾਸਲ ਕੀਤੀ ਹੈ। ਮਨੀਪਾਲ ਅਕੈਡਮੀ ਆਫ ਹਾਇਰ ਐਜੂਕੇਸ਼ਨ (ਸ਼੍ਰੇਣੀ 751-800) ਅਤੇ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸ, ਪਿਲਾਨੀ (1,001-1,200) ਨੇ ਇਸ ਸਾਲ ਆਪਣੀ ਰੈਂਕਿੰਗ ਬਰਕਰਾਰ ਰੱਖੀ ਹੈ।

### IIT ਇੰਦੌਰ ਵੀ ਰੈਂਕਿੰਗ ਵਿਚ ਹੈ

ਸੱਤ ਨਵੀਆਂ ਭਾਰਤੀ ਯੂਨੀਵਰਸਿਟੀਆਂ ਜਿਨਾਂ ਨੇ ਇਸ ਸਾਲ ਕਿਊ ਐਸ ਦਰਜਾਬੰਦੀ ਵਿੱਚ ਥਾਂ ਬਣਾਈ ਹੈ। ਇਹ ਹਨ ਆਈ ਆਈ ਟੀ ਇੰਦੌਰ, ਮਦਰਾਸ ਯੂਨੀਵਰਸਿਟੀ, ਆਈ ਆਈ ਟੀ-ਬੀ ਐਚ ਯੂ, ਚੰਡੀਗੜ ਯੂਨੀਵਰਸਿਟੀ, ਤਿਰੂਚਿਰਾਪੱਲੀ ਨੈਸ਼ਨਲ ਇੰਸਟੀਚਿਊਟ ਆਫ਼ ਤਕਨਾਲੋਜੀ, ਸ਼ੂਲਿਨੀ ਯੂਨੀਵਰਸਿਟੀ ਆਫ਼ ਬਾਇਓਟੈਕਨਾਲੋਜੀ ਐਂਡ ਮੈਨੇਜਮੈਂਟ ਸਾਇੰਸਜ਼ ਅਤੇ ਸਤਿਆਬਾਮਾ ਇੰਸਟੀਚਿਊਟ ਆਫ਼ ਸਾਇੰਸ ਐਂਡ ਤਕਨਾਲੋਜੀ।

41 ਭਾਰਤੀ ਯੂਨੀਵਰਸਿਟੀਆਂ ਨੇ ਕਿਊ ਐਸ ਵਰਲਡ ਯੂਨੀਵਰਸਿਟੀ ਰੈਂਕਿੰਗ, 2023 ਵਿੱਚ ਦਰਜਾਬੰਦੀ ਕੀਤੀ ਹੈ। ਸਾਰੀਆਂ ਯੂਨੀਵਰਸਿਟੀਆਂ ਨੂੰ ਮੇਰੀਆਂ ਵਧਾਈਆਂ। ਆਈ ਆਈ ਐਸ ਸੀ ਬੰਗਲੌਰ, ਆਈ ਆਈ ਟੀ ਮੁੰਬਈ ਅਤੇ ਆਈ ਆਈ ਟੀ ਦਿੱਲੀ ਨੂੰ ਉਨਾਂ ਦੀ ਅਕਾਦਮਿਕ ਉੱਤਮਤਾ ਅਤੇ ਵਿਸ਼ਵ ਪੱਧਰ 'ਤੇ ਚੋਟੀ ਦੇ 200 ਵਿੱਚ ਉਨਾਂ ਦੀ ਨਿਰੰਤਰ ਸਥਿਤੀ ਲਈ ਵਧਾਈ।

# ਐਕਸ਼ਨ ਵਿਚ ਆਈ ਪੰਜਾਬ ਦੀ ਜਨਤਾ, ਹੁਣ ਨਸ਼ਿਆਂ ਨੂੰ ਡਾਂਗਾਂ ਨਾਲ ਰੋਕੇਗੀ

ਅੱਜ ਪੰਜਾਬ ਦਾ ਕੋਈ ਪਿੰਡ, ਸ਼ਹਿਰ ਅਜਿਹਾ ਨਹੀਂ ਜਿਸ ਵਿਚ ਨਸ਼ਿਆਂ ਨੇ ਨੌਜਵਾਨੀ ਨੂੰ ਬੇੜੀਆਂ ਨਾ ਪਾਈਆਂ ਹੋਣ। ਪਿੰਡ ਰਛੀਨ ਲੁਧਿਆਣਾ ਦੇ ਲੋਕਾਂ ਨੇ ਆਪਣੀ ਸੋਚ ਅਤੇ ਪੁਲਿਸ ਦੇ ਸਹਿਯੋਗ ਨਾਲ ਨਸ਼ਿਆਂ ਦੀ ਲਪੇਟ 'ਵਿਚ ਗਰਕੇ ਪਿੰਡ ਨੂੰ ਨਸ਼ਾ ਮੁਕਤ ਕਰਨ ਜੋ ਬੀੜਾ ਚੁੱਕਿਆ ਹੈ ਉਹ ਆਪਣੇ ਆਪ ਵਿਚ ਇਹ ਮਿਸਾਲ ਹੈ। ਪਿੰਡ ਰਛੀਨ ਦੇ ਲੋਕ ਨਸ਼ਿਆਂ ਦੇ ਮਕੜ ਜਾਲ ਵਿਚ ਫਸੀ ਪਿੰਡ ਦੀ ਨੌਜਵਾਨੀ ਨੂੰ ਬਚਾਉਣ ਲਈ ਪਹਿਲਾਂ ਇੱਕ ਮੰਚ 'ਤੇ ਇਕੱਠੇ ਹੋਏ ਅਤੇ ਨਸ਼ਿਆਂ ਨੂੰ ਸਖਤੀ ਨਾਲ ਰੋਕਣ ਦਾ ਤਹੱਈਆ ਕੀਤਾ। ਇਸ ਤੋਂ ਬਾਅਦ ਪਿੰਡ ਵਿਚ ਨਸ਼ੇ ਦੇ ਕੁਝ ਸੌਦਾਗਰਾਂ ਨੂੰ ਦਬਾਅ ਪਾ ਕੇ ਪਿੰਡ 'ਵਿਚ ਨਸ਼ੇ ਵੇਚਣ ਤੋਂ ਤੋਬਾ ਕਰਵਾਈ ਅਤੇ ਨਾਲ ਹੀ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰੇ ਲਈ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਨ ਦਾ ਵੀ ਫੈਸਲਾ ਕੀਤਾ।

ਪਿੰਡ ਵਿਚ ਨਸ਼ੇ ਵੇਚਣ ਵਾਲਿਆਂ ਦੀ 'ਨੋ ਐਂਟਰੀ' ਲਈ ਨਾਕਾਬੰਦੀ ਮੁਹਿੰਮ ਸ਼ੁਰੂ ਕੀਤੀ ਗਈ। ਪਿੰਡ ਵਿਚ ਕੁੱਲ 9 ਵਾਰਡ ਹਨ। ਯੋਜਨਾ ਬਣਾਈ ਗਈ ਕਿ ਹਰ ਇਕ ਵਾਰਡ ਵਿਚ ਦਿਨ ਰਾਤ 2-2 ਨੌਜਵਾਨ 24 ਘੰਟੇ ਵਾਰੋ ਵਾਰੀ ਠੀਕਰੀ ਪਹਿਰਾ ਦੇਣਗੇ। ਇਸ ਠੀਕਰੀ ਪਹਿਰੇ ਦੌਰਾਨ ਪਿੰਡ ਵਿਚ ਕੋਈ ਬਾਹਰੀ ਵਿਅਕਤੀ ਨਸ਼ਾ ਨਾ ਵੇਚ ਸਕੇ ਅਤੇ ਪਿੰਡ ਨੂੰ ਹਰ ਪਾਸਿਓਂ ਸੁਰੱਖਿਅਤ ਕਰਨ ਲਈ ਆਪਸੀ ਤਾਲਮੇਲ ਦੀ ਰਣਨੀਤੀ ਘੜੀ ਗਈ। 9 ਵਾਰਡਾਂ ਵਿਚੋਂ ਕਿਸੇ ਵਾਰਡ ਵਿਚ ਵੀ ਕੋਈ ਅਣਪਛਾਤਾ ਵਾਹਨ, ਵਿਅਕਤੀ ਘੁੰਮਦਾ ਮਿਲੇ ਤਾਂ ਸਾਰੀਆਂ ਟੀਮਾਂ ਨੂੰ ਤਤਕਾਲ ਮੋਬਾਈਲ 'ਤੇ ਚੌਕੰਨਾ ਕਰਕੇ ਇਸ ਦੀ



ਛਾਣਬੀਣ ਅਤੇ ਜਾਂਚ ਲਈ ਇਕੱਠੇ ਹੋਣ ਦਾ ਫੈਸਲਾ ਕੀਤਾ ਗਿਆ।

### ਪੁਲਿਸ ਵੀ ਪਿੰਡ ਵਾਸੀਆਂ ਦਾ ਕਰ ਰਹੀ ਸਹਿਯੋਗ

ਰਾਏਕੋਟ ਦੇ ਲੋਹਟਬੱਦੀ ਪੁਲਿਸ ਚੌਂਕੀ ਦੇ ਮੁਖੀ ਅਮਰਜੀਤ ਸਿੰਘ ਨੇ ਵੀ ਪਿੰਡ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ 'ਚ ਯੋਗਦਾਨ ਪਾਉਂਦਿਆਂ ਰੋਜਾਨਾ ਨੌਜਵਾਨਾਂ ਦੇ ਠੀਕਰੀ ਪਹਿਰੇ ਵਿਚ ਸ਼ਮੂਲੀਅਤ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਨੌਜਵਾਨਾਂ ਦੀ ਹੌਂਸਲਾ ਅਫਜਾਈ ਦੇ ਨਾਲ ਨਾਲ ਸ਼ੱਕੀ ਵਿਅਕਤੀਆਂ 'ਤੇ ਕਿਸ ਤਰਾਂ ਨਜ਼ਰ ਰੱਖਣੀ ਹੈ ਅਤੇ ਕਿਸ ਤਰਾਂ ਰੋਕਥਾਮ 'ਤੇ ਨਸ਼ੇੜੀਆਂ ਨੂੰ ਫੜਨਾ ਹੈ ਇਸ ਬਾਰੇ ਗੁਰ ਵੀ ਸਿਖਾਏ। ਉਨਾਂ ਕਿਹਾ ਕਿ ਪਿੰਡ ਰਛੀਨ ਦੇ ਲੋਕਾਂ ਵੱਲੋਂ ਇਕਜੁਟ ਹੋ ਕੇ ਛੇੜੀ ਇਸ ਮੁਹਿੰਮ ਦੇ ਨਾਲ ਇਹ ਪਿੰਡ ਸ਼ੁਰੂਆਤ ਵਿਚ ਹੀ ਨਸ਼ਾ ਮੁਕਤ ਹੋ ਗਿਆ ਹੈ।

# ਕੇਜਰੀਵਾਲ ਤੇ ਮਾਨ ਦੇ ਆਉਣ ਤੋਂ ਪਹਿਲਾਂ ਜਲੰਧਰ ਵਿਚ ਕੰਧਾਂ 'ਤੇ ਲਿਖਿਆ 'ਖ਼ਾਲਿਸਤਾਨ ਜ਼ਿੰਦਾਬਾਦ'



**ਜਲੰਧਰ :** ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਲੰਧਰ ਆਉਣ ਕਾਰਨ ਸੁਰੱਖਿਆ ਦੇ ਸਖ਼ਤ ਇੰਤਜ਼ਾਮਾਤ ਕਰਨ ਦੇ ਦਾਅਵੇ ਉਸ ਵੇਲੇ ਫੁਸ ਨਜ਼ਰ ਆਏ ਜਦੋਂ ਟਾਂਡਾ ਰੋਡ 'ਤੇ ਇਕ ਧਾਰਮਿਕ ਸਥਾਨ ਲਾਗੇ ਕੰਧਾਂ 'ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਦੇਖੇ ਗਏ। ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਇਨਾਂ ਨਾਅਰਿਆਂ ਨੂੰ ਮਿਟਾ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਆਲੇ-ਦੁਆਲੇ ਲਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕਰ ਰਹੇ ਹਨ ਤੇ ਜਲਦ ਹੀ ਇਹ ਪਤਾ ਲਗਾ ਲਿਆ ਜਾਵੇਗਾ ਕਿ ਇਨਾਂ ਨਾਅਰਿਆਂ ਨੂੰ ਕਿਨੇ ਲਿਖਿਆ ਹੈ।

# ਪੈ.ਗੰਬਰ ਮੁਹੰਮਦ ਵਿਵਾਦਤ ਟਿੱਪਣੀ ਮਾਮਲਾ

## ✪ ਯੂਪੀ ਵਿਚ ਮੁਸਲਮਾਨਾਂ ਵੱਲੋਂ ਹਿੰਸਕ ਮੁਜ਼ਾਹਰੇ ਯੋਗੀ ਸਰਕਾਰ ਵੱਲੋਂ ਮੁਸਲਮਾਨਾਂ ਦੇ ਘਰਾਂ ਉੱਤੇ ਚਲਾਏ ਬੁਲਡੋਜ਼ਰ ✪ ਯੂਪੀ ਪੁਲਿਸ ਹੁਣ ਤੱਕ 350 ਮੁਸਲਮਾਨਾਂ ਨੂੰ ਕਰ ਚੁੱਕੀ ਹੈ ਗ੍ਰਿ.ਫਤਾਰ

**ਲਖਨਊ**:ਭਾਜਪਾ ਦੀ ਸਾਬਕਾ ਬੁਲਾਰਾ ਨੁਪੁਰ ਸ਼ਰਮਾ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਖ਼ਿਲਾਫ਼ ਬਿਆਨ ਤੋਂ ਬਾਅਦ ਉਨਾਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਭਾਰਤ ਦੇ ਕਈ ਹਿੱਸਿਆਂ ਵਿਚ ਮੁਜ਼ਾਹਰੇ ਹੋ ਰਹੇ ਹਨ। ਨੁਪੁਰ ਸ਼ਰਮਾ ਨੇ ਇੱਕ ਟੀਵੀ ਸ਼ੋਅ ਦੌਰਾਨ ਪੈਗ਼ੰਬਰ ਮੁਹੰਮਦ ਬਾਰੇ ਇੱਕ ਵਿਵਾਦਤ ਟਿੱਪਣੀ ਕੀਤੀ ਸੀ। ਇਸ ਮਗਰੋਂ ਭਾਜਪਾ ਨੇ ਉਨਾਂ ਨੂੰ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਸੀ। ਨੁਪੁਰ ਨੂੰ 70 ਹਜ਼ਾਰ ਦੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲ ਚੁੱਕੀਆਂ ਹਨ। ਉਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਜਿਸ ਨੂੰ ਮੁਸਲਿਮ ਪੈਗ਼ੰਬਰ ਮੁਹੰਮਦ ਦੀ ਸ਼ਾਨ ਦੇ ਖ਼ਿਲਾਫ਼ ਮੰਨਦੇ ਹਨ, ਬਾਬਤ ਕਈ ਥਾਂ ਕੇਸ ਵੀ ਦਰਜ ਹੋ ਚੁੱਕੇ ਹਨ। ਮੁਜ਼ਾਹਰਿਆਂ ਦੌਰਾਨ ਹੋਈ ਹਿੰਸਾ ਵਿੱਚ ਪ੍ਰਯਾਗਰਾਜ ਪੁਲਿਸ ਵੱਲੋਂ ਮੁੱਖ ਮੁਲਜ਼ਮ ਮੁਹੰਮਦ ਜਾਵੇਦ ਉਰਫ਼ ਜਾਵੇਦ ਦੇ ਕਰੇਲੀ ਇਲਾਕੇ ਵਿਚਲੇ ਘਰ ਨੂੰ ਬੁਲਡੋਜ਼ਰ ਨਾਲ ਢਾਹ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਮੁਤਾਬਕ ਉਸ ਦਾ ਘਰ ਗੈਰ-ਕਾਨੂੰਨੀ ਢੰਗ ਨਾਲ ਬਣਾਇਆ ਗਿਆ ਸੀ।

ਯੂਪੀ ਪੁਲਿਸ ਨੇ ਹਿੰਸਕ ਮੁਜ਼ਾਹਰਿਆਂ ਤੋਂ ਬਾਅਦ ਅੱਠ ਜ਼ਿਲਿਆਂ ਤੋਂ 350 ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨਾਂ ਵਿਚੋਂ ਸਭ ਜ਼ਿਆਦਾਤਰ ਗ੍ਰਿਫ਼ਤਾਰੀਆਂ ਪ੍ਰਯਾਗਰਾਜ ਤੋਂ ਹੋਈਆਂ ਹਨ। ਪ੍ਰਯਾਗਰਾਜ 'ਚ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਹੋਏ ਮੁਜ਼ਾਹਰਿਆਂ ਦੌਰਾਨ ਹਿੰਸਾ ਅਤੇ ਅਗਜ਼ਨੀ ਤੋਂ ਬਾਅਦ ਪੁਲਿਸ ਨੇ 91 ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਪ੍ਰਸ਼ਾਸਨ ਉਨਾਂ ਖ਼ਿਲਾਫ਼ ਰਾਸੁਕਾ ਕਾਨੂੰਨ ਤਹਿਤ ਕਾਰਵਾਈ ਕਰਨ ਦੀ ਗੱਲ ਕਰ ਰਹੀ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਕਿ "ਮਾਹੌਲ ਖ਼ਰਾਬ ਕਰਨ ਵਾਲੇ ਮਾੜੇ ਅਨਸਰਾਂ ਖ਼ਿਲਾਫ਼ ਪੂਰੀ ਸਖ਼ਤੀ ਕੀਤੀ ਜਾਵੇਗੀ। ਪ੍ਰਯਾਗਰਾਜ ਦੇ ਐੱਸਐੱਸਪੀ ਅਜੇ ਕੁਮਾਰ ਨੇ ਦੱਸਿਆ ਸੀ ਕਿ ਪ੍ਰਯਾਗ ਡਿਵੈਲਪਮੈਂਟ ਅਥਾਰਿਟੀ ਵੱਲੋਂ ਮੁਲਜ਼ਮਾਂ ਦੇ ਗ਼ੈਰ-ਕਾਨੂੰਨੀ ਨਿਰਮਾਣ ਨੂੰ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਗੈਂਗਸਟਰ ਐਕਟ ਤਹਿਤ ਮੁਲਜ਼ਮਾਂ ਦੀ ਕਾਲੀ ਕਮਾਈ ਨੂੰ ਜ਼ਬਤ ਕੀਤਾ ਜਾਵੇਗਾ ਤੇ ਕਿਸੇ ਵੀ




ਮੁਲਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੁਲਿਸ ਦਾ ਦਾਅਵਾ ਹੈ ਕਿ ਨਾਬਾਲਗ਼ ਬੱਚਿਆਂ ਨੇ ਵੀ ਪੱਥਰਬਾਜੀ ਵਿੱਚ ਹਿੱਸਾ ਲਿਆ ਸੀ। ਪੁਲਿਸ ਨੇ ਪੰਜ ਹਜ਼ਾਰ ਅਣਪਛਾਤੇ ਮੁਲਜ਼ਮਾਂ ਨੂੰ ਵੀ ਮੁਕੱਦਮੇ ਵਿੱਚ ਸ਼ਾਮਿਲ ਕੀਤਾ ਹੈ।

ਕਾਨਪੁਰ ਵਿਚ ਕਾਨਪੁਰ ਵਿਕਾਸ ਅਥਾਰਿਟੀ ਨੇ ਮੁਹੰਮਦ ਇਸ਼ਤਿਆਕ ਨਾਂ ਦੇ ਵਿਅਕਤੀ ਦੀ ਇਮਾਰਤ 'ਤੇ ਬੁਲਡੋਜ਼ਰ ਚਲਾ ਦਿੱਤਾ। ਕਾਨਪੁਰ ਦੇ ਸੰਯੁਕਤ ਸੀਪੀ ਆਨੰਦ ਪ੍ਰਕਾਸ਼ ਤਿਵਾਰੀ ਨੇ ਕਿਹਾ, "ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ, ਦੰਗਿਆਂ (ਹਿੰਸਕ ਮੁਜ਼ਾਹਰੇ) ਦੇ ਮੁੱਖ ਦੋਸ਼ੀ ਜ਼ਫ਼ਰ ਹਯਾਤ ਹਾਸ਼ਮੀ ਅਤੇ ਮੁਹੰਮਦ ਇਸ਼ਤਿਆਕ ਦੋਵੇਂ ਇਕ ਦੂਜੇ ਦੇ ਬਹੁਤ ਨੇੜੇ ਹਨ ਅਤੇ ਸਾਡੇ ਕੋਲ ਇਹ ਭਰੋਸਾ ਕਰਨ ਦੇ ਕਈ ਕਾਰਨ ਹਨ।"

ਸਹਾਰਨਪੁਰ 'ਵਿਚ ਸ਼ੁੱਕਰਵਾਰ ਨੂੰ ਭੜਕੀ ਹਿੰਸਾ ਵਿਚ ਪੁਲਿਸ ਨੇ ਕੁੱਲ 64 ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਵਿੱਚ ਦੋ ਮੁਲਜ਼ਮਾਂ ਮੁਜ਼ੱਮਿਲ ਅਤੇ ਅਬਦੁਲ ਵਕਾਰ ਦੇ ਘਰਾਂ ਉੱਤੇ ਨਗਰ ਨਿਗਮ ਨੇ ਬੁਲਡੋਜ਼ਰ ਚਲਾ ਦਿੱਤਾ ਅਤੇ ਦੋਵਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਪੱਛਮੀ ਬੰਗਾਲ ਦੇ ਹਾਵੜਾ ਜ਼ਿਲੇ 'ਵਿਚ ਹੁਣ ਤੱਕ ਸੌ ਦੇ ਕਰੀਬ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਝਾਰਖੰਡ ਦੇ ਰਾਂਚੀ ਵਿੱਚ ਹਾਲਾਤ ਤਣਾਅ ਵਾਲੇ ਬਣੇ ਰਹੇ। ਰਾਂਚੀ ਵਿੱਚ ਪੁਲੀਸ ਨੇ ਹੁਣ ਤੱਕ ਹਜ਼ਾਰਾਂ ਵਿਅਕਤੀਆਂ ਖ਼ਿਲਾਫ਼ 25 ਦੇ ਕਰੀਬ ਕੇਸ ਦਰਜ ਕੀਤੇ ਹਨ। ਦੂਜੇ ਪਾਸੇ ਜੰਮੂ ਕਸ਼ਮੀਰ ਦੇ ਡੋਡਾ ਜ਼ਿਲੇ 'ਚ ਭੜਕਾਊ ਤਕਰੀਰ ਕਰਨ ਦੇ ਦੋਸ਼ ਹੇਠ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਦਕਿ ਜੰਮੂ ਦੀ ਚਨਾਬ ਘਾਟੀ 'ਵਿਚ ਲਗਾਤਾਰ ਕਰਫ਼ਿਊ ਤੇ ਪਾਬੰਦੀਆਂ ਜਾਰੀ ਰਹੀਆਂ।

### ਹਿੰਦੂਤਵੀ ਫਾਸ਼ੀਵਾਦ ਤੇ ਟੀ.ਵੀ. ਚੈਨਲਾਂ ਦਾ ਗੱਠਜੋੜ ਘੱਟ ਗਿਣਤੀਆਂ ਵਿਰੋਧੀ

ਮੀਡੀਆ ਦੇ ਇਕ ਵੱਡੇ ਹਿੱਸੇ ਅਤੇ ਭਾਰਤੀ ਜਨਤਾ ਪਾਰਟੀ ਸਮਰਥਕ ਬੁੱਧੀਜੀਵੀਆਂ ਨੇ ਨੂਪੁਰ-ਨਵੀਨ ਮਾਮਲੇ 'ਵਿਚ ਉੱਠੇ ਸਵਾਲਾਂ 'ਤੇ ਚਰਚਾ ਕਰਨ ਦੀ ਬਜਾਏ ਮੁਸਲਮਾਨਾਂ ਵੱਲੋਂ ਕੀਤੇ ਗਏ ਹਮਲਾਵਰ ਪ੍ਰਦਰਸ਼ਨਾਂ 'ਤੇ ਆਲੋਚਨਾਤਮਿਕ ਟਿੱਪਣੀਆਂ ਕਰਨ ਨੂੰ ਤਰਜੀਹ ਦਿੱਤੀ ਹੈ। ਉਹ ਇਹ ਸਵਾਲ ਵੀ ਪੁੱਛ ਰਹੇ ਹਨ ਕਿ ਜਿਨਾਂ ਇਸਲਾਮਿਕ ਦੇਸ਼ਾਂ ਦਾ ਖ਼ੁਦ ਦਾ ਰਵੱਈਆ ਲੋਕਤੰਤਰਿਕ ਨਹੀਂ ਹੈ, ਉਨਾਂ ਨੂੰ ਭਾਰਤ 'ਤੇ ਉਂਗਲ ਚੁੱਕਣ ਦਾ ਹੱਕ ਕਿਸ ਨੇ ਦਿੱਤਾ? ਪਰ ਅਜਿਹਾ ਕਰਨ ਸਮੇਂ ਉਹ ਇਹ ਭੁੱਲ ਰਹੇ ਹਨ ਕਿ ਖਾੜੀ ਦੇਸ਼ਾਂ ਦੇ ਇਨਾਂ ਸ਼ੇਖਾਂ ਦੇ ਨਾਲ ਚੰਗੇ ਸੰਬੰਧ ਬਣਾਉਣ ਸਮੇਂ ਭਾਰਤ ਸਰਕਾਰ ਨੇ ਉਨਾਂ ਦੀ ਲੋਕਤੰਤਰਿਕ ਪਛਾਣ ਨੂੰ ਪਹਿਲ ਨਹੀਂ ਦਿੱਤੀ ਸੀ। ਦੂਜਾ ਇਹ ਲੋਕ ਇਹ ਵੀ ਨਹੀਂ ਦੇਖ ਰਹੇ ਕਿ ਨੂਪੁਰ-ਨਵੀਨ ਮਾਮਲੇ 'ਤੇ ਧਿਆਨ ਹਟਾਉਣ ਦੀ ਉਨਾਂ ਦੀ ਇਹ ਕੋਸ਼ਿਸ਼ ਭਾਰਤ ਦੇ ਆਮ ਜੀਵਨ 'ਵਿਚ ਪਿਛਲੇ ਦਿਨੀਂ ਆਏ ਵਿਗਾੜ ਨੂੰ ਹੋਰ ਉਤਸ਼ਾਹਿਤ ਕਰਨ ਵਾਲੀ ਸਾਬਤ ਹੋਵੇਗੀ। ਅੱਜ ਦਾ ਭਾਰਤੀ ਮੀਡੀਆ ਭਗਵੇਂ ਰੰਗ ਵਿਚ ਰੰਗਿਆ ਗਿਆ ਹੈ। ਹੋਰ ਤਾਂ ਹੋਰ ਆਮ ਜੀਵਨ 'ਚ ਘੱਟ ਗਿਣਤੀਆਂ ਦਾ ਰਾਕਸ਼ੀਕਰਨ ਕਰਨ ਦੀ ਬਿਰਤੀ ਸਿਰ ਚੜ ਕੇ ਬੋਲ ਰਹੀ ਹੈ। ਹਿੰਦੂਤਵਵਾਦੀ ਤਾਕਤਾਂ ਅਤੇ ਮੀਡੀਆ ਆਪਸ ਵਿਚ ਗੱਠਜੋੜ ਕਰਕੇ ਫਾਸ਼ੀਵਾਦੀ ਹਿੰਦੂਆਂ ਦੀ ਗੋਲਬੰਦੀ ਨੂੰ ਉਤਸ਼ਾਹਿਤ ਕਰ ਰਹੇ ਹਨ।

ਯਾਦ ਰਹੇ ਕਿ ਨੂਪੁਰ ਸ਼ਰਮਾ ਵੱਲੋਂ ਦਿੱਤਾ ਗਿਆ ਇਤਰਾਜ਼ਯੋਗ ਬਿਆਨ ਇਕ ਮੀਡੀਆ ਮੰਚ 'ਤੇ ਜਾਣ ਬੁਝਕੇ ਦਿੱਤਾ ਗਿਆ ਸੀ। ਇਸ ਮੰਚ 'ਤੇ ਹੋ ਰਹੀ ਬਹਿਸ ਦਾ ਸੰਚਾਲਨ ਇਕ ਤਜਰਬੇਕਾਰ ਅਤੇ ਸੀਨੀਅਰ ਮਹਿਲਾ ਐਂਕਰ ਦੇ ਹੱਥ 'ਵਿਚ ਸੀ। ਜੇਕਰ ਉਸ ਐਂਕਰ ਨੇ ਉਸੇ ਵਕਤ ਇਤਰਾਜ਼ਯੋਗ ਟਿੱਪਣੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੁੰਦੀ ਅਤੇ ਉਸ 'ਤੇ ਖ਼ੇਦ ਜਤਾਇਆ ਹੁੰਦਾ ਜਾਂ ਬਿਆਨ ਦਿੱਤੇ ਜਾਣ ਤੋਂ ਬਾਅਦ ਵੀ ਟੀ.ਵੀ. ਚੈਨਲ ਵੱਲੋਂ ਅਧਿਕਾਰਤ ਤੌਰ 'ਤੇ ਉਸ ਨੂੰ ਵਾਪਸ ਲੈ ਲਿਆ ਹੁੰਦਾ ਤਾਂ ਸ਼ਾਇਦ ਇਸਲਾਮਿਕ ਦੇਸ਼ਾਂ ਵੱਲੋਂ ਐਨੀ ਤਿੱਖੀ ਪ੍ਰਤੀਕਿਰਿਆਨਾ ਹੁੰਦੀ।ਇਸ ਨਾਲ ਭਾਰਤ ਦੀ ਨਮੋਸ਼ੀ ਹੋਈ ਹੈ। ਇਸ ਤਰਾਂ ਦੀ ਇਹ ਪਹਿਲੀ ਬਹਿਸ ਨਹੀਂ ਸੀ। ਠੀਕ ਇਸੇ ਤਰਾਂ ਦੀ ਨਾ ਸਹੀ, ਪਰ ਇਸ ਨਾਲ ਮਿਲਦੀਆਂ-ਜੁਲਦੀਆਂ ਪਤਾ ਨਹੀਂ ਕਿੰਨੀਆਂ ਹੀ ਬਹਿਸਾਂ ਖ਼ਬਰਾਂ ਵਾਲੇ ਚੈਨਲਾਂ 'ਤੇ ਪਿਛਲੇ ਅੱਠ ਸਾਲਾਂ ਤੋਂ ਅਕਸਰ ਕਰਵਾਈਆਂ ਜਾ ਰਹੀਆਂ ਹਨ। ਇਸ ਦੌਰਾਨ ਸਮੇਂ-ਸਮੇਂ 'ਤੇ ਭਗਵੇਂ ਫਾਸ਼ੀਵਾਦੀ ਨਵੇਂ-ਨਵੇਂ ਸਾਧੂ ਅਤੇ ਸਾਧਵੀਆਂ ਇਨਾਂ ਚੈਨਲਾਂ 'ਤੇ ਆਉਂਦੀਆਂ ਰਹਿੰਦੀਆਂ ਹਨ। ਉਨਾਂ ਦਾ ਮੁਕਾਬਲਾ ਕਰਨ ਲਈ

**ਪੈ.ਗੰਬਰ** ਬਾਕੀ ਸਫ਼ਾ 31 'ਤੇ

# ਗਾਇਕ ਸਿੱਧੂ ਮੂਸੇਵਾਲਾ ਦੇ ਕਾਤਲ ਕੌਣ ?

## ✪ ਖਾਸੀ ਭੱਜ-ਨੱਠ ਕਰਨ ਦੇ ਬਾਵਜੂਦ ਦੋ ਹ.ਫਤਿਆਂ ਬਾਅਦ ਵੀ ਪੁਲਿਸ ਦੇ ਹੱਥ ਖਾਲੀ ✪ ਸਿੱਧੂ ਮੂਸੇਵਾਲਾ 'ਤੇ ਗੋਲ਼ੀਆਂ ਚਲਾਉਣ ਵਾਲਾ ਸ਼ਾਰਪ ਸ਼ੂਟਰ ਸੰਤੋਸ਼ ਜਾਧਵ ਸਾਥੀ ਸਣੇ ਗੁਜਰਾਤ ਤੋਂ ਗ੍ਰਿ.ਫਤਾਰ



**ਬਘੇਲ ਸਿੰਘ ਪੱਤਰਕਾਰ**
**99142-58142**

ਪੰਜਾਬ ਦੇ ਹਾਲਾਤ ਦਿਨੋਂ ਦਿਨ ਖਤਰਨਾਕ ਚੱਕਰਵਿਊ ਵੱਲ ਮੋੜਾ ਕੱਟ ਰਹੇ ਹਨ। ਇੰਝ ਜਾਪਦਾ ਹੈ ਜਿਵੇਂ ਪੰਜਾਬ ਵਿਰੋਧੀ ਤਾਕਤਾਂ ਆਪਣੀਆਂ ਸਾਜਿਸ਼ਾਂ ਵਿੱਚ ਸਫਲ ਹੋ ਰਹੀਆਂ ਹਨ। ਬੀਤੇ ਦਿਨੀਂ ਅਣਪਛਾਤੇ ਹਮਲਾਵਰਾਂ ਵੱਲੋਂ ਪੰਜਾਬ ਦੇ ਸਭ ਤੋਂ ਵੱਧ ਸੁਣੇ ਜਾਣ ਵਾਲੇ ਨੌਜਵਾਨਾਂ ਦੇ ਹਰਮਨ ਪਿਆਰੇ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇ ਵਾਲਾ ਦਾ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਸਿੱਧੂ ਮੂਸੇ ਵਾਲੇ ਦੇ ਕਤਲ ਨੇ ਹਰ ਦਿਲ ਨੂੰ ਬੁਰੀ ਤਰਾਂ ਝੰਜੋੜ ਕੇ ਰੱਖ ਦਿੱਤਾ ਹੈ। ਸਿੱਧੂ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਸਿੱਧੂ ਮੂਸੇ ਵਾਲੇ ਦੀ ਮੌਤ 'ਤੇ ਹਰ ਪੰਜਾਬੀ ਦੀ ਅੱਖ ਨਮ ਹੋਈ ਹੈ। ਦੀਪ ਸਿੱਧੂ ਦੀ ਮੌਤ ਤੋ ਬਾਅਦ ਸਿੱਧੂ ਮੂਸੇ ਵਾਲੇ ਦੀ ਮੌਤ ਨੇ ਵੀ ਪੰਜਾਬ ਨੂੰ ਅਥਾਹ ਦਰਦ ਦਿੱਤਾ ਹੈ, ਕਿਉਂਕਿ ਸਿੱਧੂ ਮੂਸੇ ਵਾਲੇ ਨੇ ਵੀ ਪੰਜਾਬ ਦਾ ਸਪੂਤ ਹੋਣ ਦਾ ਰਾਹ ਚੁਨਣ ਦਾ ਮਨ ਬਣਾ ਲਿਆ ਸੀ। ਉਹਦੀਆਂ ਮੀਡੀਆ ਕਰਮੀਆਂ ਨਾਲ ਅੰਤਲੀਆਂ ਮੁਲਾਕਾਤਾਂ ਦੇਖ ਸੁਣ ਕੇ ਸਪੱਸ਼ਟ ਹੋ ਰਿਹਾ ਸੀ ਕਿ ਉਹ ਆਪਣੇ ਹੁਨਰ ਨੂੰ ਹੁਣ ਪੰਜਾਬ ਦੇ ਹਿਤਾਂ ਲਈ ਵਰਤਣ ਦੀ ਤਿਆਰੀ ਵਿੱਚ ਹੈ। ਹੁਣ ਉਹ ਆਪਣੇ ਪੁਰਖਿਆਂ ਦੇ ਗਾਡੀ ਰਾਹ 'ਤੇ ਡਾਹਢਾ ਮਾਣ ਵੀ ਕਰਨ ਲੱਗਾ ਸੀ। ਉਹ ਖਾਲਿਸਤਾਨ ਦੀ ਗੱਲ ਵੀ ਬਾ-ਦਲੀਲ ਕਰਨ ਲੱਗ ਪਿਆ ਸੀ।ਸੰਗਰੂਰ ਦੀ ਜਿਮਨੀ ਚੋਣ ਵਿੱਚ ਅਜ਼ਾਦ ਸਿੱਖ ਰਾਜ ਦੇ ਹਾਮੀ ਅਤੇ ਖਾਲਿਸਤਾਨ ਲਹਿਰ ਦੇ ਬੁੱਢੇ ਜਰਨੈਲ ਵਜੋਂ ਜਾਣੇ ਜਾਂਦੇ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਡਟਣ ਦਾ ਐਲਾਨ ਉਨਾਂ ਦੀ ਸੋਚ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਦਾ ਹੈ। ਆਪਣੇ ਗੀਤਾਂ ਵਿੱਚ ਹਥਿਆਰਾਂ ਦੀ ਗੱਲ ਕਰਨ ਨੂੰ ਉਹ ਕੋਈ ਗਲਤ ਨਹੀ ਬਲਕਿ ਦਲੀਲ ਨਾਲ ਸਹੀ ਠਹਿਰਾਉਂਦਾ ਹੈ, ਸੋ ਉਨਾਂ ਦਾ ਆਪਣੀ ਬਦਲੀ ਸੋਚ ਨੂੰ ਆਪਣੇ ਪੁਰਖਿਆਂ ਦੀ ਸੋਚ ਤਸਲੀਮ ਕਰਕੇ ਬੇਝਿਜਕ ਪਰਗਟ ਕਰਨਾ ਹੀ ਉਸ ਦੀ ਮੌਤ ਦਾ ਕਾਰਨ ਬਣ ਗਿਆ।ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਨਸਾ ਪੁਲਿਸ ਦੇ ਦੋ ਹਫ਼ਤਿਆਂ ਬਾਅਦ ਵੀ ਹੱਥ ਖਾਲੀ ਹਨ। 29 ਮਈ ਦੀ ਘਟਨਾ ਤੋਂ ਬਾਅਦ ਹੁਣ ਤੱਕ ਪੁਲਿਸ ਨਾ ਕਾਤਲਾਂ ਨੂੰ ਫ਼ੜ ਸਕੀ ਹੈ ਅਤੇ ਨਾ ਹੀ ਹਥਿਆਰ, ਜਦੋਂ ਕਿ ਨਾ ਹੀ ਸ਼ੂਟਰਾਂ ਦੀ ਪੱਕੀ ਗਿਣਤੀ ਦਾ ਕੋਈ ਦਾਅਵਾ ਕਰ ਸਕੀ। ਪੁਲਿਸ ਵੱਲੋਂ ਅਜੇ ਤੱਕ ਕੋਈ ਸ਼ਾਰਪ ਸ਼ੂਟਰ ਕਾਤਲ ਵਜੋਂ ਕਾਬੂ ਨਹੀਂ ਕੀਤਾ ਜਾ ਸਕਿਆ। ਪੁਲਿਸ ਨੂੰ ਅਜੇ ਇਸ ਗੱਲ ਦਾ ਵੀ ਪਤਾ ਨਹੀਂ ਕਿ ਕਤਲ ਲਈ ਕਿਹੜੇ ਹਥਿਆਰਾਂ ਦੀ ਵਰਤੋਂ ਕੀਤੀ ਗਈ। ਪੁਲਿਸ ਕੋਲ ਇਸ ਗੱਲ ਦੇ ਵੀ ਪੁਖ਼ਤਾ ਸਬੂਤ ਨਹੀਂ ਕਿ ਕਤਲ ਕਰਨ ਵੇਲੇ ਸ਼ਾਰਪ ਸ਼ੂਟਰਾਂ ਜਾਂ ਕਾਤਲਾਂ ਦੀ ਗਿਣਤੀ ਕਿੰਨੀ ਸੀ। ਹੁਣ ਪੰਜਾਬ ਪੁਲਿਸ ਅਤੇ ਦਿੱਲੀ ਪੁਲਿਸ ਦੀ ਜਾਂਚ ਅਤੇ ਦਾਅਵੇ ਵੀ ਇੱਕ ਦੂਜੇ ਨਾਲੋਂ ਵੱਖਰੇ ਵੱਖਰੇ ਰੂਪ ਵਿੱਚ ਸਾਹਮਣੇ ਆਉਣ ਲੱਗੇ ਹਨ। ਪਹਿਲਾਂ ਭਾਵੇਂ 8 ਸ਼ਾਰਪ ਸ਼ੂਟਰਾਂ ਦੀ ਲਿਸਟ ਰਿਲੀਜ਼ ਕੀਤੀ ਗਈ ਸੀ ਪਰ ਹੁਣ ਪੁਲਿਸ ਵਲੋਂ ਕਿਹਾ ਜਾਣ ਲੱਗਾ ਹੈ ਕਿ ਇਨਾਂ ਵਿਚੋਂ ਕੋਈ ਕਤਲ ਦੀ ਘਟਨਾ ਸਮੇਂ ਸ਼ਾਮਲ ਨਹੀਂ ਸੀ। ਦਿੱਲੀ ਪੁਲਿਸ 5 ਜਾਂ 6 ਸ਼ੂਟਰਾਂ ਦੀ ਗੱਲ ਕਰਨ ਲੱਗੀ ਹੈ ਪਰ ਪੰਜਾਬ ਪੁਲਿਸ ਚਾਰ ਸ਼ੂਟਰਾਂ ਦੀ ਗੱਲ ਕਰ ਰਹੀ ਹੈ। ਸਹੀ ਗਿਣਤੀ ਦਾ ਦੋਨਾਂ ਨੂੰ ਨਹੀਂ ਪਤਾ ਹੈ। ਉੱਚ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਪਹਿਲਾਂ ਸਿੱਧੂ ਮੂਸੇਵਾਲਾ ਦੇ ਕਤਲ ਲਈ 8 ਸ਼ੂਟਰਾਂ ਦੀ ਲਿਸਟ ਰਿਲੀਜ਼ ਕੀਤੀ ਗਈ ਸੀ। ਇਨਾਂ ਵਿੱਚ ਪੁਣੇ ਦੇ ਸਿਦੇਸ਼ ਹੀਰਾਮਨ ਕਾਂਬਲੇ ਉਰਫ਼ ਸੌਰਵ ਮਹਾਕਾਲ ਨੂੰ ਪੁਣੇ ਪੁਲਿਸ ਨੇ ਕਾਬੂ ਕੀਤਾ ਪਰ ਹੁਣ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਮਹਾਕਾਲ, ਸਿੱਧੂ ਮੂਸੇਵਾਲਾ ਦਾ ਕਾਤਲ ਨਹੀਂ ਹੈ ਅਤੇ ਕਾਤਲਾਂ ਦਾ ਕਰੀਬੀ ਹੋ ਸਕਦਾ ਹੈ।

ਉਧਰ ਬਠਿੰਡਾ ਦੀ ਪੁਲਿਸ ਨੇ ਹਰਕਮਲ ਰਾਣੂ ਨੂੰ ਹਿਰਾਸਤ ਵਿਚ ਲਿਆ ਹੈ, ਪਰ ਉਸ ਬਾਰੇ ਵੀ ਕਿਹਾ ਜਾ ਰਿਹਾ ਹੈ ਕਿ ਉਹ ਅਪਰਾਧੀ ਬਿਰਤੀ ਦਾ ਤਾਂ ਹੈ ਅਤੇ ਉਸ ਉਪਰ 11, ਮੁਕੱਦਮੇ ਹਨ ਪਰ ਉਹ ਕੋਈ ਵੱਡਾ ਅਪਰਾਧੀ ਨਹੀਂ ਹੈ, ਨਾ ਹੀ ਸਿੱਧੂ ਮੂਸੇਵਾਲਾ ਦੇ ਕਾਤਲਾਂ ਦੀ ਸੂਚੀ ਵਿਚ ਸ਼ਾਮਲ ਹੋ ਸਕਦਾ ਹੈ।

ਉਧਰ ਮਾਨਸਾ ਪੁਲਿਸ ਅਜੇ ਤੱਕ ਹਥਿਆਰਾਂ ਨੂੰ ਲੈ ਕੇ ਵੀ ਕਸੂਤੀ ਉਲਝੀ ਹੋਈ ਹੈ। ਸਿੱਧੂ ਮੂਸੇਵਾਲਾ ਦੇ ਸਰੀਰ ਉੱਤੇ 24 ਗੋਲੀਆਂ ਦੇ ਨਿਸ਼ਾਨ ਮਿਲੇ ਹਨ, ਜਿਸ ਵਿਚੋਂ 7 ਗੋਲੀਆਂ ਉਸ ਦੇ ਸਰੀਰ ਵਿਚੋਂ ਮਿਲੀਆਂ ਹਨ। ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਸਿੱਧੂ ਮੂਸੇਵਾਲਾ ਦੇ ਕਤਲ ਲਈ 3 ਕਿਸਮ ਦੇ ਹਥਿਆਰ ਵਰਤੇ ਗਏ ਹਨ, ਇਨਾਂ ਵਿਚੋਂ ਇਕ ਰੂਸੀ ਏਐੱਨ-94 ਦਾ ਦਾਅਵਾ ਕੀਤਾ ਗਿਆ ਸੀ। ਹਾਲਾਂਕਿ ਪੰਜਾਬ ਪੁਲਿਸ ਅਜੇ ਤੱਕ ਇਹ ਯਕੀਨ ਨਾਲ ਨਹੀਂ ਕਹਿ ਸਕੀ ਕਿ ਸੱਚਮੁੱਚ ਇਹ ਹਥਿਆਰ ਵਰਤਿਆ ਵੀ ਗਿਆ



ਹੈ ਜਾਂ ਨਹੀਂ। ਪੁਲਿਸ ਅਫ਼ਸਰਾਂ ਦਾ ਕਹਿਣਾ ਹੈ ਕਿ ਸਬੂਤਾਂ ਨੂੰ ਲੈਬਾਰਟਰੀ ਵਿਚ ਭੇਜਿਆ ਗਿਆ ਹੈ, ਜਿਨਾਂ ਦੀ ਰਿਪੋਰਟ ਆਉਣ ਉਤੇ ਅਸਲੀਅਤ ਪਤਾ ਲੱਗ ਸਕੇਗੀ।

ਪੰਜਾਬ ਪੁਲਿਸ ਹੁਣ ਤੱਕ ਇਸ ਕੇਸ ਵਿੱਚ 9 ਜਾਣਿਆਂ ਨੂੰ ਹੀ ਫੜ ਸਕੀ ਹੈ, ਜਿਨਾਂ ਵਿਚੋਂ ਇਕ ਸਿੱਧੂ ਮੂਸੇਵਾਲਾ ਦੀ ਰੇਕੀ ਕਰਨ ਵਾਲਾ ਸੰਦੀਪ ਕੁਮਾਰ ਕੇਕੜਾ ਵੀ ਸ਼ਾਮਲ ਹੈ, ਜੋ ਹੁਣ ਪੁਲਿਸ ਰਿਮਾਂਡ ਉਤੇ ਹੈ। ਉਸ ਤੋਂ ਇਲਾਵਾ ਪ੍ਰੋਡਕਸ਼ਨ ਵਾਰੰਟ ਉਪਰ ਲਿਆਂਦੇ ਮੋਨੂੰ ਡਾਗਰ, ਪਵਨ, ਨਸੀਬ ਖ਼ਾਨ ਦਾ ਕੇਕੜਾ ਦੇ ਨਾਲ ਹੀ 15 ਜੂਨ ਤੱਕ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਦੋਂ ਕਿ ਮਨਪ੍ਰੀਤ ਮੰਨਾ, ਮਨਪ੍ਰੀਤ ਭਾਊ, ਸਰਾਜ ਮਿੰਟੂ, ਪ੍ਰਭਦੀਪ ਸਿੰਘ ਪੱਬੀ ਅਤੇ ਚਰਨਜੀਤ ਸਿੰਘ ਚੇਤਨ ਨੂੰ 14 ਦਿਨ ਦੇ ਜੁਡੀਸ਼ਲ ਰਿਮਾਂਡ 'ਤੇ ਮਾਨਸਾ ਦੀ ਜੇਲ ਵਿੱਚ ਭੇਜ ਦਿੱਤਾ ਗਿਆ ਹੈ। ਇਸੇ ਦੌਰਾਨ ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਗੌਰਵ ਤੂਰਾ ਨੇ ਦੱਸਿਆ ਸਿੱਧੂ ਮੂਸੇਵਾਲਾ ਕਤਲ ਕਾਂਡ ਲਈ ਪੁਲਿਸ ਵਲੋਂ ਸਾਰੇ ਕਸੂਰਵਾਰਾਂ ਨੂੰ ਛੇਤੀ ਹੀ ਕਾਬੂ ਕੀਤਾ ਜਾ ਰਿਹਾ ਹੈ, ਇਸ ਲਈ ਲਗਾਤਾਰ ਛਾਪੇਮਾਰੀ ਜਾਰੀ ਹੈ ਅਤੇ ਪੁਲਿਸ ਅਨੇਕਾਂ ਚੰਗੇ ਨਤੀਜਿਆਂ ਤੱਕ ਪਹੁੰਚ ਚੁੱਕੀ ਹੈ।

ਹੁਣੇ ਜਿਹੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਵਿਚ ਸ਼ਾਮਲ ਸ਼ਾਰਪ ਸ਼ੂਟਰ ਸੰਤੋਸ਼ ਜਾਧਵ ਨੂੰ ਪੁਣੇ, ਪੰਜਾਬ ਤੇ ਦਿੱਲੀ ਪੁਲਿਸ ਦੀ ਸਾਂਝੀ ਟੀਮ ਨੇ ਗੁਜਰਾਤ ਤੋਂ ਗ੍ਰਿਫ਼ਤਾਰ ਕੀਤਾ ਹੈ। ਜਾਧਵ ਨੂੰ ਉਸ ਦੇ ਇਕ ਸਾਥੀ ਨਵਨਾਥ ਸੂਰਿਆਵੰਖੀ ਸਮੇਤ ਫੜਿਆ ਗਿਆ ਹੈ। ਪੁਲਿਸ ਵਲੋਂ ਮੰਨਿਆ ਜਾ ਰਿਹਾ ਹੈ ਕਿ ਇਸ ਹੱਤਿਆਕਾਂਡ ਵਿਚ ਸੰਤੋਸ਼ ਜਾਧਵ ਵੀ ਸ਼ਾਮਲ ਸੀ।

ਯਾਦ ਰਹੇ ਕਿ ਦੀਪ ਸਿੱਧੂ ਅਤੇ ਸਿੱਧੂ ਮੂਸੇ ਵਾਲਾ ਦੀ ਮੌਤ ਦੇ ਕਾਰਨ ਭਾਵੇਂ ਵੱਖਰੇ ਵੱਖਰੇ ਦਿਖਾਈ ਦਿੰਦੇ ਹਨ, ਪਰ ਇਹ ਦੋਨੋਂ ਹੀ ਮਾਲਵੇ ਦੇ ਟਿੱਬਿਆਂ ਦੀ ਪਵਿੱਤਰ ਮਿੱਟੀ ਵਿਚੋਂ ਜਨਮ ਲੈ ਕੇ ਵੱਡੇ ਮੁਕਾਮ 'ਤੇ ਪਹੁੰਚਣ ਤੋਂ ਬਾਅਦ ਅਚਾਨਕ ਵਾਪਸ ਪਰਤਣ ਦਾ ਰਾਹ ਅਖਤਿਆਰ ਕਰ ਲੈਂਦੇ ਹਨ, ਜਿਹੜਾ ਉਨਾਂ ਦੀ ਮੌਤ ਦਾ ਅਸਲ ਕਾਰਨ ਬਣ ਜਾਂਦਾ ਹੈ। ਦੀਪ ਸਿੱਧੂ ਉੱਚੇ ਮੁਕਾਮ ਤੇ ਪਹੁੰਚ ਕੇ ਮਹਾਂਨਗਰੀ ਦੀ ਬੇਹੱਦ ਸੁਖਾਲੀ ਜਿੰਦਗੀ ਨੂੰ ਛੱਡ ਆਪਣੀ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਲਾਹੁਣ ਦਾ ਬੇਹੱਦ ਔਖਾ ਰਾਹ ਚੁਣਦਾ ਹੈ, ਜਿਸ ਦਾ ਅੰਜਾਮ ਉਨਾਂ ਦੀ ਅਚਾਨਕ ਸੜਕੀ ਦੁਰਘਟਨਾ ਵਿਚ ਮੌਤ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਸਿੱਧੂ ਮੂਸੇ ਵਾਲਾ ਵੀ ਆਪਣੇ ਵੱਖਰੇ ਅੰਦਾਜ਼ ਦੀ ਗਾਇਕੀ ਕਾਰਨ ਐਨੀ ਮਕਬੂਲੀਅਤ ਖੱਟ ਲੈਂਦਾ ਹੈ ਕਿ ਮਾਲਵੇ ਦੇ ਇੱਕ ਅਣਜਾਣੇ ਪਿੰਡ ਮੂਸੇ ਨੂੰ ਹੀ ਮਹਾਂਨਗਰੀ ਦੇ ਬਰਾਬਰ ਕਰਕੇ ਦੇਖਦਾ ਹੈ ਅਤੇ ਪਿੰਡ ਵਿਚ ਰਹਿੰਦਾ ਹੈ। ਉਹ ਬੇਹੱਦ ਕਮਾਈ ਕਰਕੇ ਸਾਰੀਆਂ ਸੁਖ ਸਹੂਲਤਾਂ, ਮਹਾਂਨਗਰੀ ਨੂੰ ਚੁਣੌਤੀ ਦਿੰਦੀ ਪਿੰਡ ਵਿਚ ਬਣੀ ਹਵੇਲੀ ਵਿੱਚੋਂ ਪ੍ਰਾਪਤ ਕਰਦਾ ਕਰਦਾ ਅਚਾਨਕ ਆਪਣੇ ਪੁਰਖਿਆਂ ਦੇ ਗਾਡੀ ਰਾਹ ਤੇ ਚੱਲਣ ਦਾ ਐਲਾਨ ਕਰਦਾ ਹੈ। ਭਾਵੇਂ ਉਹਦੇ ਹਰ ਗਾਣੇ ਵਿੱਚ ਹੀ ਬਾਗੀਪੁਣਾ ਡੁੱਲ ਡੁੱਲ ਪੈਂਦਾ ਹੈ, ਪਰ 'ਪੰਜਾਬ' ਨਾਮ ਦੇ ਗਾਣੇ ਨੇ ਸਟੇਟ ਨੂੰ ਉਹਦੇ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ।ਉਹਦੇ ਆਉਣ ਵਾਲੇ ਗਾਣੇ 'ਐਸ ਵਾਈ ਐਲ' ਅਤੇ ਸੋਸ਼ਲ ਮੀਡੀਏ 'ਤੇ ਕਿਸੇ ਨਿੱਜੀ ਵੈਬ ਚੈਨਲ ਤੇ ਗੱਲਬਾਤ ਦੌਰਾਨ ਉਹਨੇ ਜਿਸ ਤਰਾਂ ਖਾਲਿਸਤਾਨ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਸ ਤਰਾਂ

ਬਾਕੀ ਸਫ਼ਾ 31 'ਤੇ

# ਭਾਜਪਾ ਦੀ ਮੁਸਲਿਮ ਵਿਰੋਧੀ ਭਗਵੀਂ ਜ਼ਹਿਰੀਲੀ ਰਾਜਨੀਤੀ

**✪ ਭਾਜਪਾ ਨੇਤਾਵਾਂ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਨੂੰ ਬਰਖ਼ਾਸਤ ਕਰਨਾ ਮੋਦੀ ਸਰਕਾਰ ਦਾ ਡਰਾਮਾ ✪ ਖਾੜੀ ਦੇਸ਼ਾਂ ਨੂੰ ਖ਼ੇਦ ਅਤੇ ਪਾਕਿ-ਓ.ਆਈ.ਸੀ. ਨੂੰ ਫਟਕਾਰ ✪ ਭਾਜਪਾ ਨੇ ਰਾਜ ਸਭਾ ਦੀਆਂ ਦੋ ਸਾਲਾ ਚੋਣਾਂ ਦੌਰਾਨ 22 ਉਮੀਦਵਾਰ ਉਤਾਰੇ, ਪਰ ਉਨਾਂ ਵਿਚੋਂ ਇਕ ਵੀ ਮੁਸਲਿਮ ਨਹੀਂ**

ਭਾਜਪਾ ਹਿੰਦੁਤਵੀ ਰਾਜਨੀਤੀ ਤਹਿਤ ਮੁਸਲਮਾਨਾਂ ਨਾਲ ਨਫਰਤ ਕਰ ਰਹੀ ਤੇ ਫੈਲਾ ਰਹੀ ਹੈ ਤਾਂ ਜੋ ਹਿੰਦੂ ਭਾਈਚਾਰੇ ਦੀ ਵੋਟ ਸਦਕਾ ਆਪਣੀ ਸਤਾ ਸਦੀਵੀ ਸੁਰੱਖਿਅਤ ਰੱਖੀ ਜਾ ਸਕੇ। ਭਾਜਪਾ ਦਾ ਇਹ ਫਿਰਕੂ ਪੈਂਤੜਾ ਕਾਫੀ ਹੱਦ ਤੱਕ ਕਾਮਯਾਬ ਹੈ। ਭਾਜਪਾ ਵਿਚ ਕਿਸੇ ਨੇਤਾ ਦੇ ਮੁਅੱਤਲ ਜਾਂ ਬਰਖ਼ਾਸਤਗੀ ਦਾ ਕੋਈ ਖ਼ਾਸ ਮਤਲਬ ਨਹੀਂ ਹੁੰਦਾ। ਜੇਕਰ ਕੋਈ ਨੇਤਾ ਪਾਰਟੀ ਦੀ ਮੂਲ ਵਿਚਾਰਧਾਰਾ ਜਾਂ ਪਾਰਟੀ ਦੇ ਸਿਖਰਲੇ ਨੇਤਾ ਦੇ ਖ਼ਿਲਾਫ਼ ਕੁਝ ਨਹੀਂ ਬੋਲ ਰਿਹਾ ਹੈ ਤਾਂ ਉਸ ਦੇ ਖ਼ਿਲਾਫ਼ ਕੀਤੀ ਗਈ ਕਾਰਵਾਈ ਬੇਮਤਲਬ ਹੁੰਦੀ ਹੈ। ਇਸ ਲਈ ਭਾਜਪਾ ਨੇ ਭਾਵੇਂ ਅਜੇ ਨੂਪੁਰ ਸ਼ਰਮਾ ਨੂੰ ਮੁਅੱਤਲ ਅਤੇ ਨਵੀਨ ਕੁਮਾਰ ਜਿੰਦਲ ਨੂੰ ਬਰਖ਼ਾਸਤ ਕਰ ਦਿੱਤਾ ਹੈ, ਪਰ ਇਸ ਨਾਲ ਉਨਾਂ ਦੀ ਸਥਿਤੀ 'ਤੇ ਕੋਈ ਖ਼ਾਸ ਪ੍ਰਭਾਵ ਨਹੀਂ ਪਵੇਗਾ। ਭਾਜਪਾ ਦੇ ਕਈ ਵੱਡੇ ਨੇਤਾ, ਸੰਸਦ ਮੈਂਬਰ ਅਤੇ ਵਿਧਾਇਕ ਜਿਸ ਤਰਾਂ ਨੂਪੁਰ ਅਤੇ ਨਵੀਨ ਦੇ ਸਮਰਥਨ ਵਿਚ ਸਾਹਮਣੇ ਆ ਰਹੇ ਹਨ, ਉਸ ਤੋਂ ਸਾਫ਼ ਹੈ ਕਿ ਪਾਰਟੀ ਨੇ ਇਨਾਂ ਦੋਵਾਂ ਖ਼ਿਲਾਫ਼ ਦਿਖਾਵੇ ਲਈ ਕਾਰਵਾਈ ਕੀਤੀ ਹੈ। ਦੋਵਾਂ ਦੀ ਜਲਦ ਹੀ ਪਾਰਟੀ ਵਿਚ ਵਾਪਸੀ ਹੋਵੇਗੀ। ਪਾਰਟੀ ਨੇ ਪਹਿਲਾਂ ਵੀ ਕਈ ਨੇਤਾਵਾਂ ਨੂੰ ਇਸੇ ਤਰਾਂ ਬਾਹਰ ਕੱਢਿਆ ਹੈ ਅਤੇ ਬਾਅਦ ਵਿਚ ਵਾਪਸ ਉਨਾਂ ਨੂੰ ਪਾਰਟੀ ਵਿਚ ਸ਼ਾਮਿਲ ਕਰ ਲਿਆ ਗਿਆ। ਫਿਲਹਾਲ ਭਾਜਪਾ ਬਿਆਨ ਜਾਰੀ ਕਰਕੇ ਕੁਝ ਵੀ ਕਹੇ ਪਰ ਉਸ ਨੇ ਰਾਜਨੀਤੀ ਤਾਂ ਹਿੰਦੂ-ਮੁਸਲਿਮ ਅਤੇ ਮੰਦਰ-ਮਸਜਿਦ ਦੇ ਮਸਲੇ 'ਤੇ ਹੀ ਕਰਨੀ ਹੈ।

ਪੈਗ਼ੰਬਰ ਹਜ਼ਰਤ ਮੁਹੰਮਦ 'ਤੇ ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਵਲੋਂ ਕੀਤੀ ਅਪਮਾਨਜਨਕ ਟਿੱਪਣੀ ਦੇ ਮਾਮਲੇ ਵਿਚ ਭਾਰਤ ਸਰਕਾਰ ਅਤੇ ਭਾਜਪਾ ਦੇ ਰਵੱਈਏ ਵਿਚ ਦੋਹਰਾਪਨ ਦਿਖਾਈ ਦੇ ਰਿਹਾ ਹੈ। ਕਤਰ, ਕੁਵੈਤ, ਬਹਿਰੀਨ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਆਦਿ ਖਾੜੀ ਦੇਸ਼ਾਂ ਦੇ ਨਾਲ-ਨਾਲ ਇੰਡੋਨੇਸ਼ੀਆ ਅਤੇ ਮਾਲਦੀਵ ਵਲੋਂ ਵਿਰੋਧ ਦਰਜ ਕਰਵਾਏ ਜਾਣ 'ਤੇ ਭਾਰਤ ਸਰਕਾਰ ਬਚਾਓ ਦੀ ਸਥਿਤੀ ਵਿਚ ਰਹੀ। ਉਸ ਨੇ ਖ਼ੇਦ ਜਤਾਇਆ ਅਤੇ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਦੂਜਿਆਂ ਧਰਮਾਂ ਦਾ ਅਪਮਾਨ ਕਰਨ ਵਾਲੇ ਵਿਚਾਰਾਂ ਦਾ ਸਮਰਥਨ ਨਹੀਂ ਕਰਦੀ। ਪਰ ਜਿਵੇਂ ਹੀ ਇਸਲਾਮਿਕ ਦੇਸ਼ਾਂ ਦੇ ਸਮੂਹ ਓ.ਆਈ.ਸੀ. ਅਤੇ ਪਾਕਿਸਤਾਨ ਨੇ ਇਹ ਮੁੱਦਾ ਚੁੱਕਿਆ, ਭਾਰਤ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ। ਓ.ਆਈ.ਸੀ. ਦੇ ਬਿਆਨ ਨੂੰ ਭਾਰਤ ਨੇ ਖ਼ਾਰਜ ਕੀਤਾ ਅਤੇ ਪਾਕਿਸਤਾਨ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਜੋ ਦੇਸ਼ ਖ਼ੁਦ ਹੀ ਆਪਣੇ ਘਰ ਵਿਚ ਘੱਟ ਗਿਣਤੀਆਂ ਪ੍ਰਤੀ ਦੁਰਭਾਵਨਾ ਰੱਖਦਾ ਹੋਵੇ ਉਸ ਨੂੰ ਭਾਰਤ ਦੇ ਮਾਮਲਿਆਂ ਵਿਚ ਬੋਲਣ ਦੀ ਜ਼ਰੂਰਤ ਨਹੀਂ ਹੈ।





**ਦਰਪਣ ਝੂਠ ਨਹੀਂ ਬੋਲਦਾ**

ਪਾਕਿਸਤਾਨ ਨੇ ਵੀ ਭਾਰਤੀ ਰਾਜਦੂਤ ਨੂੰ ਬੁਲਾ ਕੇ ਵਿਰੋਧ ਦਰਜ ਕਰਵਾਇਆ ਸੀ। ਅਸਲ ਵਿਚ ਮੋਦੀ ਸਰਕਾਰ ਦੀ ਇਹ ਦੋਹਰੀ ਪ੍ਰਤੀਕਿਰਿਆ ਸਿੱਧੇ ਤੌਰ 'ਤੇ ਆਰਥਿਕ ਹਿੱਤਾਂ ਨਾਲ ਜੁੜੀ ਹੋਈ ਹੈ। ਕਤਰ ਵਿਚ ਕਰੀਬ 30 ਲੱਖ ਭਾਰਤੀ ਰਹਿੰਦੇ ਹਨ। ਉੱਥੋਂ ਦੀ ਸਥਾਨਕ ਆਬਾਦੀ ਤੋਂ ਬਾਅਦ ਸਭ ਤੋਂ ਵੱਧ ਭਾਰਤੀ ਲੋਕ ਹਨ। ਹੋਰ ਅਰਬ ਦੇਸ਼ਾਂ ਵਿਚ ਵੀ ਵੱਡੀ ਗਿਣਤੀ ਵਿਚ ਭਾਰਤੀ ਰਹਿੰਦੇ ਹਨ। ਇਸੇ ਤਰਾਂ ਸੰਯੁਕਤ ਅਰਬ ਅਮੀਰਾਤ ਭਾਰਤ ਦਾ ਤੀਜਾ ਸਭ ਤੋਂ ਵੱਡਾ ਕਾਰੋਬਾਰੀ ਭਾਈਵਾਲ ਹੈ। ਅਜਿਹੇ ਵਿਚ ਇਨਾਂ ਦੇਸ਼ਾਂ ਦੇ ਨਾਲ ਟਕਰਾਅ ਵਧਾਉਣਾ ਸਮਝਦਾਰੀ ਦੀ ਗੱਲ ਨਹੀਂ ਹੈ। ਇਸ ਦੇ ਉਲਟ ਪਾਕਿਸਤਾਨ ਨਾਲ ਭਾਰਤ ਦਾ ਕੋਈ ਕਾਰੋਬਾਰੀ ਰਿਸ਼ਤਾ ਨਹੀਂ ਹੈ ਅਤੇ ਉਸ ਦੇ ਖ਼ਿਲਾਫ਼ ਹਮਲਾਵਰ ਰਹਿਣਾ ਭਾਜਪਾ ਲਈ ਸਿਆਸੀ ਤੌਰ 'ਤੇ ਵੀ ਫਾਇਦੇਮੰਦ ਰਹਿੰਦਾ ਹੈ।

ਭਾਜਪਾ ਨੇ ਰਾਜ ਸਭਾ ਦੀਆਂ ਦੋ ਸਾਲਾ ਚੋਣਾਂ ਦੌਰਾਨ 22 ਉਮੀਦਵਾਰ ਉਤਾਰੇ, ਪਰ ਉਨਾਂ 'ਚੋਂ ਇਕ ਵੀ ਮੁਸਲਿਮ ਨਹੀਂ ਹੈ। ਭਾਜਪਾ ਦੇ ਤਿੰਨ ਮੁਸਲਿਮ ਸੰਸਦ ਮੈਂਬਰ ਸੇਵਾਮੁਕਤ ਹੋ ਰਹੇ ਹਨ, ਪਰ ਉਸ ਨੇ ਕਿਸੇ ਨੂੰ ਵੀ ਦੁਬਾਰਾ ਨਹੀਂ ਲਿਆ। ਐਮ.ਜੇ. ਅਕਬਰ ਅਤੇ ਜ਼ਫ਼ਰ ਇਸਲਾਮ ਤਾਂ ਕੁਝ ਸਮੇਂ ਪਹਿਲਾਂ ਹੀ ਭਾਜਪਾ ਨਾਲ ਜੁੜੇ ਸਨ, ਪਰ ਕੇਂਦਰੀ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਤਾਂ ਦਹਾਕਿਆਂ ਤੋਂ ਭਾਜਪਾ ਅਤੇ ਸੰਘ ਨਾਲ ਜੁੜੇ ਰਹੇ ਹਨ ਅਤੇ ਸ਼ੀਆ ਮੁਸਲਿਮ ਹਨ। ਫਿਰ ਵੀ ਪਾਰਟੀ ਨੇ ਉਨਾਂ ਨੂੰ ਟਿਕਟ ਨਹੀਂ ਦਿੱਤੀ। ਇਸ ਸਾਲ ਦੀ ਸ਼ੁਰੂਆਤ ਵਿਚ ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਹੋਈਆਂ, ਜਿਸ ਵਿਚ ਭਾਜਪਾ ਕਰੀਬ ਪੌਣੇ ਚਾਰ ਸੌ ਸੀਟਾਂ 'ਤੇ ਲੜੀ ਪਰ ਉਸ ਵਿਚ ਵੀ ਕਿਸੇ ਮੁਸਲਿਮ ਨੂੰ ਟਿਕਟ ਨਹੀਂ ਦਿੱਤੀ ਗਈ। ਉਸ ਤੋਂ ਬਾਅਦ ਰਾਜ ਸਭਾ ਦੀਆਂ ਅੱਠ ਟਿਕਟਾਂ ਵਿਚ ਵੀ ਕਿਸੇ ਮੁਸਲਿਮ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਜ਼ਾਹਿਰ ਹੈ ਕਿ ਭਾਜਪਾ ਨੇ ਰਣਨੀਤੀ ਤਹਿਤ ਅਜਿਹਾ ਕੀਤਾ ਹੈ। ਸਵਾਲ ਇਹ ਹੈ ਕਿ ਇਹ ਕਿਸ ਦੀ ਰਣਨੀਤੀ ਹੈ ? ਜਾਣਕਾਰ ਸੂਤਰਾਂ ਅਨੁਸਾਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਰਾਜ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਸਾਫ਼ ਕਰ ਦਿੱਤਾ ਸੀ ਕਿ ਉਹ ਆਪਣੇ ਸੂਬੇ ਵਿਚੋਂ ਕਿਸੇ ਮੁਸਲਿਮ ਨੂੰ ਉਮੀਦਵਾਰ ਨਹੀਂ ਬਣਾਉਣਾ ਚਾਹੁਣਗੇ। ਵਿਧਾਨ ਸਭਾ ਚੋਣਾਂ ਵਿਚ ਵੀ ਉਹ ਲਗਾਤਾਰ 80 ਬਨਾਮ 20 ਫ਼ੀਸਦੀ ਦੀ ਗੱਲ ਕਰਦੇ ਰਹੇ ਸਨ। ਉਹ ਸਾਫ਼ ਤੌਰ 'ਤੇ ਦਿਖਾਉਣਾ ਚਾਹੁੰਦੇ ਹਨ ਕਿ ਭਾਜਪਾ 80 ਫ਼ੀਸਦੀ ਵਾਲਿਆਂ ਦੀ ਪਾਰਟੀ ਹੈ ਅਤੇ ਉਸ ਨੂੰ 20 ਫ਼ੀਸਦੀ ਦੀ ਜ਼ਰੂਰਤ ਨਹੀਂ ਹੈ। ਜ਼ਾਹਿਰ ਹੈ ਕਿ ਮੁੱਖ ਮੰਤਰੀ ਯੋਗੀ ਨੇ 80 ਬਨਾਮ 20 ਦਾ ਜੋ ਦਾਅ ਚੱਲਿਆ ਹੈ, ਉਸ ਦਾ ਸੰਦੇਸ਼ ਪੂਰੇ ਦੇਸ਼ ਵਿਚ ਦੇਣ ਲਈ ਹੀ ਭਾਜਪਾ ਨੇ ਕਿਸੇ ਮੁਸਲਮਾਨ ਨੂੰ ਰਾਜ ਸਭਾ ਦੀ ਟਿਕਟ ਨਹੀਂ ਦਿੱਤੀ।

### ਰਾਸ਼ਟਰਵਾਦੀਆਂ ਦੀਆਂ ਫ਼ਿਲਮਾਂ ਦੀ ਫੂਕ ਨਿਕਲੀ

ਸਮੁੱਚਾ ਬਾਲੀਵੁੱਡ ਪਿਛਲੇ ਕੁਝ ਸਮੇਂ ਤੋਂ ਕੱਟੜ ਰਾਸ਼ਟਰਵਾਦੀ ਬਣ ਗਿਆ ਹੈ। ਬਾਲੀਵੁੱਡ ਵਿਚ ਰਹਿ ਕੇ ਧਰਮ-ਨਿਰਪੱਖਤਾ ਦੇ ਏਜੰਡੇ 'ਤੇ ਸੋਸ਼ਲ ਮੀਡੀਆ ਵਿਚ ਸਰਗਰਮ ਕੁਝ ਲੋਕਾਂ ਖ਼ਿਲਾਫ਼ ਕੇਂਦਰੀ ਏਜੰਸੀਆਂ ਦੀ ਕਾਰਵਾਈ ਹੋਈ ਤਾਂ ਉਸ ਤੋਂ ਬਾਅਦ ਉਹ ਸਾਰੇ ਲੋਕ ਵੀ ਚੁੱਪ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਰਾਸ਼ਟਰਵਾਦੀ ਨਿਰਮਾਤਾ-ਨਿਰਦੇਸ਼ਕਾਂ ਅਤੇ ਕਲਾਕਾਰਾਂ ਦੀਆਂ ਫ਼ਿਲਮਾਂ ਲਗਾਤਾਰ ਬੁਰੀ ਤਰਾਂ ਪਿਟ ਰਹੀਆਂ ਹਨ। ਸਭ ਤੋਂ ਤਾਜ਼ਾ ਮਿਸਾਲ ਕੱਟੜ ਰਾਸ਼ਟਰਵਾਦੀ ਅਭਿਨੇਤਾ ਅਕਸ਼ੈ ਕੁਮਾਰ ਦੀ ਹੈ। ਉਨਾਂ ਦੀਆਂ ਫ਼ਿਲਮਾਂ ਦਾ ਅਜਿਹਾ ਹਸ਼ਰ ਪਹਿਲਾਂ ਕਦੇ ਨਹੀਂ ਹੋਇਆ, ਜਿਵੇਂ ਹੁਣ ਹੋ ਰਿਹਾ ਹੈ। ਉਨਾਂ ਦੀ 'ਬਚਨ ਪਾਂਡੇ' ਫ਼ਿਲਮ ਆਈ ਤੇ ਪਿਟ ਗਈ। ਉਸ ਤੋਂ ਬਾਅਦ ਹਿੰਦੂ ਰਾਜਾ ਪ੍ਰਿਥਵੀਰਾਜ ਚੌਹਾਨ ਦੇ ਜੀਵਨ 'ਤੇ ਬਣੀ 'ਸਮਰਾਟ ਪ੍ਰਿਥਵੀਰਾਜ' ਫ਼ਿਲਮ ਆਈ, ਜਿਸ ਵਿਚ ਹਿੰਦੁਤਵ, ਰਾਸ਼ਟਰਵਾਦ ਆਦਿ ਦਾ ਤੜਕਾ ਹੈ ਇਸ ਫ਼ਿਲਮ ਦੀ ਕਮਾਈ ਵੀ ਔਸਤ ਰਹੀ। ਪਿਛਲੇ ਦਿਨੀਂ ਰਾਸ਼ਟਰਵਾਦੀ ਅਭਿਨੇਤਰੀ ਕੰਗਨਾ ਰਣੌਤ ਦੀ ਬਹੁਪ੍ਰਚਾਰਿਤ ਫ਼ਿਲਮ 'ਧਾਕੜ' ਰਿਲੀਜ਼ ਹੋਈ, ਜਿਸ 'ਚ ਉਨਾਂ ਨੇ ਆਪਣੇ ਅਕਸ ਅਨੁਸਾਰ ਅਭਿਨੈ ਕੀਤਾ, ਪਰ ਉਹ ਬੁਰੀ ਤਰਾਂ ਨਾਲ ਫਲਾਪ ਹੋਈ। ਇਹ ਹਿੰਦੀ ਸਿਨੇਮਾ ਦੇ ਇਤਿਹਾਸ ਦੀਆਂ ਸਭ ਤੋਂ ਫਲਾਪ ਪੰਜ ਫ਼ਿਲਮਾਂ ਵਿਚ ਸ਼ਾਮਿਲ ਹੋ ਗਈ। ਇਸੇ ਤਰਾਂ ਪਿਛਲੇ ਦਿਨੀਂ ਅਜੈ ਦੇਵਗਨ ਦੀ ਫ਼ਿਲਮ ਆਈ ਸੀ 'ਰਨਵੇ 34', ਇਹ ਫ਼ਿਲਮ ਵੀ ਬੁਰੀ ਤਰਾਂ ਫਲਾਪ ਹੋਈ। ਹਾਲਾਂਕਿ ਫ਼ਿਲਮ ਰਿਲੀਜ਼ ਤੋਂ ਪਹਿਲਾਂ ਉਨਾਂ ਨੇ ਹਿੰਦੀ ਅਤੇ ਦੱਖਣ ਭਾਰਤੀ ਭਾਸ਼ਾਵਾਂ ਵਿਚਾਲੇ ਵਿਵਾਦ ਖੜਾ ਕਰਨ ਵਾਲਾ ਬਿਆਨ ਦੇ ਕੇ ਖ਼ੁਦ ਨੂੰ ਹਿੰਦੀ, ਹਿੰਦੂ ਤੇ ਹਿੰਦੁਸਤਾਨੀ ਦੱਸਣ ਵਿਚ ਕੋਈ ਕਸਰ ਨਹੀਂ ਛੱਡੀ। ਕਿੰਨੀ ਦਿਲਚਸਪ ਗੱਲ ਹੈ ਕਿ ਕਿੱਥੇ ਹਿੰਦੂਵਾਦੀ ਸੰਗਠਨ ਮੁਸਲਿਮ ਕਲਾਕਾਰਾਂ ਦੀਆਂ ਫ਼ਿਲਮਾਂ ਫਲਾਪ ਕਰਾਉਣ ਦੀ ਅਪੀਲ ਕਰਦੇ ਸਨ ਅਤੇ ਕਿੱਥੇ ਕੱਟੜ ਹਿੰਦੁਤਵ ਦੀ ਗੱਲ ਕਰਨ ਵਾਲਿਆਂ ਦੀਆਂ ਹੀ ਫ਼ਿਲਮਾਂ ਫਲਾਪ ਹੋ ਰਹੀਆਂ ਹਨ।

# ਭਾਰਤ ਦੀ ਫਾਸ਼ੀਵਾਦੀ ਭਗਵੀਂ ਸਿਆਸਤ ਤੇ ਮੁਸਲਮਾਨ

**ਰਜਿੰਦਰ ਸਿੰਘ ਪੁਰੇਵਾਲ**

ਹਜ਼ਰਤ ਮੁਹੰਮਦ ਸਾਹਿਬ ਬਾਰੇ ਅਪਮਾਨਜਨਕ ਟਿੱਪਣੀ ਭਾਜਪਾ ਦੀ ਕੌਮੀ ਤਰਜਮਾਨ ਨੂਪੁਰ ਸ਼ਰਮਾ ਨੇ ਇਕ ਟੈਲੀਵਿਜ਼ਨ ਚੈਨਲ 'ਤੇ ਕੀਤੀ ਸੀ। ਹਜ਼ਰਤ ਮੁਹੰਮਦ ਬਾਰੇ ਵਿਵਾਦਿਤ ਟਵੀਟ ਕਰਨ ਵਾਲੇ ਨੂਪੁਰ ਸ਼ਰਮਾ ਤੋਂ ਇਲਾਵਾ ਭਾਜਪਾ ਦਿੱਲੀ ਦੇ ਮੀਡੀਆ ਸੈੱਲ ਦੇ ਮੁਖੀ ਨਵੀਨ ਜਿੰਦਲ ਨੂੰ ਵੀ ਹੁਣ ਪਾਰਟੀ ਤੋਂ ਕੱਢ ਦਿੱਤਾ ਗਿਆ ਹੈ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਇਹ ਭਾਜਪਾ ਦਾ ਡਰਾਮਾ ਹੈ।ਭਾਜਪਾ ਇਨਾਂ ਦੋਸ਼ੀਆਂ ਨੂੰ ਪਾਰਟੀ ਵਿਚੋਂ ਕੱਢਣ ਦੀ ਥਾਂ ਇਨਾਂ ਨੂੰ ਹੀਰੋ ਬਣਾ ਰਹੀ ਹੈ ਤੇ ਭਗਵੇਂ ਫਾਸ਼ੀਵਾਦ ਨੂੰ ਉਤਸ਼ਾਹਿਤ ਕਰ ਰਹੀ ਹੈ। ਕੋਲਕਾਤਾ ਪੁਲਿਸ ਨੇ ਭਾਜਪਾ ਤੋਂ ਮੁਅੱਤਲ ਕੀਤੀ ਗਈ ਬੁਲਾਰਨ ਨੂਪੁਰ ਸ਼ਰਮਾ ਨੂੰ ਉਸ ਦੇ ਪੈਗ਼ੰਬਰ ਮੁਹੰਮਦ ਬਾਰੇ ਵਿਵਾਦਿਤ ਬਿਆਨ ਦੇ ਸੰਬੰਧ ਵਿਚ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਹੈ। ਉਸ ਨੂੰ 20 ਜੂਨ ਨੂੰ ਨਾਰਕੇਲਡਾਂਗਾ ਪੁਲਿਸ ਥਾਣੇ ਵਿਚ ਪੇਸ਼ ਹੋ ਕੇ ਆਪਣਾ ਬਿਆਨ ਦਰਜ ਕਰਾਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਤ੍ਰਿਣਮੂਲ ਕਾਂਗਰਸ ਦੇ ਆਗੂ ਅਬੁਲ ਸੋਹੇਲ ਨੇ ਵਿਵਾਦਤ ਬਿਆਨ ਦੇ ਸੰਬੰਧ ਵਿਚ ਨੂਪੁਰ ਖ਼ਿਲਾਫ਼ ਕੋਂਟਾਈ ਪੁਲਿਸ ਥਾਣੇ ਵਿਚ ਵੀ ਐਫ.ਆਈ.ਆਰ. ਦਰਜ ਕਰਵਾਈ ਹੈ। ਬੀਤੇ ਸ਼ੁੱਕਰਵਾਰ ਕਾਨਪੁਰ, ਸਹਾਰਨਪੁਰ, ਪ੍ਰਯਾਗਰਾਜ ਆਦਿ ਸ਼ਹਿਰਾਂ ਵਿਚ ਹੋਈ ਹਿੰਸਾ ਤੋਂ ਬਾਅਦ ਸਰਕਾਰੀ ਬੁਲਡੋਜ਼ਰ ਹਰਕਤ ਵਿਚ ਆਏ ਅਤੇ ਉਨਾਂ ਦੀ ਵਰਤੋਂ ਕਥਿਤ ਤੌਰ 'ਤੇ ਦੰਗਾ ਭੜਕਾਉਣ ਵਾਲੇ ਮੁਸਲਮਾਨ ਭਾਈਚਾਰੇ ਨਾਲ ਸਬੰਧਿਤ ਵਿਅਕਤੀਆਂ ਦੇ ਘਰ ਢਾਹੁਣ ਲਈ ਕੀਤੀ ਗਈ। ਏਨਾ ਤੁਰਤ-ਫੁਰਤ 'ਨਿਆਂ' ਕਰਨਾ ਉੱਤਰ ਪ੍ਰਦੇਸ਼ ਸਰਕਾਰ ਅਤੇ ਪੁਲਿਸ ਦੀ ਵਹਿਸ਼ੀ ਗੈਰ ਕਨੂੰਨੀ ਕਾਰਵਾਈ ਬਣ ਗਿਆ ਹੈ। ਇਸ ਵਰਤਾਰੇ ਨੇ ਘੱਟਗਿਣਤੀ ਭਾਈਚਾਰੇ ਵਿਚ ਸਹਿਮ, ਦਹਿਸ਼ਤ ਅਤੇ ਬੇਗਾਨਗੀ ਦਾ ਮਾਹੌਲ ਪੈਦਾ ਕੀਤਾ ਹੈ।

ਇਸ ਮਾਮਲੇ ਵਿਚ ਸੀਨੀਅਰ ਭਾਜਪਾ ਆਗੂਆਂ ਨੇ ਚੁੱਪ ਧਾਰ ਰੱਖੀ ਹੈ। ਕੱਟੜਪੰਥੀ ਇਸ ਤੋਂ ਉਤਸ਼ਾਹਿਤ ਹੋਏ ਹਨ ਅਤੇ ਉਨਾਂ ਨੇ ਭਾਜਪਾ ਦੁਆਰਾ ਨੂਪੁਰ ਸ਼ਰਮਾ ਨੂੰ ਪਾਰਟੀ ਵਿਚੋਂ ਮੁਅੱਤਲ ਕਰਨ ਅਤੇ ਨਵੀਨ ਜਿੰਦਲ (ਭਾਜਪਾ ਦਾ ਦਿੱਲੀ ਦਾ ਮੀਡੀਆ ਸੈੱਲ ਦਾ ਇੰਚਾਰਜ ਜਿਸ ਨੇ ਨੂਪੁਰ ਸ਼ਰਮਾ ਦੀ ਹਮਾਇਤ ਕੀਤੀ ਸੀ) ਨੂੰ ਪਾਰਟੀ ਵਿਚੋਂ ਕੱਢੇ ਜਾਣ ਦੀ ਕਾਰਵਾਈ ਦਾ ਵਿਰੋਧ ਕੀਤਾ ਹੈ। ਉਹ ਪੁੱਛ ਰਹੇ ਹਨ ਕਿ ਜੇ ਪਾਰਟੀ ਕਾਰਕੁਨਾਂ ਵਿਰੁੱਧ ਇਸ ਤਰਾਂ ਦੀਆਂ ਕਾਰਵਾਈਆਂ ਕਰੇਗੀ ਤਾਂ ਉਹ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਕਿਵੇਂ ਦੇ ਸਕਣਗੇ। ਇਹ ਵਰਤਾਰਾ ਵਿਸ਼ਵ ਵਿਚ ਭਾਰਤ ਲਈ ਸ਼ਰਮਨਾਕ ਬਣ ਰਿਹਾ ਹੈ। ਜੇ ਅਜਿਹੇ ਚੱਕਰ ਨੂੰ ਰੋਕਿਆ ਨਾ ਗਿਆ ਤਾਂ ਕੱਟੜਤਾ ਅਤੇ ਹਿੰਸਾ ਦੀ ਇਹ ਅੱਗ ਕਦੇ ਹੌਲੀ ਹੌਲੀ ਸੁਲਗੇਗੀ ਅਤੇ ਕਦੇ ਭਾਂਬੜ ਬਣ ਕੇ ਮਚੇਗੀ। ਇਸ ਘਟਨਾ ਦੇ ਤਕਰੀਬਨ ਦਸ ਦਿਨ ਬੀਤ ਜਾਣ ਤੋਂ ਬਾਅਦ ਅਰਬ ਦੇਸ਼ਾਂ ਦੇ ਨਾਲ-ਨਾਲ ਇੰਡੋਨੇਸ਼ੀਆ, ਮਲੇਸ਼ੀਆ, ਮਾਲਦੀਵ ਸਮੇਤ ਘੱਟ ਤੋਂ ਘੱਟ 15 ਇਸਲਾਮਿਕ ਦੇਸ਼ਾਂ ਨੇ ਭਾਰਤ ਖਿਲਾਫ਼ ਸਖ਼ਤ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ। ਕਤਰ ਨੇ ਇਸ ਮਾਮਲੇ ਵਿਚ ਭਾਰਤ ਸਰਕਾਰ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ।ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਬਿਆਨ ਅਤੇ ਟਵੀਟ ਕਿਸੇ ਵੀ ਤਰਾਂ ਨਾਲ ਭਾਰਤ ਸਰਕਾਰ ਦੇ ਵਿਚਾਰਾਂ ਨੂੰ ਪੇਸ਼ ਨਹੀਂ ਕਰਦੇ ਹਨ। ਇਹ ਸ਼ਰਾਰਤੀ ਅਨਸਰਾਂ ਦੇ ਆਪਣੇ ਵਿਚਾਰ ਹਨ ਅਤੇ ਇਸ ਤਰਾਂ ਦੇ ਵਿਵਾਦਿਤ ਬਿਆਨ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਗਈ ਹੈ। ਚੀਨ ਨੇ ਕਿਹਾ, 'ਉਸ ਦਾ ਮੰਨਣਾ ਹੈ ਕਿ ਵੱਖ-ਵੱਖ ਸਭਿਆਚਾਰਾਂ, ਵੱਖ-ਵੱਖ ਧਰਮਾਂ ਨੂੰ ਇਕ-ਦੂਜੇ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਬਰਾਬਰੀ ਦੇ ਪੱਧਰ 'ਤੇ ਸਹਿ-ਹੋਂਦ ਵਿੱਚ ਰਹਿਣਾ ਚਾਹੀਦਾ ਹੈ।' ਭਾਜਪਾ ਦੇ ਸਾਬਕਾ ਆਗੂਆਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਖ਼ਿਲਾਫ਼ ਹੋ ਰਹੇ ਪ੍ਰਦਰਸ਼ਨ ਨੂੰ ਲੈ ਕੇ ਸਰਕਾਰੀ ਚੀਨੀ ਮੀਡੀਆ ਵੱਲੋਂ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਾਂਗ ਵੈਨਬਿਨ ਨੇ ਕਿਹਾ, 'ਅਸੀਂ ਸਬੰਧਤ ਖ਼ਬਰਾਂ 'ਤੇ ਗੌਰ ਕੀਤੀ ਹੈ। ਸਾਨੂੰ ਆਸ ਹੈ ਕਿ ਇਸ ਸਥਿਤੀ ਤੋਂ ਸਹੀ ਢੰਗ ਨਾਲ ਨਿਪਟਿਆ ਜਾਵੇਗਾ। ਸੋ ਇਹ ਮੁੱਦਾ ਕੌਮਾਂਤਰੀ ਬਣ ਰਿਹਾ ਹੈ, ਮੋਦੀ ਸਰਕਾਰ ਨੂੰ ਭਗਵਾਂ ਫਾਸ਼ੀਵਾਦ ਕੰਟਰੋਲ ਕਰਨਾ ਚਾਹੀਦਾ ਹੈ। ਸੱਚ ਇਹ ਹੈ ਕਿ ਬੁਲਡੋਜ਼ਰ ਕਾਰਵਾਈ ਸੱਤਾ ਦੀ ਕਰੂਰ ਤਾਕਤ ਦੇ ਵਿਸਥਾਰ ਦਾ ਬਿੰਬ ਪੇਸ਼ ਕਰਦੇ ਹਨ ਜਿਸ ਵਿਚ ਘੱਟਗਿਣਤੀ ਭਾਈਚਾਰਿਆਂ ਲਈ ਥਾਂ/ਸਪੇਸ ਘਟ ਰਹੀ ਹੈ।

## ਮੋਦੀ ਸਰਕਾਰ ਅਗਲੇ ਡੇਢ ਸਾਲ ਵਿਚ 10 ਲੱਖ ਨੌਕਰੀਆਂ ਦੇਵੇਗੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਕੇਂਦਰ ਸਰਕਾਰ ਅਗਲੇ 18 ਮਹੀਨਿਆਂ 'ਚ 10 ਲੱਖ ਭਰਤੀਆਂ ਕਰੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਕਤ ਐਲਾਨ ਕੀਤਾ। ਸਰਕਾਰ ਵਲੋਂ ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਬੇਰੁਜ਼ਗਾਰੀ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਰਹੀਆਂ ਹਨ । ਪ੍ਰਧਾਨ ਮੰਤਰੀ ਦੇ ਐਲਾਨ ਤੋਂ ਬਾਅਦ ਹੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਤਿੰਨੋ ਫ਼ੌਜਾਂ ਦੇ ਮੁਖੀਆਂ ਨਾਲ ਇਕ ਪ੍ਰੈੱਸ ਕਾਨਫਰੰਸ ਕਰ ਕੇ ਸਰਕਾਰ ਵਲੋਂ 'ਅਗਨੀਪਥ ਭਰਤੀ' ਯੋਜਨਾ ਦੀ ਸ਼ੁਰੂਆਤ ਦਾ ਐਲਾਨ ਕੀਤਾ ਜਿਸ ਰਾਹੀਂ ਹਥਿਆਰਬੰਦ ਫ਼ੌਜਾਂ, ਜਲ ਸੈਨਾ ਅਤੇ ਹਵਾਈ ਸੈਨਾ ਵੀਚ ਨੌਜਵਾਨਾਂ ਦੀ ਭਰਤੀ ਕੀਤੀ ਜਾਵੇਗੀ ।ਪ੍ਰਧਾਨ ਮੰਤਰੀ ਵਲੋਂ ਕੀਤੇ ਇਸ ਐਲਾਨ ਵਿਚ ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਿਹੜੇ-ਕਿਹੜੇ ਮੰਤਰਾਲੇ ਜਾਂ ਵਿਭਾਗਾਂ ਵਿਚ ਅਸਾਮੀਆਂ ਖ਼ਾਲੀ ਹਨ, ਪਰ ਹਲਕਿਆਂ ਮੁਤਾਬਿਕ ਜ਼ਿਆਦਾਤਰ ਭਰਤੀਆਂ ਰੇਲਵੇ, ਹਥਿਆਰਬੰਦ ਫ਼ੌਜਾਂ, ਨੀਮ ਫ਼ੌਜੀ ਬਲਾਂ, ਆਬਕਾਰੀ, ਜੀ. ਐਸ .ਟੀ. ਵਿਭਾਗ ਅਤੇ ਸਰਕਾਰੀ ਬੈਂਕਾਂ ਤੇ ਬੀਮਾ ਕੰਪਨੀਆਂ ਵਿਚ ਕੀਤੀਆਂ ਜਾਣਗੀਆਂ ।

# ਸ਼ਬਦੀ ਬਾਣ, ਨ.ਫਰਤੀ ਕੰਧਾਂ



**ਗੁਰਮੀਤ ਸਿੰਘ ਪਲਾਹੀ**
9815802070

ਸ਼ਬਦ ਦੇ ਤਿੱਖੇ ਬਾਣ, ਦੇਸ਼ ਵਿੱਚ ਨਫ਼ਰਤੀ ਅੱਗ ਫੈਲਾਉਣ ਅਤੇ ਬੁਲਡੋਜ਼ਰ ਤੰਤਰ ਦੀ ਨੀਤੀ ਨੂੰ ਹਵਾ ਦੇ ਰਹੇ ਹਨ। ਕੀ ਭਾਰਤੀ ਲੋਕਤੰਤਰ ਲਈ ਇਹ ਸਥਿਤੀ ਸੁਖਾਵੀਂ ਹੈ ? ਕੀ ਇਹ ਦੇਸ਼ ਦੇ ਟੋਟੇ-ਟੋਟੇ ਕਰਨ ਦਾ ਸਾਧਨ ਤਾਂ ਨਹੀਂ ਬਣੇਗੀ ? ਜੇਕਰ ਇਹ ਨੀਤ ਅਤੇ ਨੀਤੀ ਸਿਰਫ਼ 2024 ਦੀਆਂ ਲੋਕ ਸਭਾ ਚੋਣਾਂ 'ਚ ਹਾਕਮ ਧਿਰ ਵਲੋਂ ਜਿੱਤ ਪਰਾਪਤ ਕਰਨ ਵਾਲਾ ਇੱਕ ਸੰਦ ਬਣਾਇਆ ਜਾ ਰਿਹਾ ਹੈ ਤਾਂ ਹੋਰ ਵੀ ਮੰਦਭਾਗਾ ਹੈ।

ਪਿਛਲੇ ਹਫ਼ਤੇ ਭਾਰਤ ਦੁਨੀਆ ਭਰ ਵਿਚ ਜਿਨਾਂ ਬਦਨਾਮ ਹੋਇਆ ਹੈ, ਸ਼ਾਇਦ ਹੀ ਕਦੇ ਹੋਇਆ ਹੋਵੇ। ਦੁਨੀਆ ਦੇ ਤਕਰੀਬਨ ਹਰ ਇਸਲਾਮੀ ਦੇਸ਼ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਹਾਲਤ ਵਿੱਚ ਵੀ ਇਸਲਾਮ ਦੇ ਪਗੰਬਰ ਰਸੂਲ ਦੀ ਬੇਇੱਜਤੀ ਸਹਿਣ ਨਹੀਂ ਕੀਤੀ ਜਾ ਸਕਦੀ।

ਬੀਤੇ ਦਿਨੀਂ ਭਾਜਪਾ ਨੇਤਾ ਨੂਰਪੁਰ ਸ਼ਰਮਾ ਅਤੇ ਨਵੀਨ ਕੁਮਾਰ ਵਲੋਂ ਕਥਿਤ ਟਿੱਪਣੀਆਂ ਕੀਤੀਆਂ ਗਈਆਂ ਸਨ, ਜਿਸ ਕਾਰਨ ਦੇਸ਼ ਦੇ ਕਈ ਹਿੱਸਿਆਂ ਵਿਚ ਹਿੰਸਾ ਭੜਕ ਗਈ ਸੀ। ਸ਼ੁੱਕਰਵਾਰ ਦੀ ਨਵਾਜ਼ ਤੋਂ ਬਾਅਦ ਪੈਗੰਬਰ ਮੁਹੰਮਦ ਬਾਰੇ ਟਿੱਪਣੀ ਖਿਲਾਫ ਪ੍ਰਦਰਸ਼ਨਾਂ ਦੌਰਾਨ ਹਿੰਸਾ ਹੋ ਗਈ ਸੀ। ਯੂ.ਪੀ. ਦੇ 8 ਜ਼ਿਲਿਆਂ 'ਚ 13 ਕੇਸ ਦਰਜ ਕਰਕੇ 304 ਵਿਅਕਤੀ ਹਿਰਾਸਤ ਵਿੱਚ ਲਏ ਗਏ ਸਨ। ਸਿੱਧੀ ਕਾਰਵਾਈ ਪੁਲਿਸ ਅਤੇ ਪ੍ਰਸ਼ਾਸਨ ਵਲੋਂ ਕੀਤੀ ਗਈ। ਹਿੰਸਾ ਦੇ ਕਥਿਤ ਸਾਜ਼ਿਸ਼ ਘਾੜੇ ਮੁਹੰਮਦ ਜਾਵੇਦ ਉਰਫ ਜਾਵੇਦ ਪੰਪ ਦੇ ਦੋ ਮੰਜ਼ਲਾ ਘਰ ਨੂੰ ਬੁਲਡੋਜ਼ਰ ਨਾਲ ਢਾਅ ਦਿੱਤਾ ਗਿਆ।

ਪੈਗੰਬਰ ਹਜ਼ਰਤ ਮੁਹੰਮਦ 'ਤੇ ਟਿੱਪਣੀ ਦੀ ਖ਼ਾਸ ਤੌਰ 'ਤੇ ਮੁਸਲਿਮ ਦੇਸ਼ਾਂ 'ਚ ਪ੍ਰਤੀਕਿਰਿਆ ਵੇਖਣ ਨੂੰ ਮਿਲੀ। ਕਤਰ. ਕੁਵੈਤ, ਬਹਿਰੀਨ, ਸਾਊਦੀ ਅਰਬ, ਸੰਯੁਕਤ ਅਰਬ ਇਮਰਾਤ ਆਦਿ ਖਾੜੀ ਦੇਸ਼ਾਂ ਅਤੇ ਇੰਡੋਨੇਸ਼ੀਆ, ਮਾਲਦੀਵ ਵਲੋਂ ਭਾਰਤ ਸਰਕਾਰ ਕੋਲ ਇਸ ਬਾਰੇ ਵਿਰੋਧ ਦਰਜ਼ ਕਰਵਾਇਆ ਗਿਆ ਹੈ। ਪਾਕਿਸਤਾਨ ਨੇ ਵੀ ਇਸ ਟਿਪੱਣੀ ਦਾ ਵਿਰੋਧੀ ਕੀਤਾ ਹੈ। ਕਤਰ ਜਿਥੇ 30 ਲੱਖ ਭਾਰਤੀ ਵਸਦੇ ਹਨ, ਉਥੋਂ ਦੀ ਸਰਕਾਰ ਨੇ ਇਹਨਾ ਬਿਆਨਾਂ ਤੇ ਸਖ਼ਤ ਟਿਪੱਣੀ ਕੀਤੀ ਹੈ। ਹਰ ਇਸਲਾਮੀ ਦੇਸ਼ 'ਚ ਭਾਰਤ ਦੀ ਵੱਡੀ ਬਦਨਾਮੀ ਹੋਈ ਹੈ। ਜਿਨਾਂ ਮੁਸਲਿਮ ਮੁਲਕਾਂ 'ਚ ਵੱਡੀ ਗਿਣਤੀ ਭਾਰਤੀ ਵਸਦੇ ਹਨ, ਉਥੋਂ ਅੱਧੇ ਤੋਂ ਜ਼ਿਆਦਾ ਵਿਦੇਸ਼ੀ ਮੁਦਰਾ ਮਿਲਦੀ ਹੈ। ਜੇਕਰ ਨਫ਼ਰਤ ਦਾ ਇਹ ਕਾਰਖਾਨਾ ਬੰਦ ਨਹੀਂ ਹੁੰਦਾ, ਤਾਂ ਭਾਰਤ ਨਾਲ ਇਹਨਾ ਦੇਸ਼ਾਂ ਦੇ ਸਬੰਧ ਸੁਖਾਵੇ ਨਹੀਂ ਰਹਿਣਗੇ ਅਤੇ ਕਾਰੋਬਾਰ 'ਚ ਵੀ ਭਾਰਤ ਨੂੰ ਵੱਡਾ ਨੁਕਸਾਨ ਉਠਾਉਣਾ ਪਵੇਗਾ।

ਮੋਦੀ ਸਰਕਾਰ ਨੇ 'ਨਿਊ ਇੰਡੀਆ' ਬਣਾਉਣ ਦਾ ਬੀੜਾ ਚੁੱਕਿਆ ਹੈ। ਇਸ ਨਿਊ ਇੰਡੀਆ ਦੀ ਨੀਂਹ ਕਿਹੜੀ ਹੈ ? ਘੱਟਗਿਣਤੀਆਂ ਉਤੇ ਸ਼ਬਦ 'ਸਭ ਕਾ ਵਿਕਾਸ, ਸਭ ਕਾ ਸਾਥ' ਜਿਹੇ ਨਾਹਰੇ ਛੱਡ ਕੇ ਫ਼ਿਰਕੂਵਾਦ ਨੂੰ ਵਧਾਇਆ ਜਾ ਰਿਹਾ ਹੈ। ਮੁਸਲਿਮ ਭਾਈਚਾਰੇ ਉਤੇ ਕੀਤੇ ਜਾਂਦੇ ਹਮਲੇ ਇਸਦੀ ਉਦਾਹਰਨ ਹਨ। ਇਸ ਕੰਮ 'ਚ ਕਈ ਹਿੰਦੂ ਸੰਤ ਸ਼ਾਮਿਲ ਹਨ, ਕੇਂਦਰੀ ਮੰਤਰੀ ਸ਼ਾਮਿਲ ਹਨ, ਕਈ ਟੀਵੀ ਪੱਤਰਕਾਰ ਇਨਾਂ ਦੇ ਪ੍ਰਮੁੱਖ ਪ੍ਰਵਕਤਾ ਬਣੇ ਹੋਏ ਹਨ, ਜੋ ਮਨੁੱਖਤਾ ਦੇ ਭਲੇ ਦੀ ਗੱਲ ਤੱਜ ਕੇ ਹਿੰਦੀ, ਹਿੰਦੂ, ਹਿੰਦੂਤਵ ਨੂੰ ਮੁੱਖ ਮੁੱਦਾ ਬਣਾਕੇ ਪ੍ਰਚਾਰ ਕਰ ਰਹੇ ਹਨ।

ਉਦਾਹਰਨ ਵਜੋਂ ਜਦੋਂ ਕੋਵਿਡ-19 ਫੈਲਿਆ, ਉਸਦਾ ਦੋਸ਼ ਮੌਲਵੀਆਂ ਉਤੇ ਪਾ ਦਿੱਤਾ ਗਿਆ, ਜੋ ਦਿੱਲੀ 'ਚ ਇੱਕ ਵਾਰਸ਼ਿਕ ਇਸਲਾਮੀ ਸੰਮੇਲਨ 'ਚ ਆਏ ਸਨ। ਅਮਰੀਕੀ ਰਾਸ਼ਟਰਪਤੀ ਦੇ ਦੌਰੇ ਅਤੇ ਚੋਣ ਦੰਗਲ 'ਚ ਕੀਤੀਆਂ ਵੱਡੀਆਂ ਰੈਲੀਆਂ ਉਹ ਭੁੱਲ ਹੀ ਗਏ। ਨਾਗਰਿਕਤਾ ਕਾਨੂੰਨ ਵਿੱਚ ਸੋਧ ਦੇ ਖਿਲਾਫ਼ ਜਦੋਂ ਮੁਸਲਮਾਨ ਸੜਕਾਂ 'ਤੇ ਆ ਕੇ ਵਿਰੋਧ ਕਰਨ ਲੱਗੇ ਤਾਂ ਉਨਾਂ ਉਤੇ ਗਦਾਰੀ ਦਾ ਇਲਜ਼ਾਮ ਲਗਾ ਦਿੱਤਾ ਗਿਆ। ਇਹ ਇਲਜਾਮ ਕਿਸੇ ਹੋਰ ਨੇ ਨਹੀਂ ਕੇਂਦਰੀ ਗ੍ਰਹਿ ਮੰਤਰੀ ਨੇ ਲਗਾਏ।

ਸ਼ਾਇਦ ਤੁਹਾਨੂੰ 2012 'ਚ ਗੁਜਰਾਤ ਚੋਣ ਰੈਲੀ ਵਿੱਚ ਨਰਿੰਦਰ ਮੋਦੀ ਦੇ ਬੋਲੇ ਸ਼ਬਦ ਯਾਦ ਹੋਣਗੇ, 'ਜੇਕਰ ਅਸੀਂ ਪੰਜ ਕਰੋੜ ਗੁਜਰਾਤੀਆਂ ਦਾ ਸਵੈ-ਮਾਨ ਅਤੇ ਮਨੋਬਲ ਵਧਾ ਦੇਈਏ ਤਾਂ ਅਲੀ, ਪਲੀ ਅਤੇ ਜਮਾਲੀ ਦੀਆ ਯੋਜਨਾਵਾਂ ਕੁਝ ਵੀ ਨੁਕਸਾਨ ਨਹੀਂ ਪਹੁੰਚਾ ਸਕਦੀਆਂ। ਕੌਣ ਹਨ ਇਹ ਅਲੀ, ਮਲੀ, ਜਮਾਲੀ ਜਿਹੜੇ ਯੋਜਨਾਵਾਂ ਬਨਾਉਣ ਲਈ ਮਜ਼ਬੂਰ ਕਰ ਦਿੱਤੇ ਗਏ ਹਨ ਅਤੇ ਇਹ ਯੋਜਨਾਵਾਂ ਕਿਹੜੀਆਂ ਹਨ ?

ਤਿੱਖੇ ਸ਼ਬਦੀ ਬਾਣ ਦੇਸ਼ ਲਈ ਨੁਕਸਾਨਦੇਹ ਹਨ, ਇਹ ਜਾਣਦਿਆਂ ਹੋਇਆਂ ਵੀ ਦੇਸ਼ ਦੇ ਗ੍ਰਹਿ ਮੰਤਰੀ ਬਿਆਨ ਦਿੰਦੇ ਹਨ, ਅਪ੍ਰੈਲ 2019 ਨੂੰ, 'ਅਸੀਂ ਪੂਰੇ ਦੇਸ਼ ਵਿੱਚ ਐਨ.ਆਰ.ਸੀ. ਲਾਗੂ ਕਰਨਾ ਲਾਜ਼ਮੀ ਬਣਾਵਾਂਗੇ। ਬੋਧੀ, ਹਿੰਦੂ, ਸਿੱਖਾਂ ਨੂੰ ਛੱਡਕੇ ਅਸੀਂ ਦੇਸ਼ ਦੇ ਹਰ ਇੱਕ ਘੁਸਪੈਠੀਏ ਨੂੰ ਬਾਹਰ ਕਰ ਦਿਆਂਗੇ। ਜਿਹੜੇ ਦੇਸ਼ ਦੇ ਅਨਾਜ਼ ਨੂੰ ਦੀਮਕ ਵਾਂਗਰ ਖਾ ਰਹੇ ਹਨ, ਜੋ ਗਰੀਬਾਂ ਦੇ ਢਿੱਡ 'ਚ ਪੈਣਾ ਚਾਹੀਦਾ ਹੈ'। ਬੁਲਡੋਜ਼ਰ ਬਾਬਾ ਯੂਪੀ ਮੁੱਖ ਮੰਤਰੀ ਅਦਿੱਤਿਆਨਾਥ ਵੀ ਬਿਆਨਬਾਜੀ ਅਤੇ ਕਾਰਵਾਈ 'ਚ ਕਿਸੇ ਤੋਂ ਪਿੱਛੇ ਨਹੀਂ, 'ਮੁਕਾਬਲਾ ਬਹੁਤ ਅੱਗੇ ਵੱਧ ਚੁੱਕਾ ਹੈ। ਲੜਾਈ ਹੁਣ 80 ਬਨਾਮ 20 ਦੀ ਹੈ। ਸਿੱਧਾ ਅਰਥ ਇਹ ਹੈ ਕਿ 20 ਫ਼ੀਸਦੀ ਦੁਸ਼ਮਣ ਹਨ। ਨਫ਼ਰਤੀ ਬੀਜ ਇਸ ਸਬੰਧ 'ਚ ਇਹੋ ਜਿਹੇ ਬੀਜੇ ਜਾ ਚੁੱਕੇ ਹਨ ਕਿ ਦੇਸ਼ ਦੀ ਹਾਕਮ ਧਿਰ ਭਾਜਪਾ ਦੀ ਨੁਮਾਇੰਦੀ ਕਰਨ ਵਾਲੇ ਤਿੰਨ ਸੌ ਪਝੱਤਰ(375) ਸਾਂਸਦਾਂ ਵਿਚੋਂ ਕੋਈ ਵੀ ਇਸ ਮਹੀਨੇ ਦੇ ਅੰਤ ਤੱਕ ਮੁਸਲਿਮ ਨਹੀਂ ਹੈ। ਉੱਤਰ ਪ੍ਰਦੇਸ਼ ਦੀਆਂ 430 ਅਤੇ ਗੁਜਰਾਤ ਦੀਆਂ 182 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਇੱਕ ਵੀ ਮੁਸਲਿਮ ਉਮੀਦਵਾਰ ਨੂੰ ਚੋਣਾਂ 'ਚ ਨਹੀਂ ਉਤਾਰਿਆ ਗਿਆ। ਦੇਸ਼ 'ਚ ਗਿਆਰਾਂ ਰਾਜਾਂ 'ਚ ਭਾਜਪਾ ਮੁੱਖ ਮੰਤਰੀ ਹਨ, ਪਰ ਇਥੇ ਇਨਾਂ ਰਾਜਾਂ ਵਿਚ ਸਿਰਫ਼ ਇੱਕ ਮੁਸਲਿਮ ਮੰਤਰੀ ਹੈ। ਹਾਲਾਤ ਜਦੋਂ ਇਹੋ ਜਿਹੇ ਬਣਾ ਦਿੱਤੇ ਜਾਣ ਕਿ ਨਫ਼ਰਤ ਦੀਆਂ ਕੰਧਾਂ ਉਸਰ ਜਾਣ। ਕੁਝ ਲੋਕਾਂ ਨੂੰ ਇਸ ਫ਼ਿਰਕੂ ਫਿਤਰਤੀ ਮਾਹੌਲ 'ਚ ਸਾਹ ਲੈਣਾ ਵੀ ਔਖਾ ਹੋ ਜਾਏ ਤਾਂ ਫਿਰ ਦੇਸ਼ ਦੁਨੀਆ ਦੇ ਸੂਝਵਾਨ ਲੋਕਾਂ ਦੀ ਦ੍ਰਿਸ਼ਟੀ ਵਿਚ ਭੈੜਾ ਅਕਸ ਤਾਂ ਬਣਾਏਗੀ ਹੀ ਅਤੇ ਦੇਸ਼ ਆਪਣੇ ਆਪ ਵਿੱਚ ਦੁਨੀਆ ਦਾ ਬਿਹਤਰੀਨ ਲੋਕਤੰਤਰ ਹੋਣ ਦਾ ਦਾਅਵਾ ਖੁਹਾ ਹੀ ਬੈਠੇਗਾ। ਧਰਮ ਨਿਰਪੱਖ ਦੇਸ਼ ਹੋਣ ਦਾ ਨਾਮਣਾ ਖੱਟਣ ਵਾਲਾ ਭਾਰਤ, ਪਿਛਲੇ ਸਮੇਂ 'ਚ ਨਿਵਾਣਾ ਵੱਲ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ 'ਚ ਇਸ ਦਾ ਨਾਂ ਨੀਵਾਂ ਹੋ ਰਿਹਾ ਹੈ। ਦੇਸ਼ ਵਿਚ ਗਰੀਬਾਂ ਦੀ ਗਿਣਤੀ ਵੱਧ ਰਹੀ ਹੈ। ਸਾਧਨਾ ਦੀ ਕਮੀ ਹੋ ਰਹੀ ਹੈ। ਇਹੋ ਜਿਹੀ ਸਥਿਤੀ ਉਸ ਦੇਸ਼ ਲਈ ਸੁਖਾਵੀਂ ਕਿਵੇਂ ਰਹੇਗੀ, ਜਿਹੜਾ ਜਗਤ ਗੁਰੂ ਬਣਨ ਦਾ ਸੁਪਨਾ ਮਨ ਵਿੱਚ ਪਾਲੀ ਬੈਠਾ ਹੈ।

ਹਾਕਮ ਧਿਰ ਵਲੋਂ ਸ਼ਬਦੀ ਸੰਦਾਂ ਦੀ ਵਰਤੋਂ ਕਰਦਿਆਂ ਕਿਸਾਨ ਅੰਦੋਲਨ ਸਮੇਂ ਅੰਦੋਲਨਕਾਰੀਆਂ ਨੂੰ ਪ੍ਰਜੀਵੀ ਆਖਿਆ ਗਿਆ। ਖਾਲਿਸਤਾਨੀਆਂ ਆਖਿਆ ਗਿਆ। ਭਾਜਪਾ ਨੇਤਾਵਾਂ ਵਲੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਤਾਲਿਬਾਨ, ਅਪਰਾਧੀ ਤੱਕ ਗਰਦਾਨਿਆ ਗਿਆ।

ਅੰਗਰੇਜ਼ੀ ਦੀ ਬਹੁ-ਚਰਚਿਤ ਅਖ਼ਬਾਰ 'ਦੀ ਵਾਇਰ' ਨੇ ਬੁਲਡੋਜ਼ਰ ਬਾਬਾ ਮੁੱਖ ਮੰਤਰੀ ਅਦਿਤਿਆਨਾਥ ਦੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਤੇ 34 ਬਿਆਨਾਂ ਦੀ ਸਮੀਖਿਆ ਕੀਤੀ। ਸਾਰੇ ਦੇ ਸਾਰੇ ਬਿਆਨ ਮੁਸਲਿਮ ਵਿਰੋਧੀ ਸਨ। ਨਫ਼ਰਤੀ ਅੱਗ ਫੈਲਾਉਣ ਵਾਲਾ ਯੂ.ਪੀ. ਵਿਧਾਇਕ ਮਾਇਨਕੇਸ਼ਵਰ ਸਿੰਘ ਦਾ ਬਿਆਨ ਪੜ੍ਹੋ, 'ਜੇਕਰ ਹਿੰਦੂ ਉਠ ਪਏ, ਅਸੀਂ ਉਨਾਂ ਦੀਆਂ ਦਾੜੀਆਂ, ਪੁੱਟ ਦੇਵਾਂਗੇ ਅਤੇ ਉਤੇ ਚੋਟੀਆਂ ਬਣਾ ਦਿਆਂਗੇ।'

ਬਿਨਾਂ ਸ਼ੱਕ ਭਾਰਤ ਵਿੱਚ ਫ਼ਿਰਕੂ ਨਫ਼ਰਤ ਨਵੀਂ ਨਹੀਂ ਹੈ। ਪਰ ਭਾਰਤੀ ਲੋਕਤੰਤਰ ਵਿੱਚ ਮੌਜੂਦਾ ਸਮੇਂ 'ਚ, ਜੋ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ, ਉਹ ਵੱਖਰਾ ਹੈ। ਪਰ ਪੁਰਾਣੇ ਸਮੇਂ ਨੂੰ ਯਾਦ ਕਰਕੇ, ਨਫ਼ਰਤੀ ਅੱਗ ਫੈਲਾਉਣਾ ਕਿਸੇ ਵੀ ਤਰਾਂ ਜਾਇਜ਼ ਕਿਵੇਂ ਮੰਨਿਆ ਜਾ ਸਕਦਾ ਹੈ ? ਮਸਜਿਦਾਂ ਥੱਲੇ ਮੰਦਰਾਂ ਨੂੰ ਲੱਭਣਾ, ਇਤਿਹਾਸਕ ਯਾਦਗਾਰਾਂ ਦੀ ਉਸਾਰੀ ਤੇ ਪ੍ਰਸ਼ਨ ਚਿੰਨ ਲਗਾਉਣੇ, ਸ਼ਹਿਰਾਂ, ਗਿਰਾਵਾਂ ਦੇ ਨਾਮ ਬਦਲਣੇ ਲੋਕਤੰਤਰਿਕ ਧਰਮ ਨਿਰਪੱਖ ਦੇਸ਼ ਵਲੋਂ ਅਪਨਾਏ ਸੰਵਿਧਾਨ ਦੇ ਮੂਲ ਤੱਤਾਂ ਦੀ ਉਲੰਘਣਾ ਦੇ ਤੁੱਲ ਹੈ। ਇਸ ਕਿਸਮ ਦਾ ਵਰਤਾਰਾ ਦੇਸ਼ ਵਿੱਚ ਹਫ਼ੜਾ-ਤਫ਼ੜੀ ਦਾ ਮਾਹੌਲ ਪੈਦਾ ਕਰੇਗਾ।

ਅਸਲ 'ਚ ਦੇਸ਼ ਦਾ ਹਾਕਮ ਦੇਸ਼ ਦੇ ਆਮ ਲੋਕਾਂ ਦੀਆਂ ਮੁਢਲੀਆਂ ਲੋੜਾਂ, ਸਮੱਸਿਆਵਾਂ ਤੋਂ ਆਮ ਲੋਕਾਂ ਦਾ ਧਿਆਨ ਪਾਸੇ ਹਟਾਕੇ, ਫ਼ਿਰਕੂ ਵੰਡ ਨਾਲ ਫ਼ਿਰਕੂ ਤੇੜਾਂ ਪਾਉਂਦਾ ਹੈ ਅਤੇ ਆਪਣੀ ਗੱਦੀ ਪੱਕੀ ਕਰਨ ਦਾ ਰਸਤਾ ਪੱਧਰਾ ਕਰਦਾ ਹੈ। ਕਾਂਗਰਸ ਨੇ ਵੀ ਆਪਣੇ ਰਾਜ-ਭਾਗ 'ਚ ਇਹੋ ਕੀਤਾ ਅਤੇ ਅੱਜ ਭਾਜਪਾ ਨੇ ਤਾਂ ਪਿਛਲੇ 8 ਸਾਲ ਦੇ ਰਾਜ-ਕਾਲ 'ਚ ਇਸ ਵਿਰਤੀ ਨੂੰ ਖੁਲੇ ਆਮ ਹਵਾ ਦਿੱਤੀ ਹੈ ਅਤੇ ਆਪਣੇ ਪੱਖ ਵਿਚ ਵਰਤਿਆ ਹੈ।

ਭਾਰਤ ਦੀਆਂ ਲਗਭਗ ਸਾਰੀਆਂ ਅੰਗਰੇਜ਼ੀ ਅਖ਼ਬਾਰਾਂ ਜਿਨਾਂ ਵਿੱਚ 'ਦੀ ਟੈਲੀਗ੍ਰਾਫ', 'ਦੀ ਇੰਡੀਆ ਐਕਸਪ੍ਰੈਸ', 'ਦੀ ਹਿੰਦੂ ਟਾਈਮਜ਼ ਆਫ ਇੰਡੀਆ', 'ਦੀ ਟੈਕਨ ਹੈਰਾਲਡ', 'ਦੀ ਵਾਇਰ', 'ਦੀ ਟ੍ਰਿਬਿਊਨ' ਆਦਿ ਸ਼ਾਮਲ ਹਨ, ਨੇ ਭਾਰਤ 'ਚ ਮਨੁੱਖੀ ਅਧਿਕਾਰਾਂ ਦੇ ਹਨਨ ਸਬੰਧੀ ਇਨਾਂ ਦਿਨਾਂ 'ਚ ਸੰਪਾਦਕੀ ਛਾਪੇ ਹਨ ਅਤੇ ਫ਼ਿਰਕੂ ਨਫ਼ਰਤ ਸ਼ਬਦੀ ਹਮਲਿਆਂ ਦਾ ਵਰਨਣ ਕਰਦਿਆਂ ਇਸਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨਾਂ ਨੇ ਇਸ ਗੱਲ 'ਤੇ ਵੀ ਚਿੰਤਾ ਕੀਤੀ ਹੈ ਕਿ ਮੌਜੂਦਾ ਸਰਕਾਰ ਉਹਨਾ ਲੋਕਾਂ ਨੂੰ ਸਿਆਸੀ ਸ਼ਹਿ ਦੇ ਰਹੀ ਹੈ, ਜਿਹੜੇ ਨਫ਼ਰਤੀ ਫ਼ਿਰਕੂ ਪਾੜਾ ਵਧਾ ਰਹੇ ਹਨ।

ਭਾਰਤੀ ਸੰਸਕ੍ਰਿਤੀ ਦੀ ਪਛਾਣ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਵਲੋਂ ਹਿੰਦੂ ਤਿਉਹਾਰ ਰਾਮ ਨੌਮੀ ਦੇ ਮੌਕੇ ਹੋਸਟਲ ਵਿੱਚ ਗੈਰ-ਸ਼ਾਕਾਹਾਰੀ ਭੋਜਨ ਪਕਾਉਣ ਵਿਰੁੱਧ ਰੋਸ ਕੀਤਾ ਅਤੇ ਫਿਰ ਪੁਲਿਸ ਦੇ ਇਸ ਸਬੰਧੀ ਦਖ਼ਲ ਨੇ ਤਾਂ ਕਈ ਸਵਾਲ ਖੜੇ ਕਰ ਦਿੱਤੇ ਹਨ। ਇਹੋ ਜਿਹੀਆਂ ਸਿੱਖਿਆ ਸੰਸਥਾਵਾਂ ਵਿੱਚ ਫ਼ਿਰਕੂ, ਸੰਪ੍ਰਦਾਇਕ ਵੰਡ ਦਾ ਪ੍ਰਚਾਰ ਬਹੁਤ ਹੀ ਦੁਖਦਾਈ ਹੈ।

# ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਅਪੀਲ : ਸਾਡੇ ਪੁੱਤ ਦੇ ਨਾਂ 'ਤੇ ਸਿਆਸੀ ਰੋਟੀਆਂ ਨਾ ਸੇਕੀਆਂ ਜਾਣ





**ਮਾਨਸਾ :** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਪਰਿਵਾਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਝਟਕਾ ਦਿੰਦਿਆਂ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਸਭ ਨੂੰ ਅਪੀਲ ਕੀਤੀ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਮ ਨੂੰ ਰਾਜਨੀਤਿਕ ਹਿੱਤਾਂ ਲਈ ਨਾ ਵਰਤਿਆ ਜਾਵੇ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਕਾਂਗਰਸ ਵੱਲੋਂ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਗੀਤ ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਿੱਧੂ ਮੂਸੇਵਾਲਾ ਦੀ ਦੇਹ ਅਤੇ ਉਸ ਦੀ ਯਾਦਗਾਰ (ਸਮਾਧ) ਦੀਆਂ ਤਸਵੀਰਾਂ ਨੂੰ ਵਿਖਾਇਆ ਗਿਆ ਹੈ। ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਮ ਨੂੰ ਰਾਜਨੀਤਕ ਹਿੱਤਾਂ ਲਈ ਨਾ ਵਰਤਿਆ ਜਾਵੇ। ਬੇਸ਼ੱਕ ਅਪੀਲ ਵਿਚ ਕਿਸੇ ਵਿਸ਼ੇਸ਼ ਵਿਅਕਤੀ ਜਾਂ ਪਾਰਟੀ ਦਾ ਨਾਮ ਨਹੀਂ ਲਿਆ ਗਿਆ ਹੈ ਪਰ ਫਿਰ ਵੀ ਇਸ ਨੂੰ ਕਾਂਗਰਸ ਪਾਰਟੀ ਨਾਲ ਜੋੜਕੇ ਵੇਖਿਆ ਜਾ ਰਿਹਾ ਹੈ, ਕਿਉਂਕਿ ਪਾਰਟੀ ਨੇ ਦੋ ਦਿਨ ਪਹਿਲਾਂ ਹੀ 12 ਜੂਨ ਨੂੰ ਸੰਗਰੂਰ ਲੋਕ ਸਭਾ ਚੋਣ ਲਈ ਦਲਬੀਰ ਸਿੰਘ ਗੋਲਡੀ ਦੀ ਚੋਣ ਮੁਹਿੰਮ ਭਖਾਉਣ ਸਬੰਧੀ ਗਾਣਾ ਰਿਲੀਜ਼ ਕੀਤਾ ਸੀ, ਜਿਸ ਵਿਚ ਮੂਸੇ ਵਾਲੇ ਦੀ ਤਸਵੀਰ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਗਿਆ ਸੀ। ਕਾਂਗਰਸ ਵੱਲੋਂ ਇਸ ਵਾਰ ਵਿਧਾਨ ਸਭਾ ਚੋਣਾਂ ਵੇਲੇ ਮਾਨਸਾ ਹਲਕੇ ਤੋਂ ਸਿੱਧੂ ਮੂਸੇਵਾਲਾ ਨੂੰ ਪਾਰਟੀ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਗਿਆ ਸੀ ਅਤੇ ਉਹ ਆਪ ਆਦਮੀ ਪਾਰਟੀ ਦੇ ਉਮੀਦਵਾਰ ਡਾ. ਵਿਜੈ ਸਿੰਗਲਾ ਪਾਸੋਂ 63000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਪਰਿਵਾਰ ਵਲੋਂ ਪਾਈ ਇਸ ਪੋਸਟ ਕਾਂਗਰਸ ਪਾਰਟੀ ਨੂੰ ਵੱਡਾ ਧੱਕਾ ਲੱਗਿਆ ਹੈ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਪਾਰਟੀ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਚੋਣ ਪ੍ਰਚਾਰ ਦੌਰਾਨ ਸਿੱਧੂ ਮੂਸੇਵਾਲਾ ਦੀ ਫੋਟੋ ਵਾਲੇ ਜਿੰਨੇ ਮਰਜ਼ੀ ਪੋਸਟਰ ਲਾ ਲਵੇ, ਪਰ ਸਿੱਧੂ ਮੂਸੇਵਾਲਾ ਦੀ ਤਸਵੀਰ ਸਾਡੇ ਦਿਲ ਵਿੱਚ ਹੈ, ਜਿਸ ਬਾਰੇ ਲੋਕ ਚੰਗੀ ਤਰਾਂ ਜਾਣਦੇ ਹਨ। ਮਾਨ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਪੂਰਾ ਪੰਥਕ ਸੀ। ਉਨਾਂ ਕਿਹਾ ਕਿ ਸਿੱਧੂ ਮੂਸੇਵਾਲਾ ਨੇ ਉਨਾਂ ਨੂੰ ਕਿਹਾ ਸੀ ਕਿ ਉਹ ਟਰੈਕਟਰ-ਟਰਾਲੀ ਲਿਆਵੇਗਾ ਤੇ ਮਸਤੂਆਣਾ ਸਾਹਿਬ ਤੋਂ ਉਨਾਂ ਨੂੰ ਬਿਠਾ ਕੇ ਨਾਮਜ਼ਦਗੀ ਪੱਤਰ ਭਰਾਉਣ ਲਈ ਲਿਜਾਵੇਗਾ।

# ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਚਲ ਵਸੇ



**ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਤੇ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ ਇਸ ਦੁਨੀਆਂ ਵਿਚ ਨਹੀਂ ਰਹੇ। ਬੀਤੇ ਸੋਮਵਾਰ ਅੱਧੀ ਰਾਤ ਤਕਰੀਬਨ ਸਵਾ ਬਾਰਾਂ ਵਜੇ ਦਿਲ ਦੀ ਗਤੀ ਰੁਕ ਜਾਣ ਕਾਰਨ ਉਨਾਂ ਦਾ ਦਿਹਾਂਤ ਹੋ ਗਿਆ। ਉਹ 66 ਸਾਲਾਂ ਦੇ ਸਨ ਤੇ ਕੁਝ ਸਾਲ ਪਹਿਲਾਂ ਉਨਾਂ ਨੇ ਗੁਰਦਿਆਂ ਦੀ ਬਿਮਾਰੀ ਕਾਰਨ ਗੁਰਦੇ ਤਬਦੀਲ ਕਰਵਾਏ ਸਨ।

ਪ੍ਰਿੰਸੀਪਲ ਸੁਰਿੰਦਰ ਸਿੰਘ ਸਾਲ 2011 ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ (ਦੋਹਰਾ) ਤੋਂ ਐਸ. ਸੀ. ਕੋਟੇ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਸਨ। ਉਹ 1973 ਤੋਂ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੀਆਂ ਸੇਵਾਵਾਂ 'ਚ ਲੱਗੇ ਹੋਏ ਸਨ। ਉਨਾਂ ਲੰਬਾ ਸਮਾਂ ਨੇਤਰਹੀਣ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਸੇਵਾਵਾਂ ਨਿਭਾਈਆਂ। ਸਾਲ 1995 ਤੋਂ ਉਹ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਵੀ ਚਲੇ ਆ ਰਹੇ ਸਨ। ਉਨਾਂ ਦਾ ਧਰਮ ਪ੍ਰਚਾਰ ਦੇ ਖੇਤਰ ਵਿਚ ਜੀਵਨ ਭਰ ਦਾ ਯੋਗਦਾਨ ਜ਼ਿਕਰਯੋਗ ਰਿਹਾ। ਉਹ ਆਪਣੇ ਪਿੱਛੇ ਧਰਮ ਪਤਨੀ, ਇਕ ਧੀ ਤੇ ਇਕ ਸਪੁੱਤਰ ਛੱਡ ਗਏ ਹਨ।

ਇਸ ਬੇਵਕਤੀ ਮੌਤ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਸਿੱਖ ਮਿਸ਼ਨਰੀ ਕਾਲਜ ਦੇ ਚੇਅਰਮੈਨ ਭਾਈ ਹਰਜੀਤ ਸਿੰਘ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਆਮਦ : ਇਕ ਅਦੁੱਤੀ ਵਰਤਾਰਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



**ਅਜਮੇਰ ਸਿੰਘ**

ਸਿੱਖਾਂ ਵਰਗੇ ਇਕ ਨਿਗੂਣੇ ਘੱਟ ਗਿਣਤੀ ਧਾਰਮਿਕ ਭਾਈਚਾਰੇ ਦੇ ਆਗੂ ਵੱਲੋਂ ਭਾਰਤੀ ਸੰਵਿਧਾਨ ਪ੍ਰਤਿ ਇਸ ਤਰਾਂ ਦਾ ਖੁੱਲਾ ਬਾਗ਼ੀਆਨਾ ਰੁਖ਼ ਅਖ਼ਤਿਆਰ ਕਰ ਲੈਣਾ ਕੋਈ ਮਾਮੂਲੀ ਜਿਹੀ ਗੱਲ ਨਹੀਂ ਸੀ। ਇਸ ਵਾਸਤੇ ਬਹੁਤ ਤਕੜਾ ਆਤਮਕ ਬਲ ਤੇ ਭਰੋਸਾ ਚਾਹੀਦਾ ਸੀ, ਜਿਹੜਾ ਕਿ ਕਿਸੇ ਦੈਵੀ-ਪ੍ਰੇਰਣਾ ਨੂੰ ਆਪਣੇ ਅੰਦਰ ਜਗਾ ਲੈਣ ਤੋਂ ਬਿਨਾਂ ਹਾਸਲ ਨਹੀਂ ਹੋ ਸਕਦਾ। ਭਾਰਤ ਅੰਦਰ ਸਿੱਖ ਕੌਮ (ਵਰਗੀ) ਸਥਿਤੀ ਵਿਚ ਵਿਚਰ ਰਹੇ ਹੋਰ ਕਿਸੇ ਵੀ ਵਰਗ ਅੰਦਰ ਅਜਿਹਾ ਹੌਸਲਾ ਪੈਦਾ ਨਹੀਂ ਹੋਇਆ। ਉੱਤਰ-ਪੂਰਬ ਦੇ ਸੰਘਰਸ਼ਸ਼ੀਲ ਵਰਗਾਂ, ਅਤੇ ਜਾਂ ਕਸ਼ਮੀਰ ਵਾਦੀ ਦੇ ਲੋਕਾਂ ਵੱਲੋਂ ਭਾਰਤੀ ਸੰਵਿਧਾਨ ਨੂੰ ਰੱਦ ਕਰਨ ਦਾ ਮਾਮਲਾ ਅਤੇ ਪ੍ਰਸੰਗ ਬਹੁਤ ਹੀ ਅਲੱਗ ਹੈ, ਜਿਸ ਦੀ ਸਿੱਖਾਂ ਦੇ ਨਾਲ ਤੁਲਨਾ ਕਰਨੀ ਫਬਦੀ ਨਹੀਂ। ਇਨਾਂ ਸਾਰੇ ਵਰਗਾਂ ਦੀ ਬਾਹਰਮੁਖੀ ਤੇ ਅੰਤਰਗਾਮੀ ਸਥਿਤੀ, ਸਿੱਖਾਂ ਨਾਲੋਂ ਬਹੁਤ ਹੀ ਅਲੱਗ ਹੈ। ਇਸ ਬਾਰੇ ਭਰਵੀਂ ਬਹਿਸ ਕੀਤੀ ਜਾ ਸਕਦੀ ਹੈ। ਪਰ ਇਥੇ ਲਿਖਤ ਦਾ ਵਿਸ਼ਾ ਤੇ ਵਹਿਣ ਇਸ ਗੱਲ ਦੀ ਆਗਿਆ ਨਹੀਂ ਦਿੰਦੇ। ਇਸ ਮਾਮਲੇ ਵਿਚ ਫਿਰ ਸੰਤ ਜਰਨੈਲ ਸਿੰਘ ਨੇ 1947 ਤੋਂ ਲੈ ਕੇ ਨਿਰੰਤਰ ਰੂਪ ਵਿਚ ਵਗਦੀ ਆ ਰਹੀ ਧਾਰਾ ਨੂੰ ਉਲਟੇ ਰੁਖ਼ ਭੁੰਆਂ ਦੇਣ ਦੀ ਕਰਾਮਾਤ ਕਰ ਦਿਖਾਈ ਸੀ।

ਖ਼ਾਲਸਾ ਫ਼ੌਜਾਂ ਨੇ ਅੰਗਰੇਜ਼ਾਂ ਨਾਲ ਆਪਣੀ ਆਖ਼ਰੀ ਜੰਗ ਹਾਰ ਜਾਣ ਤੋਂ ਬਾਅਦ ਜਦ 14 ਮਾਰਚ 1849 ਦੇ ਬਦਨਸੀਬ ਦਿਹਾੜੇ ’ਤੇ ਅੰਗਰੇਜ ਫ਼ੌਜ ਦੇ ਜਨਰਲ ਗਿਲਬਰਟ ਦੇ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ ਸਨ ਤਾਂ ਇਸ ਦੇ ਨਾਲ ਹੀ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਿੱਖ ਭਾਈਚਾਰੇ ਨੂੰ ਹਥਿਆਰਬੰਦ ਕਰਨ ਦੀ 240 ਸਾਲ ਪੁਰਾਣੀ ਰੀਤ ਦਾ ਇਕ ਵਾਰ ਅੰਤ ਹੋ ਗਿਆ ਸੀ। ਉਸ ਤੋਂ ਬਾਅਦ ਇਤਿਹਾਸ ਅੰਦਰ ਅੱਡ ਅੱਡ ਮੌਕਿਆਂ ’ਤੇ ਸਿੱਖ ਪੰਥ ਅੰਦਰਲੇ ਕੁੱਝ ਵਰਗਾਂ ਵੱਲੋਂ, ਛੋਟੇ ਪੈਮਾਨੇ ’ਤੇ, ਵੇਲੇ ਦੀ ਰਾਜ ਸ਼ਕਤੀ ਨੂੰ ਹਥਿਆਰਾਂ ਨਾਲ ਚੁਣੌਤੀ ਦੇਣ ਦੀਆਂ ਕੁੱਝ ਟੁੱਟਵੀਆਂ ਇਕਹਿਰੀਆਂ ਕੋਸ਼ਿਸ਼ਾਂ ਜ਼ਰੂਰ ਹੁੰਦੀਆਂ ਰਹੀਆਂ, ਪਰ ਸਿੱਖ ਕੌਮ ਨੇ ਲਗਭਗ ਤਿੰਨ ਪੁਸ਼ਤਾਂ ਤਕ, ਕਦੇ ਵੀ, ਹਥਿਆਰਬੰਦ ਹੋਣ ਦੇ ਆਪਣੇ ਦੈਵੀ ਅਧਿਕਾਰ ਦਾ ਦਾਅਵਾ ਨਹੀਂ ਸੀ ਜਤਾਇਆ। 130 ਸਾਲਾਂ ਦੇ ਲੰਮੇ ਵਕਫ਼ੇ ਬਾਅਦ, ਪਹਿਲੀ ਵਾਰ, ਸੰਤ ਜਰਨੈਲ ਸਿੰਘ ਨੇ ਸਿੱਖ ਕੌਮ ਨੂੰ ਆਪਣੀ ਇਸ ਪਰੰਪਰਾ ਦਾ ਮੁੜ ਚੇਤਾ ਕਰਾਇਆ। ਚੇਤਾ ਕੀ ਕਰਾਇਆ, ਪੰਜਾਬ ਦੀ ਧਰਤੀ ਨੂੰ ਇਕ ਵਾਰ ਤਾਂ ਉਸ ਨੇ ਅਠਾਰਵੀਂ ਸਦੀ ਵਾਲੇ ਖ਼ਾਲਸਈ ਜਲਾਲ ਤੇ ਚੜਤਲ ਦੇ ਰੰਗ ਵਿਚ ਪੂਰੀ ਤਰਾਂ ਨਾਲ ਰੰਗ ਦਿੱਤਾ ਸੀ। ਸੰਤ ਜਰਨੈਲ ਸਿੰਘ ਦੇ ਇਸ ਕਮਾਲ ਨੂੰ ਉਨਾ ਚਿਰ ਠੀਕ ਤਰਾਂ ਨਾਲ ਨਹੀਂ ਜਾਣਿਆ ਜਾ ਸਕਦਾ ਜਿੰਨਾ ਚਿਰ ਇਸ ਨੂੰ 130 ਸਾਲਾਂ ਦੀ ਗ਼ੁਲਾਮੀ ਦੇ ਪਿਛੋਕੜ ਤੇ ਉਸ ਸਮੁੱਚੇ ਮਾਹੌਲ, ਜਿਸ ਵਿਚ ਇਹ ਕਾਇਆ-ਕਲਪ ਹੋਇਆ, ਨਾਲ ਜੋੜ ਕੇ ਨਹੀਂ ਦੇਖਿਆ ਜਾਂਦਾ।



ਗ਼ੁਲਾਮੀ ਦੇ ਵਿਨਾਸ਼ਕਾਰੀ ਅਸਰ ਮਨੁੱਖੀ ਆਤਮਾ ਅਤੇ ਸ਼ਖ਼ਸੀਅਤ ਉੱਤੇ ਗ਼ੁਲਾਮੀ ਦੇ ਵਿਨਾਸ਼ਕਾਰੀ ਪ੍ਰਭਾਵਾਂ ਨੂੰ ਅਮਰੀਕਾ ਦੇ ਅਭਾਗੇ ਕਾਲਿਆਂ ਤੋਂ ਵੱਧ ਹੋਰ ਕੌਣ ਜਾਣ ਸਕਦਾ ਤੇ ਮਹਿਸੂਸ ਕਰ ਸਕਦਾ ਹੈ, ਗ਼ੁਲਾਮੀ ਦੀ ਏਨੀ ਲੰਮੀ ਤੇ ਏਨੀ ਬਦਬਖ਼ਤ ਜੂਨ ਹੋਰ ਕਿਹੜੇ ਵਰਗ ਨੇ ਭੋਗੀ ਹੈ ? ਇਸ ਦੁਖਿਆਰੀ ਕੌਮ ਦੇ ਸਾਰੇ ਦਰਦ ਨੂੰ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਇਸ ਇੱਕੋ ਫ਼ਿਕਰੇ ਵਿਚ ਬੀੜ ਦਿੱਤਾ ਸੀ ਕਿ ‘ਗ਼ੁਲਾਮੀ ਆਤਮਾ ਨੂੰ ਬਦਸ਼ਕਲ ਕਰ ਦਿੰਦੀ ਹੈ ਅਤੇ ਸ਼ਖ਼ਸੀਅਤ ਦਾ ਨਾਸ ਮਾਰ ਦਿੰਦੀ ਹੈ।’ ਭਾਵੇਂ ਸਿੱਖਾਂ ਦੀ ਸਥਿਤੀ ਕਦੇ ਵੀ ਅਮਰੀਕੀ ਕਾਲਿਆਂ ਜਿੰਨੀ ਬਦਤਰ ਨਹੀਂ ਰਹੀ, ਪ੍ਰੰਤੂ ਫਿਰ ਵੀ ਗ਼ੁਲਾਮੀ ਆਖ਼ਰ ਗ਼ੁਲਾਮੀ ਹੀ ਹੁੰਦੀ ਹੈ। 130 ਸਾਲਾਂ ਦੀ ਗ਼ੁਲਾਮੀ ਨੇ ਸਿੱਖਾਂ ਉੱਤੇ ਕਈ ਤਰਾਂ ਦੇ ਮਨੋਵਿਗਿਆਨਕ ਅਸਰ ਪਾ ਦਿੱਤੇ ਹਨ। ਸੰਤ ਜਰਨੈਲ ਸਿੰਘ ਨੇ ਆਪਣੇ ਥੋੜੇ ਜਿਹੇ ਅਨੁਭਵ ਵਿੱਚੋਂ ਹੀ ਇਹ ਗੱਲ ਬੁੱਝ ਲਈ ਸੀ ਕਿ ਸਿੱਖ ਕੌਮ ਦੇ ਵੱਡੇ ਵਰਗਾਂ, ਖ਼ਾਸ ਕਰਕੇ ਇਸਦੇ ਰਾਜਸੀ ਆਗੂਆਂ ਤੇ ਇਸ ਦੀਆਂ ਬੌਧਿਕ ਪਰਤਾਂ ਅੰਦਰ, ਘੱਟਗਿਣਤੀ ਦੀ ਹੀਣ-ਭਾਵਨਾ ਡੂੰਘੀਆਂ ਜੜਾਂ ਫੜ ਗਈ ਹੋਈ ਸੀ। ਹਰਿੰਦਰ ਸਿੰਘ ਮਹਿਬੂਬ ਦੇ ਮੁਹਾਵਰੇ ਵਿਚ ਗੱਲ ਕਰਨੀ ਹੋਵੇ ਤਾਂ ‘ਉਨਾਂ ਦੀ ਅਣਖ ਦੇ ਲਹੂ ਸੁੱਕ ਚੁੱਕੇ ਸਨ।’ ਜਿਸ ਕਰਕੇ ਉਹ ਬਹੁਗਿਣਤੀ ਵਰਗ ਦੀ ਹਰ ਵਧੀਕੀ ਤੇ ਬਦਤਮੀਜ਼ੀ ਨੂੰ ਜਾਂ ਤਾਂ ਬੇਗ਼ੈਰਤਿਆਂ ਵਾਂਗੂੰ ਬਰਦਾਸ਼ਤ ਕਰ ਲੈਂਦੇ ਸਨ, ਅਤੇ ਜਾਂ ਫਿਰ ਮੌਕੇ ’ਤੇ ਸਤਿਆਹੀਣ ਤੇ ਬਾਂਝ ਜਿਹੀ ਬੁੜਬੁੜ ਕਰਕੇ, ਥੋੜੇ ਹੀ ਚਿਰ ਬਾਅਦ ਸਭ ਕੁੱਝ ਭੁੱਲ ਭੁਲਾ ਜਾਂਦੇ ਸਨ। ਸਿੱਖ ਕੌਮ ਦੀ ਇਸ ਸਮੁੱਚੀ ਬਾਹਰਮੁਖੀ ਤੇ ਅੰਤਰਮੁਖੀ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਸੰਤ ਜਰਨੈਲ ਸਿੰਘ, ਆਪਣੇ ਡੂੰਘੇ ਆਤਮਕ ਅਨੁਭਵ ’ਚੋਂ, ਇਸ ਨਿਸਚਿਤ ਨਿਰਣੇ ’ਤੇ ਪਹੁੰਚ ਗਏ ਸਨ ਕਿ ਬਹੁਗਿਣਤੀ ਦੇ ਨਿਰੰਕੁਸ਼ ਰਾਜ ਦੇ ਹੇਠਾਂ ਸਿੱਖਾਂ ਦਾ ਧਰਮ ਤੇਗ਼ ਦੀ ਲਿਸ਼ਕ ਤੋਂ ਬਿਨਾਂ ਜੀਵਤ ਨਹੀਂ ਸੀ ਰਹਿ ਸਕਦਾ। ਉਸ ਨੇ ਪ੍ਰੋ: ਪੂਰਨ ਸਿੰਘ ਦੀਆਂ ਇਹ ਸਤਰਾਂ ਪੜੀਆਂ ਸੀ ਜਾਂ ਨਹੀਂ, ਪਰ ਗੁਰੂ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਨਾਲ ਇਕਸੁਰ ਹੋਈ ਉੱਚੀ ਸੁਰਤਿ ’ਚੋਂ ਉਸ ਨੇ ਇਸ ਸਚਾਈ ਨੂੰ ਚੰਗੀ ਤਰਾਂ ਗ੍ਰਹਿਣ ਕਰ ਲਿਆ ਹੋਇਆ ਸੀ ਕਿ ‘ਉਹੋ ਚੀਜ਼ਾਂ ਹੀ ਜੀਉਂਦਿਆਂ ਰਹਿ ਸਕਦੀਆਂ ਹਨ ਜਿਨਾਂ ਦੀਆਂ ਜੜਾਂ ਡੂੰਘੀਆਂ ਗੱਡੀਆਂ ਹੋਈਆਂ ਹੁੰਦੀਆਂ ਹਨ। ਜਿਨਾਂ ਦੀਆਂ ਜੜਾਂ ਉੱਖੜ ਚੁੱਕੀਆਂ ਹਨ, ਉਹਨਾਂ ਨੂੰ ਜਾਂ ਤਾਂ ਹਵਾਵਾਂ ਉਡਾ ਕੇ ਲੈ ਜਾਣਗੀਆਂ ਜਾਂ ਸੁੱਕੀਆਂ ਜੜਾਂ ਅੱਗ ਵਿਚ ਸੜ ਜਾਣਗੀਆਂ’ ਅਤੇ ਇਹ ਵੀ ਕਿ ‘ਜਿਉਂਦੀਆਂ ਕੌਮਾਂ ਦੀ ਰੱਤ ਇਸਪਾਤ ਹੁੰਦੀ ਹੈ। ਕੇਵਲ ਮੁਰਦਾ ਲੋਕ ਹੀ ਅਹਿੰਸਾ ਦੀਆਂ ਗੱਲਾਂ ਕਰਦੇ ਹਨ, ਕੇਵਲ ਗ਼ੁਲਾਮ ਲੋਕ ਹੀ, ਜਿਹੜੇ ਵਿਚਾਰੇ ਕੁੱਝ ਨਹੀਂ ਕਰ ਸਕਦੇ, ਕਬੂਤਰ ਸਮਾਨ ਬਿੱਲੀ ਨੂੰ ਵੇਖ ਕੇ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ ਤੇ ਇਹ ਸਮਝਦੇ ਹਨ ਕਿ ਖ਼ਤਰਾ ਟਲ ਗਿਆ ਹੈ।’ ਉਸ ਨੇ ਸਿੱਖਾਂ ਨੂੰ ਆਪਣੇ ਅਮਰ ਆਤਮਕ ਸੋਮਿਆਂ ਨਾਲ ਜੋੜ ਦਿੱਤਾ ਅਤੇ ਉਨਾਂ ਦੀ ਚੇਤਨਾ ਨੂੰ ਗੁਰੂ-ਨੇੜਤਾ ਦੇ ਜਜ਼ਬੇ ਨਾਲ ਇਸ ਕਦਰ ਭਖਾ ਦਿੱਤਾ, ਕਿ ਉਨਾਂ ਅੰਦਰ ਇਕ ਸਜੀਵ ਪ੍ਰੇਰਣਾ ਉਛਾਲੇ ਮਾਰਨ ਲੱਗੀ। ਉਸ ਨੇ ਸਿੱਖਾਂ ਦੇ ਮਨਾਂ ਅੰਦਰ ਉੱਗੇ ਸ਼ੰਕਿਆਂ ਤੇ ਸੰਸਿਆਂ ਦੇ ਸਾਰੇ ਝਾੜ ਬੂਟ ਪੁੱਟ ਕੇ ਬਾਹਰ ਵਗਾਹ ਮਾਰੇ, ਉਨਾਂ ਦੇ ਹਿਰਦਿਆਂ ਅੰਦਰ ਜੰਮੀ ਹੀਣ-ਭਾਵਨਾ ਦੀ ਮੈਲ ਨੂੰ ਰਗੜ ਕੇ ਧੋ ਸੁੱਟਿਆ ਅਤੇ ਜ਼ਿਹਨੀ ਗ਼ੁਲਾਮੀ ਦੀਆਂ ਸਾਰੀਆਂ ਅਲਾਮਤਾਂ ਦਾ ਇਕ ਵਾਰ ਤਾਂ ਸਫ਼ਾਇਆ ਕਰ ਦਿੱਤਾ। ਇਸ ਤਰਾਂ ਉਸਨੇ ਦਿਨਾਂ ਦੇ ਅੰਦਰ ਹੀ ਸਿੱਖ ਕੌਮ ਨੂੰ ਬੀਰ-ਭਾਵੀ ਚੜਦੀ ਕਲਾ ਦੀ ਭਰਪੂਰ ਅਵਸਥਾ ਵਿਚ ਪਹੁੰਚਾ ਦਿੱਤਾ। ਹਰ ਨਾਮ-ਰੱਤਾ ਸਿੱਖ ਇਕ ਸੈਨਾ ਦਾ ਰੂਪ ਧਾਰਨ ਕਰ ਗਿਆ। ਉਹ ਬੀਰ-ਪੁਰਸ਼ ਬਣ ਗਿਆ। ਇਸ ਤਰਾਂ, ਉਸ ਨੇ ਪ੍ਰੋ: ਪੂਰਨ ਸਿੰਘ ਦੀ ਕਹੀ ਹੋਈ ਇਹ ਗੱਲ ਅਜੋਕੀਆਂ ਹਾਲਤਾਂ ਅੰਦਰ ਮੁੜ ਸੱਚ ਕਰ ਕੇ ਦਿਖਾ ਦਿਤੀ ਕਿ ‘ਸਿੱਖ ਤਾਂ ਗੁਰੂ ਅਤੇ ਵਾਹਿਗੁਰੂ ਦੀ ਖ਼ਾਤਰ ਲੜਨ ਲਈ ਬਣਿਆ ਹੈ।’ ਸਿੱਖਾਂ ਦੀ ਆਤਮਕ ਚੇਤਨਾ ਨੂੰ ਉੱਚਾ ਉਠਾ ਕੇ ਹੀ ਇਹ ਕ੍ਰਿਸ਼ਮਾ ਸੰਭਵ ਹੋ ਸਕਿਆ। ਇਹ ਤੱਥ ਨਹੀਂ ਭੁੱਲਣਾ ਚਾਹੀਦਾ ਕਿ ਉਸ ਨੇ ਇਹ ਕਲਾ ਅਜੋਕੇ ਘੋਰ ਪਦਾਰਥਵਾਦ ਦੇ ਉਸ ਯੁਗ ਵਿਚ ਵਰਤਾਈ ਜਦੋਂ ਰੂਹਾਨੀ ਕਦਰਾਂ-ਕੀਮਤਾਂ ਨੂੰ ਵਿਆਪਕ ਪੱਧਰ ਉੱਤੇ ਖੋਰਾ ਲੱਗ ਚੁੱਕਾ ਹੈ ਅਤੇ ਮਾਦੀ ਤ੍ਰਿਸ਼ਨਾਵਾਂ ਦਾ ਕੋਈ ਹੱਦ ਬੰਨਾ ਨਹੀਂ ਰਿਹਾ।

ਇਤਰਾਜ਼ ਉੱਠ ਸਕਦਾ ਹੈ ਕਿ ਸੰਤ ਜਰਨੈਲ ਸਿੰਘ ਦੀਆਂ ਇਹ ਸੱਭੇ ਪ੍ਰਾਪਤੀਆਂ ਇਕ ਵਕਤੀ ਝਲਕਾਰਾ ਸਨ, ਜੋ ਇਤਿਹਾਸ ਅੰਦਰ ਆਪਣਾ ਕੋਈ ਵੀ ਚਿਰ-ਸਥਾਈ ਪ੍ਰਭਾਵ ਜਾਂ ਨਿਸ਼ਾਨ ਨਹੀਂ ਛੱਡ ਸਕੀਆਂ। ਥੋੜੇ ਹੀ ਸਾਲਾਂ ਬਾਅਦ ਸਥਿਤੀ ਫਿਰ ਜੈਸੀ ਦੀ ਤੈਸੀ ਜਾਂ ਉਸ ਨਾਲੋਂ ਵੀ ਬਦਤਰ ਬਣ ਗਈ ਹੈ। ਅਜਿਹਾ ਨਿਰਣਾ ਬਣਾਉਣ ਲੱਗਿਆਂ ਦੋ ਤੱਥਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾਣਾ ਚਾਹੀਦਾ। ਇਕ ਤਾਂ ਇਹ, ਕਿ ਸੰਤ ਜਰਨੈਲ ਸਿੰਘ ਨੂੰ ਕੌਮ ਦੀ ਤਾਸੀਰ ਤੇ ਤਕਦੀਰ ਬਦਲਣ ਲਈ ਬਹੁਤ ਹੀ ਥੋੜਾ ਸਮਾਂ ਮਿਲਿਆ। ਉਸ ਦੇ ਸਰਗਰਮ ਇਨਕਲਾਬੀ ਜੀਵਨ ਦੀ ਅਉਧ ਬੜੀ ਛੋਟੀ ਸੀ। ਉਸ ਨੂੰ ਸਰਗਰਮ ਰਾਜਸੀ ਭੂਮਿਕਾ ਨਿਭਾਉਣ ਲਈ ਮੁਸ਼ਕਲ ਦੇ ਨਾਲ ਤਿੰਨ ਕੁ ਸਾਲ ਹੀ ਮਿਲੇ। 130 ਸਾਲਾਂ ਤੋਂ ਅਰੁਕ ਵਗਦੇ ਆ ਰਹੇ ਵਹਿਣ ਨੂੰ ਇੰਨੇ ਥੋੜੇ ਚਿਰ ਵਿਚ ਕਿੰਨਾ ਕੁ ਪੱਕਾ ਬੰਨ ਮਾਰਿਆ ਜਾ ਸਕਦਾ ਸੀ ? ਇਹ ਡੂੰਘਾ ਸੋਚਣ ਵਾਲਾ ਸਵਾਲ ਹੈ। ਦੂਜੀ ਗੱਲ, ਕੁਦਰਤ ਦੇ ਕਈ ਨਿਯਮ ਸਮਾਜੀ ਵਰਤਾਰਿਆਂ ਉੱਤੇ ਵੀ ਬਰਾਬਰ ਢੁਕਦੇ ਹਨ। ਕੋਈ ਅਥਲੀਟ (ਖਿਡਾਰੀ), ਕਿੰਨਾ ਵੀ ਕਲਾਧਾਰੀ ਕਿਉਂ ਨਾ ਹੋਵੇ, ਉਹ ਜਿੰਨੀ ਚਾਹੇ ਓਨੀ ਉੱਚੀ ਛਾਲ ਨਹੀਂ ਮਾਰ ਸਕਦਾ, ਜਾਂ ਜਿੰਨਾ ਚਾਹੇ ਓਨਾ ਤੇਜ਼ ਨਹੀਂ ਦੌੜ ਸਕਦਾ। ਧਰਤੀ ਦੀ ਖਿੱਚ ਦਾ ਨਿਯਮ ਉਸ ਦੀ ਛਾਲ ਤੇ ਰਫ਼ਤਾਰ ਦੀ ਸੀਮਾ ਮਿਥਦਾ ਹੈ, ਜਿਸ ਨੂੰ ਉਹ ਕਿਸੇ ਵੀ ਸੂਰਤ ਉਲੰਘ ਨਹੀਂ ਸਕਦਾ। ਇਵੇਂ ਹੀ, ਕੋਈ ਵੀ ਆਗੂ, ਉਹ ਕਿੰਨਾ ਵੀ ਸਮਰੱਥ ਕਿਉਂ ਨਾ ਹੋਵੇ, ਸਮਾਜ ਅਤੇ ਵਿਅਕਤੀਆਂ ਨੂੰ ਇਕ ਹੱਦ ਤਕ ਹੀ ਬਦਲ ਸਕਦਾ ਹੈ, ਪੂਰਨਤਾ ਦੀ ਹੱਕ ਤਕ ਨਹੀਂ। ਇਸ ਗੱਲ ਨੂੰ ਬਹੁਤ ਸਾਰੇ ਤੱਥ ਰਲ ਕੇ ਪ੍ਰਭਾਵਤ ਕਰਦੇ ਹਨ। ਚੀਜ਼ਾਂ, ਨਿਰਜਿੰਦ ਹੋਣ ਜਾਂ ਸਜੀਵ, ਹਮੇਸ਼ਾ ਆਪਣੀ ਪਹਿਲੀ ਅਵਸਥਾ ਵੱਲ ਮੁੜਨ ਦੀ ਅਟੱਲ ਰੁਚੀ ਪ੍ਰਗਟਾਉਂਦੀਆਂ ਹਨ, ਕੁਦਰਤੀ ਵਿਗਿਆਨ ਅੰਦਰ ਜਿਸ ਨੂੰ ‘ਸਥਿਲਤਾ ਜਾਂ ਦਲਿੱਦਰਤਾ ਦੇ ਸਿਧਾਂਤ’ ਦਾ ਨਾਉਂ ਦਿੱਤਾ ਗਿਆ ਹੈ। ਕਿਸੇ ਆਦਰਸ਼ ਦੀ ਪ੍ਰੇਰਣਾ ਮਨੁੱਖੀ ਜੀਵਾਂ ਉੱਤੇ ਇਕ ਖ਼ਾਸ ਸਮੇਂ ਤਕ, ਅਤੇ ਇਕ ਖ਼ਾਸ ਮਾਤਰਾ ਵਿਚ ਹੀ ਆਪਣਾ ਅਸਰ ਪ੍ਰਗਟਾ ਸਕਦੀ ਹੈ। ਸਰਾਦਾਰ ਜਗਜੀਤ ਸਿੰਘ ਜੀ ਦਾ ਇਹ ਸਿਧਾਂਤਕ ਕਥਨ ਸੌ ਫ਼ੀ ਸਦੀ ਸੱਚਾ ਹੈ, ਕਿ ਜਿਵੇਂ ਸਮੁੰਦਰ ਦੀ ਹਰ ਲਹਿਰ ਦਾ ਕੰਢੇ ’ਤੇ ਜਾ ਕੇ ਦਮ ਤੋੜ ਜਾਣਾ ਨਿਸਚਿਤ ਹੁੰਦਾ ਹੈ, ਜਿਸ ਤਰਾਂ ਹਰ ਤੂਫ਼ਾਨ ਨੇ ਇਕ ਮੌਕੇ ’ਤੇ ਜਾ ਕੇ ਲਾਜ਼ਮੀ ਸ਼ਾਂਤ ਹੋ ਜਾਣਾ ਹੁੰਦਾ ਹੈ, ਜਿਵੇਂ ਰਬੜ ਦੀ ਖਿੱਚ ਕੇ ਰੱਖੀ ਹੋਈ ਡੋਰੀ ਨੇ ਛੱਡਣ ਉਪਰੰਤ ਪੂਰੇ ਜ਼ੋਰ ਨਾਲ ਆਪਣੀ ਪਹਿਲੀ ਪੋਜ਼ੀਸ਼ਨ ਵਿਚ ਪਰਤ ਜਾਣਾ ਹੁੰਦਾ ਹੈ, ਇਵੇਂ ਹੀ ਹਰ ਸਮਾਜੀ ਉਥਲ-ਪੁਥਲ ਤੋਂ ਬਾਅਦ ਕੁੱਝ ਹੱਦ ਤਕ ਪੁੱਠਾ ਅਮਲ ਗਿੜਨਾ ਲਗਭਗ ਨਿਸਚਿਤ ਹੁੰਦਾ ਹੈ। ਉਲਟ-ਇਨਕਲਾਬ ਹਮੇਸ਼ਾ ਹੀ ਇਨਕਲਾਬ ਦਾ ਪਰਛਾਵੇਂ ਵਾਂਗ ਪਿੱਛਾ ਕਰ ਰਿਹਾ ਹੁੰਦਾ ਹੈ।’ ਜੇਕਰ ਅਜੋਕੇ ਰਾਜਸੀ ਯਥਾਰਥ ਦੀ ਭਾਸ਼ਾ ਵਿਚ ਗੱਲ ਕਰਨੀ ਹੋਵੇ, ਤਾਂ ਕੋਈ ‘ਬਾਦਲ’ ਹਮੇਸ਼ਾ ਹੀ ਕਿਸੇ ‘ਭਿੰਡਰਾਂਵਾਲੇ’ ਦੀਆਂ ਅੱਡੀਆਂ ਦਬਦਾ ਆ ਰਿਹਾ ਹੁੰਦਾ ਹੈ। ਇਸ ਨੂੰ ਕੁਦਰਤ ਤੇ ਸਮਾਜ ਦਾ ਅਟੱਲ ਨਿਯਮ ਹੀ ਮੰਨ ਲੈਣਾ ਚਾਹੀਦਾ ਹੈ। ਪਰ ਨਾਲ ਹੀ ਇਹ ਸਚਾਈ ਵੀ ਨਹੀਂ ਭੁੱਲਣੀ ਚਾਹੀਦੀ ਕਿ ‘ਵਿਅਕਤੀ ਹੋਣ ਜਾਂ ਸੰਸਥਾਵਾਂ, ਉਹ ਇਨਕਲਾਬ ਦੇ ਸੇਕ ਤੋਂ ਪੂਰੀ ਤਰਾਂ ਸੁੱਕੇ ਨਹੀਂ ਬਚੇ ਰਹਿੰਦੇ।’ ਹਰ ਇਨਕਲਾਬੀ ਲਹਿਰ ਵਿਅਕਤੀਆਂ ਤੇ ਸਥਿਤੀਆਂ ਅੰਦਰ ਕੁੱਝ ਨਾ ਕੁੱਝ ਸਥਾਈ ਬਦਲਾਉ ਜ਼ਰੂਰ ਲਿਆਉਂਦੀ ਹੈ। ਜੋ ਮਰਜ਼ੀ ਹੋ ਜਾਵੇ, ਸਿੱਖ ਕੌਮ ਦੀ ਜੋ ਸਥਿਤੀ, ਅੰਤਰਮੁਖੀ ਵੀ ਅਤੇ ਬਾਹਰਮੁਖੀ ਵੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਪਹਿਲਾਂ ਸੀ, ਉਹ ਹੂ-ਬ-ਹੂ ਉਵੇਂ ਨਹੀਂ ਬਣੀ ਰਹਿ ਸਕਦੀ। ਇਹ ਗੱਲ ਵੀ ਪੱਕੀ ਹੈ ਕਿ ਭਵਿੱਖ ਅੰਦਰ ਜਦੋਂ ਵੀ ਕਦੇ ਸਿੱਖ ਕੌਮ ਉੱਤੇ ਵੱਡੀਆਂ ਭੀੜਾਂ ਆਣ ਪੈਣਗੀਆਂ ਤਾਂ ਸਿੱਖਾਂ ਦੇ ਮਨਾਂ ਅੰਦਰ ਆਪਣੇ ਇਸ ਅਦੁੱਤੀ ‘ਜਰਨੈਲ’ ਪ੍ਰਤਿ ਆਪ-ਮੁਹਾਰੇ ਪਿਆਰ ਦੇ ਚਸ਼ਮੇ ਵਗ ਤੁਰਨਗੇ। ਉਸ ਵੇਲੇ ਕੌਮ ਇਕੱਠੀ ਹੋ ਕੇ ‘ਭਿੰਡਰਾਂਵਾਲੇ’ ਨੂੰ ਆਵਾਜ਼ਾਂ ਮਾਰੇਗੀ। ਆਮੀਨ ..!

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਸਿੱਖ ਸੰਘਰਸ਼ ਨਾਲ ਜੁੜੇ ਲੋਕਾਂ ਦੀ ਦਾਸਤਾਨ : ਖਾੜਕੂ ਸੰਘਰਸ਼ ਦੀ ਸਾਖੀ

## ਜੂਨ 84 ਸਮੇਂ ਬਿਤਾਈ ਗਈ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਦਰ ਇਕ ਰਾਤ



**ਸਰਬਜੀਤ ਸਿੰਘ ਨਿਊਯਾਰਕ**

ਸ਼ਨੀਵਾਰ ਸ਼ਾਮ ਨੂੰ ਸਰਦਾਰ ਜਸਬੀਰ ਸਿੰਘ ਨਿਊਜਰਸੀ ਨੇ ਮੈਨੂੰ ਗੁਰਦੁਆਰਾ ਸਿੱਖ ਸੈਂਟਰ ਸਾਹਿਬ ਨਿਊਯਾਰਕ ਵਿਚ ਮਿਲਕੇ ਭਾਈ ਦਲਜੀਤ ਸਿੰਘ ਜੀ ਵੱਲੋਂ ਲਿਖੀ ਗਈ ਕਿਤਾਬ 'ਖਾੜਕੂ ਸੰਘਰਸ਼ ਦੀ ਸਾਖੀ' ਕਿਤਾਬ ਪੜਨ ਲਈ ਬਹੁਤ ਹੀ ਪ੍ਰੇਮ ਸਹਿਤ ਭੇਟ ਕੀਤੀ। ਮੈਂ ਵੀ ਸਵੇਰ ਤੋਂ ਹੀ ਇਸ ਕਿਤਾਬ ਦੀ ਉਡੀਕ ਵਿੱਚ ਸਾਂ ਅਤੇ ਮੈਂ ਜਦ ਘਰ ਵਾਪਿਸ ਮੁੜਿਆ ਤਾਂ ਆਉਂਦੇ ਸਾਰ ਹੀ ਮੈਂ ਇਸ ਕਿਤਾਬ ਨੂੰ ਪੜਨਾ ਸ਼ੁਰੂ ਕਰ ਦਿੱਤਾ ਤੇ ਕਿਤਾਬ ਪੜਦਾ ਪੜਦਾ ਅੱਗੇ ਇਸ ਕਿਤਾਬ ਦੇ ਵਰਕੇ ਫਰੋਲਦਾ ਹੋਇਆ ਉਸ ਕਿਤਾਬ ਵਿੱਚ ਏਨਾ ਖ਼ੁਬ ਗਿਆ ਕਿ ਮੈਨੂੰ ਸਵੇਰ ਹੋਣ 'ਤੇ ਹੀ ਪਤਾ ਲੱਗਾ ਕਿ ਰਾਤ ਖਤਮ ਹੋ ਚੁੱਕੀ ਹੈ ਅਤੇ ਉਸਦਾ ਵੱਡਾ ਕਾਰਨ ਇਹ ਵੀ ਸੀ ਕਿ ਜਿਸ ਆਦਮੀ ਨੂੰ ਕਿਤਾਬਾਂ ਪੜਨ ਦਾ ਸ਼ੌਕ ਹੋਵੇ ਤੇ ਉਸਨੂੰ ਉਸਦੇ ਮਨਪਸੰਦ ਵਿਸ਼ੇ ਨਾਲ ਸੰਬੰਧਤ ਕਿਤਾਬ ਮਿਲ ਜਾਵੇ। ਫਿਰ ਆਦਮੀ ਉਸ ਕਿਤਾਬ ਦੇ ਸਾਰੇ ਪਾਤਰਾਂ ਨਾਲ ਅੰਦਰੂਨੀ ਸਾਂਝ ਪੈਦਾ ਕਰਦੇ ਹੋਏ ਖੁਦ ਉਨਾਂ ਨਾਲ ਗੱਲਾਂ ਕਰਦਾ ਤੇ ਉਨਾਂ ਦੀਆਂ ਗੱਲਾਂ ਨੂੰ ਬਹੁਤ ਨਜ਼ਦੀਕ ਤੋਂ ਸਮਝਦਾ ਹੈ।

ਇਸ ਕਿਤਾਬ ਵਿੱਚ ਜਿੱਥੇ ਭਾਈ ਦਲਜੀਤ ਸਿੰਘ ਨੇ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਮ੍ਰਿਤਸਰ ਅੰਦਰ ਜੂਨ 84 ਵਿੱਚ ਜਦ ਭਾਰਤ ਸਰਕਾਰ ਵਲੋਂ ਸਿੱਖਾਂ ਦੇ ਪਵਿੱਤਰ ਗੁਰਦੁਆਰਾ ਸਾਹਿਬਾਨਾਂ ਤੇ ਹਮਲੇ ਕਰਨ ਤੋਂ ਬਾਅਦ ਸਿੱਖ ਸ਼ਰਧਾਲੂਆਂ ਦੇ ਗੁਰਦੁਆਰਾ ਸਾਹਿਬਾਨਾਂ ਦੇ ਅੰਦਰ ਆਉਣ ਤੱਕ ਤੇ ਨਾਕੇ ਲਾ ਕੇ ਹੋਰ ਕਈ ਤਰਾਂ ਨਾਲ ਅਨੇਕਾਂ ਪਾਬੰਦੀਆਂ ਲਗਾ ਦਿੱਤੀਆਂ ਹੋਈਆਂ ਸਨ। ਉਸ ਦੌਰ ਅੰਦਰ ਭਾਈ ਸਾਹਿਬ ਤੇ ਉਨਾਂ ਦੇ ਇਕ ਸਾਥੀ ਵਲੋਂ ਜੂਨ 84 ਸਮੇਂ ਬਿਤਾਈ ਗਈ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਦਰ ਇਕ ਰਾਤ ਤੇ ਇਕ ਸਿੱਖ ਬੀਬੀ ਵਲੋਂ ਗੁਰੂਘਰ ਅੰਦਰ ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਕੀਤੇ ਗਏ ਪਾਠ ਦੀ ਅਵਾਜ਼ ਦੇ ਬੋਲਾਂ ਨੇ ਭਾਈ ਸਾਹਿਬ ਦੀ ਜ਼ਿੰਦਗੀ ਨੂੰ ਬਦਲਕੇ ਹੀ ਰੱਖ ਦਿੱਤਾ, ਤੇ ਉਹ ਸ਼ਬਦਾਂ ਦੇ ਬੋਲ ਉਨਾਂ ਦੇ ਕੰਨਾਂ ਵਿੱਚ ਸਾਰੇ ਸੰਘਰਸ਼ ਦੇ ਖ਼ਤਰਨਾਕ ਦੌਰ ਵਿੱਚ ਵੀ ਗੂੰਜਦੇ ਰਹੇ ਤੇ ਉਨਾਂ ਨੂੰ ਦੁਨਿਆਵੀ ਖਤਰਿਆਂ ਤੋਂ ਬੇਪ੍ਰਵਾਹ ਕਰਦੇ ਰਹੇ। ਇਹ ਗੱਲ ਉਸ ਸਮੇਂ ਦੇ ਹਾਲਾਤ ਨੂੰ ਬਿਆਨ ਕਰਦੀ ਹੈ ਜੋ ਕਿ ਉਸ ਸਮੇਂ ਬਹੁ-ਗਿਣਤੀ ਸਿੱਖਾਂ ਦੇ ਸਨ ਚਾਹੇ ਕੁਝ ਭਗੌੜੇ ਹੋਏ ਸ਼ਹੀਦ ਹੋਏ, ਚਾਹੇ ਬਚ ਗਏ, ਜਿੱਥੇ ਭਾਈ ਸਾਹਿਬ ਨੇ ਇਸ ਕਿਤਾਬ ਵਿੱਚ ਖਾੜਕੂ ਯੋਧਿਆਂ ਦੇ ਉੱਚੇ ਜੀਵਨ ਦੇ ਇਖਲਾਕ ਦਾ ਬਾਖ਼ੂਬ ਜ਼ਿਕਰ ਕੀਤਾ ਹੈ। ਉੱਥੇ ਖਾੜਕੂ ਸਿੰਘਾਂ ਨੂੰ ਪਨਾਹ ਦੇਣ ਵਾਲੇ ਤੇ ਕੁਝ ਉਹ ਬੇ-ਪਛਾਣ ਯੋਧਿਆਂ ਦਾ ਕਈ ਥਾਂ ਖਾਸ ਤੌਰ 'ਤੇ ਇਸ ਕਿਤਾਬ ਵਿੱਚ ਜ਼ਿਕਰ ਕੀਤਾ ਗਿਆ ਹੈ ਜੋ ਕਿ ਸਿੱਖ ਕੌਮ ਤੇ ਖਾਲਸਾ ਪੰਥ ਦੀ ਖਾਤਰ ਜਾਮੇ ਸ਼ਹਾਦਤ ਪੀ ਗਏ ਤੇ ਨਾਲ ਹੀ ਉਨਾਂ ਲੋਕਾਂ




ਦੇ ਵੀ ਕਿੰਨੇ ਉੱਚੇ ਸੱਚੇ ਸੁੱਚੇ ਜੀਵਨ ਤੇ ਕਿਰਦਾਰ ਸਨ ਬਾਰੇ ਦੱਸਿਆ ਗਿਆ ਹੈ ਜੋ ਕਿ ਖਾੜਕੂਆਂ ਨੂੰ ਪਨਾਹ ਦੇਂਦੇ ਸਨ। ਖਾਸਕਰ ਉਸ ਚਿੱਟੀ ਲੰਬੀ ਦਾਹੜੇ ਵਾਲੇ ਬਜ਼ੁਰਗ ਬਾਰੇ ਜਿਸ ਦੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਨਾਲ ਹੀ ਇਕ ਕਿਤਾਬਾਂ ਦੀ ਲਾਇਬ੍ਰੇਰੀ ਵੀ ਸੀ, ਜਿਸ ਵਿੱਚੋਂ ਸਿੰਘਾਂ ਨੇ ਕਾਫ਼ੀ ਕਿਤਾਬਾਂ ਪੜਕੇ ਹੋਰ ਵਡਮੁੱਲਾ ਗਿਆਨ ਨੂੰ ਪ੍ਰਾਪਤ ਕੀਤਾ। ਇਸ ਬਜ਼ੁਰਗ ਸਿੱਖ ਦਾ ਚਿਹਰਾ ਮੈਂ ਇਸ ਲੇਖ ਨੂੰ ਲਿਖਣ ਸਮੇਂ ਵੀ ਆਪਣੇ ਦਿਮਾਗ਼ ਵਿਚ ਚਿੱਤਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਉਹ ਦੇਖਣ ਵਿਚ ਕਿਸ ਤਰਾਂ ਦੇ ਹੋਣਗੇ ਜਦ ਕਿ ਉਹ ਭਾਵੇਂ ਹੁਣ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਹਨ, ਇਸ ਤਰਾਂ ਦੇ ਸਿੰਘ ਸਨ।

ਖਾੜਕੂ ਸਿੰਘਾਂ ਨੂੰ ਪਨਾਹ ਦੇਣ ਵਾਲੇ ਜਿਨਾਂ ਵਿੱਚੋਂ ਕਈ ਪਰਿਵਾਰਾਂ ਨੂੰ ਸਰਕਾਰੀ ਜ਼ੁਲਮ ਦਾ ਸ਼ਿਕਾਰ ਵੀ ਹੋਣਾ ਪਿਆ, ਪਰ ਉਨਾਂ ਕਦੇ ਮੱਥੇ ਵੱਟ ਨਹੀਂ ਪਾਏ ਜਿਸ ਵਿੱਚ ਇਕ ਵੱਡੀ ਪਨਾਹ ਦੇ ਮਾਲਿਕ ਭਲਵਾਨ ਦਾ ਜ਼ਿਕਰ ਖਾਸ ਤੌਰ 'ਤੇ ਪੜਨ ਵਾਲਾ ਹੈ, ਉੱਥੇ ਨਾਲ ਹੀ ਉਸ ਗੁਰੀਲਾ ਯੁੱਧ ਦੇ ਦੌਰ ਵਿੱਚ ਸਿੱਖ ਬੀਬੀਆਂ ਦੀਆਂ ਪੁਲਿਸ ਥਾਣਿਆਂ ਵਿੱਚ ਕੀਤੀਆਂ ਜਾਂਦੀਆਂ ਬੇਪਤੀਆਂ ਹਿਰਦੇ ਨੂੰ ਝੰਜੋੜ ਕੇ ਵੀ ਰੱਖ ਦਿੰਦੀਆਂ ਹਨ ਤੇ ਉਸ ਸਮੇਂ ਵਿੱਚ ਇਹ ਇਕ ਉਹ ਸਮਾਂ ਸੀ ਜਦ ਸਿੱਖ ਖਾੜਕੂਆਂ ਨੂੰ ਪੰਜਾਬ ਦੇ ਆਮ ਲੋਕ ਜਿਨਾਂ ਵਿੱਚੋਂ ਤਾਂ ਕਈ ਸਿੱਖ ਪਰਿਵਾਰਾਂ ਨਾਲ ਸੰਬੰਧਤ ਵੀ ਨਹੀਂ ਸਨ। ਹਿੰਦੂ ਜਾਂ ਪ੍ਰਦੇਸੀ ਭਈਏ ਸਨ, ਇਹ ਉਹ ਪੰਜਾਬ ਹਿੰਦੂ ਸਨ ਜੋ ਖਾੜਕੂਆਂ ਨੂੰ ਗੁਰੂ ਦੇ ਸੱਚੇ ਸਿੱਖ ਮੰਨਦੇ ਹੋਏ ਉਨਾਂ ਦਾ ਸਾਥ ਤੇ ਪਨਾਹ ਦੇਣ ਦੇ ਨਾਲ ਆਪਣੇ ਜਾਤੀ ਸਾਧਨ ਵੀ ਦੇਂਦੇ ਰਹੇ। ਇਕ ਵੱਖਰੀ ਕਹਾਣੀ ਜੋ ਕਿ ਪਹਿਲੀ ਵਾਰ ਸੁਣਨ ਤੇ ਪੜਨ ਨੂੰ ਮਿਲੀ ਤੇ ਉਨਾਂ ਵਿੱਚੋਂ ਕਈ ਉਹ ਪਰਿਵਾਰ ਬਾਅਦ ਵਿੱਚ ਕੈਨੇਡਾ ਵਿੱਚ ਚਲੇ ਗਏ ਜਿਨਾਂ ਬਾਰੇ ਹੁਣ ਕੁਝ ਪਤਾ ਨਹੀਂ ਪਰ ਮੇਰੀ ਜਾਤੀ ਸੋਚ ਹੈ ਕਿ ਅਗਰ ਉਹ ਪਰਿਵਾਰ ਕੈਨੇਡਾ ਵਿੱਚੋਂ ਹੁਣ ਲੱਭ ਜਾਣ ਤਾਂ ਉਨਾਂ ਦਾ ਕੈਨੇਡਾ ਦੇ ਸਿੱਖਾਂ ਵੱਲੋਂ ਸਨਮਾਨ ਜ਼ਰੂਰ ਕਰਨਾ ਚਾਹੀਦਾ ਹੈ, ਤਾਕਿ ਸਿੱਖ ਖਾੜਕੂਆਂ ਦੀ ਵਿਰੋਧਤਾ ਕਰਨ ਵਾਲੇ ਪੰਜਾਬੀ ਹਿੰਦੂਆਂ ਨੂੰ ਇਹ ਪਤਾ ਲੱਗ ਸਕੇ ਕਿ ਸੱਚੇ ਪੰਜਾਬੀ ਹਿੰਦੂਆਂ ਨੇ ਵੀ ਇਸ ਸੰਘਰਸ਼ ਵਿੱਚ ਕਿੰਨਾ ਯੋਗਦਾਨ ਪਾਇਆ ਸੀ। ਜਿਨਾਂ ਵਿੱਚ ਇਕ ਹਿੰਦੂ ਡਾਕਟਰ ਪਰਿਵਾਰ ਦਾ ਪ੍ਰਮੁੱਖ ਸ਼ਲਾਘਾਯੋਗ ਰੋਲ ਹੈ। ਹਿੰਦੂ ਪਰਿਵਾਰ ਤੇ ਕੁਝ ਸੱਚੇ ਕਾਮਰੇਡ ਅਤੇ ਖਾਸਕਰ ਭਲਵਾਨ ਪਰਿਵਾਰ ਤੇ ਭਲਵਾਨਾਂ ਦੇ ਅਖਾੜਿਆਂ ਬਾਰੇ ਇਸ ਕਿਤਾਬ ਵਿੱਚ ਕਈ ਥਾਂ ਜ਼ਿਕਰ ਹੈ। ਕਿਸ ਤਰਾਂ ਉਹ ਖਾੜਕੂ ਸਿੰਘਾਂ ਦੀ ਮਦਦ ਕਰਦੇ ਸਨ।

ਇਸ ਕਿਤਾਬ ਨੂੰ ਹੋਰ ਅੰਤ ਤੱਕ ਪੜਨ ਲਈ ਖਿੱਚ ਪੈਦਾ ਕਰਦਾ ਹੈ ਤੇ ਜਦ ਭਲਵਾਨਾਂ ਤੇ ਉਨਾਂ ਦੇ ਅਖਾੜਿਆਂ ਦਾ ਕਈ ਵਾਰ ਜ਼ਿਕਰ ਇਸ ਕਿਤਾਬ ਵਿੱਚ ਆਇਆ ਤੇ ਭਲਵਾਨਾਂ ਦਾ ਸਾਫ਼ ਦਿਲ ਤੇ ਉਨਾਂ ਦੀ ਭਰੋਸੇਯੋਗਤਾ ਦੀ ਤਾਰੀਫ਼ ਹੋਈ ਤਾਂ ਇਸ ਗੱਲ ਨੇ ਮੇਰੇ ਦਿਲ ਨੂੰ ਅੰਦਰੋਂ ਇਕ ਵੱਖਰੀ ਹੀ ਖੁਸ਼ੀ ਦਿੱਤੀ, ਕਿਉਂਕਿ ਮੇਰਾ ਪਰਿਵਾਰ ਭਲਵਾਨਾਂ ਦਾ ਪਰਿਵਾਰ ਹੈ ਤੇ ਅਖਾੜਿਆਂ ਦਾ ਸੰਬੰਧ ਭਲਵਾਨਾਂ ਦੀ ਰੂਹ ਨਾਲ ਹੁੰਦਾ ਹੈ ਤੇ ਮੈਂ ਵੀ ਉਸ ਮਿੱਟੀ ਵਿੱਚ ਲਿਤਾੜੇ ਮਾਰੇ ਤੇ ਜ਼ੋਰ ਕਰਨ ਤੋਂ ਬਾਅਦ ਪੂਰੀ ਤਰਾਂ ਥੱਕ ਕੇ ਉਸ ਮਿੱਟੀ ਉੱਤੇ ਸੌਣਾ ਏਵੇਂ ਮਹਿਸੂਸ ਕੀਤਾ ਹੋਇਆ ਹੈ ਕਿ ਜਿਸ ਤਰਾਂ ਬੇਪ੍ਰਵਾਹ ਹੋ ਕੇ ਬੱਚਾ ਮਾਂ ਦੀ ਗੋਦ ਦਾ ਆਨੰਦ ਮਾਣਦਾ ਹੈ। ਜ਼ਿੰਦਗੀ ਦੇ ਇਹ ਉਹ ਪਲ ਹੁੰਦੇ ਹਨ ਜੋ ਕਿ ਆਦਮੀ ਸਾਰੀ ਜ਼ਿੰਦਗੀ ਕਦੇ ਭੁੱਲਾ ਨਹੀਂ ਸਕਦਾ ਤੇ ਮੇਰਾ ਵੱਡਾ ਮੁੰਡਾ ਹੁਣ ਵੀ ਨਿਊਯਾਰਕ ਆਪਣੇ ਸਕੂਲ ਦੀ ਟੀਮ ਵੱਲੋਂ ਬਹੁਤ ਵਧੀਆ ਘੁੱਲਦਾ ਹੈ ਤੇ ਵਧੀਆ ਭਲਵਾਨ ਬਨਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਸਾਡੇ ਪਰਿਵਾਰ ਦੇ ਜੱਦੀ ਪੁਸ਼ਤੀ ਸ਼ੌਕ ਨੂੰ ਕਾਇਮ ਰੱਖਦੇ ਹੋਏ ਹੋਰ ਅੱਗੇ ਵੱਲ ਨੂੰ ਵੱਧ ਰਿਹਾ ਹੈ। **ਬਾਕੀ ਸਫ਼ਾ 31 'ਤੇ**

## ਖਾੜਕੂ ਸੰਘਰਸ਼ ਉੱਤੇ ਬਰੀਕੀ ਨਾਲ ਚਾਨਣਾ ਪਾਉਂਦੀ ਕਿਤਾਬ : ਖਾੜਕੂ ਸੰਘਰਸ਼ ਦੀ ਸਾਖੀ



**ਗੁਰਪ੍ਰੀਤ ਸਿੰਘ ਸਹੋਤਾ, ਸਰੀ**

ਸੰਘਰਸ਼ ਦੌਰਾਨ ਸਾਡੇ 'ਚੋਂ ਹੀ ਖਾੜਕੂ ਸਨ, ਉਨਾਂ ਦੇ ਸਿੱਧੇ-ਅਸਿੱਧੇ ਹਮਾਇਤੀ ਸਨ, ਉਨਾਂ ਨੂੰ ਠਾਹਰ ਦੇਣ ਵਾਲੇ ਸਿਰੜੀ ਲੋਕ ਸਨ। ਸਾਡੇ ਵਿੱਚੋਂ ਹੀ ਕੈਟ ਸਨ, ਮਾੜੇ-ਚੰਗੇ ਪੁਲਸੀਏ ਸਨ। ਸਿਰੇ ਦੇ ਨਾਲ ਖੜਨ ਵਾਲੇ ਲੋਕ ਸਨ ਤੇ ਸਿਰੇ ਦੇ ਲਾਲਚੀ-ਭਗੌੜੇ ਲੋਕ ਵੀ ਸਨ। ਇਨਾਂ ਭੂਮਿਕਾਵਾਂ ਵਿੱਚ ਸਿੱਖ-ਹਿੰਦੂ ਤੇ ਮੁਸਲਮਾਨ ਕਿਤੇ ਚੰਗੀ ਤੇ ਕਿਤੇ ਮਾੜੀ ਭੂਮਿਕਾ 'ਚ ਫਿੱਟ ਹੋ ਜਾਂਦੇ ਸਨ। ਕਿਸੇ ਦੀ ਵੀ ਭੂਮਿਕਾ ਹਾਲਾਤ ਮੁਤਾਬਕ ਬਦਲ ਜਾਂਦੀ ਸੀ। ਹਾਲਾਤ ਪੁਲਿਸ ਵਾਲੇ ਨੂੰ ਖਾੜਕੂ ਜਾਂ ਹਮਾਇਤੀ ਵੀ ਬਣਾ ਦਿੰਦੇ ਸਨ ਤੇ ਖਾੜਕੂ ਨੂੰ ਆਪਣੇ ਨਾਲਦੇ ਮਰਵਾਉਣ ਵਾਲਾ ਵੀ।

1978 ਤੋਂ ਸ਼ੁਰੂ ਹੋਇਆ ਮੌਜੂਦਾ ਸਿੱਖ ਸੰਘਰਸ਼ ਸੂਰਬੀਰਤਾ ਭਰੇ ਸਿਦਕ ਅਤੇ ਸਟੇਟ ਵੱਲੋਂ ਕਬਜ਼ੇ ਲਈ ਜ਼ੁਲਮ ਦੀ ਜੰਗ ਹੈ, ਜੋ ਵੱਖ-ਵੱਖ ਰੂਪਾਂ 'ਚ ਜਾਰੀ ਹੈ।

ਭਾਈ ਦਲਜੀਤ ਸਿੰਘ ਬਿੱਟੂ ਦੀ ਇਹ ਕਿਤਾਬ ਜਿੱਥੇ ਅਰਦਾਸ, ਸਿਦਕ, ਸੂਰਬੀਰਤਾ ਦੀਆਂ ਬੇਮਿਸਾਲ ਸਾਖੀਆਂ ਪੇਸ਼ ਕਰਦੀ ਹੈ, ਉੱਥੇ ਕਿਤੇ ਨਾ ਕਿਤੇ ਪੰਥ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਕਈ ਥਾਈਂ ਨਾਲ ਖੜਨ ਵਾਲੇ ਨਹੀਂ ਡੋਲੇ ਪਰ ਅੱਗੇ ਤੁਰਨ ਵਾਲੇ ਸਿਦਕ ਨਾ ਦਿਖਾ ਸਕੇ। ਨਾਲ ਹੀ ਕਿਤੇ ਨਾ ਕਿਤੇ ਇਹ ਸੁਨੇਹਾ ਦਿੰਦੀ ਹੈ ਕਿ ਜ਼ੁਲਮ ਕਰਨ ਵਾਲੇ ਪੁਲਸੀਆਂ, ਕੈਟਾਂ-ਮੁਖ਼ਬਰਾਂ ਦਾ ਪੱਖ ਵੀ ਰਿਕਾਰਡ ਕੀਤਾ ਜਾਵੇ, ਉਮਰ ਦੇ ਆਖ਼ਰੀ ਪੜਾਅ 'ਚ ਬਹੁਤੇ ਦੱਸ ਦੇਣਗੇ ਕਿ ਸਟੇਟ ਦੇ ਕੰਮ-ਕਾਜ ਦਾ ਤਰੀਕਾ ਕੀ ਸੀ, ਹਾਲਾਂਕਿ ਇਹ ਕਿਤਾਬ ਬਹੁਤ ਹੱਦ ਤੱਕ ਤਾਂ ਪੁਲਸੀਆਂ ਤੇ ਕੈਟਾਂ ਮੂੰਹੋਂ ਇਹ ਤਰੀਕਾ ਬਿਆਨ ਕਰ ਹੀ ਦਿੰਦੀ ਹੈ, ਬਹੁਤ ਹੀ ਸੂਖਮਤਾ ਨਾਲ।

ਪੰਜਾਬ ਨਾਲ ਪਿਆਰ ਕਰਨ ਵਾਲੇ ਹਰ ਸ਼ਖ਼ਸ ਲਈ ਉਸ ਸਮੇਂ ਅਤੇ ਸੰਘਰਸ਼ ਨੂੰ ਬਾਰੀਕੀ ਨਾਲ ਸਮਝਣ ਵਾਸਤੇ ਇਹ ਕਿਤਾਬ ਪੜਨੀ ਲਾਜ਼ਮੀ ਹੈ। ਇਸ ਕੋਣ ਤੋਂ ਕੋਈ ਜਰਨੈਲ ਹੀ ਲਿਖ ਸਕਦਾ ਸੀ।

ਇਸਦੀਆਂ ਅਗਲੀਆਂ ਕਿਸ਼ਤਾਂ ਹੋਰ ਬਹੁਤ ਕੁਝ ਬਿਆਨ ਕਰਨਗੀਆਂ।

## ਭਾਈ ਦਲਜੀਤ ਸਿੰਘ ਦੀ ਅਹਿਮ ਪੁਸਤਕ ਖਾੜਕੂ ਸੰਘਰਸ਼ ਦੀ ਸਾਖੀ

ਮਿੱਤਰ ਨੇ ਇੱਛਾ ਦੱਸੀ- ਤੂੰ ਇਸ ਕਿਤਾਬ ਬਾਰੇ ਲਿਖ।

ਦੂਜਾ ਕਹਿੰਦਾ- ਦੇਖਲਾ, ਆਪਣੇ ਲੋਕ ਛੋਟੇ ਬਹੁਤ ਨੇ, ਤੇਰੇ 'ਤੇ ਖਾਲਿਸਤਾਨੀ ਹੋਣ ਦਾ ਠੱਪਾ ਲਾ ਦੇਣਗੇ।

ਗੱਲ ਸਹੀ ਲੱਗੀ। ਅਸੀਂ ਠੱਪੇ ਬਹੁਤ ਲਾਉਂਦੇ ਹਾਂ। ਧਿਰ ਬਣਕੇ ਸੋਚਦੇ ਹਾਂ। ਸਾਡੀ ਧਿਰ ਉੱਤਮ, ਦੂਜੀ ਨਖਿੱਧ। ਦੂਜੀ ਧਿਰ ਦੇ ਵਿਰੋਧ 'ਚ ਲਿਖਿਆ ਸਾਨੂੰ ਸੱਚ ਲੱਗਦਾ ਹੈ, ਹੱਕ ਵਿਚ ਲਿਖਿਆ ਝੂਠ। ਅਸੀਂ ਦੂਜੇ ਨੂੰ ਵਿਚਾਰਦੇ ਨਹੀਂ, ਨਕਾਰਦੇ ਹਾਂ। ਦੂਜਾ ਵਿਚਾਰੇ ਜਾਣ ਦਾ ਹੱਕ ਰੱਖਦਾ ਹੈ।

ਦਲਜੀਤ ਸਿੰਘ ਵੀ ਆਪਣੀ ਧਿਰ ਵਿਚੋਂ ਪੁਲਸ ਧਿਰ ਵਿਚ ਰਲ ਗਏ ਬੰਦਿਆਂ ਨੂੰ ਸਿਰਫ਼ 'ਕੈਟ' ਕਹਿ ਗੱਲ ਨਿਬੇੜਨ ਦੀ ਥਾਂ, ਹਮਦਰਦੀ ਨਾਲ ਵਿਚਾਰਨ ਦੀ ਗੱਲ ਕਰਦਾ, ਲਿਖਦਾ ਹੈ-ਸਾਨੂੰ ਇਸ ਪਹਿਲੂ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ ਕਿ ਕਿਵੇਂ ਹਥਿਆਰਬੰਦ ਲਹਿਰ ਦੇ ਚੜਾਅ ਨਾਲ ਕਈ ਨੌਜਵਾਨ ਉਮਰ ਕਰਕੇ ਅਤੇ ਆਲੇ-ਦੁਆਲੇ ਕਰਕੇ ਉਹਦੇ ਵੱਲ ਖਿੱਚੇ ਗਏ। ਜਦ ਸੰਘਰਸ਼ ਦਾ ਪਾਸਾ ਪਲਟਿਆ ਤਾਂ ਇਹ ਨੌਜਵਾਨ ਲਹਿਰ ਦੇ ਕਿਨਾਰੇ ਨਾਲ ਟਕਰਾਉਣ ਵਾਂਗ ਹਾਲਾਤ ਵੱਸ ਕਿੱਥੇ-ਕਿੱਥੇ ਜਾ ਡਿੱਗੇ।

ਕਿਤਾਬ ਦੀਆਂ ਦੋ ਸੁਰਾਂ ਨੇ। ਪ੍ਰਮੁੱਖ ਸੁਰ ਹੈ- ਮੁੰਡਿਆਂ ਦੀ ਸਹਾਇਤਾ ਕਰਨ ਵਾਲੇ ਲੋਕ। ਇਹ ਹਰ ਵਰਗ ਵਿਚੋਂ ਨੇ। ਬੀਬੀਆਂ ਦੀ ਬਰਾਬਰ ਦੀ ਸ਼ਮੂਲੀਅਤ ਹੈ। ਇਨਾਂ ਲੋਕਾਂ ਲਈ ਦਲਜੀਤ ਸਿੰਘ ਹੋਰੀਂ ਗੁਰੂ ਦੇ ਸਿੰਘ ਨੇ, ਬਾਗੀ ਨੇ ਅਤੇ ਇਹ ਨਰ ਬੰਦੇ ਉਨਾਂ ਨੂੰ ਪਸੰਦ ਨੇ। ਇਨਾਂ ਦੀ ਸੇਵਾ/ਸਹਾਇਤਾ ਕਰਨ ਨੂੰ ਉਨਾਂ ਦਾ ਜੀਅ ਕਰਦਾ ਹੈ। ਬੱਸ। ਉਹ ਚੰਗੇ ਨੇ, ਮਾੜੇ ਨੇ ਇਹ ਉਹ ਆਪ ਸੋਚਣ। ਬਾਬੇ ਪਿਆਰਾ ਸਿੰਘ ਨੂੰ ਨਕਸਲੀ ਵੀ ਓਨੇ ਪਿਆਰੇ ਨੇ ਜਿੰਨੇ ਸਿੰਘ। ਜਿੱਥੇ ਸਿੰਘਾਂ ਵਿਚੋਂ ਕਈ ਪੁਲਸ ਤਸ਼ੱਦਦ 'ਚ ਢੇਰੀ ਢਾਹ ਗਏ ਤੇ ਸਿੰਘ/ਲੋਕ ਫੜਾ ਦਿੱਤੇ ਓਥੇ ਲੋਕ ਸਿਦਕੀ ਨਿਕਲੇ, ਡੋਲੇ ਨਹੀਂ। ਬਾਬੇ ਮੋਤੀ ਮਹਿਰੇ ਦੇ ਵਾਰਿਸ ਹੋ ਨਿਬੜੇ। ਕਈ ਦੂਜੀ ਧਿਰ ਦੇ ਹੋ ਕੇ ਵੀ ਸਾਥ ਦਿੰਦੇ ਨੇ, ਕਈਆਂ ਦੇ ਨਿਰਛਲ/ਨਿਰਲੇਪ ਹੋਣ 'ਤੇ ਹੈਰਾਨੀ ਹੁੰਦੀ ਹੈ। ਤਸ਼ੱਦਦ ਬਾਅਦ ਸਿੰਘਾਂ ਵਲੋਂ ਨਿਰਦਈ ਨੂੰ ਸੋਧਣ ਬਾਰੇ ਪੁਛਣ 'ਤੇ, ਬਜ਼ੁਰਗ ਭਲਵਾਨ ਆਖਦਾ ਹੈ- ਨਹੀਂ, ਨਹੀਂ ਮਿੱਟੀ ਪਾਓ ਗੱਲ 'ਤੇ, ਉਹ ਵੀ ਆਪਣੇ 'ਚੋਂ ਹੀ ਨੇ, ਇਨਾਂ ਪਿੰਡਾਂ ਦੇ ਹੀ ਪੁੱਤ ਨੇ। ਸਾਰੇ ਇਕੋ ਜਿਹੀ ਸਮਝ ਨਹੀਂ ਰੱਖਦੇ ਹੁੰਦੇ, ਉਨਾਂ 'ਤੇ ਰੱਬ ਭਲੀ ਕਰੇਗਾ।

ਗਰੀਬ ਸ਼ੰਭੂ ਲਈ ਬੈਂਕ ਲੁਟਣ ਵਾਲੇ ਬਾਗੀ ਨੇ। ਇਸੇ ਲਈ ਪੂਜਨੀਕ ਨੇ। ਉਹ ਉਨਾਂ ਲਈ ਹਰ ਜ਼ੁਲਮ ਸਹਿਣ ਤਿਆਰ ਹੈ। ਰਵੀ ਵਰਗਾ ਐਬੀ ਸਿੰਘਾਂ ਬਾਰੇ ਗਲਤ ਬੋਲਣ 'ਤੇ ਅਫ਼ਸਰਾਂ ਨਾਲ ਭਿੜ ਜਾਂਦਾ ਹੈ। ਵੈਲੀ ਸਿੰਘਾਂ ਨੂੰ ਠਾਹਰ ਦਿੰਦੇ ਨੇ। ਗੈਰ-ਸਿੱਖ ਸਾਥ ਦਿੰਦੇ ਨੇ। ਅਮੀਰ ਵੀ।

ਦਲਜੀਤ ਸਿੰਘ ਅਜਿਹੇ ਲੋਕਾਂ ਬਾਰੇ ਲਿਖਦਾ ਹੈ- ਉਨਾਂ ਦਾ ਸਾਡੇ ਨਾਲ ਰਿਸ਼ਤਾ ਸਿਰਫ਼ ਇਨਸਾਨੀਅਤ, ਵਿਰਸੇ ਤੇ ਸਿੱਖੀ ਦਾ ਸੀ।

ਗੁਲਾਮੀ ਜਾਂ ਗੁਰਬਤ ਦੇ ਮਾਰੇ ਹੋਏ ਬੰਦਿਆਂ ਨੂੰ ਹਕੂਮਤ ਦੀ ਹੇਠੀ ਜਾਂ ਹਾਰ ਚੰਗੀ ਲੱਗਣੀ ਹੁੰਦੀ ਹੈ। ਸਥਾਪਤ ਪ੍ਰਬੰਧ ਨੂੰ ਢਾਹੁਣ ਵਾਲੇ ਵੀ ਉਨਾਂ ਨੂੰ ਚੰਗੇ ਲੱਗਦੇ ਨੇ। ਕੁਝ ਪੁਲਿਸ ਵਾਲੇ ਸਿੰਘਾਂ/ਲੋਕਾਂ ਨਾਲ ਲੁਕਵੀਂ ਹਮਦਰਦੀ ਰੱਖਦੇ ਸੀ, ਬਹੁਤੇ ਨਿਰਦਈ ਵੀ ਸੀ। ਆਤਮ ਚਿੰਤਨ ਕਰਦਾ ਪੁਲਿਸ ਅਫ਼ਸਰ ਦਲਜੀਤ ਸਿੰਘ ਨੂੰ ਆਖਦਾ ਹੈ-ਅਸੀਂ ਵੀ ਤੁਹਾਡੇ ਵਰਗੇ ਲੋਕ ਸਾਂ ਪਰ ਨੌਕਰੀ ਨੇ ਸਾਨੂੰ ਕਿਵੇਂ-ਕਿਵੇਂ ਅੰਦਰੋਂ ਖ਼ਤਮ ਕਰ ਦਿੱਤਾ। ਹੁਣ ਲੱਗਦਾ ਹੈ ਸਾਡੇ ਨਾਲ ਵੀ ਜ਼ੁਲਮ ਹੋਇਆ ਜਾਂ ਅਸੀਂ ਆਪਣੇ ਆਪ 'ਤੇ ਜ਼ੁਲਮ ਕੀਤਾ ਹੈ।

ਕਿਤਾਬ ਦੀ ਦੂਜੀ ਸੁਰ ਹੈ- ਦਲਜੀਤ ਸਿੰਘ ਦੇ ਖੁਦ ਦੇ ਵਿਚਾਰ। ਇਹ ਬਹੁਤ ਘੱਟ ਪ੍ਰਗਟ ਹੋਏ ਨੇ ਪਰ ਗੌਲਣਯੋਗ ਨੇ।

ਮੇਰੇ ਲਈ ਕਿਤਾਬ ਪੜਨ ਦੇ ਕੁਝ ਪੈਮਾਨੇ ਹੁੰਦੇ ਨੇ -ਪਹਿਲਾ-ਕੀ ਕਿਤਾਬ ਆਪਣੇ ਵਿਸ਼ੇ ਨਾਲ ਇਨਸਾਫ਼ ਕਰਦੀ ਹੈ। ਦੂਜਾ- ਲੇਖਕ ਧਿਰ ਤਾਂ ਨਹੀਂ ਬਣਦਾ। ਧਿਰ ਵਾਲੇ ਮਸਲੇ 'ਤੇ ਬਹੁਤੇ ਪੰਜਾਬੀ ਥਿੜਕ ਜਾਂਦੇ ਨੇ। ਇਸ ਪੱਖੋਂ ਦਲਜੀਤ ਸਿੰਘ ਸਫ਼ਲ ਰਹਿੰਦਾ ਹੈ। ਉਹ ਸਿੰਘਾਂ ਵਲੋਂ ਅਚੇਤ/ਸੁਚੇਤ ਕੀਤੇ/ਹੋਏ ਆਮ ਲੋਕਾਂ ਦੇ ਕਤਲਾਂ ਦੀ ਗੱਲ ਕਬੂਲਦਾ ਹੈ, ਕਮੀਆਂ ਵੀ। ਦੂਜੀਆਂ ਧਿਰਾਂ ਬਾਰੇ ਠਰੰਮੇ ਨਾਲ ਗੱਲ ਕਰਦਾ ਹੈ। **ਬਾਕੀ ਸਫ਼ਾ 31 'ਤੇ**

# ਆਪ ਸਰਕਾਰ ਵਿਜੀਲੈਂਸ ਜਾਂਚਾਂ ਰਾਹੀਂ ਕਾਂਗਰਸੀਆਂ ਤੇ ਬਾਦਲਕਿਆਂ ਦਾ ਸ਼ਿਕੰਜਾ ਕਸਣ ਲੱਗੀ

## ✪ ਮਗਰਲੀਆਂ ਸਰਕਾਰਾਂ ਦੇ ਅੱਧੀ ਦਰਜਨ ਤੋਂ ਵੱਧ ਘਪਲੇ ਜਾਂਚ ਅਧੀਨ ✪ ਨਾਜਾਇਜ਼ ਮਾਈਨਿੰਗ ਦੀ ਹੋ ਰਹੀ ਜਾਂਚ ਦੇ ਘੇਰੇ ਵਿਚ ਕੁਝ ਅਕਾਲੀ ਆਗੂ ਤੇ ਬਹੁਤ ਸਾਰੇ ਕਾਂਗਰਸ ਵਿਧਾਇਕ ਵੀ ਫਸਣਗੇ

ਮਗਰਲੀਆਂ ਸਰਕਾਰਾਂ ਦੌਰਾਨ ਹੋਈਆਂ ਘਪਲੇਬਾਜ਼ੀਆਂ ਦੀ ਜਾਂਚ ਕਰਵਾਉਣ ਸੰਬੰਧੀ ਭਗਵੰਤ ਮਾਨ ਸਰਕਾਰ ਦੇ ਸਖ਼ਤ ਰੁਖ਼ ਦੇ ਹੁੰਦਿਆਂ ਵਿਜੀਲੈਂਸ ਬਿਊਰੋ ਨੇ ਅੱਧੀ ਦਰਜਨ ਤੋਂ ਵੱਧ ਮਾਮਲਿਆਂ ਵਿਚ ਜਾਂਚ ਪ੍ਰਕਿਰਿਆ ਨੇ ਰਫ਼ਤਾਰ ਫੜ ਲਈ ਹੈ । ਤਿੰਨ ਸਾਬਕਾ ਕਾਂਗਰਸੀ ਮੰਤਰੀਆਂ ਸਾਧੂ ਸਿੰਘ ਧਰਮਸੋਤ, ਭਾਰਤ ਭੂਸ਼ਨ ਆਸ਼ੂ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸੰਬੰਧੀ ਚੱਲ ਰਹੀਆਂ ਜਾਂਚਾਂ ਤੋਂ ਇਲਾਵਾ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਤੇ ਬਲਬੀਰ ਸਿੰਘ ਸਿੱਧੂ ਅਤੇ ਸੂਬੇ ਵਿਚ ਵੱਡੇ ਪੱਧਰ 'ਤੇ ਹੋਈ ਰੇਤ ਬਜਰੀ ਦੀ ਤਸਕਰੀ, ਸਿੰਜਾਈ ਘਪਲੇ ਤੇ ਚਰਨਜੀਤ ਸਿੰਘ ਚੰਨੀ ਸਰਕਾਰ ਦੌਰਾਨ ਬੱਸਾਂ ਦੀ ਹੋਈ ਖ਼ਰੀਦ ਦੇ ਮਾਮਲਿਆਂ ਸੰਬੰਧੀ ਵੀ ਜਾਂਚ ਕਰ ਰਹੀਆਂ ਹਨ ਪਰ ਜਿਸ ਤਰਾਂ ਜਾਂਚਾਂ ਦਾ ਘੇਰਾ ਵਧਦਾ ਜਾ ਰਿਹਾ ਹੈ, ਉਸ ਕਾਰਨ ਵਿਜੀਲੈਂਸ ਵਲੋਂ ਹੋਰ ਵਾਧੂ ਅਧਿਕਾਰੀਆਂ ਦੀ ਤਾਇਨਾਤੀ ਲਈ ਵੀ ਮੰਗ ਉਠਾਈ ਜਾ ਰਹੀ ਹੈ, ਕਿਉਂਕਿ ਰਾਜ ਸਰਕਾਰ ਵਲੋਂ ਜਾਰੀ ਸ਼ਿਕਾਇਤ ਨੰਬਰ ਦੀਆਂ ਸ਼ਿਕਾਇਤਾਂ ਵੀ ਬਿਊਰੋ ਕੋਲ ਆ ਰਹੀਆਂ ਹਨ, ਜਿਨਾਂ ਦੀ ਗਿਣਤੀ ਕਾਫ਼ੀ ਹੈ । ਸੂਚਨਾ ਅਨੁਸਾਰ ਸਰਕਾਰ ਵਲੋਂ ਬੀਤੇ ਦਿਨਾਂ ਦੌਰਾਨ ਜਿਨਾਂ ਅਧਿਕਾਰੀਆਂ ਦੀਆਂ ਵਿਜੀਲੈਂਸ ਬਿਊਰੋ ਵਿਚ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਨਾਂ ਕੋਲੋਂ ਪਹਿਲਾਂ ਇਹ ਪੁੱਛਿਆ ਗਿਆ ਹੈ ਕਿ, ਕੀ ਉਹ ਬਿਨਾਂ ਡਰ ਤੇ ਦਬਾਅ ਇਮਾਨਦਾਰੀ ਨਾਲ ਕੰਮ ਕਰ ਸਕਦੇ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਬਿਊਰੋ ਭਾਵੇਂ ਫ਼ਿਲਹਾਲ ਇਹ ਜਾਂਚਾਂ ਸਿਆਸੀ ਪੱਧਰ 'ਤੇ ਹੋਈਆਂ ਘਪਲੇਬਾਜ਼ੀਆਂ ਲਈ ਕਰ ਰਿਹਾ ਹੈ ਪਰ ਉਕਤ ਮਾਮਲਿਆਂ ਨਾਲ ਜੁੜੇ ਵੱਡੀ ਗਿਣਤੀ ਵਿਚ ਸੀਨੀਅਰ ਤੇ ਜੂਨੀਅਰ ਅਧਿਕਾਰੀਆਂ ਵਿਚ ਵੀ ਹਫੜਾ-ਦਫੜੀ ਫੈਲੀ ਹੋਈ ਹੈ, ਜਿਸ ਦਾ ਅਸਰ ਸਰਕਾਰੀ ਕੰਮਕਾਜ 'ਤੇ ਵੀ ਪੈ ਸਕਦਾ ਹੈ। ਕਿਉਂਕਿ ਸਾਬਕਾ ਸਨਅਤ ਮੰਤਰੀ ਵਿਰੁੱਧ ਜਿਸ ਸ਼ਕਤੀ ਅਦਾਰੇ ਨੂੰ ਵੇਚਣ ਸੰਬੰਧੀ ਜੋ ਜਾਂਚ ਚੱਲ ਰਹੀ ਹੈ ਉਸ ਵਿਚ ਕੁਝ ਸੀਨੀਅਰ ਅਧਿਕਾਰੀਆਂ ਦੀ ਵੀ ਅਹਿਮ ਭੂਮਿਕਾ ਹੈ। ਕੋਵਿਡ ਦੌਰਾਨ ਹੋਈਆਂ ਵੱਡੀ ਪੱਧਰ 'ਤੇ ਖ਼ਰੀਦਾਂ ਜਿਨਾਂ ਸੰਬੰਧੀ ਦੋਸ਼ ਹਨ ਕਿ ਉਹ ਖ਼ਰੀਦਾਂ ਮਾਰਕੀਟ ਕੀਮਤਾਂ ਤੋਂ ਕਈ ਗੁਣਾਂ ਮੁੱਲ 'ਤੇ ਹੋਈਆਂ ਪਰ ਇਨਾਂ ਖ਼ਰੀਦਾਂ ਸੰਬੰਧੀ ਵੀ ਕੁਝ ਉੱਚ ਅਧਿਕਾਰੀਆਂ ਦੀ ਅਹਿਮ ਭੂਮਿਕਾ ਸਾਹਮਣੇ ਆ ਰਹੀ ਹੈ ਅਤੇ ਕਈ ਮਾਮਲਿਆਂ ਨਾਲ ਮੁੱਖ ਮੰਤਰੀ ਸਕੱਤਰੇਤ ਦਾ ਵੀ ਸੰਬੰਧ ਹੈ। ਕਈ ਮਾਮਲਿਆਂ ਵਿਚ ਤਾਂ ਬਿਊਰੋ ਨੂੰ ਸਾਬਕਾ ਮੁੱਖ ਸਕੱਤਰ ਪੱਧਰ ਦੇ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਕਰਨੀ ਪੈ ਸਕਦੀ ਹੈ। ਇਸੇ ਤਰਾਂ ਨਾਜਾਇਜ਼ ਮਾਈਨਿੰਗ ਦੀ ਹੋ ਰਹੀ ਜਾਂਚ ਦੇ ਘੇਰੇ ਵਿਚ ਕੁਝ ਅਕਾਲੀ ਆਗੂ ਤੇ ਬਹੁਤ ਸਾਰੇ ਕਾਂਗਰਸ ਵਿਧਾਇਕ ਵੀ ਆ ਸਕਦੇ ਹਨ। ਭਗਵੰਤ ਮਾਨ ਸਰਕਾਰ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਬਿਜਲੀ ਸਮਝੌਤਿਆਂ ਸੰਬੰਧੀ ਵੀ ਆਪਣੇ ਚੋਣ ਵਾਅਦਿਆਂ ਅਨੁਸਾਰ ਜਾਂਚ ਕਰਨਾ ਚਾਹੁੰਦੀ ਹੈ ਪਰ ਉਸ ਲਈ ਸਮੱਸਿਆ ਇਹ ਹੈ ਕਿ ਉਨਾਂ ਵਲੋਂ ਨਿਯੁਕਤ ਕੁਝ ਅਹਿਮ ਅਧਿਕਾਰੀ ਵੀ ਇਸ ਜਾਂਚ ਦੇ ਘੇਰੇ ਵਿਚ ਆਉਂਦੇ ਹਨ, ਜਿਸ ਕਾਰਨ ਸਰਕਾਰ ਇਸ ਮੁੱਦੇ 'ਤੇ ਫ਼ਿਲਹਾਲ ਖ਼ਾਮੋਸ਼ ਹੈ।

**ਸੋਚ ਆਪੋ ਆਪਣੀ**

ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਦੋ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਸਿਹਤ ਮੰਤਰੀ ਰਹੇ ਵਿਜੇ ਸਿੰਗਲਾ ਹਾਈ ਕੋਰਟ ਦੀ ਸ਼ਰਨ ਵਿਚ ਪਹੁੰਚੇ ਹਨ ਤੇ ਉਨਾਂ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ। ਆਸ਼ੂ 'ਤੇ 2000 ਕਰੋੜ ਰੁਪਏ ਦੇ ਟੈਂਡਰਾਂ ਵਿਚ ਕਥਿਤ ਘੁਟਾਲੇ ਦੇ ਦੋਸ਼ ਲੱਗੇ ਹਨ। ਇਕ ਠੇਕੇਦਾਰ ਯੂਨੀਅਨ ਦੇ ਦੋਸ਼ ਤੋਂ ਬਾਅਦ ਵਿਜੀਲੈਂਸ ਨੇ ਇਸ ਦੀ ਜਾਂਚ ਐੱਸਐੱਸਪੀ ਪੱਧਰ ਦੇ ਅਧਿਕਾਰੀ ਨੂੰ ਸੌਂਪੀ ਹੈ। ਕਿਹਾ ਜਾ ਰਿਹਾ ਹੈ ਕਿ ਜੇਕਰ ਜਾਂਚ ਸਹੀ ਪਾਈ ਜਾਂਦੀ ਹੈ ਤਾਂ ਆਸ਼ੂ ਨੂੰ ਵਿਜੀਲੈਂਸ ਗ੍ਰਿਫ਼ਤਾਰ ਵੀ ਕਰ ਸਕਦੀ ਹੈ।



ਸਾਬਕਾ ਖ਼ੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦਾਇਰ ਪਟੀਸ਼ਨ ਵਿਚ ਆਪਣੇ ਉੱਪਰ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ ਹੈ। ਉਨਾਂ ਕਿਹਾ ਕਿ ਸਾਬਕਾ ਮੰਤਰੀਆਂ ਨੂੰ ਸਾਜਿਸ਼ ਦੇ ਤਹਿਤ ਭ੍ਰਿਸ਼ਟਾਚਾਰ ਦੇ ਝੂਠੇ ਮਾਮਲਿਆਂ ਵਿਚ ਫਸਾਇਆ ਜਾ ਰਿਹਾ ਹੈ।

'ਆਪ' ਸਰਕਾਰ ਵਿਚ ਸਿਹਤ ਮੰਤਰੀ ਰਹੇ ਡਾ. ਵਿਜੇ ਸਿੰਗਲਾ ਨੂੰ ਕਰੋੜਾਂ ਰੁਪਏ ਦੇ ਟੈਂਡਰ ਵਿਚ ਇਕ ਫ਼ੀਸਦੀ ਕਮਿਸ਼ਨ ਲੈਣ ਦੇ ਦੋਸ਼ ਵਿਚ 24 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਲ ਹੀ ਵਿਚ ਉਨਾਂ ਨੇ ਮੁਹਾਲੀ ਦੀ ਟਰਾਇਲ ਕੋਰਟ ਵਿਚ ਆਪਣੀ ਰੈਗੂਲਰ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸਨੂੰ ਕੋਰਟ ਨੇ ਖ਼ਾਰਿਜ ਕਰ ਦਿੱਤਾ ਸੀ। ਹੁਣ ਡਾ. ਵਿਜੇ ਸਿੰਗਲਾ ਨੇ ਰੈਗੂਲਰ ਜ਼ਮਾਨਤ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ।

ਆਪ ਸਰਕਾਰ ਦੇ ਕਸੇ ਸ਼ਿਕੰਜੇ ਕਾਰਨ ਕਾਂਗਰਸ ਦੀਆਂ ਮੁਸੀਬਤਾਂ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ ਹਨ। ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲ ਉਠਾਉਣ ਵਾਲੀ ਕਾਂਗਰਸ ਆਪਣੇ ਸਾਬਕਾ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫਸਾਏ ਜਾਣ ਤੋਂ ਬਾਅਦ ਬੈਕਫੁੱਟ 'ਤੇ ਆ ਗਈ ਹੈ।

ਹੁਣੇ ਜਿਹੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿਚ ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ ਧਰਨਾ ਦਿੱਤਾ। ਹਾਈ-ਪ੍ਰੋਫਾਈਲ ਡਰਾਮੇ ਤੋਂ ਬਾਅਦ ਭਾਵੇਂ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਉਹ ਕਾਨੂੰਨ ਵਿਵਸਥਾ ਨੂੰ ਲੈ ਕੇ ਮੁੱਖ ਮੰਤਰੀ ਨੂੰ ਮਿਲਣਾ ਚਾਹੁੰਦੇ ਹਨ ਪਰ ਜਿਸ ਤਰਾਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਜਵਾਬੀ ਕਾਰਵਾਈ ਕੀਤੀ, ਉਸ ਨਾਲ ਕਾਂਗਰਸ ਭ੍ਰਿਸ਼ਟਾਚਾਰੀਆਂ ਦਾ ਸਾਥ ਦੇਣ ਲਈ ਮਜਬੂਰ ਹੋ ਗਈ। ਕਾਂਗਰਸ ਪਹਿਲਾਂ ਹੀ ਸਮੱਸਿਆਵਾਂ ਨਾਲ ਜੂਝ ਰਹੀ ਹੈ। ਚਾਰ ਸਾਬਕਾ ਮੰਤਰੀ ਉਸ ਨੂੰ ਕਾਂਗਰਸ ਛੱਡ ਗਏ। ਉਸ ਤੋਂ ਬਾਅਦ ਵਿਜੀਲੈਂਸ ਨੇ ਕਾਂਗਰਸ ਦੇ ਦੋ ਸਾਬਕਾ ਮੰਤਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਸੀ।

ਕਾਂਗਰਸ ਇਸ ਗੱਲ ਤੋਂ ਵੀ ਚਿੰਤਤ ਹੈ ਕਿ ਸਰਕਾਰ ਕੁਝ ਹੋਰ ਸਾਬਕਾ ਮੰਤਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਦਰਜ ਕਰ ਸਕਦੀ ਹੈ।

ਇਸ ਦੇ ਨਾਲ ਹੀ ਕਾਂਗਰਸ ਦੀ ਸਮੱਸਿਆ ਇਸ ਗੱਲ ਨੂੰ ਲੈ ਕੇ ਵੀ ਬਣੀ ਹੋਈ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਹਾ ਹੈ ਕਿ ਕਈ ਕਾਂਗਰਸੀ ਮੰਤਰੀ ਅਤੇ ਵਿਧਾਇਕ ਰੇਤ ਦੀ ਨਾਜਾਇਜ਼ ਮਾਈਨਿੰਗ 'ਚ ਸ਼ਾਮਲ ਹਨ, ਜਿਨਾਂ ਦੀ ਸੂਚੀ ਅਤੇ ਰਿਕਾਰਡ ਉਨਾਂ ਕੋਲ ਹੈ। ਅਜਿਹੇ ਵਿਚ ਕਾਂਗਰਸ ਨੂੰ ਵੀ ਚਿੰਤਾ ਹੈ ਕਿ ਜੇਕਰ ਉਸ ਸੂਚੀ ਦਾ ਪਰਦਾਫਾਸ਼ ਹੋਇਆ ਤਾਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ।

# ਮਜ਼ਬੂਤ ਹੋ ਰਿਹਾ ਅਮਰੀਕਨ ਡਾਲਰ ਤੇ ਭਾਰਤ ਦੀ ਕਰੰਸੀ ਲੁੜਕੀ

ਅਮਰੀਕਾ ਦੀਆਂ ਵਿੱਤੀ ਨੀਤੀਆਂ ਵਿਚ ਤਬਦੀਲੀ ਕਾਰਨ ਉਸ ਦੀ ਕਰੰਸੀ (ਡਾਲਰ) ਮਜ਼ਬੂਤ ਹੋ ਰਹੀ ਹੈ ਅਤੇ ਦੂਸਰੇ ਦੇਸ਼ਾਂ ਜਿਨਾਂ ਵਿਚ ਭਾਰਤ ਵੀ ਸ਼ਾਮਲ ਹੈ, ਦੀਆਂ ਕਰੰਸੀਆਂ ਕਮਜ਼ੋਰ ਹੋ ਰਹੀਆਂ ਹਨ। ਬੀਤੇ ਸੋਮਵਾਰ ਪਹਿਲੀ ਵਾਰ ਰੁਪਏ ਦੀ ਕੀਮਤ ਏਨੀ ਡਿੱਗੀ ਕਿ ਇਕ ਅਮਰੀਕੀ ਡਾਲਰ 78.20 ਰੁਪਏ ਦੇ ਬਰਾਬਰ ਹੋ ਗਿਆ। ਜਨਵਰੀ 2014 ਵਿਚ ਇਕ ਅਮਰੀਕੀ ਡਾਲਰ ਦੀ ਕੀਮਤ 61-62 ਰੁਪਏ ਸੀ। ਅਮਰੀਕਾ ਨੇ ਆਪਣੇ ਬੈਂਕਾਂ ਵਿਚ ਵਿਆਜ ਦਰਾਂ ਵਧਾਈਆਂ ਹਨ ਜਿਸ ਕਾਰਨ ਭਾਰਤ ਵਰਗੇ ਦੇਸ਼ਾਂ ਵਿਚ ਪੈਸਾ ਲਗਾਉਣ ਵਾਲੇ ਸਰਮਾਏਦਾਰਾਂ ਅਤੇ ਬਹੁ-ਰਾਸ਼ਟਰੀ ਕੰਪਨੀਆਂ ਨੇ ਇਨਾਂ ਦੇਸ਼ਾਂ ਦੀਆਂ ਮੰਡੀਆਂ ਵਿਚੋਂ ਪੈਸਾ ਬਾਹਰ ਲਿਜਾਣਾ ਅਤੇ ਅਮਰੀਕਾ ਵਿਚ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਰੁਪਏ ਦੀ ਕੀਮਤ ਡਿੱਗਣ ਦੇ ਹੋਰ ਵੀ ਕਾਰਨ ਹਨ, ਜਿਵੇਂ ਦੇਸ਼ ਦੀ ਆਰਥਿਕ ਸਥਿਤੀ ਡਾਵਾਂਡੋਲ ਹੋਣਾ ਜਿਸ ਵਿਚ ਮੁੱਖ ਪੱਖ ਲੋਕਾਂ ਦੀ ਖ਼ਰੀਦ-ਸ਼ਕਤੀ ਘਟਣ ਕਾਰਨ ਮੰਗ ਵਿਚ ਆਈ ਕਮੀ ਹੈ। ਵਧ ਰਹੀ ਬੇਰੁਜ਼ਗਾਰੀ ਅਤੇ ਮੱਧ ਤੇ ਹੇਠਲੇ ਵਰਗ ਦੀ ਘਟਦੀ ਆਮਦਨ ਕਾਰਨ ਮੰਡੀ ਵਿਚ ਮੰਗ ਘਟ ਰਹੀ ਹੈ ਅਤੇ ਅਰਥਚਾਰਾ ਖੜੋਤ ਦੀ ਸਥਿਤੀ ਵਿਚ ਹੈ। ਇਕ ਹੋਰ ਕਾਰਨ ਅੰਤਰਰਾਸ਼ਟਰੀ ਮੰਡੀ ਵਿਚ ਕੱਚੇ ਤੇਲ ਦੀ ਕੀਮਤ ਦਾ ਵਧਣਾ ਵੀ ਹੈ।

ਇਕ ਅਨੁਮਾਨ ਅਨੁਸਾਰ ਵਿਦੇਸ਼ੀ ਸੰਸਥਾਈ ਨਿਵੇਸ਼ਕ ਜਨਵਰੀ ਤੋਂ ਮਈ 2022 ਦੌਰਾਨ 2 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੌਲਤ ਭਾਰਤ ਤੋਂ ਬਾਹਰ ਲੈ ਗਏ ਹਨ। ਇਹ ਦੌਲਤ ਉਨਾਂ ਦੁਆਰਾ 2009 ਤੋਂ 2021 ਵਿਚਕਾਰ ਭਾਰਤ ਵਿਚ ਲਿਆਂਦੀ ਪੂੰਜੀ ਤੋਂ ਵੱਧ ਹੈ। ਇਨਾਂ ਕਾਰਨਾਂ ਕਰ ਕੇ ਨਾ ਸਿਰਫ਼ ਰੁਪਏ ਦੀ ਕੀਮਤ ਘਟੀ ਸਗੋਂ ਸ਼ੇਅਰ ਬਾਜ਼ਾਰ ਵਿਚ ਵੀ ਮੰਦੀ ਆਈ ਹੈ ਅਤੇ ਬੀਤੇ ਸੋਮਵਾਰ ਸੈਂਸੈਕਸ 1456.74 ਅੰਕ ਹੇਠਾਂ ਡਿੱਗਿਆ ਅਤੇ ਐੱਨਐੱਸਈ ਦਾ ਨਿਫਟੀ 427.40 ਅੰਕ। ਇਸ ਨਾਲ ਨਿਵੇਸ਼ਕਾਂ ਦੇ ਸ਼ੇਅਰਾਂ ਦੀ ਕੀਮਤ ਲਗਭਗ 6 ਲੱਖ ਕਰੋੜ ਰੁਪਏ ਘਟੀ।

ਡਾਲਰ ਦੀ ਕੀਮਤ ਵਧਣ ਕਾਰਨ ਦਰਾਮਦ ਹੋਣ ਵਾਲੀਆਂ ਵਸਤਾਂ ਲਈ ਵੱਧ ਪੈਸੇ ਦੇਣੇ ਪੈਣਗੇ। ਇਸ ਅਦਾਇਗੀ ਦਾ ਬੋਝ ਆਮ ਲੋਕਾਂ ਨੂੰ ਝੱਲਣਾ ਪੈਣਾ ਹੈ। ਅਮਰੀਕਾ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਵੱਧ ਪੈਸੇ ਖ਼ਰਚਣੇ ਪੈਣੇ ਹਨ। ਏਸ਼ੀਆ ਦੇ ਹੋਰ ਦੇਸ਼ਾਂ ਦੀਆਂ ਕਰੰਸੀਆਂ ਵੀ ਕਮਜ਼ੋਰ ਹੋਈਆਂ ਹਨ। ਇਕ ਅਮਰੀਕੀ ਡਾਲਰ 206 ਪਾਕਿਸਤਾਨੀ ਰੁਪਏ, 92 ਬੰਗਲਾਦੇਸ਼ੀ ਟਕੇ (ਰੁਪਏ) ਅਤੇ 349 ਸ੍ਰੀਲੰਕਾਈ ਰੁਪਏ ਦੇ ਬਰਾਬਰ ਹੈ। ਸ੍ਰੀਲੰਕਾ ਦਾ ਅਰਥਚਾਰਾ ਦਮ ਤੋੜ ਰਿਹਾ ਹੈ ਅਤੇ ਪਾਕਿਸਤਾਨੀ ਅਰਥਚਾਰਾ ਤਬਾਹੀ ਦੀ ਕਗਾਰ 'ਤੇ ਹੈ। ਯੂਰੋਪ ਦੀ ਕਰੰਸੀ ਯੂਰੋ ਵਿਚ ਵੀ ਨਿਘਾਰ ਆਇਆ ਹੈ। ਇਸ ਵੇਲੇ ਇਕ ਅਮਰੀਕੀ ਡਾਲਰ 1.05 ਯੂਰੋ ਦੇ ਬਰਾਬਰ ਹੈ ਅਤੇ ਮਾਹਿਰਾਂ ਅਨੁਸਾਰ ਡਾਲਰ ਤੇਜ਼ੀ ਨਾਲ ਯੂਰੋ ਦੇ ਬਰਾਬਰ ਹੋਣ ਵੱਲ ਵਧ ਰਿਹਾ ਹੈ। ਇਕ ਸਾਲ ਪਹਿਲਾਂ ਇਕ ਅਮਰੀਕੀ ਡਾਲਰ 1.20 ਯੂਰੋ ਦੇ ਬਰਾਬਰ ਸੀ। ਇਸ ਤਰਾਂ ਅਮਰੀਕੀ ਅਰਥਚਾਰਾ ਹਰ ਪੱਖ ਤੋਂ ਮਜ਼ਬੂਤ ਹੁੰਦਾ ਦਿਖਾਈ ਦੇ ਰਿਹਾ ਹੈ। ਰੂਸ-ਯੂਕਰੇਨ ਜੰਗ ਨੇ ਯੂਰੋਪ ਸਮੇਤ ਦੁਨੀਆ ਦੇ ਹੋਰ ਦੇਸ਼ਾਂ ਦੇ ਅਰਥਚਾਰੇ ਨੂੰ ਨੁਕਸਾਨ ਅਤੇ ਅਮਰੀਕਾ ਦੇ ਅਰਥਚਾਰੇ ਨੂੰ ਫ਼ਾਇਦਾ ਪਹੁੰਚਾਇਆ ਹੈ। ਦੂਸਰੀ ਆਲਮੀ ਜੰਗ ਤੋਂ ਬਾਅਦ ਦੁਨੀਆ ਵਿਚ ਕਿਤੇ ਵੀ ਜੰਗ ਹੋਣ ਦਾ ਫ਼ਾਇਦਾ ਹਮੇਸ਼ਾ ਅਮਰੀਕਾ ਨੂੰ ਹੀ ਹੁੰਦਾ ਰਿਹਾ ਹੈ। ਅਮਰੀਕਾ ਦੇ ਅਰਥਚਾਰੇ ਦੀ ਬਣਤਰ ਅਜਿਹੀ ਹੈ ਕਿ ਬਹੁਤਾ ਜੰਗੀ ਸਾਜ਼-ਸਾਮਾਨ ਉਸ ਦੀਆਂ ਕੰਪਨੀਆਂ ਮੁਹੱਈਆ ਕਰਵਾਉਂਦੀਆਂ ਹਨ। ਸਿਹਤ, ਕੰਪਿਊਟਰ ਵਿਗਿਆਨ ਅਤੇ ਹੋਰ ਖੇਤਰਾਂ ਵਿਚ ਵੀ ਅਮਰੀਕੀ ਕੰਪਨੀਆਂ ਨੂੰ ਸ੍ਰੇਸ਼ਠਤਾ ਹਾਸਲ ਹੈ। ਇਸ ਦੇ ਨਾਲ ਨਾਲ ਅੰਤਰਰਾਸ਼ਟਰੀ ਵਪਾਰ ਬਹੁਤਾ ਕਰ ਕੇ ਡਾਲਰ ਵਿਚ ਹੁੰਦਾ ਹੈ। ਦੁਨੀਆ ਦੇ ਬਹੁਤੇ ਦੇਸ਼ਾਂ 'ਤੇ ਅਮਰੀਕਾ ਦਾ ਦਬਦਬਾ ਕਾਇਮ ਰਹਿਣ ਨਾਲ ਡਾਲਰ ਹਮੇਸ਼ਾ ਮਜ਼ਬੂਤ ਸਥਿਤੀ ਵਿਚ ਰਹਿੰਦਾ ਹੈ ਅਤੇ ਅਮਰੀਕੀ ਅਰਥਚਾਰੇ ਵਿਚ ਖੜੋਤ ਆਉਣ 'ਤੇ ਵੀ ਉਸ ਦੀ ਕੀਮਤ ਜ਼ਿਆਦਾ ਨਹੀਂ ਘਟਦੀ। ਦੁਨੀਆ ਦੇ ਸਭ ਦੇਸ਼ਾਂ ਨੂੰ ਅਮਰੀਕਾ, ਚੀਨ, ਰੂਸ ਆਦਿ ਦੇਸ਼ਾਂ 'ਤੇ ਨਿਰਭਰਤਾ ਘਟਾ ਕੇ ਗੁਆਂਢੀ ਦੇਸ਼ਾਂ ਨਾਲ ਵਪਾਰ ਵਧਾਉਣਾ ਚਾਹੀਦਾ ਹੈ ਤਾਂ ਕਿ ਉਨਾਂ ਦੀ ਬੁਨਿਆਦੀ ਆਰਥਿਕਤਾ ਮਜ਼ਬੂਤ ਹੋਵੇ।

## ਮਾਮਲਾ ਐਨਫੋਰਸਮੈਂਟ ਡਾਇਰੈਕਟੋਰੇਟ ਨੈਸ਼ਨਲ ਹੈਰਾਲਡ ਮਨੀ ਲਾਂਡਰਿੰਗ ਦਾ

# ਰਾਹੁਲ ਗਾਂਧੀ ਤੋਂ ਪੁੱਛਗਿੱਛ ਜਾਰੀ, ਜਵਾਬ ਤੋਂ ਈਡੀ ਸੰਤੁਸ਼ਟ ਨਹੀਂ

**ਨਵੀਂ ਦਿਲੀ:** ਐਨਫੋਰਸਮੈਂਟ ਡਾਇਰੈਕਟੋਰੇਟ ਨੈਸ਼ਨਲ ਹੈਰਾਲਡ ਮਨੀ ਲਾਂਡਰਿੰਗ ਮਾਮਲੇ ਵਿੱਚ ਰਾਹੁਲ ਗਾਂਧੀ ਦੇ ਜਵਾਬ ਤੋਂ ਅਜੇ ਵੀ ਸੰਤੁਸ਼ਟ ਨਹੀਂ ਹੈ। ਤੀਜੇ ਦਿਨ ਵੀ ਉਨਾਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਦਫ਼ਤਰ ਵਿੱਚ ਪੁੱਛਗਿੱਛ ਲਈ ਬੁਲਾਇਆ ਗਿਆ। ਹਾਲਾਂਕਿ ਇਸ ਦੌਰਾਨ ਕਾਂਗਰਸੀ ਨੇਤਾਵਾਂ ਦਾ ਵਿਰੋਧ ਜਾਰੀ ਰਿਹਾ ਅਤੇ ਕਾਂਗਰਸ ਨੇਤਾਵਾਂ ਨੇ ਦੋਸ਼ ਲਗਾਇਆ ਹੈ ਕਿ ਭਾਜਪਾ ਰਾਹੁਲ ਗਾਂਧੀ ਨੂੰ ਝੂਠੇ ਦੋਸ਼ਾਂ 'ਚ ਫਸਾ ਰਹੀ ਹੈ ਅਤੇ ਗਾਂਧੀ ਪਰਿਵਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਹੈ। ਰਾਹੁਲ ਗਾਂਧੀ ਤੋਂ ਈਡੀ ਨੇ ਉਨਾਂ ਦੇ ਬੈਂਕ ਖਾਤੇ ਸਮੇਤ ਕਈ ਚੀਜ਼ਾਂ ਬਾਰੇ ਪੁੱਛਗਿੱਛ ਕੀਤੀ। ਇਸ ਦੌਰਾਨ ਕਾਂਗਰਸੀ ਵਰਕਰਾਂ ਨੇ ਧਰਨਾ ਜਾਰੀ ਰੱਖਿਆ। ਦਿੱਲੀ ਪੁਲਿਸ ਨੇ ਕਾਂਗਰਸ ਦਫ਼ਤਰ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਧਾਰਾ 144 ਲਾਗੂ ਕਰ ਦਿੱਤੀ ਹੈ। ਕਾਂਗਰਸ ਨੇਤਾ ਰਣਦੀਪ ਸੁਰਜੇਵਾਲਾ, ਏਆਈਸੀਸੀ ਸਕੱਤਰ ਪ੍ਰਣਵ ਝਾਅ ਅਤੇ ਐਨਐਸਯੂਆਈ ਦੇ ਮੁਖੀ ਨੀਰਜ ਕੁੰਦਨ ਦਿੱਲੀ ਦੇ ਵਸੰਤ ਕੁੰਜ ਥਾਣੇ ਵਿੱਚ ਹਿਰਾਸਤ ਵਿੱਚ ਰਹੇ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਈਡੀ ਵੱਲੋਂ ਰਾਹੁਲ ਗਾਂਧੀ ਤੋਂ ਪੁੱਛਗਿੱਛ ਨੂੰ ਲੈ ਕੇ ਕੇਂਦਰ ਦੀ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਦੇਸ਼ ਨੂੰ 'ਕਾਂਗਰਸ ਮੁਕਤ' ਭਾਰਤ ਬਣਾਉਣ ਲਈ ਇਹ ਕਾਰਵਾਈ ਕੀਤੀ ਗਈ ਹੈ।



ਯਾਦ ਰਹੇ ਕਿ ਭਾਜਪਾ ਨੇਤਾ ਸੁਬਰਾਮਣੀਅਮ ਸਵਾਮੀ ਨੇ 2012 ਵਿਚ ਦਿੱਲੀ ਦੀ ਪਟਿਆਲਾ ਹਾਊਸ ਕੋਰਟ 'ਵਿਚ ਇਕ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਚ ਦੱਸਿਆ ਗਿਆ ਸੀ ਕਿ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਨੇਤਾ ਮੋਤੀ ਲਾਲ ਵੋਰਾ, ਆਸਕਰ ਫਰਨਾਂਡੀਜ਼, ਸੈਮ ਪਿਤਰੋਦਾ ਅਤੇ ਸੁਮਨ ਦੂਬੇ ਧੋਖਾਧੜੀ ਰਾਹੀਂ ਨੁਕਸਾਨ ਪਹੁੰਚਾ ਰਹੇ ਸਨ। ਨੈਸ਼ਨਲ ਹੈਰਾਲਡ ਅਖ਼ਬਾਰ ਅਤੇ ਇਸ ਤੋਂ ਪ੍ਰਾਪਤ ਪੈਸੇ ਦੀ ਦੁਰਵਰਤੋਂ ਕੀਤੀ।

ਅੰਮ੍ਰਿਤਸਰ ਟਾਈਮਜ਼ AMRITSAR TIMES

15 ਜੂਨ 2022 ਤੋਂ 21 ਜੂਨ 2022

## ਸਾਡੀ ਅਵਾਜ਼ ਨੂੰ ਹੁੰਗਾਰਾ ਕਿੱਥੋਂ ਮਿਲਣਾ ਹੈ ?

ਸਮੇਂ ਨਾਲ ਬਹੁਤ ਕੁਝ ਬਦਲਦਾ ਰਹਿੰਦਾ ਹੈ, ਇਹ ਅਟੱਲ ਸੱਚਾਈ ਹੈ। ਪਰ ਸਮੇਂ ਨਾਲ ਬਦਲਿਆ ਸਭ ਕੁਝ ਹੀ ਸਹੀ ਨਹੀਂ ਹੁੰਦਾ, ਇਹ ਵੀ ਉਤਨੀ ਹੀ ਅਟੱਲ ਸੱਚਾਈ ਹੈ। ਜਦੋਂ ਮਨੁੱਖ ਆਪਣੇ ਅਸਲ ਸੋਮੇ ਤੋਂ ਦੂਰ ਹੁੰਦਾ ਜਾਂਦਾ ਹੈ ਤਾਂ ਸਮਾਂ ਉਸਨੂੰ ਕਈ ਦਫ਼ਾ ਇਤਨਾ ਕਮਜ਼ੋਰ ਕਰ ਦਿੰਦਾ ਹੈ ਕਿ ਉਹ ਆਪਣੇ ਸਿਧਾਂਤ ਨਾਲ ਵੀ ਸਮਝੌਤਾ ਕਰ ਜਾਂਦਾ ਹੈ। ਛੋਟੇ ਛੋਟੇ ਸਮਝੌਤਿਆਂ ਤੋਂ ਸ਼ੁਰੂ ਹੋਇਆ ਇਹ ਵਿਗਾੜ ਇੱਕ ਦਿਨ ਵੱਡੇ ਸਿਧਾਂਤਕ ਸਮਝੌਤੇ ਕਰ ਜਾਂਦਾ ਹੈ, ਜਿੱਥੋਂ ਫਿਰ ਬੇਚੈਨੀ ਅਤੇ ਉਦਾਸੀਨਤਾ ਦਾ ਆਲਮ ਜੀ ਆਇਆਂ ਆਖਦਾ ਹੈ। ਫਿਰ ਜਿੰਨਾ ਸਮਾਂ ਸਹੀ ਰਸਤਾ ਨਹੀਂ ਮਿਲਦਾ ਮਨੁੱਖ ਆਪਣੀ ਊਰਜਾ ਇਧਰ ਉਧਰ ਖਪਤ ਕਰਦਾ ਰਹਿੰਦਾ ਹੈ, ਜਿਥੋਂ ਵੀ ਓਹਨੂੰ ਕੋਈ ਕਿਣਕਾ ਮਾਤਰ ਆਸ ਬੱਝਦੀ ਹੈ, ਓਥੇ ਉਹ ਆਪਣਾ ਪੂਰਾ ਤਾਣ ਲਾ ਦਿੰਦਾ ਹੈ। ਪਰ ਊਰਜਾ ਸਹੀ ਥਾਂ ਨਾ ਲੱਗਣ ਕਰਕੇ ਉਸਦੀ ਅਵਾਜ਼ ਨੂੰ ਹੁੰਗਾਰਾ ਨਹੀਂ ਮਿਲਦਾ, ਫਿਰ ਮਨੁੱਖ ਥੱਕਦਾ ਹੈ, ਨਿਰਾਸ਼ ਹੁੰਦਾ ਹੈ ਅਤੇ ਕਈ ਦਫ਼ਾ ਇਸ ਜੱਦੋ-ਜਹਿਦ ਤੋਂ ਮੂੰਹ ਹੀ ਘੁਮਾ ਜਾਂਦਾ ਹੈ।

ਅੱਜ ਵੀ ਇਸੇ ਤਰਾਂ ਦੀ ਸਥਿਤੀ ਹੈ, ਸਿੱਖਾਂ ਦਾ ਵੱਡਾ ਹਿੱਸਾ ਆਪਣੀ ਰਵਾਇਤ ਤੋਂ ਰਸਤਾ ਭਟਕ ਕੇ ਆਪਣੀ ਊਰਜਾ ਥਾਂ-ਥਾਂ ਲਾ ਰਿਹਾ ਹੈ ਅਤੇ ਹੁੰਗਾਰੇ ਦੀ ਆਸ ਰੱਖ ਰਿਹਾ ਹੈ। ਇਸ ਤੇਜ਼ ਰਫਤਾਰ ਬੇਚੈਨੀ ਵਿੱਚ ਉਹ ਆਪਣਾ ਆਗੂ ਕਦੀ ਵੋਟਾਂ 'ਚੋਂ ਲੱਭਣ ਦਾ ਯਤਨ ਕਰਦਾ ਹੈ, ਕਦੀ ਬਿਜਲ ਸੱਥ (ਸੋਸ਼ਲ ਮੀਡੀਆ) ਤੋਂ। ਵੋਟਾਂ ਥੋੜੇ ਸਮੇਂ ਬਾਅਦ ਹੀ ਆ ਜਾਣੀਆਂ ਹੁੰਦੀਆਂ ਨੇ, ਕਦੀ ਵਿਧਾਨ ਸਭਾ ਦੀਆਂ, ਕਦੀ ਲੋਕ ਸਭਾ ਦੀਆਂ ਜਾਂ ਕਦੀ ਕੋਈ ਜ਼ਿਮਨੀ ਚੋਣ। ਸੋਸ਼ਲ ਮੀਡੀਆ ਹਰ ਰੋਜ਼ ਹੀ ਸਰਗਰਮ ਹੈ, ਆਪਣੇ ਕੋਝੇ ਲਾਲਚ ਕਰਕੇ ਬੰਦੇ ਇਸ ਦਾ ਲਾਹਾ ਵੀ ਲੈ ਰਹੇ ਹਨ। ਜਿਸਨੂੰ ਗਰਮ ਗਰਮ ਗੱਲਾਂ ਲਿਖਣੀਆਂ, ਬੋਲਣੀਆਂ ਅਤੇ ਲੋਕਾਂ ਨੂੰ ਜਚਾਉਣੀਆਂ ਆ ਜਾਂਦੀਆਂ ਹਨ ਓਹਦੇ 'ਚੋਂ ਲੋਕ ਆਪਣਾ ਆਗੂ ਲੱਭਣ ਲੱਗ ਜਾਂਦੇ ਹਨ। ਅੱਜ ਹੋਰ, ਕੱਲ ਹੋਰ, ਇਹ ਸਿਲਸਿਲਾ ਨਿਰੰਤਰ ਜਾਰੀ ਹੈ।

ਇਸ ਸਭ ਦੇ ਚੱਲਦਿਆਂ ਜੋ ਸਥਿਤੀ ਦੁਨੀਆਂ ਪੱਧਰ ਦੀ ਹੈ, ਉਹ ਬਿਲਕੁਲ ਵੱਖਰੀ ਹੈ। ਦੁਨੀਆਂ ਦੇ ਲੋਕ ਪੂਰਨ ਆਸ ਨਾਲ ਸਿੱਖਾਂ ਵੱਲ ਵੇਖ ਰਹੇ ਹਨ। ਪ੍ਰੋ. ਪੂਰਨ ਸਿੰਘ ਨੇ ਜੋ ਇੱਕ ਦਫ਼ਾ ਲਿਖਿਆ ਸੀ, ਅੱਜ ਇਸ ਸਥਿਤੀ 'ਤੇ ਉਹ ਬਿਲਕੁਲ ਢੁੱਕਦਾ ਹੈ :- 'ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗਾਮ ਜਿਸਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ ! ਕਲਗੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ ! ਦੁਨੀਆ ਵਿਲਕ ਰਹੀ ਹੈ।'

ਮੌਲਾਨਾ ਜਲਾਲ-ਉਦ-ਦੀਨ ਰੂਮੀ ਕਹਿੰਦੇ ਹਨ :- 'ਜਾਏਂਗਾ ਦੂਰ ਜਦੋਂ ਆਪਣੀਆਂ ਜੜਾਂ ਤੋਂ, ਤਾਂ ਮਾਰੇਂਗਾ ਅਵਾਜ਼ ਆਪਣੀਆਂ ਜੜਾਂ ਨੂੰ, ਤੇਰੀ ਅਵਾਜ਼ ਨੂੰ ਹੁੰਗਾਰਾ ਜੇਕਰ ਮਿਲੇਗਾ ਕਿਤੋਂ ਆਖ਼ਿਰ, ਤਾਂ ਮਿਲੇਗਾ ਤੇਰੀਆਂ ਜੜਾਂ ਤੋਂ।' ਸੋ ਜਿਸ ਤਰਾਂ ਦੀ ਸਥਿਤੀ ਹੁਣ ਸਾਨੂੰ ਦਰਪੇਸ਼ ਹੈ, ਉਸ ਵਿੱਚ ਆਪਣੀਆਂ ਜੜਾਂ ਨੂੰ ਹੀ ਅਵਾਜ਼ ਮਾਰਨੀ ਪਵੇਗੀ ਅਤੇ ਸਾਡੀ ਅਵਾਜ਼ ਨੂੰ ਹੁੰਗਾਰਾ ਵੀ ਸਾਡੀਆਂ ਜੜਾਂ ਤੋਂ ਹੀ ਮਿਲੇਗਾ। ਜੜਾਂ ਰਵਾਇਤ ਹਨ, ਰਵਾਇਤ ਅਨੁਸਾਰ ਫੈਸਲੇ ਕਰਨ ਦੇ ਅਮਲ 'ਚ ਪੈਣਾ ਪਵੇਗਾ, ਰਵਾਇਤ ਅਨੁਸਾਰ ਜਥੇਬੰਦ ਹੋਣਾ ਪਵੇਗਾ ਅਤੇ ਰਵਾਇਤ ਅਨੁਸਾਰ ਹੀ ਆਗੂ ਚੁਣਨੇ ਪੈਣਗੇ।

ਸਾਡੀ ਰਵਾਇਤ ਕਹਿੰਦੀ ਹੈ ਕਿ ਗੁਰੂ ਖਾਲਸਾ ਪੰਥ ਵਿੱਚ ਫੈਸਲੇ ਲੈਣ ਲਈ 'ਗੁਰਮਤਾ' ਸੰਸਥਾ ਹੈ। ਗੁਰਸਿੱਖ ਆਪਣੀਆਂ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਗੁਰਮਤਿ ਦੀ ਰੌਸ਼ਨੀ ਵਿੱਚ ਫੈਸਲੇ ਤਲਾਸ਼ਦੇ ਹਨ। ਗੁਰਮਤਾ, ਜਾਣੀ ਗੁਰੂ ਦੀ ਮੱਤ, ਗੁਰੂ ਦਾ ਫੈਸਲਾ, ਖਾਲਸਾ ਜਥੇਬੰਦੀ ਦੇ ਜਜ਼ਬੇ ਦਾ ਸੰਸਥਾਗਤ ਪ੍ਰਗਟਾਵਾ। ਗੁਰੂ ਖਾਲਸਾ ਪੰਥ ਵਿੱਚ ਫੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਚ-ਪ੍ਰਧਾਨੀ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ। ਪੰਜ ਸਿੰਘ ਸਾਹਿਬਾਨ ਦਾ ਹੁਕਮ ਅੰਤਿਮ ਹੁੰਦਾ ਹੈ। ਫੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ 'ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਹਨ ਅਤੇ ਅੰਤਮ ਫੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ ਹਨ। ਸਿੱਖ-ਸੰਗਤ ਪੁਰਾਤਨ ਸਮਿਆਂ ਤੋਂ ਹੀ ਕੁਝ ਪ੍ਰਮੁੱਖ ਕਾਰਜਾਂ ਨੂੰ ਨੇਪਰੇ ਚਾੜਨ ਲਈ ਗੁਰੂ ਸਾਹਿਬ ਦੀ ਆਗਿਆ ਨਾਲ ਜਥੇ ਸਾਜਦੀ ਰਹੀ ਹੈ, ਜਿਨਾਂ ਦੀ ਕੁਲ ਹੋਂਦ ਗੁਰੂ ਖਾਲਸਾ ਪੰਥ ਦੀ ਜਥੇਬੰਦੀ ਤੋਂ ਵੱਖਰੀ ਨਹੀਂ ਹੁੰਦੀ। ਜਥੇ ਸਮੇਂ ਸਮੇਂ 'ਤੇ ਇੱਕ ਦੂਜੇ ਤੋਂ ਵੱਖ ਅਤੇ ਇਕੱਠੇ ਹੁੰਦੇ ਰਹੇ ਹਨ। ਖਾਲਸਾ ਪੰਥ ਦੇ ਅੰਦਰੂਨੀ ਜਥਿਆਂ ਵਿੱਚ ਕਿਸੇ ਤਰਾਂ ਦੀ ਕੋਈ ਦਰਜੇਬੰਦੀ/ਅਹੁਦੇਦਾਰੀ ਨਹੀਂ ਹੁੰਦੀ, ਸਮਰੱਥਾ ਮੁਤਾਬਕ ਕਿਸੇ ਨੂੰ ਕੋਈ ਵੀ ਕੰਮ ਦਿੱਤਾ ਜਾ ਸਕਦਾ ਹੈ। ਗੁਰੂ ਖਾਲਸਾ ਪੰਥ ਦਾ ਹੰਨੇ-ਹੰਨੇ ਮੀਰੀ ਦਾ ਅਮਲ ਰਿਹਾ ਹੈ ਅਤੇ ਹੈ।

ਗੁਰੂ ਖਾਲਸਾ ਪੰਥ ਵਿੱਚ ਪਹਿਲੇ ਪਾਤਿਸ਼ਾਹ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ। ਸੇਵਾ ਅਤੇ ਸਿਰੜ ਰਾਹੀਂ ਆਪਣੇ ਆਪ ਉੱਚੀਆਂ ਸ਼ਖਸੀਅਤਾਂ ਪ੍ਰਤੱਖ ਨਿੱਤਰ ਆਉਂਦੀਆਂ ਹਨ। ਵੋਟਾਂ ਦੇ ਜਰੀਏ ਬਹੁਗਿਣਤੀ ਨਾਲ ਆਗੂ ਥਾਪਣ ਦੀ ਰੀਤ ਨਹੀਂ ਸੀ। ਸਮੁੱਚੇ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦਾ ਜਥੇਦਾਰ ਪ੍ਰਬੰਧਕ ਦੀ ਤਰਾਂ ਹੀ ਵਿਚਰਦਾ ਹੈ। ਗੁਰੂ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦੇ ਸਭ ਫੈਸਲੇ ਸਾਂਝੇ ਰੂਪ ਵਿੱਚ ਪੰਜ ਸਿੰਘ ਸਾਹਿਬਾਨ ਵਲੋਂ ਹੀ ਲਏ ਜਾਂਦੇ ਹਨ। ਜਥੇ ਦੇ ਪੱਧਰ ਉਤੇ ਅਗਵਾਈ ਵਿੱਚ ਸ਼ਬਦ ਦੇ ਅਭਿਆਸੀ-ਬਾਣੀ ਦੇ ਰਸੀਏ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੋਣਾ ਚਾਹੀਦਾ ਹੈ।

ਜੜਾਂ ਵੱਲ ਸਹਿਜ ਨਾਲ ਹੀ ਪਰਤਿਆ ਜਾਵੇਗਾ, ਇਸ ਲਈ ਸਭ ਤੋਂ ਜਰੂਰੀ ਸਾਡੇ ਅੰਦਰ ਦੀ ਕਾਹਲ ਨੂੰ ਖਤਮ ਕਰਨਾ ਹੈ। ਇਹ ਸਾਡੀ ਸੇਵਾ, ਸਿਮਰਨ ਅਤੇ ਅਰਦਾਸ ਨਾਲ ਹੀ ਸੰਭਵ ਹੋਵੇਗਾ। ਅਖੀਰ ਵਿੱਚ ਪ੍ਰੋ. ਪੂਰਨ ਸਿੰਘ ਜੀ ਦੀ ਕਹੀ ਗੱਲ ਨੂੰ ਚੇਤੇ ਕਰੀਏ ਅਤੇ ਆਪਣੇ ਅਮਲਾਂ ਦੀ ਪੜਚੋਲ ਕਰੀਏ - 'ਭੈਣੋ ਤੇ ਵੀਰੋ ! ਜੀਵਨ ਗੱਲਾਂ ਨਹੀਂ। ਸੁਰਤਿ ਨੂੰ ਇਕਾਗਰ ਕਰਕੇ ਫਤਿਹ ਪਾਣ ਦਾ ਨਾਮ ਜੀਵਨ ਹੈ। ਖਿੰਡੀ ਸੁਰਤਿ ਕੁਝ ਨਹੀਂ ਬਣਾ ਸਕਦੀ। ਸਮੁੰਦਰ ਦੀਆਂ ਲਹਿਰਾਂ ਆਪਣੇ ਕੇਸਾਂ ਦਾ ਜੂੜਾ ਬਣਾ ਲੱਖਾਂ ਜਹਾਜ਼ਾਂ ਨੂੰ ਕਾਗ਼ਜ਼ ਦੀਆਂ ਬੇੜੀਆਂ ਵਾਂਗ ਟੋਟੇ ਟੋਟੇ ਕਰ ਦੇਂਦੀਆਂ ਹਨ। ਤਾਂ ਤੇ ਸੁਰਤ ਨੂੰ ਇਕਾਗਰ ਕਰਕੇ ਇਕੱਠੇ ਹੋ ਜਾਉ ਤੇ ਕਰਤਾ ਪੁਰਖ ਦੇ ਆਦਰਸ਼ ਨੂੰ ਸਮਝ ਕੇ ਗੁਰੂ ਦੇ ਲੰਗਰ ਵਿੱਚੋਂ ਸਭ ਨੂੰ ਤ੍ਰਿਪਤ ਕਰੋ।'

# 1984 ਦੇ ਸਾਕੇ ਦਾ ਸਿੱਖ ਮਾਨਸਿਕਤਾ ਉੱਪਰ ਪ੍ਰਭਾਵ



**ਰਣਜੀਤ ਸਿੰਘ ਕੁਕੀ**

ਜੂਨ 1984 ਵਿਚ ਭਾਰਤੀ ਫੌਜ ਦੁਆਰਾ ਦਰਬਾਰ ਸਾਹਿਬ ਉੱਪਰ ਕੀਤੇ ਗਏ ਹਮਲੇ, ਜਿਸ ਵਿਚ ਹਜਾਰਾਂ ਹੀ ਨਾਗਰਿਕਾਂ ਅਤੇ ਸੈਂਕੜੇ ਫੌਜੀਆਂ ਦੀ ਜਾਨ ਚਲੀ ਗਈ ਸੀ, ਦਾ ਪ੍ਰਭਾਵ ਸਿੱਖਾਂ ਮਨਾਂ ਵਿਚ ਅਜੇ ਵੀ ਉਕਰਿਆ ਹੋਇਆ ਹੈ। ਸਿੱਖ ਘੱਲੂਘਾਰੇ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਹੱਤਿਆ ਅਤੇ ਹੋਰ ਹਿੰਸਕ ਗਤੀਵਿਧੀਆਂ ਹੋਈਆਂ ਜੋ ਕਿ ਸਿਰਫ ਸਿੱਖਾਂ ਜਾਂ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ।ਪਰ ਇਸ ਤੋਂ ਬਾਅਦ ਸਭ ਤੋਂ ਧਿਆਨਯੋਗ ਗੱਲ ਹੈ ਕਿ ਭਾਰਤੀ ਫੌਜ ਦੁਆਰਾ ਹਮਲੇ ਦੀਆਂ ਘਟਨਾਵਾਂ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ।ਭਾਰਤੀ ਫੌਜ ਦੇ ਹਮਲੇ ਸੰਬੰਧੀ ਕੌੜਾ ਸੱਚ ਕੋਈ ਇਕ ਸਾਲ ਬਾਅਦ 'ਲੋਕਤੰਤਰ ਲਈ ਨਾਗਰਿਕ' ਇਕ ਰਿਪੋਰਟ ਵਿਚ ਸਾਹਮਣੇ ਆਇਆ ਜਿਸ ਦੀ ਅਗਵਾਈ ਵੀ ਐਮ ਤਾਰਕੁੰਡੇ ਦੁਆਰਾ ਕੀਤੀ ਗਈ। ਹਾਲਾਂਕਿ ਉਸ ਸਮੇਂ ਵੀ 'ਓਪਰੇਸ਼ਨ ਇਨ ਪੰਜਾਬ: ਰਿਪੋਰਟ ਟੂ ਦ ਨੇਸ਼ਨ' ਉੱਪਰ ਪਾਬੰਦੀ ਲਗਾ ਦਿੱਤੀ ਗਈ ਅਤੇ ਇਸ ਦੇ ਪੰਜ ਲੇਖਕਾਂ ਉੱਪਰ ਦੇਸ਼ ਧ੍ਰੋਹ ਦਾ ਦੋਸ਼ ਲਗਾਇਆ ਗਿਆ ਅਤੇ ਉਨਾਂ ਵਿਚੋਂ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੌਜੂਦਾ ਸਮੇਂ ਦੀ ਤਰਾਂ ਹੀ, ਅਧਿਕਾਰਿਕ ਰੂਪ ਵਿਚ ਸਰਕਾਰ ਦੀ ਕਾਰਵਾਈ ਨੂੰ ਸਹੀ ਠਹਿਰਾਇਆ ਗਿਆ ਅਤੇ ਇਸ ਤੋਂ ਬਾਅਦ ਦੀਆਂ ਭਾਰਤੀ ਸਰਕਾਰਾਂ ਦੁਆਰਾ ਇਸ ਹਮਲੇ ਪਿਛਲੀ ਸਚਾਈ ਨੂੰ ਉਜਾਗਰ ਕਰਨ ਲਈ ਕੁਝ ਨਹੀਂ ਕੀਤਾ ਗਿਆ।

ਜਿਵੇਂ ਜਿਵੇਂ ਦਿਨ ਬੀਤੇ, ਦੂਰਦਰਸ਼ਨ, ਜੋ ਕਿ ਉਸ ਸਮੇਂ ਇਕੋ ਇਕ ਖਬਰਾਂ ਦਾ ਮਾਧਿਅਮ ਸੀ, ਦੁਆਰਾ ਸੰਤਾ ਸਿੰਘ ਅਤੇ ਉਸ ਦੇ ਚੇਲਿਆਂ ਦੁਆਰਾ ਅਕਾਲ ਤਖਤ ਵਿਖੇ ਮਲਬਾ ਸਾਫ ਕਰਦੇ ਦਿਖਾਇਆ ਗਿਆ। ਇਸ ਨੂੰ ਕੇਂਦਰ ਦੁਆਰਾ 'ਮੱਲਮ' ਲਗਾਉਣਾ ਕਿਹਾ ਗਿਆ।(ਮਹੱਤਵਪੂਰਨ ਗੱਲ ਇਹ ਹੈ ਕਿ ਇਸ 'ਮੱਲਮ' ਬਾਰੇ ਅੱਜ ਕੋਈ ਗੱਲ ਨਹੀਂ ਕਰਦਾ।) ਨਿੱਤ ਪ੍ਰਸਾਰਿਤ ਹੁੰਦੀਆਂ ਖਬਰਾਂ ਇਨਾਂ ਅਸਹਿਣਯੋਗ ਹੋ ਗਈਆਂ ਕਿ ਸਰਵਉੱਚ ਅਦਾਲਤ ਵਿਚ ਇਕ ਜਨ ਹਿੱਤ ਵਿਚ ਅਪੀਲ ਪਾਈ ਗਈ ਤਾਂ ਕਿ ਇਸ ਪ੍ਰੋਪੇਗੰਡਾ ਨੂੰ ਰੋਕਿਆ ਜਾ ਸਕੇ। ਸੰਤਾ ਸਿੰਘ ਨੂੰ ਉਸੇ ਸਮੇਂ ਹੀ ਭਾਈਚਾਰੇ ਵਿਚੋਂ ਛੇਕ ਦਿੱਤਾ ਗਿਆ ਅਤੇ ਉਸ ਨੇ ਜੋ ਵੀ ਬਣਾਇਆ ਉਸ ਨੂੰ ਤੋੜ ਦਿੱਤਾ ਗਿਆ। ਇਨਾਂ ਘਟਨਾਵਾਂ ਤੋਂ ਬਹੁਤ ਸਾਰੇ ਸਬਕ ਸਿੱਖੇ ਜਾ ਸਕਦੇ ਸਨ, ਪਰ ਇਸ ਵਿਚੋਂ ਨਾ ਤਾਂ ਸਿੱਖ ਲੀਡਰਸ਼ਿਪ ਅਤੇ ਨਾ ਹੀ ਭਾਰਤੀ ਨੇਤਾਵਾਂ ਨੇ ਕੁਝ ਸਿੱਖਿਆ।

ਦਰਬਾਰ ਸਾਹਿਬ ਉੱਪਰ ਹਮਲੇ ਤੋਂ ਬਾਅਦ ਪੰਜਾਬ ਵਿਚ ਸਿੱਖ ਖਾੜਕੂਵਾਦ ਵਿਚ ਵਾਧਾ ਹੋਇਆ ਅਤੇ ਇਸ ਨੇ ਹਰ ਥਾਂ ਸਿੱਖਾਂ ਵਿਚ ਅਲਗਾਵ ਦੀ ਭਾਵਨਾ ਪੈਦਾ ਕਰ ਦਿੱਤੀ। ਖੁਸ਼ਵੰਤ ਸਿੰਘ, ਜਿਸ ਨੇ ਐਮਰਜੈਂਸੀ ਸਮੇਂ ਇੰਦਰਾ ਗਾਂਧੀ ਦਾ ਸਮਰਥਨ ਕੀਤਾ ਸੀ, ਨੇ ਰੋਸ ਵਜੋਂ ਆਪਣਾ ਪਦਮਸ਼੍ਰੀ ਵਾਪਿਸ ਕਰ ਦਿੱਤਾ।ਪੰਜਾਬ ਵਿਚ ਹਿੰਸਾ ਦਾ ਦੌਰ ਖਤਮ ਕਰਨ ਵਿਚ ਇਕ ਦਹਾਕਾ ਲੱਗ ਗਿਆ ਅਤੇ ਪੰਜਾਬ ਅਤੇ ਦਿੱਲੀ ਦੇ ਸਿੱਖਾਂ ਲਈ ਇਸ ਇਕੱਲਤਾ ਵਿਚੋਂ ਨਿਕਲਣ ਅਤੇ ਭਾਰਤ ਵਿਚ ਸਮਿਲਤ ਹੋਣ ਨੂੰ ਇਸ ਤੋਂ ਵੀ ਵੱਧ ਸਮਾਂ ਲੱਗ ਗਿਆ। ਕੀ ਭਾਰਤੀ ਫੌਜ ਦੁਆਰਾ ਇਸ ਹਮਲੇ ਰਾਹੀ ਸਿੱਖਾਂ ਉੱਪਰ ਕੀਤੇ ਜਖਮ ਖਤਮ ਹੋ ਗਏ ਹਨ ? ਇਕ ਹੱਦ ਤੱਕ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਨੇ ਇਸ ਤੋਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਹੈ।

ਹਮਲੇ ਸਮੇਂ ਸਿੱਖਾਂ ਨੂੰ ਜੋ ਨੁਕਸਾਨ ਉਠਾਉਣਾ ਪਿਆ ਉਸ ਵਿਚ ਲਗਭਗ 2500 ਦੇ ਕਰੀਬ ਗੁਰੁ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਸਨ ਜੋ ਕਿ ਗੁਰੁ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਸਮਿਆਂ ਨਾਲ ਸੰਬੰਧਿਤ ਸਨ। ਇਸ ਵਿਚ 1800 ਦਾ ਕੰਵਰ ਨੌਨਿਹਾਲ ਸਿੰਘ ਨਾਲ ਸੰਬੰਧਿਤ ਇਕ ਸਿਹਰਾ ਵੀ ਸ਼ਾਮਿਲ ਸੀ : ਇਕ ਸੋਨੇ ਦੀ ਝਾਲਰ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਦਰਬਾਰ ਸਾਹਿਬ ਚੜਾਈਆਂ ਹੋਈਆਂ ਸੋਨੇ ਦੀਆਂ ਚਾਬੀਆਂ, ਸਿੱਖ ਗੁਰੂਆਂ ਨਾਲ ਸੰਬੰਧਿਤ 25 ਪੈਂਸਿਲ ਸਕੈੱਚ : ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੀ ਹੱਥ-ਲਿਖਤ ਗੁਰਬਾਣੀ: ਗਿਆਰਵੀਂ ਸਦੀ ਵਿਚ ਲਿਖੀ ਹੋਈ ਗੀਤਾ ਅਤੇ ਇਸ ਸਮੇਂ ਨਾਲ ਹੀ ਸੰਬੰਧਿਤ ਪੰਜਾਹ ਛੋਟੀਆਂ ਤਸਵੀਰਾਂ ਸਨ। ਸਿੱਖਾਂ ਦੇ ਇਸ ਖਜਾਨੇ ਨਾਲ ਸੰਬੰਧਿਤ ਮਸਲੇ ਨੂੰ ਅਜੇ ਵੀ ਸੁਲਝਾਇਆ ਨਹੀਂ ਗਿਆ ਹੈ। ਭਾਰਤੀ ਆਧੁਨਿਕ ਇਤਿਹਾਸ ਵਿਚ 1984 ਸਭ ਤੋਂ ਕਾਲੇ ਵਰਿਆਂ ਵਿਚ ਗਿਣਿਆ ਜਾਂਦਾ ਹੈ। ਉਸੇ ਵਰੇ ਜੂਨ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦਾ ਆਦੇਸ਼ ਦੇ ਦਿੱਤਾ। ਨਿਊਯਾਰਕ ਟਾਈਮਜ਼ ਦੀ ਪੱਤਰਕਾਰ ਬਾਰਬਰਾ ਕੌਂਰਸੈਟ ਨੇ ਵਰਲਡ ਪਾਲਿਸੀ ਜਰਨਲ ਵਿਚ ਪੇਸ਼ ਕੀਤੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਉਸ ਵਰੇ ਵਿਚ ਮਰਨ ਵਾਲੇ ਸਿੱਖਾਂ ਦੀ ਗਿਣਤੀ ਚਿੱਲੀ ਵਿਚ ਜਨਰਲ ਅਗਸਤੋਂ ਪਿਨੋਕੈਟ ਦੇ ਸਤਾਰਾਂ ਵਰਿਆਂ ਦੇ ਫੌਜੀ ਸ਼ਾਸਨ (1973-1990) ਵਿਚ ਹੋਈਆਂ ਮੌਤਾਂ ਤੋਂ ਵੀ ਜਿਆਦਾ ਸੀ। ਇਨਾਂ ਤਿੰਨ ਦਹਾਕਿਆਂ ਵਿਚ ਭਾਰਤੀ ਸਰਕਾਰਾਂ ਦੀ ਪੁਜੀਸ਼ਨ ਇਹ ਰਹੀ ਹੈ ਕਿ ਉਨਾਂ ਦੀ ਜ਼ਿੰਮੇਵਾਰੀ ਚੁੱਪ ਦੇ ਰੂਪ ਵਿਚ ਸਾਡੇ ਸਭ ਦੇ ਸਾਹਮਣੇ ਹੈ। ਭਾਰਤੀ ਸਰਕਾਰ ਨੇ ਆਪਣੇ ਹੀ ਨਾਗਰਕਿਾਂ ਦਾ ਸ਼ਰੇਆਮ ਕਤਲੇਆਮ ਕੀਤਾ। ਕੌਂਰਸੈਟ ਨੇ ਆਪਣੀ ਰਿਪੋਰਟ ਵਿਚ ਇਹ ਵੀ ਕਿਹਾ ਕਿ ਚਿੱਲੀ, ਅਰਜਨਟਾਈਨਾ, ਰਵਾਂਡਾ ਅਤੇ ਦੱਖਣੀ ਅਫਰੀਕਾ ਨੇ ਬੀਤੇ ਵਿਚ ਕੀਤੇ ਅਜਿਹੇ ਕਾਰਿਆਂ, ਜਿਸ ਵਿਚ ਪ੍ਰਮੁੱਖ ਦੇਸ਼ਾਂ ਦੀ ਸਹਿਮਤੀ ਵੀ ਸ਼ਾਮਿਲ ਸੀ, ਨੂੰ ਪਛਾਣਨ ਦੀ ਮਹੱਤਤਾ ਉੱਪਰ ਜੋਰ ਦਿੱਤਾ ਹੈ।

ਪਰ ਭਾਰਤੀ ਰਾਜ ਅਜੇ ਵੀ ਆਪਣੀ ਗਲਤੀ ਮੰਨਣ ਤੋਂ ਇਨਕਾਰੀ ਹੈ ਅਤੇ ਇਸ ਕਤਲੇਆਮ ਵਿਚ ਆਪਣੀ ਭਾਗੀਦਾਰੀ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੈ। ਨਾ ਹੀ ਭਾਰਤੀ ਸਰਕਾਰ ਅਤੇ ਨਾ ਹੀ ਅੰਤਰਰਾਸ਼ਟਰੀ ਭਾਈਚਾਰੇ ਨੇ ਭਾਰਤੀ ਫੌਜ ਦੁਆਰਾ ਕੀਤੇ ਗਏ ਇਸ ਹਮਲੇ ਨੂੰ ਮਨੁੱਖਤਾ ਵਿਰੁੱਧ ਅਪਰਾਧ ਘੋਸ਼ਿਤ ਕੀਤਾ ਹੈ। ਇਸ ਤਰਾਂ ਦੇ ਘਿਨੌਣੇ ਕਤਲੇਆਮ ਪਿੱਛੇ ਕੰਮ ਕਰਦੀ ਮੰਸ਼ਾ ਨੂੰ ਪਛਾਣਨ ਨਾਲ ਹੀ ਅਸੀਂ ਮੇਲ-ਮਿਲਾਪ ਦੇ ਰਾਹ ਪੈ ਸਕਦੇ ਹਾਂ। ਭਾਵੇਂ ਕਿ ਇਸ ਹਮਲੇ ਨੂੰ ਅਠੱਤੀ ਵਰੇ ਬੀਤੇ ਚੁੱਕੇ ਹਨ, ਭਾਰਤੀ ਸਰਕਾਰ ਕੋਲ ਆਪਣੀ ਬੀਤੇ ਦੀਆਂ ਗਲਤੀਆਂ ਸੁਧਾਰਨ ਦਾ ਇਤਿਹਾਸਿਕ ਮੌਕਾ ਹੈ ਕਿਉਂਕਿ ਇਸ ਹਿੰਸਾ ਤੋਂ ਸਿੱਧੇ ਰੂਪ ਵਿਚ ਪ੍ਰਭਾਵਿਤ ਹੋਏ ਲੋਕ ਅਜੇ ਵੀ ਜ਼ਿੰਦਾ ਹਨ। ਭਾਰਤੀ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮੁੱਦੇ ਨੂੰ ਅੰਤ ਵੱਲ ਲੈ ਕੇ ਜਾਵੇ ਕਿਉਂਕਿ ਇਸ ਹਿੰਸਾ ਵਿਚ ਭਾਗੀਦਾਰੀ ਕਰਨ ਵਾਲੇ ਅਤੇ ਇਸ ਤੋਂ ਬਚ ਸਕਣ ਵਾਲੇ ਇਸ ਦੇ ਗਵਾਹ ਬਣਨਗੇ। ਅਗਰ ਅਜਿਹਾ ਨਹੀਂ ਹੁੰਦਾ ਹੈ ਤਾਂ ਭਾਰਤ ਵਿਚ ਘੱਟਗਿਣਤੀਆਂ ਲਈ ਰਾਜਨੀਤਿਕ ਸਥਿਰਤਾ ਇਕ ਚੁਣੌਤੀ ਹੀ ਰਹੇਗੀ ਜਿਸ ਵਿਚ 21 ਮਿਲੀਅਨ ਸਿੱਖ ਵੀ ਸ਼ਾਮਿਲ ਹਨ ਜਿਨਾਂ ਨੂੰ ਸਰਕਾਰਾਂ ਦੁਆਰਾ ਸਮੇਂ-ਸਮੇਂ 'ਤੇ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ।

ਸਿੱਖ ਭਾਈਚਾਰੇ ਨੇ ਭਾਰਤੀ ਰਾਜ ਦੇ ਹੱਥੋਂ ਬਹੁਤ ਸਾਰੇ ਅੱਤਿਆਚਾਰਾਂ ਦਾ ਸਾਹਮਣਾ ਕੀਤਾ ਹੈ, ਪਰ ਸਿੱਖ ਇਸ ਅੱਤਿਆਚਾਰ ਨੂੰ ਪੀੜਿਤ ਧਿਰ ਵਜੋਂ ਨਹੀਂ ਸਮਝਦੇ।ਸਿੱਖ ਮਨਾਂ ਵਿਚ ਇਹ ਗੱਲ ਗਹਿਰੇ ਰੂਪ ਵਿਚ ਬੈਠੀ ਹੋਈ ਹੈ ਕਿ 'ਪੀੜਿਤ' ਸ਼ਬਦ ਪੰਜਾਬੀ ਜਾਂ ਸਿੱਖ ਕੋਸ਼ ਦਾ ਹਿੱਸਾ ਹੀ ਨਹੀਂ।ਅਜਿਹੇ ਕਤਲੇਆਮਾਂ ਨੂੰ ਨਾਉਮੀਦੀ ਅਤੇ ਨਿਰਾਸ਼ਾ ਦੇ ਆਲਮ ਵਿਚ ਲੈਣ ਦੀ ਬਜਾਏ ਸਿੱਖਾਂ ਨੂੰ ਚੜਦੀ ਕਲਾ ਦਾ ਭਾਵ ਬੁਲੰਦ ਰੱਖਣਾ ਚਾਹੀਦਾ ਹੈ। 1984 ਦੇ ਘੱਲੂਘਾਰੇ ਬਾਰੇ ਗੱਲ ਕਰਦਿਆਂ ਰਾਜਨੇਤਾ ਇਸ ਨੂੰ 'ਅੰਦਰਲੇ ਦੁਸ਼ਮਣਾਂ' ਨੂੰ ਖਤਮ ਕਰਨ ਦੇ ਨਾਇਕਤਵ ਦੇ ਰੂਪ ਵਿਚ ਪੇਸ਼ ਕਰਦੇ ਹਨ। ਭਾਰਤ ਵਿਚ ਮੌਜੂਦਾ ਸਮੇਂ ਘੱਟ-ਗਿਣਤੀਆਂ ਖਿਲਾਫ ਹਿੰਸਾ ਨੂੰ ਆਮ ਸਹਿਮਤੀ ਮਿਲਦੀ ਜਾ ਰਹੀ ਹੈ ਅਤੇ ਇਸ ਸੰਬੰਧੀ ਸ਼ਰੇਆਮ ਆਪਣੀ ਖੁਸ਼ੀ ਜ਼ਾਹਿਰ ਕਰਨ ਵਿਚ ਵੀ ਕੋਈ ਝਿਜਕ ਨਹੀਂ ਦਿਖਾਈ ਜਾ ਰਹੀ। ਅਜਿਹੇ ਸਮੇਂ 1984 ਦੇ ਸਾਕੇ ਬਾਰੇ ਸੰਵੇਦਨਸ਼ੀਲਤਾ ਨਾਲ ਵਿਚਾਰ ਕਰਨਾ ਹੋਰ ਵੀ ਜਰੂਰੀ ਹੋ ਜਾਂਦਾ ਹੈ।

# ਭਾਰਤ ਦਾ ਅਕਸ ਵਿਗਾੜ ਰਹੀ ਹੈ ਨ.ਫਰਤੀ ਭਗਵੀਂ ਰਾਜਨੀਤੀ

## ਅਨਿਲ ਜੈਨ

ਭਾਰਤ ਵਿਚ ਪਿਛਲੇ ਅੱਠ ਸਾਲਾਂ ਤੋਂ ਸੱਤਾ ਅਤੇ ਸੰਗਠਨ ਦੇ ਪੱਧਰ 'ਤੇ ਜਾਰੀ ਫ਼ਿਰਕੂ ਨ.ਫਰਤ ਫੈਲਾਉਣ ਦੀ ਮੁਹਿੰਮ ਨੂੰ ਲੈ ਕੇ ਪਹਿਲੀ ਵਾਰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਅੰਤਰਰਾਸ਼ਟਰੀ ਪੱਧਰ 'ਤੇ ਬਚਾਅ ਦੀ ਸਥਿਤੀ 'ਚ ਦਿਖਾਈ ਦੇ ਰਹੀ ਹੈ। ਸੱਤਾ ਅਤੇ ਸੰਗਠਨ ਨੂੰ ਆਪਣੇ ਬਚਾਅ ਲਈ ਦੇਸ਼ ਦੇ ਉਸੇ ਸੰਵਿਧਾਨ ਦਾ ਸਹਾਰਾ ਲੈਣਾ ਪੈ ਰਿਹਾ ਹੈ, ਜਿਸ ਨੂੰ ਬਦਲ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਆਰ.ਐਸ.ਐਸ. ਅਤੇ ਭਾਜਪਾ ਨਾਲ ਜੁੜੇ ਸੰਗਠਨਾਂ ਦੇ ਲੋਕ ਆਏ ਦਿਨ ਕਰਦੇ ਰਹਿੰਦੇ ਹਨ। ਭਾਜਪਾ ਦੇ ਜਿਨਾਂ ਦੋ ਬੁਲਾਰਿਆਂ ਨੇ ਪੈ.ਗੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ ਲੈ ਕੇ ਅਪਮਾਨਜਨਕ ਟਿੱਪਣੀ ਅਤੇ ਭੜਕਾਊ ਬਿਆਨ ਦਿੱਤੇ, ਉਨਾਂ ਨੂੰ ਵੀ ਪਾਰਟੀ ਤੋਂ ਮੁਅੱਤਲ ਅਤੇ ਬਰਖ਼ਾਸਤ ਕਰਕੇ ਭਾਜਪਾ ਨੂੰ ਅਧਿਕਾਰਤ ਤੌਰ 'ਤੇ ਸਫ਼ਾਈ ਦਿੰਦਿਆਂ ਅਸਿੱਧੇ ਤੌਰ 'ਤੇ ਉਸੇ ਧਰਮ-ਨਿਰਪੱਖਤਾ ਦੇ ਸਿਧਾਂਤ ਦੀ ਦੁਹਾਈ ਦੇਣੀ ਪੈ ਰਹੀ ਹੈ, ਜਿਸ ਦਾ ਉਹ ਪਿਛਲੇ ਕਈ ਦਹਾਕਿਆਂ ਤੋਂ ਮਜ਼ਾਕ ਉਡਾਉਂਦੀ ਆ ਰਹੀ ਹੈ। ਐਨਾ ਹੀ ਨਹੀਂ, ਪਾਰਟੀ ਨੂੰ ਆਪਣੇ ਚੁਣੇ ਨੇਤਾਵਾਂ ਅਤੇ ਕੇਂਦਰੀ ਮੰਤਰੀਆਂ ਨੂੰ ਵੀ ਨਸੀਹਤ ਦੇਣੀ ਪੈ ਰਹੀ ਹੈ ਕਿ ਉਹ ਸੰਭਲ ਕੇ ਮੂੰਹ ਖੋਲਣ ਅਤੇ ਭੜਕਾਊ ਬਿਆਨਬਾਜ਼ੀ ਤੋਂ ਬਾਜ ਆਉਣ।

ਦਰਅਸਲ ਮੋਦੀ ਸਰਕਾਰ ਦੀ ਇਹ ਸ਼ੁਰੂ ਤੋਂ ਰਣਨੀਤੀ ਰਹੀ ਹੈ ਕਿ ਜੇਕਰ ਕੋਈ ਉਸ ਦੀ ਕਿਸੇ ਗ਼ਲਤੀ ਜਾਂ ਨਾਕਾਮੀ ਨੂੰ ਲੈ ਕੇ ਸਵਾਲ ਚੁੱਕਦਾ ਹੈ ਤਾਂ ਉਹ ਉਸ ਦੇ ਜਵਾਬ ਵਿਚ ਸਾਹਮਣੇ ਵਾਲੇ ਦੀ ਗ਼ਲਤੀ ਜਾਂ ਕਮਜ਼ੋਰੀ ਗਿਣਾ ਕੇ ਸਵਾਲ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕਰਨ ਲਗਦੀ ਹੈ। ਦੇਸ਼ 'ਚ ਲੰਬੇ ਸਮੇਂ ਤੋਂ ਜਾਰੀ ਫ਼ਿਰਕੂ ਹਿੰਸਾ ਅਤੇ ਨ.ਫਰਤ ਫੈਲਾਉਣ ਦੀ ਸਾਂਝੀ ਮੁਹਿੰਮ ਨੂੰ ਲੈ ਕੇ ਵੀ ਉਸ ਦਾ ਰੁਖ਼ ਇਹੀ ਰਿਹਾ ਹੈ। ਅਜੇ ਪਿਛਲੇ ਹ.ਫਤੇ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਨੂੰ ਲੈ ਕੇ ਅਮਰੀਕੀ ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ ਨੂੰ ਲੈ ਕੇ ਵੀ ਉਸ ਨੇ ਇਸੇ ਤਰਾਂ ਦੀ ਪ੍ਰਤੀਕਿਰਿਆ ਦਿੱਤੀ ਸੀ। ਭਾਰਤ ਸਰਕਾਰ ਵਲੋਂ ਕਿਹਾ ਗਿਆ



ਕਿ ਅਮਰੀਕਾ ਨੂੰ ਭਾਰਤ ਬਾਰੇ ਚਿੰਤਾ ਕਰਨ ਦੀ ਬਜਾਏ ਆਪਣੇ ਦੇਸ਼ ਵਿਚ ਹੋਣ ਵਾਲੀ ਨਸਲੀ ਹਿੰਸਾ, ਰੰਗਭੇਦੀ ਅਪਰਾਧ ਅਤੇ ਵਧ ਰਹੇ ਬੰਦੂਕ ਸੱਭਿਆਚਾਰ ਵੱਲ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਵੀ ਕਈ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਸਮਾਚਾਰ ਪੱਤਰਾਂ-ਪੱਤ੍ਰਿਕਾਵਾਂ ਨੇ ਜਦੋਂ-ਜਦੋਂ ਭਾਰਤ 'ਚ ਫ਼ਿਰਕੂ ਹਿੰਸਾ ਅਤੇ ਨ.ਫਰਤ ਫੈਲਾਉਣ ਵਾਲੀਆਂ ਸਰਗਰਮੀਆਂ ਦੀ ਚਰਚਾ ਕੀਤੀ, ਉਦੋਂ-ਉਦੋਂ ਸਰਕਾਰ ਅਤੇ ਭਾਜਪਾ ਵਲੋਂ ਇਹੀ ਕਿਹਾ ਗਿਆ ਕਿ ਇਹ ਭਾਰਤ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ। ਦੇਸ਼ ਅੰਦਰ ਜਿਨਾਂ ਸੰਗਠਨਾਂ ਅਤੇ ਲੋਕਾਂ ਨੇ ਅਜਿਹੀਆਂ ਘਟਨਾਵਾਂ 'ਤੇ ਚਿੰਤਾ ਜਤਾਉਂਦਿਆਂ ਪ੍ਰਧਾਨ ਮੰਤਰੀ ਨੂੰ ਇਨਾਂ 'ਤੇ ਰੋਕ ਲਗਾਉਣ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ, ਉਨਾਂ ਨੂੰ ਸਰਕਾਰ ਅਤੇ ਸੱਤਾਧਾਰੀ ਪਾਰਟੀ ਵਲੋਂ ਦੇਸ਼ਧ੍ਰੋਹੀ ਕਰਾਰ ਦੇ ਕੇ ਉਨਾਂ ਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਵਾਰ ਵੀ ਸ਼ੁਰੂ ਵਿਚ ਤਾਂ ਅਜਿਹਾ ਹੀ ਹੋਇਆ।

ਫ਼ਿਰਕੂ ਨ.ਫਰਤ ਫੈਲਾਉਣ ਲਈ ਇਕ ਪ੍ਰਸਿੱਧ ਟੈਲੀਵਿਜ਼ਨ ਚੈਨਲ 'ਤੇ ਬਹਿਸ ਦੌਰਾਨ ਭਾਜਪਾ ਦੀ ਕੌਮੀ ਬੁਲਾਰਾ ਨੂਪੁਰ ਸ਼ਰਮਾ ਵਲੋਂ ਪੈ.ਗੰਬਰ ਹਜ਼ਰਤ ਮੁਹੰਮਦ ਸਾਹਿਬ 'ਤੇ ਕੀਤੀ ਗਈ ਅਪਮਾਨਜਨਕ ਟਿੱਪਣੀ 'ਤੇ ਦੇਸ਼ ਅੰਦਰ ਪ੍ਰਤੀਕਿਰਿਆ ਹੋਈ ਅਤੇ ਕੁਝ ਥਾਵਾਂ 'ਤੇ ਹਿੰਸਕ ਟਕਰਾਅ ਦੇ ਹਾਲਾਤ ਬਣੇ ਤਾਂ ਪਾਰਟੀ ਵਲੋਂ ਆਪਣੀ ਬੁਲਾਰਾ ਦਾ ਬਚਾਅ ਹੀ ਕੀਤਾ ਗਿਆ। ਪਾਰਟੀ ਦੇ ਇਕ ਹੋਰ ਬੁਲਾਰੇ ਅਤੇ ਦਿੱਲੀ ਪ੍ਰਦੇਸ਼ ਭਾਜਪਾ ਦੇ ਮੀਡੀਆ ਇੰਚਾਰਜ ਨਵੀਨ ਕੁਮਾਰ ਜਿੰਦਲ ਨੇ ਨੂਪੁਰ ਸ਼ਰਮਾ ਦੇ ਬਿਆਨ ਨੂੰ ਸਹੀ ਠਹਿਰਾਇਆ।

**ਸੰਵਾਦ**

ਪਰ ਜਦੋਂ ਅਰਬ ਦੇਸ਼ਾਂ ਸਮੇਤ ਸਮੁੱਚੀ ਮੁਸਲਿਮ ਦੁਨੀਆ ਵਿਚ ਭਾਜਪਾ ਦੀ ਬੁਲਾਰਾ ਦੇ ਬਿਆਨ ਦਾ ਤਿੱਖਾ ਵਿਰੋਧ ਸ਼ੁਰੂ ਹੋਇਆ, ਉੱਥੇ ਭਾਰਤੀ ਚੀਜ਼ਾਂ ਦਾ ਬਾਈਕਾਟ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਸਵੀਰਾਂ ਦੇ ਨਾਲ ਜਨਤਕ ਤੌਰ 'ਤੇ ਭੱਦਾ ਸਲੂਕ ਹੋਣ ਲੱਗਾ ਅਤੇ ਉੱਥੋਂ ਦੀਆਂ ਸਰਕਾਰਾਂ ਵਲੋਂ ਭਾਰਤ ਸਰਕਾਰ ਤੋਂ ਮੁਆਫ਼ੀ ਮੰਗਣ ਨੂੰ ਕਿਹਾ ਜਾਣ ਲੱਗਾ ਤਾਂ ਭਾਰਤ ਸਰਕਾਰ ਅਤੇ ਭਾਜਪਾ ਨੂੰ ਹੋਸ਼ ਆਇਆ। ਜਲਦਬਾਜ਼ੀ ਵਿਚ ਨੂਪੁਰ ਸ਼ਰਮਾ ਨੂੰ ਛੇ ਸਾਲ ਲਈ ਪਾਰਟੀ ਤੋਂ ਮੁਅੱਤਲ ਅਤੇ ਨਵੀਨ ਜਿੰਦਲ ਨੂੰ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ।

ਇਸ ਕਾਰਵਾਈ ਤੋਂ ਬਾਅਦ ਪਾਰਟੀ ਵਲੋਂ ਇਕ ਬਿਆਨ ਜਾਰੀ ਕੀਤਾ ਗਿਆ, ਜਿਸ ਵਿਚ ਨਾ ਤਾਂ ਇਨਾਂ ਦੋਵਾਂ ਦਾ ਜ਼ਿਕਰ ਕੀਤਾ ਗਿਆ ਅਤੇ ਨਾ ਹੀ ਇਨਾਂ ਦੇ ਇਤਰਾਜ਼ਯੋਗ ਬਿਆਨਾਂ ਦਾ। ਬਿਆਨ 'ਚ ਸਫ਼ਾਈ ਦਿੱਤੀ ਗਈ ਕਿ ਭਾਰਤ ਸਾਰੇ ਧਰਮਾਂ ਦਾ ਸਨਮਾਨ ਕਰਨ ਵਾਲਾ ਦੇਸ਼ ਹੈ ਅਤੇ ਭਾਜਪਾ ਹਰ ਉਸ ਵਿਚਾਰਧਾਰਾ ਦੇ ਖ਼ਿਲਾ.ਫ ਹੈ ਜੋ ਕਿਸੇ ਵੀ ਧਰਮ ਦਾ ਅਪਮਾਨ ਕਰਦੀ ਹੈ। ਇਹੀ ਨਹੀਂ, ਕਤਰ 'ਚ ਭਾਰਤ ਦੇ ਰਾਜਦੂਤ ਦੀਪਕ ਮਿੱਤਲ ਨੇ ਵੀ ਬਾਕਾਇਦਾ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਭਾਰਤ ਦੇ ਕੁਝ 'ਫਰਿੰਜ ਐਲੀਮੈਂਟ' ਭਾਵ ਇਧਰ-ਉਧਰ ਦੇ ਛੋਟੇ-ਮੋਟੇ ਲੋਕਾਂ ਜਾਂ ਅਰਾਜਕ ਤੱਤਾਂ ਨੇ ਪੈ.ਗੰਬਰ ਹਜ਼ਰਤ ਮੁਹੰਮਦ ਸਾਹਿਬ ਬਾਰੇ ਜੋ ਬਿਆਨ ਦਿੱਤਾ ਹੈ, ਉਨਾਂ ਦਾ ਭਾਰਤ ਸਰਕਾਰ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਉਨਾਂ ਬਿਆਨਾਂ ਦੇ ਆਧਾਰ 'ਤੇ ਭਾਰਤ ਬਾਰੇ ਕੋਈ ਧਾਰਨਾ ਨਹੀਂ ਬਣਾਉਣੀ ਚਾਹੀਦੀ।

ਇੱਥੇ ਗ਼ੌਰ ਕਰਨ ਵਾਲੀ ਗੱਲ ਹੈ ਕਿ ਕੋਰੋਨਾ ਵਾਇਰਸ ਦੀ ਪਹਿਲੀ ਲਹਿਰ ਦੌਰਾਨ ਦੇਸ਼ ਭਰ 'ਚ ਤਬਲੀਗੀ ਜਮਾਤ ਦੇ ਬਹਾਨੇ ਸਮੁੱਚੇ ਮੁਸਲਿਮ ਭਾਈਚਾਰੇ ਖ਼ਿਲਾ.ਫ ਵਿਆਪਕ ਮੁਹਿੰਮ ਚਲਾਈ ਗਈ ਸੀ। ਸਰਕਾਰ ਅਤੇ ਭਾਜਪਾ ਸਮਰਥਕ ਸੰਗਠਨਾਂ ਦੇ ਨਾਲ ਮੀਡੀਆ ਦਾ ਇਕ ਵੱਡਾ ਹਿੱਸਾ ਵੀ ਭਾਰਤ 'ਚ ਕੋਰੋਨਾ ਫੈਲਾਉਣ ਲਈ ਮੁਸਲਮਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾ ਰਿਹਾ ਸੀ। ਇਸ ਮੁਹਿੰਮ 'ਚ ਸਰਕਾਰੀ ਮਸ਼ੀਨਰੀ ਵੀ ਬਹੁਤ ਹੱਦ ਤੱਕ ਸ਼ਾਮਿਲ ਸੀ। ਉਸ ਨੂੰ ਲੈ ਕੇ ਵੀ ਅਰਬ ਦੇਸ਼ਾਂ ਅਤੇ ਵਿਸ਼ਵ ਸਿਹਤ ਸੰਗਠਨ ਨੇ ਸਖ਼ਤ ਨਾਰਾਜ਼ਗੀ ਜਤਾਈ ਸੀ। ਪਰ ਭਾਰਤ ਸਰਕਾਰ 'ਤੇ ਇਸ ਦਾ ਕੋਈ ਅਸਰ ਨਹੀਂ ਸੀ ਹੋਇਆ। ਨ.ਫਰਤ ਫੈਲਾਉਣ ਦੀ ਉਹ ਮੁਹਿੰਮ ਲੰਬੇ ਸਮੇਂ ਤੱਕ ਚੱਲੀ ਸੀ।

ਸਵਾਲ ਹੈ ਕਿ ਜਦੋਂ ਉਸ ਸਮੇਂ ਭਾਰਤ ਸਰਕਾਰ ਨੇ ਉਸ ਮੁਹਿੰਮ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਸੀ ਕੀਤੀ ਤਾਂ ਹੁਣ ਅਜਿਹਾ ਕੀ ਹੋ ਗਿਆ ਕਿ ਇਤਰਾਜ਼ਯੋਗ ਬਿਆਨ ਦੇਣ ਵਾਲੇ ਬੁਲਾਰਿਆਂ ਨੂੰ ਪਾਰਟੀ ਨੇ ਨਾ ਸਿਰਫ਼ ਬਾਹਰ ਦਾ ਰਸਤਾ ਦਿਖਾ ਦਿੱਤਾ, ਸਗੋਂ ਭਾਰਤੀ ਰਾਜਦੂਤ ਰਾਹੀਂ ਉਨਾਂ ਨੂੰ 'ਫਰਿੰਜ ਐਲੀਮੈਂਟ' ਵੀ ਕਰਾਰ ਦਿਵਾ ਦਿੱਤਾ। ਦਰਅਸਲ ਇਸ ਦਾ ਕਾਰਨ ਇਹ ਹੈ ਕਿ ਉਸ ਸਮੇਂ ਦੇਸ਼ ਭਾਵੇਂ ਬਦਨਾਮ ਹੋ ਰਿਹਾ ਸੀ, ਪਰ ਪ੍ਰਧਾਨ ਮੰਤਰੀ ਮੋਦੀ ਦੇ ਅਕਸ 'ਤੇ ਕੋਈ ਆਂਚ ਨਹੀਂ ਸੀ ਆ ਰਹੀ। ਉਨਾਂ ਖ਼ਿਲਾ.ਫ ਵਿਦੇਸ਼ਾਂ 'ਚ ਕਿਤੇ ਵੀ ਪ੍ਰਦਰਸ਼ਨ ਨਹੀਂ ਸਨ ਹੋ ਰਹੇ, ਜਦੋਂ ਕਿ ਇਸ ਵਾਰ ਅਰਬ ਦੇਸ਼ਾਂ ਵਿਚ ਸਿੱਧੇ ਤੌਰ 'ਤੇ ਮੋਦੀ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਸੀ। ਇਸ ਲਈ ਉਨਾਂ ਦੇ ਅਕਸ 'ਤੇ ਆ ਰਹੀ ਆਂਚ ਨੂੰ ਰੋਕਣ ਲਈ ਸਰਕਾਰ ਅਤੇ ਪਾਰਟੀ ਤੁਰੰਤ ਹਰਕਤ 'ਚ ਆ ਗਈ। ਜ਼ਾਹਰ ਹੈ ਕਿ ਮੋਦੀ ਨੂੰ ਉਨਾਂ ਦੀ ਸਰਕਾਰ ਅਤੇ ਪਾਰਟੀ ਦੇਸ਼ ਤੋਂ ਉੱਪਰ ਮੰਨ ਕੇ ਚਲਦੀ ਹੈ। ਖ਼ੁਦ ਮੋਦੀ ਵੀ ਅਜਿਹਾ ਹੀ ਮੰਨਦੇ ਹਨ ਅਤੇ ਇਸ ਲਈ ਉਹ ਆਪਣੀਆਂ ਵਿਦੇਸ਼ ਯਾਤਰਾਵਾਂ ਦੌਰਾਨ ਵੀ ਵਿਰੋਧੀ ਨੇਤਾਵਾਂ ਅਤੇ ਆਪਣੇ ਸਾਬਕਾ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ ਕਈ ਤਰੀਕਿਆਂ ਨਾਲ ਆਪਣੇ ਦੇਸ਼ ਦਾ ਅਪਮਾਨ ਕਰਨ ਤੋਂ ਨਹੀਂ ਖੁੰਝਦੇ।

ਦੱਸਣਯੋਗ ਇਹ ਵੀ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਖ਼ਿਲਾ.ਫ ਅਪਮਾਨਜਨਕ ਟਿੱਪਣੀ ਕਰਨ ਵਾਲੇ ਭਾਜਪਾ ਦੇ ਅਧਿਕਾਰਤ ਬੁਲਾਰਿਆਂ ਨੂੰ 'ਫਰਿੰਜ ਐਲੀਮੈਂਟ' ਕਰਾਰ ਦਿੱਤੇ ਜਾਣ ਸੰਬੰਧੀ ਕਤਰ ਸਥਿਤ ਭਾਰਤੀ ਰਾਜਦੂਤ ਦੇ ਬਿਆਨ 'ਤੇ ਸਰਕਾਰ ਅਤੇ ਭਾਜਪਾ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਭਾਵ ਸਰਕਾਰ ਅਤੇ ਭਾਜਪਾ ਵੀ ਰਾਜਦੂਤ ਦੇ ਬਿਆਨ ਨਾਲ ਸਹਿਮਤ ਹਨ, ਪਰ ਸਵਾਲ ਇਹ ਹੈ ਕਿ ਭਾਰਤੀ ਰਾਜਦੂਤ ਦਾ ਇਹ ਬਿਆਨ ਕਿਸ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਹੈ ?

ਬਾਕੀ ਸਫ਼ਾ 30 'ਤੇ

# ਭਗਵੇਂਵਾਦ ਦਾ ਇਸਲਾਮੋਫੋਬੀਆ ਬਨਾਮ ਕੌੜੀ ਫਸਲ

## ਨਵਦੀਪ ਸੂਰੀ

ਭਾਜਪਾ ਦੀ ਤਰਜਮਾਨ ਨੂਪੁਰ ਸ਼ਰਮਾ (ਜੋ ਹੁਣ ਮੁਅੱਤਲ ਹੈ) ਅਤੇ ਦਿੱਲੀ ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਨਵੀਨ ਕੁਮਾਰ ਜਿੰਦਲ (ਜਿਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ) ਵਲੋਂ ਪੈਗੰਬਰ ਮੁਹੰਮਦ ਸਾਹਿਬ ਬਾਰੇ ਕੀਤੀਆਂ ਘਿਨਾਉਣੀਆਂ ਟਿੱਪਣੀਆਂ ਨਾਲ ਬਿਨਾਂ ਸ਼ੱਕ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨਾਂ ਦੀ ਸਰਕਾਰ ਦੇ ਖਾੜੀ ਮੁਲਕਾਂ ਨਾਲ ਭਾਰਤ ਦੇ ਸਬੰਧ ਮਜ਼ਬੂਤ ਕਰਨ ਲਈ ਕੀਤੇ ਯਤਨਾਂ ਨੂੰ ਗਹਿਰਾ ਧੱਕਾ ਵੱਜਿਆ ਹੈ। ਮੈਂ ਜਦੋਂ 2016-19 ਤੱਕ ਸੰਯੁਕਤ ਅਰਬ ਅਮੀਰਾਤ (ਯੂਏਈ) ਵਿਚ ਭਾਰਤ ਦਾ ਰਾਜਦੂਤ ਸੀ ਤਾਂ ਉਦੋਂ ਇਸ ਤਬਦੀਲੀ ਨੂੰ ਆਪਣੇ ਅੱਖੀਂ ਤੱਕਿਆ ਸੀ ਅਤੇ ਇਸ ਦਾ ਇਹ ਹਸ਼ਰ ਹੁੰਦਾ ਦੇਖ ਕੇ ਦੁੱਖ ਹੁੰਦਾ ਹੈ। ਪੰਜ ਜੂਨ ਨੂੰ 24 ਘੰਟਿਆਂ ਦੇ ਵਕ.ਫੇ ਵਿਚ ਕਤਰ, ਕੁਵੈਤ ਅਤੇ ਇਰਾਨ ਵਿਚਲੇ ਭਾਰਤੀ ਰਾਜਦੂਤਾਂ ਨੂੰ ਵਿਦੇਸ਼ ਵਿਭਾਗ ਤਲਬ ਕੀਤਾ ਗਿਆ ਅਤੇ ਸਖ਼ਤ ਰੋਸ ਦਰਜ ਕਰਾਇਆ ਗਿਆ ਜੋ ਆਮ ਤੌਰ 'ਤੇ ਭੜਕਾਊ ਬਿਆਨਾਂ ਦੀ ਕੀਤੀ ਜਾਂਦੀ ਨੁਕਤਾਚੀਨੀ ਤੋਂ ਕਿਤੇ ਸਖ਼ਤ ਕਾਰਵਾਈ ਗਿਣੀ ਜਾਂਦੀ ਹੈ। ਕਤਰ ਤੇ ਕੁਵੈਤ ਨੇ ਮੰਗ ਕੀਤੀ ਕਿ ਦੋਸ਼ੀ ਜਨਤਕ ਤੌਰ 'ਤੇ ਮੁਆਫ਼ੀ ਮੰਗਣ, ਨਾਲ ਹੀ ਆਖਿਆ, 'ਇਸਲਾਮ ਬਾਰੇ ਹਊਆ ਪੈਦਾ ਕਰਨ ਵਾਲੀਆਂ (ਇਸਲਾਮੋਫੋਬੀਆ) ਇਸ ਕਿਸਮ ਦੀਆਂ ਟਿੱਪਣੀਆਂ ਨੂੰ ਜੇ ਇਵੇਂ ਹੀ ਖੁੱਲ ਦਿੱਤੀ ਜਾਂਦੀ ਰਹੀ ਤਾਂ ਇਨਾਂ ਨਾਲ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ ਅਤੇ ਇਸ ਨਾਲ ਮੁਤੱਸਬ ਹੋਰ ਜ਼ਿਆਦਾ ਵਧ ਸਕਦਾ ਹੈ।'

**ਭੱਖਦਾ ਮੱਸਲਾ**

ਹਾਲੀਆ ਸਾਲਾਂ ਦੌਰਾਨ ਭਾਰਤ ਨਾਲ ਖੜੋਂਦਾ ਰਿਹਾ ਅਤੇ ਸੰਵਿਧਾਨ ਦੀ ਧਾਰਾ 370 ਦੀ ਮਨਸੂਖੀ ਤੋਂ ਬਾਅਦ ਹਮਾਇਤ ਜੁਟਾਉਣ ਲਈ ਕੀਤੀਆਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਨੂੰ ਡੱਕਦਾ ਰਿਹਾ ਸਾਊਦੀ ਅਰਬ ਵੀ ਇਸ ਘਟਨਾਕ੍ਰਮ ਲਈ ਬਿਆਨ ਜਾਰੀ ਕਰਨ ਲਈ ਮਜਬੂਰ ਹੋਇਆ ਹੈ। ਪਾਕਿਸਤਾਨ ਅਤੇ ਓਆਈਸੀ ਨੇ ਵੀ ਆਸ ਮੂਜਬ ਗੱਲਾਂ ਕੀਤੀਆਂ ਹਨ ਪਰ ਇਨਾਂ ਨੂੰ ਬਹੁਤੀ ਤਵੱਜੋਂ ਦੇਣ ਦੀ ਲੋੜ ਨਹੀਂ ਹੈ।

ਬਹਰਹਾਲ, ਓਮਾਨ ਵਰਗੇ ਮੁਲਕ ਦੀ ਗੱਲ ਲੈ ਲਓ ਜਿਸ ਨੇ 2018 ਵਿਚ ਪ੍ਰਧਾਨ ਮੰਤਰੀ ਦੇ ਦੌਰੇ ਵੇਲੇ ਦੁਕਮ ਬੰਦਰਗਾਹ 'ਤੇ ਭਾਰਤੀ ਜਲ ਸੈਨਾ ਲਈ ਸਹੂਲਤਾਂ ਦੇ ਬੰਦੋਬਸਤ ਲਈ ਸਮਝੌਤਾ ਸਹੀਬੰਦ ਕੀਤਾ ਸੀ ਅਤੇ ਜਿੱਥੇ ਪ੍ਰਧਾਨ ਮੰਤਰੀ ਇਕ ਪੁਰਾਣੇ ਸ਼ਿਵ ਮੰਦਰ ਵਿਚ ਮੱਥਾ ਟੇਕਣ ਗਏ ਸਨ। ਉੱਥੋਂ ਦੇ ਵੱਡੇ ਮੁ.ਫਤੀ ਦੇ ਟਵਿਟਰ 'ਤੇ ਸਾਢੇ ਤਿੰਨ ਲੱਖ ਫਾਲੋਅਰ ਹਨ ਅਤੇ ਲੰਘੀ ਚਾਰ ਜੂਨ ਨੂੰ ਉਹ ਬਿਆਨ ਜਾਰੀ ਕਰਨ ਵਾਲਿਆਂ ਵਿਚ ਮੁ.ਫਤੀ ਵੀ ਸ਼ਾਮਲ ਸਨ ਜਿਸ ਵਿਚ ਨੂਪੁਰ ਸ਼ਰਮਾ ਦੀਆਂ ਟਿੱਪਣੀਆਂ ਨੂੰ 'ਸਾਰੇ ਮੁਸਲਮਾਨਾਂ ਖਿਲਾ.ਫ ਜੰਗ' ਕਰਾਰ ਦਿੱਤਾ ਗਿਆ ਸੀ ਅਤੇ ਸਾਰੀਆਂ ਭਾਰਤੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਗਿਆ ਹੈ ਤੇ ਜਲਦੀ ਹੀ ਇਹ ਅਰਬ ਜਗਤ ਅੰਦਰ ਟਵਿਟਰ 'ਤੇ ਟ੍ਰੈਂਡ ਹੋਣ ਲੱਗ ਪਿਆ ਸੀ। ਕੁਝ ਰਿਪੋਰਟਾਂ ਤੋਂ ਸੰਕੇਤ ਮਿਲਿਆ ਕਿ ਸਾਊਦੀ ਅਰਬ ਅਤੇ ਬਹਿਰੀਨ ਵਿਚ ਕੁਝ ਸੁਪਰ ਸਟੋਰਾਂ ਨੇ ਇਸ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ, ਕੁਝ ਹੋਰਨਾਂ ਨੇ ਆਪਣੇ ਕੂੜੇਦਾਨਾਂ 'ਤੇ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਲਾ ਕੇ ਜਾਂ ਉਨਾਂ 'ਤੇ ਕਾਲਖ ਮਲ਼ ਕੇ ਗੁੱਸਾ ਜ਼ਾਹਿਰ ਕੀਤਾ।

ਦੁਵੱਲੇ ਸਬੰਧਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਿਆਂ ਕੁਵੈਤ, ਕਤਰ ਅਤੇ ਸਾਊਦੀ ਅਰਬ ਨੇ ਇਸ ਮੁੱਦੇ ਨੂੰ ਮੁਖ਼ਾਤਬ ਹੋਣ ਲਈ ਭਾਜਪਾ ਦੇ ਚੁੱਕੇ ਕਦਮਾਂ ਦਾ ਨੋਟਿਸ ਲਿਆ ਅਤੇ ਇਸ ਪਾਰਟੀ ਦੇ ਜਾਰੀ ਕੀਤੇ ਇਸ ਬਿਆਨ ਨੂੰ ਪ੍ਰਵਾਨ ਕੀਤਾ ਹੈ ਕਿ 'ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਪਸੰਦ ਦੇ ਕਿਸੇ ਵੀ ਧਰਮ ਦਾ ਪਾਲਣ ਕਰਨ ਅਤੇ ਕਿਸੇ ਵੀ ਧਰਮ ਦਾ ਮਾਣ ਸਤਿਕਾਰ ਕਰਨ ਦਾ ਹੱਕ ਦਿੰਦਾ ਹੈ।' ਖਿੱਤੇ ਵਿਚਲੇ ਸਾਡੇ ਸ.ਫੀਰਾਂ ਸਾਹਮਣੇ ਇਹ ਵੱਡਾ ਕੰਮ ਹੈ ਕਿ ਜਿੱਥੇ ਉਹ ਸਾਡੀ ਤਹਿਜ਼ੀਬੀ ਵਿਰਾਸਤ ਨੂੰ ਉਭਾਰਨ ਦਾ ਯਤਨ ਕਰਨ, ਉੱਥੇ ਮੁੱਠੀ ਭਰ ਸ਼ਰਾਰਤੀ ਅਨਸਰਾਂ ਦੀਆਂ ਟਿੱਪਣੀਆਂ ਨੂੰ ਵੀ ਸਪੱਸ਼ਟ ਕਰਨ।

ਹੁਣ ਕਿਉਂਕਿ ਸੋਸ਼ਲ ਮੀਡੀਆ 'ਤੇ ਤੂ.ਫਾਨ ਉਠਿਆ ਹੋਇਆ ਹੈ ਤੇ ਇਸ ਤੋਂ ਬਾਅਦ ਵਿਦੇਸ਼ ਮੰਤਰਾਲੇ ਵੀ ਇਸ ਦੀ ਜ਼ੱਦ ਵਿਚ ਆ ਗਏ ਹਨ ਜਿਸ ਕਰ ਕੇ ਕੁਝ ਪ੍ਰਤੀਕਰਮਾਂ 'ਤੇ ਝਾਤ ਮਾਰਨ ਦੀ ਲੋੜ ਹੈ :

1) ਕੁਵੈਤ ਅਤੇ ਕਤਰ ਦੇ ਵਿਦੇਸ਼ ਵਿਭਾਗਾਂ ਦੇ ਅਰਬੀ ਭਾਸ਼ਾ ਵਿਚ ਜਾਰੀ ਟਵੀਟਾਂ ਰਾਹੀਂ ਉਨਾਂ ਦੇ ਬਿਆਨਾਂ ਦੀ ਉਨਾਂ ਦੇ ਨਾਗਰਿਕਾਂ ਨੇ ਵਿਆਪਕ ਹਮਾਇਤ ਕੀਤੀ ਹੈ। ਅਰਬੀ ਵਿਚ ਆਏ ਕੁਝ ਕੁ ਕਥਨਾਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਭਾਰਤ ਦੀ ਨੁਕਤਾਚੀਨੀ ਕੀਤੀ ਗਈ ਹੈ।

2) ਇਨਾਂ ਮੁਲਕਾਂ ਵਿਚਲੇ ਵਸਦੇ ਬਹੁਤ ਸਾਰੇ ਪਰਵਾਸੀ ਭਾਰਤੀਆਂ ਨੇ ਆਪਣੇ ਮੇਜ਼ਬਾਨ ਮੁਲਕ ਦੇ ਪੈਂਤੜੇ ਦੀ ਪ੍ਰੋੜਤਾ ਕੀਤੀ ਹੈ ਜੋ ਜਾਂ ਤਾਂ ਮੇਜ਼ਬਾਨ ਮੁਲਕ ਦੇ ਸਨਮਾਨ ਕਰ ਕੇ ਹੈ, ਜਾਂ ਫਿਰ ਇਸ ਚਿੰਤਾ ਕਰ ਕੇ ਵੀ ਹੋ ਸਕਦਾ ਹੈ ਕਿ ਇਸ ਕਿਸਮ ਦੇ ਘਟਨਾਕ੍ਰਮਾਂ ਦਾ ਉਨਾਂ ਦੀ ਆਪਣੀ ਬਹਿਬੂਤੀ 'ਤੇ ਕਿਹੋ ਜਿਹਾ ਅਸਰ ਪੈ ਸਕਦਾ ਹੈ।



3) ਭਾਰਤ ਦੀ ਤਰਫ਼ੋਂ ਵੀ ਕਾਫ਼ੀ ਸੰਖਿਆ ਵਿਚ ਆਏ ਟਰੋਲਾਂ ਵਿਚ ਖਾੜੀ ਮੁਲਕਾਂ ਅੰਦਰ ਲੋਕਤੰਤਰ ਦੀ ਘਾਟ, ਤੇਲ ਉਪਰ ਨਿਰਭਰਤਾ ਜਿਹੇ ਨੁਕਤਿਆਂ ਨੂੰ ਲੈ ਕੇ ਉਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਕ ਵਾਰ ਕਤਰ ਦੀ ਸਹਾਇਕ ਵਿਦੇਸ਼ ਮੰਤਰੀ ਲੋਲਵਾ ਅਲ ਖ਼ਤਰ ਦੀ ਟਵਿਟਰ ਟਾਈਮਲਾਈਨ ਵੀ ਨਿਸ਼ਾਨੇ 'ਤੇ ਆ ਗਈ ਸੀ ਜਦੋਂ ਉਸ ਨੇ ਆਪਣੀ ਸਰਕਾਰ ਦੇ ਬਿਆਨ ਨੂੰ ਰੀ-ਟਵੀਟ ਕੀਤਾ ਸੀ। 2010 ਵਿਚ ਚਿੱਤਰਕਾਰ ਐੱਮਐੱਫ ਹੁਸੈਨ ਨੂੰ ਭਾਰਤ 'ਚੋਂ ਜਬਰੀ ਦੇਸ਼ ਨਿਕਾਲਾ ਦੇਣ ਬਾਅਦ ਕਤਰ ਵਲੋਂ ਨਾਗਰਿਕਤਾ ਦਿੱਤੇ ਜਾਣ ਦੇ ਵਾਰ ਵਾਰ ਹਵਾਲੇ ਬੱਝਵੀਂ ਮੁਹਿੰਮ ਦਾ ਹਿੱਸਾ ਜਾਪਦੇ ਸਨ।

4) ਭਾਜਪਾ ਨੂੰ ਖ਼ੁਦ ਵੀ ਇਨਾਂ ਅਨਸਰਾਂ ਦੇ ਰੋਸ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਇਸ ਦੀਆਂ ਕਈ ਮੋਹਰੀ ਆਵਾਜ਼ਾਂ ਨੇ ਸਰਕਾਰ ਉੱਤੇ ਕਮਜ਼ੋਰ ਹੋਣ ਅਤੇ 'ਇਸਲਾਮੀਆਂ ਸਾਹਮਣੇ ਗੋਡੇ ਟੇਕਣ' ਦੇ ਦੋਸ਼ ਲਾਏ ਜਾ ਰਹੇ ਸਨ।

ਇਸ ਕੂਟਨੀਤਕ ਨਾਕਾਮੀ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਉਦੋਂ ਵਾਪਰਿਆ ਹੈ ਜਦੋਂ ਰਾਸ਼ਟਰਪਤੀ ਵੈਂਕੱਈਆ ਨਾਇਡੂ ਕਤਰ ਦੇ ਅਧਿਕਾਰਤ ਦੌਰੇ 'ਤੇ ਸਨ ਅਤੇ ਕੁਝ ਦਿਨ ਬਾਅਦ ਇਰਾਨ ਦੇ ਵਿਦੇਸ਼ ਮੰਤਰੀ ਦੀ ਪਹਿਲੀ ਯਾਤਰਾ ਹੋਣ ਵਾਲੀ ਸੀ। ਇਹ ਘਟਨਾਕ੍ਰਮ ਉਸ ਸਮੇਂ ਸਾਹਮਣੇ ਆਇਆ ਜਦੋਂ ਊਰਜਾ ਦੀ ਸੁਰੱਖਿਆ ਲਈ ਭਾਰਤ ਦੀ ਤਲਾਸ਼ ਸਿਰ ਚੜ ਕੇ ਬੋਲ ਰਹੀ ਹੈ, ਜਦੋਂ ਅਸੀਂ ਆਪਣੇ ਬੁਨਿਆਦੀ ਢਾਂਚੇ ਵਿਚ ਖਾੜੀ ਦੇ ਮੁਲਕਾਂ ਦੇ ਦੌਲਤਖ਼ਾਨਿਆਂ ਰਾਹੀਂ ਅਰਬਾਂ ਡਾਲਰਾਂ ਦਾ ਨਿਵੇਸ਼ ਕਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ, ਜਦੋਂ ਅੱਸੀ ਲੱਖ ਭਾਰਤੀ ਲੋਕ ਆਪਣੀ ਰੋਜ਼ੀ ਰੋਟੀ ਲਈ ਖਾੜੀ ਦੇ ਮੁਲਕਾਂ ਵਿਚ ਰਹਿ ਰਹੇ ਹਨ, ਜਦੋਂ ਅਸੀਂ 'ਗਲ.ਫ ਕੋਆਪਰੇਸ਼ਨ ਕੌਂਸਲ' ਨਾਲ ਮੁਕਤ ਵਪਾਰ ਸਮਝੌਤੇ ਲਈ ਗੱਲਬਾਤ ਕਰ ਰਹੇ ਹਾਂ।

ਇਸ ਕਰ ਕੇ ਆਪਣੇ ਪੈਰੀਂ ਆਪ ਕੁਹਾੜੀ ਮਾਰਨ ਤੋਂ ਬਚਿਆ ਜਾਣਾ ਚਾਹੀਦਾ ਸੀ ਪਰ ਸੱਤਾਧਾਰੀ ਪਾਰਟੀ ਇਨਾਂ ਉਭਰ ਰਹੇ ਰੁਝਾਨਾਂ ਪ੍ਰਤੀ ਅੱਖਾਂ ਬੰਦ ਕਰ ਕੇ ਬੈਠੀ ਹੋਈ ਸੀ। 2015 ਵਿਚ ਲੋਕ ਸਭਾ ਮੈਂਬਰ ਤੇਜਸਵੀ ਸੂਰੀਆ ਦੀ ਮੁਸਲਿਮ ਔਰਤਾਂ ਬਾਰੇ ਨਿੰਦਣਯੋਗ ਟਿੱਪਣੀ ਅਤੇ ਹਾਲ ਹੀ ਵਿਚ ਆਸਟਰੇਲੀਆ ਦੌਰੇ ਮੌਕੇ ਉਸ ਦੇ ਇਸਲਾਮੀ ਹਊਆ ਦਰਸਾਉਣ (ਇਸਲਾਮੋਫੋਬੀਆ) ਵਾਲੀਆਂ ਟਿੱਪਣੀਆਂ ਇਸ ਕਿਸਮ ਦੀਆਂ ਢੇਰਾਂ ਮਿਸਾਲਾਂ ਵਿਚੋਂ ਮਹਿਜ਼ ਇਕ ਹੈ।

ਉਂਝ, ਪਾਰਟੀ ਦੇ ਕੁਝ ਹਿੱਸੇ ਸਪੱਸ਼ਟ ਰੂਪ ਵਿਚ ਮਹਿਸੂਸ ਕਰਦੇ ਹਨ ਕਿ ਉਹ ਇੰਨੇ ਚਲਾਕ ਹਨ ਕਿ ਇਕੋ ਵੇਲੇ ਸ਼ਿਕਾਰ ਤੇ ਸ਼ਿਕਾਰੀ, ਦੋਵਾਂ ਨਾਲ ਦੌੜ ਸਕਦੇ ਹਨ : ਇਹ ਵੀ ਕਿ ਘਰੋਗੀ ਰਾਜਨੀਤੀ ਵਿਚ ਧਾਰਮਿਕ ਧਰੁਵੀਕਰਨ ਦਾ ਚੋਣਾਂ ਵਿਚ ਭਰਵਾਂ ਲਾਹਾ ਲਿਆ ਜਾ ਸਕਦਾ ਹੈ, ਉਧਰ ਪ੍ਰਧਾਨ ਮੰਤਰੀ ਅਤੇ ਉਨਾਂ ਦੇ ਸ.ਫੀਰ ਖਾੜੀ ਦੇ ਮੁਸਲਿਮ ਮੁਲਕਾਂ ਨੂੰ ਪਰਚਾਉਣ ਲੱਗੇ ਹੋਏ ਹਨ। ਸ਼ਾਇਦ ਉਹ ਅੰਦਰੋਂ ਇਹ ਹਕੀਕਤ ਪ੍ਰਵਾਨ ਨਹੀਂ ਕਰਦੇ ਕਿ ਅਸੀਂ ਅੰਤਰ-ਨਿਰਭਰ ਦੁਨੀਆ ਵਿਚ ਜੀਅ ਰਹੇ ਹਾਂ ਜਿੱਥੇ ਸ਼ਬਦ ਤੇ ਵੀਡੀਓਜ਼ ਸਰਹੱਦਾਂ ਦੀਆਂ ਮੁਹਤਾਜ ਨਹੀਂ ਹਨ, ਜਿੱਥੇ ਆਈਐੱਸਆਈ ਅਤੇ ਹੋਰ ਏਜੰਸੀਆਂ ਯਤੀ, ਤੇਜਸਵੀ ਜਾਂ ਨੂਪੁਰ ਦੇ ਹਰ ਬਿਆਨ ਨੂੰ ਪੂਰੀ ਦੁਨੀਆ ਵਿਚ ਫੈਲਾਉਣਗੀਆਂ : ਤੇ ਨਾ ਹੀ ਸਾਡੇ ਛਾਤੀਆਂ ਠੋਰਨ ਵਾਲੇ ਟੈਲੀਵਿਜ਼ਨ ਯੋਧਿਆਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਹ ਕਿਵੇਂ ਕੌਮੀ ਹਿੱਤਾਂ ਦੀ ਜੱਖਣਾ ਪੁੱਟ ਰਹੇ ਹਨ ਅਤੇ ਸਾਡੇ ਮੁਲਕ ਦੇ ਵਿਰੋਧੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ।

ਚੰਗੀ ਗੱਲ ਇਹ ਹੈ ਕਿ ਭਾਜਪਾ ਲੀਡਰਸ਼ਿਪ ਨੇ ਇਸ ਘਟਨਾ (ਨੂਪੁਰ ਕਾਂਡ) ਦੇ ਸਬੰਧ ਵਿਚ ਤਟਫਟ ਕਾਰਵਾਈ ਕੀਤੀ ਹੈ ਪਰ ਮੇਰਾ ਖ਼ਦਸ਼ਾ ਇਹ ਹੈ ਕਿ ਇਹ ਕਦਮ ਮਾਮੂਲੀ ਹੈ ਤੇ ਪੁੱਟਣ ਵਿਚ ਵੀ ਕਾਫ਼ੀ ਸਮਾਂ ਲਾ ਦਿੱਤਾ ਗਿਆ।

ਬਾਕੀ ਸਫ਼ਾ 31 'ਤੇ

# ਨਕਲੀ ਵਿਦੇਸ਼ੀ ਰਿਸ਼ਤੇਦਾਰਾਂ ਦੀਆਂ ਠੱਗੀਆਂ ਦਾ ਨਿੱਤ ਹੋ ਰਹੇ ਨੇ ਲੋਕ ਸ਼ਿਕਾਰ

## ਹੈਲੋ... ਮੈਂ ਕਨੇਡਾ ਤੋਂ ਬੋਲਦਾਂ... ਪਛਾਣਿਆ ਨੀਂ ?

**ਚਾਨਣ ਦੀਪ ਸਿੰਘ ਔਲਖ**

ਵਿਦੇਸ਼ਾਂ ਤੋਂ ਰਿਸ਼ਤੇਦਾਰ ਬਣ ਕੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਗਰੋਹ ਦਾ ਬੋਲਬਾਲਾ ਪੂਰੇ ਜ਼ੋਰਾਂ ’ਤੇ ਹੈ। ਇਨਾਂ ਬਾਹਰਲੇ ਰਿਸ਼ਤੇਦਾਰਾਂ ਦੀਆਂ ਠੱਗੀਆਂ ਦਾ ਰੋਜ਼ ਲੋਕ ਸ਼ਿਕਾਰ ਹੋ ਰਹੇ ਹਨ। ਮਿਹਨਤ ਨਾਲ ਕਮਾਇਆ ਲੋਕਾਂ ਦਾ ਪੈਸਾ ਵਿਦੇਸ਼ੀ ਠੱਗ ਮਿੰਟਾਂ ਸਕਿੰਟਾਂ ਵਿਚ ਆਪਣਿਆਂ ਖਾਤਿਆਂ ਵਿਚ ਤਬਦੀਲ ਕਰ ਲੈਂਦੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਵਿਦੇਸ਼ਾਂ ਤੋਂ ਰਿਸ਼ਤੇਦਾਰ ਬਣ ਕੇ ਲੋਕਾਂ ਨਾਲ ਠੱਗੀਆਂ ਮਾਰਨ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਕਿਸੇ ਬਾਹਰਲੇ ਨੰਬਰ ਤੋਂ ਫੋਨ ਕਾਲ ਆਉਂਦੀ ਹੈ, ‘ਹੈਲੋ, ਮੈਂ ਕਨੇਡਾ ਤੋਂ ਬੋਲਦਾਂ ... ਪਛਾਣਿਆ ਨੀਂ ? ... ਭੁੱਲ ਗਏ ?’ ਇੰਨੇ ਵਿੱਚ ਕਾਲ ਦਾ ਜਵਾਬ ਦੇਣ ਵਾਲਾ ਆਪਣੇ ਕਿਸੇ ਰਿਸ਼ਤੇਦਾਰ, ਮਿੱਤਰ ਜਾਂ ਜਾਨਣ ਵਾਲੇ ਦਾ ਜੋ ਕਨੇਡਾ ਰਹਿ ਰਿਹਾ ਹੁੰਦਾ ਹੈ, ਨਾਮ ਲੈ ਦਿੰਦਾ ਹੈ। ਫੋਨ ਕਰਨ ਵਾਲਾ ਉਸੇ ਨਾਮ ’ਤੇ ਹਾਮੀ ਭਰ ਦਿੰਦਾ ਹੈ। ਬੱਸ ਠੱਗੀ ਦੀ ਕਹਾਣੀ ਇੱਥੋਂ ਸ਼ੁਰੂ ਹੁੰਦੀ ਹੈ ਅਤੇ ਵੱਖਰੇ ਵੱਖਰੇ ਤਰੀਕੇ ਨਾਲ ਜਾਲ ਵਿੱਚ ਫਸਾਇਆ ਜਾਂਦਾ ਹੈ। ਕੁਝ ਠੱਗਾਂ ਵੱਲੋਂ ਤਾਂ ਇਹ ਕਿਹਾ ਜਾਂਦਾ ਹੈ ਕਿ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਪੈਸੇ ਭੇਜ ਦਿੰਦਾ ਹਾਂ ਪਰ ਉਹ ਹਰ ਵਾਰ ਇੱਧਰ ਉੱਧਰ ਖ਼ਰਚ ਕੇ ਖਰਾਬ ਕਰ ਦਿੰਦੇ ਹਨ। ਮੈਂ ਦਿਨ ਰਾਤ ਮਿਹਨਤ ਕਰਦਾ ਹਾਂ, ਹੁਣ ਮੈਂ ਵੀ ਆਪਣਾ ਕੁਝ ਬਣਾਉਣਾ ਹੈ। ਮੈਨੂੰ ਸਾਰਿਆਂ ਵਿੱਚੋਂ ਬਸ ਤੁਹਾਡੇ ’ਤੇ ਭਰੋਸਾ ਹੈ, ਇਸ ਲਈ ਇਸ ਵਾਰ ਪੈਸੇ ਮੈਂ ਥੋਨੂੰ ਭੇਜਣੇ ਹਨ। ਤੁਸੀਂ ਹੁਣ ਚਾਹੇ ਇਹ ਪੈਸੇ ਵਰਤ ਲਿਓ, ਮੈਂ 4-5 ਮਹੀਨੇ ਤੱਕ ਇੰਡੀਆ ਆਉਣਾ ਹੈ, ਉਦੋਂ ਲੈ ਲਵਾਂਗਾ। ਮੈਨੂੰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਭੇਜ ਦਿਓ, ਮੈਂ ਅੱਜ ਹੀ 15 ਲੱਖ ਰੁਪਏ ਟਰਾਂਸਫਰ ਕਰ ਦਿੰਦਾ ਹਾਂ। ਕੱਲ ਤੋਂ ਮੈਂ ਕਿਧਰੇ ਦੂਰ ਕੰਮ ’ਤੇ ਜਾਣਾ ਹੈ। ਪਰ ਹਾਂ, ਇਹ ਗੱਲ ਆਪਣੇ ਦੋਵਾਂ ਵਿੱਚ ਹੀ ਰਹੇ, ਹੋਰ ਕਿਸੇ ਨੂੰ ਨਾ ਦਸਿਓ।

ਇੱਕ ਤਾਂ ਐਨਾ ਵੱਡਾ ਭਰੋਸਾ, ਤੇ ਦੂਜੀ ਐਨੇ ਪੈਸਿਆਂ ਦੀ ਗੱਲ ਸੁਣ ਕੇ ਸਾਹਮਣੇ ਵਾਲਾ ਕੁਝ ਸੋਚਣ ਤੋਂ ਪਹਿਲਾਂ ਹੀ ਫਟਾਫਟ ਆਪਣੀ ਬੈਂਕ ਜਾਣਕਾਰੀ ਭੇਜ ਦਿੰਦਾ ਹੈ। ਇੱਥੇ ਉਹ ਠੱਗ ਇਸ ਬੈਂਕ ਜਾਣਕਾਰੀ ਦੀ ਵਰਤੋਂ ਨਾਲ ਖਾਤਾ ਹੈਕ ਕਰਕੇ ਜਾਂ ਸਾਹਮਣੇ ਵਾਲੇ ਤੋਂ ਗੱਲਾਂ ਵਿੱਚ ਉਲਝਾ ਕੇ ਉਸਦਾ ਏ ਟੀ ਐਮ ਨੰਬਰ, ਪਿਨ, ਪਾਸਵਰਡ, ਓ ਟੀ ਪੀ ਆਦਿ ਲੈ ਕੇ ਜਾਂ ਪੈਸੇ ਵੱਧ ਭੇਜੇ ਗਏ ਜਾਣ ਕਰਕੇ ਵਾਪਸ ਟਰਾਂਸਫਰ ਦਾ ਆਖ ਕੇ ਵੱਖ ਵੱਖ ਤਰੀਕਿਆਂ ਨਾਲ ਉਸ ਵਿਅਕਤੀ ਦਾ ਖਾਤਾ ਖਾਲੀ ਕਰ ਸਕਦਾ ਹੈ।

ਦੂਸਰੇ ਕੇਸ ਵਿੱਚ ਠੱਗ ਇਹ ਗੱਲ ਆਖਦਾ ਹੈ ਕਿ ਉਹ (ਤੁਹਾਡਾ ਜਾਣਕਾਰ) ਅਚਾਨਕ ਕਿਸੇ ਮੁਸੀਬਤ ਵਿੱਚ ਫਸ ਗਿਆ ਹੈ ਜਾਂ ਉਸ ਉੱਤੇ ਪੁਲਿਸ ਕੇਸ ਹੋ ਗਿਆ ਹੈ ਅਤੇ ਉਸ ਦੇ ਸਾਰੇ ਪੇਪਰ ਜ਼ਬਤ ਹੋ ਗਏ ਹਨ। ਪਰ ਉਹ ਆਪਣੇ ਘਰ ਵਾਲਿਆਂ ਨੂੰ ਇਹ ਗੱਲ ਦੱਸ ਕੇ ਦੁਖੀ ਨਹੀਂ ਕਰਨਾ ਚਾਹੁੰਦਾ ਜਾਂ ਉਹ ਉਸ ’ਤੇ ਗੁੱਸਾ ਹੋਣਗੇ। ਉਸ ਨੂੰ ਥੋੜੇ ਪੈਸਿਆਂ ਦੀ ਲੋੜ ਹੈ, ਜੋ ਉਹ ਛੇਤੀ ਮੋੜ ਦੇਵੇਗਾ। ਉਹ ਸਾਹਮਣੇ ਤੋਂ ਕਿਸੇ ਵਕੀਲ, ਪੁਲਿਸ ਅਫਸਰ ਨਾਲ ਗੱਲ ਕਰਵਾਉਣ ਦਾ ਨਾਟਕ ਵੀ ਕਰਦਾ ਹੈ, ਜੋ ਉਸ ਨੂੰ ਬਚਾਉਣ ਲਈ 5 ਤੋਂ 7 ਲੱਖ ਰੁਪਏ ਖਾਤੇ ਵਿੱਚ ਪਾਉਣ ਦੀ ਮੰਗ ਕਰਦਾ ਹੈ। ਕੁਝ ਲੋਕ ਇਨਾਂ ਗੱਲਾਂ ਨੂੰ ਸੱਚ ਸਮਝ ਕੇ ਉਸ ਨੂੰ ਬਚਾਉਣ ਲਈ ਪੈਸੇ ਭੇਜ ਦਿੰਦੇ ਹਨ। ਪਰ ਕੁਝ ਦਿਨ ਬਾਅਦ ਦੁਬਾਰਾ ਫਿਰ ਹੋਰ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਕੁਝ ਲੋਕ ਉਹ ਵੀ ਭੇਜ ਦਿੰਦੇ ਹਨ ਪਰ ਕੁਝ ਇੱਕ ਦੀ ਇੰਨੇ ਪੈਸੇ ਭੇਜਣ ਦੀ ਪਹੁੰਚ ਨਹੀਂ ਹੁੰਦੀ ਤਾਂ ਗੱਲ ਉਸ ਜਾਣਕਾਰ ਦੇ ਪਰਿਵਾਰ ਨਾਲ ਸਾਂਝੀ ਕਰਨੀ ਪੈਂਦੀ ਹੈ। ਪਰ ਉੱਥੇ ਜਾ ਕੇ ਪਤਾ ਲੱਗਦਾ ਹੈ ਕਿ ਇਹ ਤਾਂ ਉਹ ਜਾਣਕਾਰ ਨਹੀਂ, ਬਲਕਿ ਕੋਈ ਹੋਰ ਹੀ ਪੈਸੇ ਠੱਗ ਰਿਹਾ ਹੈ। ਇਸ ਤਰਾਂ ਹਰ ਠੱਗ ਦਾ ਤਰੀਕਾ ਵੱਖਰਾ ਹੋ ਸਕਦਾ ਹੈ।

ਇਸ ਤਰਾਂ ਦੀਆਂ ਠੱਗੀਆਂ ਦੀਆਂ ਖਬਰਾਂ ਨਿੱਤ ਦਿਨ ਪੜਨ, ਸੁਨਣ, ਦੇਖਣ ਨੂੰ ਆਮ ਮਿਲਦੀਆਂ ਹਨ। ਪਰ ਫਿਰ ਵੀ ਇਹ ਠੱਗ ਕਿਸੇ ਨਾ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਜਾਲ ਵਿੱਚ ਫਸਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਪੈਸੇ ਠੱਗ ਲੈਂਦੇ ਹਨ। ਭੋਲੇ ਭਾਲੇ ਲੋਕ ਇਹਨਾਂ ਵਿਦੇਸ਼ੀ ਤੇ ਅਖੌਤੀ ਬਾਹਰਲੇ ਰਿਸ਼ਤੇਦਾਰਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਆ ਜਾਂਦੇ ਹਨ ਅਤੇ ਫਿਰ ਆਪਣੇ ਹੱਥੀਂ ਹੀ ਆਪਣਾ ਮਿਹਨਤ ਨਾਲ ਕਮਾਇਆ ਪੈਸਾ ਇਹਨਾਂ ਠੱਗਾਂ ਦੇ ਖਾਤਿਆਂ ਵਿਚ ਪਾ ਦਿੰਦੇ ਹਨ ਤੇ ਬਾਅਦ ਵਿਚ ਜਦ ਪਤਾ ਲੱਗਦਾ ਹੈ ਕਿ ਉਨਾਂ ਨਾਲ ਠੱਗੀ ਹੋ ਚੁੱਕੀ ਹੁੰਦੀ ਹੈ ਤਾਂ ਉਸ ਸਮੇਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਪੁਲਿਸ ਦਾ ਸਾਈਬਰ ਕਰਾਈਮ ਸੈੱਲ ਸਮੇਂ ਸਮੇਂ ਤੇ ਲੋਕਾਂ ਨੂੰ ਅਜਿਹੀਆਂ ਠੱਗੀਆਂ ਤੋਂ ਬਚਣ ਲਈ ਜਾਗਰੂਕ ਕਰਦਾ ਰਹਿੰਦਾ ਹੈ, ਪਰ ਫੇਰ ਵੀ ਸ਼ਾਤਿਰ ਦਿਮਾਗ ਠੱਗ ਠੱਗੀ ਮਾਰ ਲਈ ਨਵੇਂ ਨਵੇਂ ਰਾਹ ਲੱਭ ਲੈਂਦੇ ਹਨ। ਪੁਲਿਸ ਦੀ ਕਰਾਈਮ ਸਾਈਬਰ ਸੈੱਲ ਵੀਹ ਠੱਗੀਆਂ ਨੂੰ ਰੋਕਣ ਵਿਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਿਹਾ ਹੈ, ਜਿਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਲੋਕਾਂ ਵੱਲੋਂ ਪੂਰਨ ਤੌਰ ’ਤੇ ਸਾਥ ਨਾ ਮਿਲਣਾ। ਲੋਕ ਠੱਗੀ ਦਾ ਸ਼ਿਕਾਰ ਹੋਣ ਦੇ ਬਾਅਦ ਵੀ ਚਲੋ ਛੱਡੋ ਕਹਿ ਕੇ ਸ਼ਾਂਤ ਹੋ ਜਾਂਦੇ ਹਨ, ਜਦਕਿ ਬਾਹਰਲੇ ਰਿਸ਼ਤੇਦਾਰ ਠੱਗੀ ਮਾਰਨ ਲਈ ਦੂਜਾ ਚਿਹਰਾ ਲੱਭ ਲੈਂਦੇ ਹਨ।ਇਸੇ ਤਰਾਂ ਹੀ ਪੁਲਿਸ ਜ਼ਿਲਾ ਬਟਾਲਾ ਦੇ ਥਾਣਾ ਸਿਟੀ ਅੰਦਰ ਵੀ ਠੱਗੀ ਮਾਰਨ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਦੇ ਐੱਸਐੱਚਓ ਤਜਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੀ ਸ਼ਕਾਇਤ ਵਿਚ ਦੇਸ ਰਾਜ ਪੁੱਤਰ ਮੰਗੂ ਰਾਮ ਵਾਸੀ ਭੰਡਾਰੀ ਗੇਟ ਬਟਾਲਾ, ਜੋਗਿੰਦਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਉਜਾਗਰ ਨਗਰ ਬਟਾਲਾ, ਕ੍ਰਿਪਾਲ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਕ੍ਰਿਸ਼ਨਾ ਨਗਰ ਬਟਾਲਾ, ਦੁਸ਼ਾਂਤ ਚੋਪੜਾ ਵਾਸੀ ਪੁਰਾਣੀ ਅਨਾਜ ਮੰਡੀ ਬਟਾਲਾ ਅਤੇ ਅਸ਼ੋਕ ਕੁਮਾਰ ਪੁੱਤਰ ਦੇਸ ਰਾਜ ਵਾਸੀ ਡਾਇਮੰਡ ਕਲੋਨੀ ਬਟਾਲਾ ਨੇ ਦੱਸਿਆ ਹੈ ਕਿ ਅਣਪਛਾਤੇ ਵਿਅਕਤੀਆਂ ਨੇ ਬਾਹਰਲੇ ਰਿਸ਼ਤੇਦਾਰ ਬਣ ਕੇ ਵੱਖ-ਵੱਖ ਮੋਬਾਈਲ ਨੰਬਰਾਂ ਤੋਂ ਵਿਦੇਸ਼ ਤੋਂ ਕਾਲ ਕਰਕੇ ਉਹਨਾਂ ਨਾਲ 8 ਲੱਖ 18 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਠੱਗੀ ਦੇ ਸ਼ਿਕਾਰ ਹੋਏ ਉਕਤ ਵਿਅਕਤੀਆਂ ਨੇ ਦੱਸਿਆ ਕਿ ਇਹ ਰਕਮ ਉਨਾਂ ਨੇ ਵੱਖ ਵੱਖ ਬੈਂਕ ਖਾਤਿਆਂ ਵਿਚ ਪਾਈ ਹੈ। ਐੱਸਐੱਚਓ ਟੀਪੀ ਸਿੰਘ ਨੇ ਅੱਗੇ ਦੱਸਿਆ ਕਿ ਡੀਐੱਸਪੀ ਆਪ੍ਰੇਸ਼ਨ ਦੇ ਦਿਸ਼ਾ ਨਿਰਦੇਸ਼ ’ਤੇ ਪੜਤਾਲ ਕਰਨ ਉਪਰੰਤ ਪਾਇਆ ਗਿਆ ਕਿ ਵਿਦੇਸ਼ੀ ਰਿਸ਼ਤੇਦਾਰ ਬਣ ਕੇ ਉਕਤ ਲੋਕਾਂ ਨਾਲ ਠੱਗੀ ਕੀਤੀ ਗਈ ਹੈ। ਉਨਾਂ ਦੱਸਿਆ ਕਿ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਪੜਤਾਲ ਕਰਨ ਉਪਰੰਤ ਉਪਰੋਕਤ ਵਿਅਕਤੀਆਂ ਵੱਲੋਂ ਦਿੱਤੀਆਂ ਸ਼ਿਕਾਇਤਾਂ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਨਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਜਿਹੀਆਂ ਫੋਨ ਕਾਲਾਂ ਤੋਂ ਸੁਚੇਤ ਰਹੋ ਅਤੇ ਵਿਦੇਸ਼ਾਂ ਤੋਂ ਆਉਂਦੀਆਂ ਅਜਿਹੀਆਂ ਫੋਨ ਕਾਲਾਂ ਸਬੰਧੀ ਪੁਲਿਸ ਨੂੰ ਜ਼ਰੂਰ ਸੂਚਨਾ ਦੇਣ। ਇਸ ਲਈ ਆਪਣੇ ਜਾਨਣ ਵਾਲੇ, ਦੋਸਤਾਂ, ਮਿੱਤਰਾਂ ਨੂੰ ਇਸ ਦੀ ਜਾਣਕਾਰੀ ਲਾਜ਼ਮੀ ਦਿਓ ਤਾਂ ਕਿ ਉਹ ਇਸ ਤਰਾਂ ਠੱਗੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ। ਆਪਣੀ ਬੈਂਕ ਜਾਣਕਾਰੀ ਜਾਂ ਪੈਸੇ ਭੇਜਣ ਤੋਂ ਪਹਿਲਾਂ ਉਸ ਵਿਅਕਤੀ ਦੀ ਸਚਾਈ ਜ਼ਰੂਰ ਜਾਣ ਲਓ। ਕਦੇ ਵੀ ਕਿਸੇ ’ਤੇ ਅੱਖਾਂ ਬੰਦ ਕਰ ਕੇ ਭਰੋਸਾ ਨਾ ਕਰੋ ਅਤੇ ਲਾਲਚ ਵਿੱਚ ਨਾ ਆਓ, ਕਿਉਂਕਿ ਅਸੀਂ ਬਚਪਨ ਤੋਂ ਪੜਦੇ ਆ ਰਹੇ ਹਾਂ ਕਿ ਲਾਲਚ ਬੁਰੀ ਬਲਾ।

ਵਿਸ਼ੇਸ਼ ਖਬਰ

# ਸਰਕਾਰੀ ਸਕੂਲੀ ਸਿੱਖਿਆ ਦੀ ਦਸ਼ਾ ਤੇ ਦਿਸ਼ਾ ਵਿਚ ਸੁਧਾਰ ਕਰੇ ਪੰਜਾਬ ਸਰਕਾਰ

**ਪਰਵਿੰਦਰ ਸਿੰਘ ਢੀਂਡਸਾ**

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੁਝ ਚੋਣ ਵਾਅਦੇ ਕਰਕੇ ਸੱਤਾ ਵਿਚ ਆਈ ਹੈ। ਸਿੱਖਿਆ ਦਾ ਖੇਤਰ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਦੌਰਾਨ ਮੁੱਖ ਏਜੰਡਾ ਬਣਿਆ ਰਿਹਾ ਸੀ। ਸਭ ਤੋਂ ਅਹਿਮ ਗੱਲ ਆਮ ਆਦਮੀ ਪਾਰਟੀ ਨੇ ਸਿਸਟਮ ਵਿਚ ਬਦਲਾਅ ਦੇ ਨਾਂ ’ਤੇ ਵੋਟਾਂ ਮੰਗੀਆਂ ਸਨ। ਮੌਜੂਦਾ ਪ੍ਰਬੰਧ ਤੋਂ ਅੱਕੇ ਲੋਕਾਂ ਨੇ ਵੀ ਰੱਜ ਕੇ ਭੜਾਸ ਕੱਢੀ ਅਤੇ ਸਿਆਸਤ ਦੇ ਮਹਾਂਰਥੀ ਆਖੇ ਜਾਂਦੇ ਕਈ ਕੱਦਾਵਰ ਨੇਤਾਵਾਂ ਨੂੰ ਕੁਝ ਨੌਜਵਾਨਾਂ ਨੇ ਚੋਣ ਪਿੜ ਵਿਚ ਪਛਾੜ ਦਿੱਤਾ। ਪਰ ਜਦ ਕੋਈ ਪਾਰਟੀ ਕਿਸੇ ਦੇਸ਼ ਜਾਂ ਸੂਬੇ ਦੀ ਸੱਤਾ ’ਤੇ ਕਾਬਜ਼ ਹੋ ਜਾਂਦੀ ਹੈ ਤਾਂ ਉਸ ਤੋਂ ਅੱਗੇ ਦਾ ਸਫ਼ਰ ਉਸ ਨੂੰ ਕੰਮਾਂ ਰਾਹੀਂ ਤੈਅ ਕਰਨਾ ਪੈਂਦਾ ਹੈ।

ਬੇਸ਼ੱਕ ਮੌਜੂਦਾ ਪ੍ਰਬੰਧ ਲੰਮੇ ਸਮੇਂ ਦੀ ਦੇਣ ਹੈ। ਇਹ ਵੀ ਮੰਨਣਯੋਗ ਹੈ ਕਿ ਪੂਰੇ ਸਿਸਟਮ ਨੂੰ ਬਦਲਣ ਲਈ ਸਮਾਂ ਚਾਹੀਦਾ ਹੈ ਪਰ ਜਿਨਾਂ ਲੋਕਾਂ ਨੇ ‘ਬਦਲਾਅ’ ਦੀ ਆਸ ਵਿਚ ਸੱਤਾ ਪਰਿਵਰਤਨ ਕੀਤਾ ਹੈ, ਉਹ ਕੁਝ ਸੰਕੇਤ ਜ਼ਰੂਰ ਦੇਖਣਾ ਚਾਹੁਣਗੇ। ਮਾਨਸਿਕ ਤੌਰ ’ਤੇ ਚੇਤੰਨ ਸਮਾਜ ਦੀ ਸਿਰਜਣਾ ਸਭ ਤੋਂ ਸਲਾਹੁਣਯੋਗ ਕੰਮ ਹੋ ਸਕਦਾ ਹੈ ਜੋ ਕੋਈ ਸਰਕਾਰ ਆਪਣੇ ਲੋਕਾਂ ਲਈ ਕਰ ਸਕਦੀ ਹੈ। ਆਪਣੇ ਨਾਗਰਿਕਾਂ ਨੂੰ ਸਮੇਂ ਦੇ ਹਾਣੀ ਬਣਾ ਦੇਣਾ ਬੇਸ਼ੱਕ ਕਿਸੇ ਵੀ ਸਰਕਾਰ ਦਾ ਆਉਣ ਵਾਲੀਆਂ ਪੀੜੀਆਂ ਲਈ ਸਭ ਤੋਂ ਕੀਮਤੀ ਤੋਹਫ਼ਾ ਹੋ ਸਕਦਾ ਹੈ। ਇਹ ਕੰਮ ਸਕੂਲਾਂ ਦੀ ਦਸ਼ਾ ਤੇ ਦਿਸ਼ਾ ਉੱਪਰ ਧਿਆਨ ਦੇਣ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਕਰਨਾ ਅਸੰਭਵ ਹੈ। ਸਕੂਲਾਂ ਵਿਚ ਪੜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੁਝ ਬੁਨਿਆਦੀ ਸਹੂਲਤਾਂ ਦੀ ਲੋੜ ਹੁੰਦੀ ਹੈ। ਲਗਭਗ ਹਰੇਕ ਸਾਲ ਦੀ ਤਰਾਂ ਹੀ ਇਸ ਸਾਲ ਵੀ ਕਿਤਾਬਾਂ ਤੋਂ ਬਿਨਾਂ ਹੀ ਨਵੇਂ ਸੈਸ਼ਨ ਦੀ ਸ਼ੁਰੂਆਤ ਹੋਈ ਹੈ। ਪਿਛਲੇ ਕਈ ਵਿੱਦਿਅਕ ਸਾਲਾਂ ਦੌਰਾਨ ਇਹ ਗੱਲ ਦੇਖਣ ਵਿਚ ਆਇਆ ਹੈ ਕਿ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਮੁਢਲੀਆਂ ਸਹੂਲਤਾਂ ਜਿਵੇਂ ਕਿ ਕਿਤਾਬਾਂ ਅਤੇ ਵਰਦੀਆਂ ਤੋਂ ਬਿਨਾਂ ਹੀ ਸੈਸ਼ਨ ਦਾ ਕਾਫੀ ਹਿੱਸਾ ਲੰਘ ਜਾਂਦਾ ਹੈ। ਕਿਸੇ ਵੀ ਸਿਸਟਮ ਨੂੰ ਸਹੀ ਤਰੀਕੇ ਨਾਲ ਕੰਮ ਕਰਨ ਲਈ ਇਕ ਮੁਢਲਾ ਢਾਂਚਾ ਚਾਹੀਦਾ ਹੁੰਦਾ ਹੈ। ਸਰਕਾਰ ਸਕੂਲਾਂ ਵਿਚ ਨਾ ਤਾਂ ਕਿਤਾਬਾਂ ਅਤੇ ਨਾ ਹੀ ਪੂਰੇ ਅਧਿਆਪਕ ਦੇਣ ਵਿਚ ਸਫਲ ਹੋਈ ਹੈ। ਸਕੂਲਾਂ ਵਿਚ ਵੱਡੀ ਗਿਣਤੀ ਵਿਚ ਅਧਿਆਪਕਾਂ ਦੀ ਘਾਟ ਹੈ ਅਤੇ ਉੱਪਰੋਂ ਕਿਸੇ ਨਾ ਕਿਸੇ ਨਾਨ-ਟੀਚਿੰਗ ਕੰਮ ਕਰਕੇ ਅਧਿਆਪਕਾਂ ਦਾ ਸਕੂਲਾਂ ਵਿਚੋਂ ਬਾਹਰ ਰਹਿਣਾ ਵੀ ਮਾਪਿਆਂ ਦੇ ਜ਼ਿਹਨ ਵਿਚ ਚਿੰਤਾ ਦੀਆਂ ਲਕੀਰਾਂ ਦਾ ਵਾਧਾ ਕਰਦਾ ਹੈ। ਖ਼ਾਸਕਰ ਚੋਣਾਂ ਦੇ ਦਿਨਾਂ ਵਿਚ ਵੱਡੀ ਗਿਣਤੀ ਵਿਚ ਅਧਿਆਪਕ ਜੋ ਬੀ.ਐਲ.ਓ. ਡਿਊਟੀ ਵੀ ਨਿਭਾਅ ਰਹੇ ਹਨ, ਨੂੰ ਮਜਬੂਰਨ ਲੰਬਾ ਸਮਾਂ ਨਾਨ-ਟੀਚਿੰਗ ਕੰਮ ਲਈ ਦੇਣਾ ਪੈਂਦਾ ਹੈ। ਦੂਜੇ ਪਾਸੇ ਹਰੇਕ ਮਹੀਨੇ ਦੀ 30 ਜਾਂ 31 ਤਾਰੀਖ ਨੂੰ ਅਧਿਆਪਕਾਂ ਦੀ ਘਾਟ ਵਾਲੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਮਾਜ ਨੂੰ ਸਹੀ ਦਿਸ਼ਾ ਵਿਚ ਲੈ ਕੇ ਜਾਣ ਵਾਲੀ ਪੜਾਈ ਲਈ ਖੁਸ਼ਹਾਲ ਤੇ ਉਸਾਰੂ ਮਾਹੌਲ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਵਿਦਿਆਰਥੀਆਂ ਵਿਚ ਚੰਗੇ ਨੈਤਿਕ ਗੁਣਾਂ ਦਾ ਵਿਕਾਸ ਵੀ ਹੋ ਸਕੇ। ਪਰ ਲੰਮੇ ਸਮੇਂ ਤੋਂ ਸਰਕਾਰੀ ਨੀਤੀਆਂ ਵਿਚ ‘ਅਧਿਆਪਕ ਮਾਨਸਿਕਤਾ’ ਨੂੰ ਜੋ ਨਜ਼ਰਅੰਦਾਜ਼ ਕੀਤਾ ਗਿਆ ਹੈ, ਉਸ ਦਾ ਹੀ ਅਸਰ ਹੈ ਕਿ ਸਕੂਲੀ ਵਾਤਾਵਰਨ ਵਿਚ ਆਰਥਿਕ ਅਸਮਾਨਤਾ ਆ ਗਈ ਹੈ ਤੇ ਇਸ ਤਰਾਂ ਦੇ ਮਾਹੌਲ ਵਿਚ ਸਿੱਖਿਆ ਲੈ ਰਹੇ ਕਿਸੇ ਬੱਚੇ ਦੇ ਸਰਬਪੱਖੀ ਵਿਕਾਸ ’ਤੇ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ।

ਪੰਜਾਬ ਦੇ ਸਕੂਲ ਸਿੱਖਿਆ ਸਿਸਟਮ ਵਿਚ ਇਸ ਸਮੇਂ ਦੋ ਡਾਇਰੈਕਟੋਰੇਟ, ਐਲੀਮੈਂਟਰੀ ਡਾਇਰੈਕਟੋਰੇਟ ਅਤੇ ਸੈਕੰਡਰੀ ਡਾਇਰੈਕਟੋਰੇਟ ਕੰਮ ਕਰ ਰਹੇ ਹਨ। ਐਲੀਮੈਂਟਰੀ ਡਾਇਰੈਕਟੋਰੇਟ ਪ੍ਰੈਕਟੀਕਲ ਹਾਲਤ ਵਿਚ ਪ੍ਰਾਇਮਰੀ ਪੱਧਰ ਤੱਕ ਹੀ ਸੀਮਤ ਹੈ ਕਿਉਂਕਿ ਈ.ਟੀ.ਟੀ. ਕੇਡਰ ਤਕਨੀਕੀ ਰੂਪ ਵਿਚ ਪੰਜਵੀਂ ਕਲਾਸ ਤੱਕ ਪੜਾਉਣ ਵਿਚ ਹੀ ਮੁਹਾਰਤ ਰੱਖਦਾ ਹੈ ਜਦਕਿ ਉਸ ਤੋਂ ਬਾਅਦ ਮਾਸਟਰ ਕੇਡਰ ਛੇਵੀਂ ਤੋਂ ਦਸਵੀਂ ਤੱਕ ਕੰਮ ਕਰਦਾ ਹੈ ਅਤੇ ਗਿਆਰਵੀਂ ਅਤੇ ਬਾਰਵੀਂ ਕਲਾਸ ਲਈ ਲੈਕਚਰਾਰ ਕੇਡਰ ਕੰਮ ਕਰਦਾ ਹੈ। ਜੇਕਰ ਪ੍ਰਾਇਮਰੀ ਪੱਧਰ ’ਤੇ ਗੱਲ ਕਰੀਏ ਤਾਂ ਇਸ ਸਮੇਂ ਐਜੂਕੇਸ਼ਨ ਵਲੰਟੀਅਰ ਅਤੇ ਸਿੱਖਿਆ ਪ੍ਰੋਵਾਈਡਰਾਂ ਦੇ ਰੂਪ ਵਿਚ ਵੱਖ-ਵੱਖ ਸਕੀਮਾਂ ਦੇ ਤਹਿਤ ਅਧਿਆਪਕ ਕੰਮ ਕਰਦੇ ਹਨ ਜੋ ਕਿ ਪਿਛਲੇ ਕਾਫੀ ਲੰਮੇ ਸਮੇਂ ਤੋਂ ਪ੍ਰਾਇਮਰੀ ਸਕੂਲਾਂ ਵਿਚ ਬਹੁਤ ਹੀ ਨਿਗੂਣੀਆਂ ਤਨਖਾਹਾਂ ’ਤੇ ਕੰਮ ਕਰ ਰਹੇ ਹਨ। ਪਿਛਲੇ ਸਮੇਂ ਤੋਂ ਹੀ ਇਨਾਂ ਅਧਿਆਪਕਾਂ ਦੇ ਸਰਕਾਰੀ ਅਧਿਆਪਕ ਵਜੋਂ ਨੌਕਰੀ ਛੱਡਣ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ। ਸੈਕੰਡਰੀ ਪੱਧਰ ’ਤੇ ਸਰਕਾਰੀ ਵਿਭਾਗੀ ਅਧਿਆਪਕਾਂ ਤੋਂ ਬਿਨਾਂ ਵੀ ਕੁਝ ਹੋਰ ਅਧਿਆਪਕ ਕੰਮ ਕਰ ਰਹੇ ਹਨ, ਜਿਨਾਂ ਵਿਚ ਐਨ.ਐਸ.ਕਿਊ.ਐਫ. ਸਕੀਮ ਅਧੀਨ ਬਹੁਤ ਹੀ ਤਕਨੀਕੀ ਕਾਮੇ ਅਧਿਆਪਕਾਂ ਦੇ ਰੂਪ ਵਿਚ ਕੰਮ ਕਰ ਰਹੇ ਹਨ, ਇਹ ਅਧਿਆਪਕ ਨੌਵੀਂ ਤੋਂ ਬਾਰਵੀਂ ਦੀਆਂ ਕਲਾਸਾਂ ਤੱਕ ਕੰਮ ਕਰਦੇ ਹਨ। ਭਾਵ ਇਕ ਲੈਕਚਰਾਰ ਵਜੋਂ ਅਤੇ ਨਾਲ-ਨਾਲ ਕਾਫੀ ਹੱਦ ਤੱਕ ਮਾਸਟਰ ਕੇਡਰ ਦੇ ਇਕ ਅਧਿਆਪਕ ਦਾ ਕੰਮ ਵੀ ਇਨਾਂ ਅਧਿਆਪਕਾਂ ਤੋਂ ਲਿਆ ਜਾ ਰਿਹਾ ਹੈ ਪਰ ਬਦਲੇ ਵਿਚ ਸਰਕਾਰ ਇਨਾਂ ਨੂੰ ਵਿਭਾਗੀ ਲੈਕਚਰਾਰ ਜਾਂ ਮਾਸਟਰ ਕੇਡਰ ਦੇ ਅਧਿਆਪਕ ਦੇ ਮੁਕਾਬਲੇ ਬਹੁਤ ਨਿਗੂਣੀ ਤਨਖਾਹ ਦੇ ਕੇ ਇਨਾਂ ਦਾ ਸ਼ੋਸ਼ਣ ਕਰ ਰਹੀ ਹੈ। ਇਸ ਦੇ ਨਾਲ ਸੈਕੰਡਰੀ ਵਿਭਾਗ ਵਿਚ ਹੀ ਪਿਕਟਸ ਸੁਸਾਇਟੀ ਦੇ ਨਾਂ ਹੇਠ ਆਧੁਨਿਕ ਤਕਨੀਕ ਨਾਲ ਲੈਸ ਕੰਪਿਊਟਰ ਅਧਿਆਪਕ ਵੀ ਛੇਵੀਂ ਕਲਾਸ ਤੋਂ ਬਾਰਵੀਂ ਕਲਾਸ ਤੱਕ ਪੜਾ ਰਹੇ ਹਨ ਪਰ ਪਿਛਲੇ ਲਗਭਗ ਗਿਆਰਾਂ ਸਾਲਾਂ ਤੋਂ ਪਿਕਟਸ ਦੀ ਆੜ ਵਿਚ ਇਨਾਂ ਤੋਂ ਇਕ ਤੋਂ ਬਾਅਦ ਦੂਜੀ ਸਹੂਲਤ ਲਗਾਤਾਰ ਖੋਹੀ ਜਾ ਰਹੀ ਹੈ ਅਤੇ ਸਰਕਾਰ ਇਨਾਂ ਦੇ ਨਿਯੁਕਤੀ ਪੱਤਰ ਵਿਚ ਦਰਜ ਸ਼ਬਦਾਵਲੀ ਵੀ ਲਾਗੂ ਕਰਨ ਤੋਂ ਕੰਨੀ ਕਤਰਾ ਰਹੀ ਹੈ। ਇਨਾਂ ਤੋਂ ਇਲਾਵਾ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕ ਵੀ ਆਪਣੀਆਂ ਮੰਗਾਂ ਮੰਨਵਾਉਣ ਲਈ ਲਗਾਤਾਰ ਸੰਘਰਸ਼ ਦੇ ਮੈਦਾਨ ਵਿਚ ਹਨ ।

ਉਪਰੋਕਤ ਕੁਝ ਅਜਿਹੀਆਂ ਉਦਾਹਰਨਾਂ ਹਨ ਜੋ ਸਕੂਲੀ ਸਿੱਖਿਆ ਦੇ ਮੁਢਲੇ ਢਾਂਚੇ ਦਾ ਮਜ਼ਾਕ ਉਡਾ ਰਹੀਆਂ ਹਨ ਪਰ ਇਨਾਂ ਖਾਮੀਆਂ ਦੀ ਸੂਚੀ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ। ਸਕੂਲਾਂ ਵਿਚ ਕੰਮ ਕਰਦੇ ਕਲਰਕਾਂ ਨੂੰ ਇਕ ਤੋਂ ਵੱਧ ਸਕੂਲਾਂ ਦਾ ਕੰਮ ਸੌਂਪਣਾ, ਸਕੂਲ ਪ੍ਰਿੰਸੀਪਲਾਂ ਨੂੰ ਦੋ ਜਾਂ ਕਈ ਵਾਰ ਤਿੰਨ ਸਕੂਲਾਂ ਦਾ ਕੰਮ ਦੇਣਾ, ਕੰਪਿਊਟਰ ਅਧਿਆਪਕਾਂ ਨੂੰ ਹਫ਼ਤੇ ਵਿਚ ਦੋ ਜਾਂ ਕਈ ਵਾਰ ਤਿੰਨ ਸਕੂਲਾਂ ਵਿਚ ਹਾਜ਼ਰੀ ਦੇਣ ਲਈ ਮਜਬੂਰ ਕਰਨਾ, ਨਿਗੂਣੀਆਂ ਤਨਖਾਹਾਂ ਵਾਲੇ ਕਈ ਅਧਿਆਪਕਾਂ ਨੂੰ ਆਪਣੇ ਘਰਾਂ ਤੋਂ ਬਹੁਤ ਦੂਰ ਤਾਇਨਾਤ ਕਰਕੇ ਉਨਾਂ ਦਾ ਮਾਨਸਿਕ ਸੰਤੁਲਨ ਭੰਗ ਕਰਨ ਦੀਆਂ ਕੋਸ਼ਿਸ਼ਾਂ, ਸਕੂਲ ਅਧਿਆਪਕਾਂ ਨੂੰ ਗ਼ੈਰ-ਵਿੱਦਿਅਕ ਕੰਮਾਂ ਵਿਚ ਉਲਝਾ ਕੇ ਰੱਖਣਾ ਆਦਿ ਕੁਝ ਅਜਿਹੀਆਂ ਮੁਢਲੀਆਂ ਗੱਲਾਂ ਹਨ ਜੋ ਨਾ ਸਿਰਫ ਸਕੂਲੀ ਸਿੱਖਿਆ ’ਤੇ ਲਗਾਤਾਰ ਪ੍ਰਸ਼ਨ ਚਿੰਨ ਲਗਾ ਰਹੀਆਂ ਹਨ ਸਗੋਂ ਵਿਦਿਆਰਥੀਆਂ ਅਤੇ ਸੰਬੰਧਿਤ ਅਧਿਆਪਕਾਂ ਲਈ ਵੀ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣਦੀਆਂ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਨਾਂ ਵਰਨਣ ਕੀਤੇ ਕੁਝ ਮਸਲਿਆਂ ਵਿਚੋਂ ਬਹੁਤ ਤਾਂ ਅਜਿਹੇ ਹਨ, ਜਿਨਾਂ ਲਈ ਬਹੁਤੇ ਵੱਡੇ ਆਰਥਿਕ ਫੰਡਾਂ ਦੀ ਵੀ ਜ਼ਰੂਰਤ ਨਹੀਂ, ਮਿਸਾਲ ਵਜੋਂ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿਚ ਸ਼ਾਮਿਲ ਕਰਕੇ ਉਨਾਂ ਦੇ ਮਸਲਿਆਂ ਦਾ ਹੱਲ, ਪ੍ਰਿੰਸੀਪਲਾਂ ਨੂੰ ਇਕ ਤੋਂ ਵੱਧ ਸਕੂਲਾਂ ਦੇ ਚਾਰਜ ਤੋਂ ਭਾਰ ਮੁਕਤ ਕਰਨਾ, ਨਿਗੂਣੀਆਂ ਤਨਖਾਹਾਂ ਵਾਲੇ ਅਧਿਆਪਕਾਂ ਨੂੰ ਉਨਾਂ ਦੇ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਲਗਾਉਣਾ ਆਦਿ ਕੁਝ ਕੁ ਅਜਿਹੀਆਂ ਉਦਾਹਰਨਾਂ ਹਨ ਜੋ ਸਿਰਫ ਸਹੀ ਨੀਅਤ ਜਾਂ ਢੁਕਵੀਆਂ ਨੀਤੀਆਂ ਦੀ ਅਣਹੋਂਦ ਦੀ ਵਜਾ ਕਰਕੇ ਮੁੱਦਿਆਂ ਵਿਚ ਸ਼ੁਮਾਰ ਹਨ। ਪਿਛਲੀਆਂ ਸਰਕਾਰਾਂ ਨੇ ਬੇਸ਼ੱਕ ਇਨਾਂ ਨੂੰ ਆਪਣੇ ਰਾਜਨੀਤਕ ਮੁਫ਼ਾਦਾਂ ਲਈ ਵਰਤਿਆ, ਜਿਸ ਨਾਲ ਸਰਕਾਰੀ ਸਕੂਲਾਂ ਦੇ ਅਕਸ, ਇਨਾਂ ਸਕੂਲਾਂ ਵਿਚ ਪੜਨ ਵਾਲੇ ਵਿਦਿਆਰਥੀਆਂ ਅਤੇ ਸੰਬੰਧਿਤ ਅਧਿਆਪਕਾਂ ਦਾ ਮਾਨਸਿਕ ਰੂਪ ਵਿਚ ਸ਼ੋਸ਼ਣ ਹੋਇਆ। ਉਹੀ ਊਰਜਾ ਜੋ ਉਨਾਂ ਨੇ ਸਕੂਲਾਂ ਦਾ ਅਕਸ ਸੁਧਾਰਨ ਲਈ ਲਾਉਣੀ ਸੀ, ਸਰਕਾਰੀ ਇੱਛਾ-ਸ਼ਕਤੀ ਦੀ ਘਾਟ ਕਰਕੇ ਅਤੇ ਸੌੜੇ ਰਾਜਨੀਤਕ ਹਿਤਾਂ ਕਰਕੇ ਉਸ ਊਰਜਾ ਦਾ ਵੱਡਾ ਹਿੱਸਾ ਅਧਿਆਪਕਾਂ ਨੂੰ ਸੜਕਾਂ ’ਤੇ ਬੈਠ ਕੇ ਅਜਾਈਂ ਗੁਆ ਦਿੱਤਾ ਗਿਆ। ਹੁਣ ਨਵੀਂ ਸਰਕਾਰ ਕਿਉਂਕਿ ਸਿੱਖਿਆ ਦਾ ਏਜੰਡਾ ਲੈ ਕੇ ਸੱਤਾ ਵਿਚ ਆਈ ਹੈ ਤਾਂ ਆਸ ਹੈ ਕਿ ਇਨਾਂ ਮਸਲਿਆਂ ਦਾ ਹੱਲ ਕਰਕੇ ਸਰਕਾਰੀ ਸਕੂਲੀ ਸਿੱਖਿਆ ਦੀ ਦਸ਼ਾ ਤੇ ਦਿਸ਼ਾ ਵਿਚ ਸੁਧਾਰ ਕਰਨ ਲਈ ਕਦਮ ਉਠਾਏਗੀ।

# ਭਾਈ ਗੁਰਦਾਸ ਜੀ ਦੀ ਨਜ਼ਰ 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

**ਬਲਵਿੰਦਰ ਸਿੰਘ ਜੌੜਾ ਸਿੰਘਾ**

ਗੁਰਬਾਣੀ ਦਾ ਸ਼੍ਰੋਮਣੀ ਵਿਆਖਿਆਕਾਰ ਹੋਣ ਦਾ ਮਾਣ ਭਾਈ ਗੁਰਦਾਸ ਨੂੰ ਦਿੱਤਾ ਜਾਂਦਾ ਹੈ। ਭਾਈ ਸਾਹਿਬ ਨੇ 40 ਵਾਰਾਂ, 675 ਕਬਿੱਤ ਅਤੇ ਸੰਸਕ੍ਰਿਤ ਵਿਚ ਛੇ ਸਲੋਕ ਭਾਵੇਂ ਅਸ਼ੁੱਧ ਰੂਪ ਵਿਚ ਹਨ, ਲਿਖ ਕੇ ਗੁਰਮਤਿ ਸਾਹਿਤ ਦੇ ਖੇਤਰ ਵਿਚ ਆਪਣੀ ਵੱਖਰੀ ਥਾਂ ਬਣਾਈ ਹੈ। ਜਿੱਥੇ ਕਬਿੱਤ ਤੇ ਸਲੋਕਾਂ ਵਿਚ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨੂੰ ਉਭਾਰਿਆ ਹੈ, ਉੱਥੇ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਦੇ ਨਾਲ-ਨਾਲ ਗੁਰੂ ਸਾਹਿਬਾਨਾਂ ਦੇ ਜੀਵਨ ਸੰਬੰਧੀ ਵੇਰਵੇ ਵੀ ਦਿੱਤੇ ਹਨ। ਇਸ ਤੋਂ ਬਿਨਾਂ ਗੁਰੂ ਘਰ ਦੇ ਵਿਰੋਧੀਆਂ, ਸਿੱਖ ਸੰਗਤਾਂ ਤੇ ਲਹਿਰ ਦੇ ਵਿਕਾਸ ਬਾਰੇ ਵੀ ਦੱਸਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਹਰਿਗੋਬਿੰਦ ਬਾਰੇ ਭਾਵੇਂ ਵਿਸਥਾਰਤ ਜਾਣਕਾਰੀ ਮੌਜੂਦ ਨਹੀਂ, ਫਿਰ ਵੀ ਵਾਰ ਪਹਿਲੀ, ਤੀਜੀ, ਤੇਰਵੀਂ, ਵੀਹਵੀਂ, ਚੌਵੀਵੀਂ, ਪੰਝੀਵੀਂ, ਛੱਬੀਵੀਂ, ਪੈਂਤੀਵੀਂ ਅਤੇ ਉਣਤਾਲਵੀ ਦੀਆਂ ਕੁਝ ਪਉੜੀਆਂ ਵਿਚ ਜ਼ਿਕਰ ਹੈ।

**ਸਮਕਾਲੀ ਪ੍ਰਸਥਿਤੀਆਂ** : ਭਾਈ ਗੁਰਦਾਸ ਗੁਰੂ ਪਰਿਵਾਰ ਨਾਲ ਸੰਬੰਧਿਤ ਸਨ। ਉਹ ਗੁਰੂ ਅਮਰਦਾਸ ਦੇ ਭਤੀਜੇ ਲਗਦੇ ਸਨ। ਬਾਲ ਜੀਵਨ ਵਿਚ ਮਾਤਾ-ਪਿਤਾ ਗੁਜਰ ਜਾਣ ਕਰਕੇ ਇਨਾਂ ਦਾ ਪਾਲਣ ਪੋਸ਼ਣ ਗੁਰੂ ਅਮਰਦਾਸ ਦੀ ਨਿਗਰਾਨੀ ਹੇਠ ਗੋਇੰਦਵਾਲ ਵਿਖੇ ਹੋਇਆ। ਵੱਖ-ਵੱਖ ਭਾਸ਼ਾਵਾਂ ਤੇ ਧਰਮਾਂ ਦੇ ਗਿਆਨ ਗੁਰੂ ਦੀ ਸੰਗਤ ਕਰਕੇ ਹਾਸਲ ਕੀਤਾ। ਇੱਥੋਂ ਹੀ ਆਗਰੇ, ਬੁਰਹਾਨ ਪੁਰ ਆਦਿ ਥਾਵਾਂ ਤੇ ਸਿੱਖੀ ਦਾ ਪ੍ਰਚਾਰ ਕਰਨ ਗਏ। ਗੁਰੂ ਰਾਮਦਾਸ ਦੇ ਅੰਤਲੇ ਜੀਵਨ ਕਾਲ ਵਿਚ ਹੀ ਉਨਾਂ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਨੇ ਕਈ ਤਰਾਂ ਦੇ ਝਗੜੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਸਨ, ਜੋ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਿੱਛੋਂ ਹੋਰ ਪ੍ਰਬਲ ਰੂਪ ਧਾਰ ਗਏ। ਗੁਰੂ ਅਰਜਨ ਦੇਵ ਦੇ ਗੁਰੁਗੱਦੀ ਉੱਤੇ ਬੈਠਣ ਤੇ ਪ੍ਰਿਥੀ ਚੰਦ ਨੇ ਵੱਖਰੇ ਤੌਰ 'ਤੇ ਗੁਰਗੱਦੀ ਬਣਾਉਣ ਦਾ ਜਤਨ ਕੀਤਾ। ਕੁਝ ਮਸੰਦਾਂ ਨੂੰ ਵਰਗਲਾ ਕੇ ਮਗਰ ਲਾ ਲਿਆ ਗਿਆ। ਗੁਰੂ ਘਰ ਪ੍ਰਤੀ ਸੰਗਤਾਂ ਨੂੰ ਗੁੰਮਰਾਹ ਕਰਨ ਤੋਂ ਬਿਨਾਂ ਚੜਾਵੇ ਨੂੰ ਜ਼ਬਰੀ ਲੈਣ ਲੱਗ ਪਿਆ। ਭਾਈ ਗੁਰਦਾਸ ਜਿਉਂ ਹੀ ਰਾਮਦਾਸ ਪੁਰ ਪਹੁੰਚੇ ਤਾਂ ਗੁਰੂ ਘਰ ਵਿਚ ਪਏ ਇਸ ਬਖੇੜੇ ਬਾਰੇ ਪਤਾ ਲੱਗਾ। ਸ਼ਾਂਤੀ ਦੇ ਪੁੰਜ ਪੰਚਮ ਪਿਤਾ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੁੰਦੇ ਸਨ, ਪਰ ਭਾਈ ਗੁਰਦਾਸ ਨੇ ਬਾਬਾ ਬੁੱਢਾ ਅਤੇ ਹੋਰ ਸਿੱਖਾਂ ਦੇ ਸਹਿਯੋਗ ਨਾਲ ਪ੍ਰਿਥੀ ਚੰਦ ਤੇ ਉਸ ਦੇ ਵਰਗਲਾਏ ਮਸੰਦਾਂ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਔਕੜਾਂ ਦੂਰ ਕਰਨ ਦਾ ਜਤਨ ਕੀਤਾ। ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ। ਪ੍ਰਿਥੀ ਚੰਦ ਨੂੰ ਸਮਝਾਉਣ ਲਈ ਉਨਾਂ ਦੇ ਸਹੁਰੇ ਪਿੰਡ ਹੇਹਰ ਤੱਕ ਗਏ, ਭਾਵੇਂ ਕਿ ਪ੍ਰਿਥੀ ਚੰਦ ਨੇ ਵਿਰੋਧ ਹੀ ਕੀਤਾ। ਭਾਈ ਗੁਰਦਾਸ ਨੇ ਪ੍ਰਿਥੀ ਚੰਦ ਦੀ ਇਸ ਮਾੜੀ ਨੀਅਤ ਸੰਬੰਧੀ 'ਮੀਣਾ' ਸ਼ਬਦ ਵਰਤਿਆ ਹੈ। ਗੁਰੂ ਘਰ ਦੇ ਲੰਗਰ ਸੰਬੰਧੀ ਤੇ ਹੋਰ ਆਰਥਿਕ ਔਕੜਾਂ ਨੂੰ ਦੂਰ ਕਰਨ ਪਿੱਛੋਂ ਗੁਰੂ ਅਰਜਨ ਦੇਵ ਨੇ ਸਿੱਖ ਧਰਮ ਦੇ ਸੰਗਠਨ ਨੂੰ ਹੋਰ ਪਕੇਰਾ ਕਰਨ ਲਈ ਵਿਉਂਤਾਂ ਬਣਾਈਆਂ। ਭਾਈ ਗੁਰਦਾਸ ਜੀ ਗੁਰੂ ਸਾਹਿਬ ਜੀ ਦੀ ਅਗਵਾਈ ਵਿਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਪ੍ਰਾਪਤ ਕੀਤਾ। ਭਾਈ ਸਾਹਿਬ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਵਿਚ ਵੀ ਉੱਦਮ ਕਰਦੇ ਰਹੇ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਗੱਦੀ ਤੇ ਬੈਠੇ ਤਾਂ ਭਾਈ ਗੁਰਦਾਸ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਜੁਟ ਪਏ। ਗੁਰੂ ਘਰ ਦੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਹੋਰ ਆ ਪਈਆਂ। ਅਕਾਲ ਤਖ਼ਤ ਦੀ ਸਥਾਪਨਾ ਤੋਂ ਬਾਅਦ ਪ੍ਰਚਾਰ ਕਰਦੇ ਹੋਏ ਵੱਖ-ਵੱਖ ਥਾਵਾਂ ਤੇ ਗਏ। ਗੁਰਮਤਿ ਸਾਹਿਤ ਰਚਨ ਦੀ ਸੇਵਾ ਵੀ ਨਾਲੋਂ-ਨਾਲ ਕਰੀ ਜਾਂਦੇ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਗੁਰੂ ਹਰਿਗੋਬਿੰਦ ਸਾਹਿਬ ਸੰਬੰਧੀ ਹੇਠ ਲਿਖੇ ਨੁਕਤੇ ਮੁੱਖ ਰੂਪ ਵਿਚ ਉੱਭਰ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ :

(ੳ) ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਦਰਸਾਉਣਾ।

(ਅ) ਗੁਰੂ ਹਰਿਗੋਬਿੰਦ ਦੇ ਸਮੇਂ ਆਈਆਂ ਤਬਦੀਲੀਆਂ ਸੰਬੰਧੀ ਸ਼ੰਕਾਵਾਂ ਨੂੰ ਦੂਰ ਕਰਨ ਦਾ ਯਤਨ ਕਰਨਾ।

(ੲ) ਗੁਰੂ ਹਰਿਗੋਬਿੰਦ ਦੇ ਵਡ ਜੋਧਾ ਤੇ ਪਰਉਪਕਾਰੀ ਗੁਣਾਂ ਨੂੰ ਉਜਾਗਰ ਕਰਨਾ।

(ੳ) ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਛੇ ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਗੁਰਗੱਦੀ ਦੇ ਅਸਲੀ ਵਾਰਸ ਸੰਬੰਧੀ ਗੁਰੂ ਪਰਿਵਾਰਾਂ ਵਿਚ ਕਿੰਤੂ-ਪਰੰਤੂ ਉਠ ਪਿਆ ਸੀ। ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਨੇ ਗੁਰੂ ਅੰਗਦ ਦੇਵ ਨੂੰ ਪ੍ਰਵਾਨ ਨਾ ਕੀਤਾ। ਏਸੇ ਕਰਕੇ ਗੁਰੂ ਅੰਗਦ ਦੇਵ ਕਰਤਾਰਪੁਰ ਤੋਂ ਖਡੂਰ ਚਲੇ ਗਏ। ਗੁਰੂ ਪਰਿਵਾਰ ਦੇ ਦੋਵੇਂ ਪੁੱਤਰ ਕਰਤਾਰਪੁਰ ਦੀ ਜੱਦੀ ਜਾਇਦਾਦ ਲੈ ਕੇ ਕੁਝ ਹੱਦ ਤੱਕ ਤਾਂ ਸੰਤੁਸ਼ਟ ਹੋ ਗਏ। ਫਿਰ ਗੁਰੂ ਪੁੱਤਰਾਂ ਦਾਤੂ ਤੇ ਦਾਸੂ ਨੇ ਜੋ ਰਵੱਈਆ ਗੁਰੂ ਅਮਰਦਾਸ ਸੰਬੰਧੀ ਧਾਰਨ ਕੀਤਾ, ਉਹ ਵੀ ਵੇਖਣਯੋਗ ਹੈ। ਦਾਸੂ ਜੀ ਨੇ ਵੱਖਰੀ ਮੰਜੀ ਲਾ ਲਈ ਸੀ :

"ਮੰਜੀ ਦਾਸੂ ਬਹਾਲਿਆ
ਦਾਤਾ ਸਿਧਾਸਣ ਸਿਖਿ ਆਇਆ।"

ਗੁਰੂ ਰਾਮਦਾਸ ਵੇਲੇ ਮੋਹਨ ਤੇ ਮੋਹਰੀ ਜੀ ਵੱਲੋਂ ਕੋਈ ਵੱਡਾ ਸੰਕਟ ਤਾਂ ਨਾ ਖੜਾ ਕੀਤਾ ਗਿਆ, ਪਰ ਅੰਦਰੂਨੀ ਵਿਰੋਧਤਾ ਤੇ ਗੁਰਗੱਦੀ ਦੀ ਤਾਂਘ ਜ਼ਰੂਰ ਰਹੀ। ਗੁਰੂ ਅਰਜਨ ਦੇਵ ਵੇਲੇ ਭਾਵੇਂ ਨਾਨਕ ਜੋਤ ਗੁਰੂ ਪਰਿਵਾਰ ਵਿਚ ਹੀ ਪਸਰੀ। ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਦਾ ਦਾਅਵੇਦਾਰ ਸੀ। ਏਥੇ ਆ ਕੇ ਪਰਿਵਾਰਕ ਵਿਰੋਧ ਦੁਸ਼ਮਣੀ ਧਾਰਨ ਕਰ ਗਿਆ। ਪ੍ਰਿਥੀ ਚੰਦ ਨੇ ਹਰ ਗਲਤ ਤਰੀਕੇ ਨਾਲ ਗੁਰਗੱਦੀ ਹਥਿਆਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬਾਨਾਂ ਦੇ ਪਰਿਵਾਰਕ ਵਿਰੋਧਾਂ ਬਾਰੇ ਭਾਈ ਸਾਹਿਬ ਉਲੇਖ ਕਰਦੇ ਹਨ :

ਬਾਲ ਜਤੀ ਸਿਰੀ ਚੰਦ
ਬਾਬਾਣਾ ਦੇਹੁਰਾ ਬਣਾਇਆ।
ਲਖਮੀ ਦਾਸਹੁ ਧਰਮ ਚੰਦ
ਪੋਤਾ ਹੁਇ ਕੈ ਆਪ ਗਣਾਇਆ।
ਮੰਜੀ ਦਾਸ ਬਹਾਲਿਆ
ਦਾਤਾ ਸਿਧਾਸਣ ਸਿਖਿ ਆਇਆ।
ਮੋਹਣ ਕਮਲਾ ਹੋਇਆ
ਚਉਬਾਰਾ ਮੋਹਰੀ ਬਨਾਇਆ।
ਮੀਣਾ ਹੋਆ ਪ੍ਰਿਥੀਆ
ਕਰਿ ਕਰਿ ਤੋਢਕ ਬਰਲੁ ਚਲਾਇਆ।
ਮਹਾਂ ਦੇਉ ਅਹੰਮੇਉ ਕਰਿ
ਕਰਿ ਬੇਮੁਖ ਕੁਤਾ ਭਉਕਾਇਆ। (26/33)

ਭਾਈ ਗੁਰਦਾਸ ਜੀ ਨੇ ਮੁਕਾਬਲੇ ਤੇ ਖੜੀ ਕੀਤੀ ਜਾ ਰਹੀ ਗੁਰੂ ਸੰਸਥਾ ਦੇ ਝੂਠ ਦੇ ਪਾਜ ਨੂੰ ਖੋਲਣ ਅਤੇ ਸਤਿਗੁਰਾਂ ਦੇ ਦਰਬਾਰ ਦੇ ਸੱਚ ਨੂੰ ਉਭਾਰਨ ਦਾ ਯਤਨ ਕੀਤਾ ਹੈ :

ਦੁਨਿਆਵੀ ਪਾਤਿਸ਼ਾਹ
ਹੋਇ ਦੇਇ ਮਰੇ ਪੁੱਤੈ ਪਾਤਿਸ਼ਾਹੀ।
ਦੋਹੀ ਫਿਰੈ ਆਪਣੀ
ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇੰਦਾ
ਕਾਜੀ ਮੁਲਾਂ ਭਰੇ ਉਗਾਹੀ।
ਇਕ ਦੋਹੀ ਟਕਸਾਲ
ਇਕ ਕੁਤਬਾ ਤਖ਼ਤ ਸੱਚਾ ਦਰਗਾਹੀ
ਗੁਰਮੁਖ ਸੁਖ ਫਲ ਦਾਦ ਇਲਾਹੀ॥ (23/31)

ਕਿ ਗੁਰੂ ਘਰ ਦੀ ਮਰਿਯਾਦਾ ਇਹੀ ਹੈ ਕਿ ਗੁਰੂ ਗੁਰਮੁਖਾਂ ਵਾਲਾ ਗਾਡੀ ਰਾਹ ਚਲਾਉਂਦਾ ਹੈ। ਏਥੇ ਇਕ ਅਕਾਲ ਪੁਰਖ ਦੇ ਨਾਂ ਦੀ ਦੁਹਾਈ ਹੈ। ਸਤ ਸੰਗਤ ਦੇ ਰੂਪ ਵਿਚ ਟਕਸਾਲ ਹੈ। ਇੱਕੋ ਗੁਰਬਾਣੀ ਦਾ ਰੂਪ ਕੁਤਬਾ ਹੈ। ਇੱਕੋ ਸੱਚਾ ਤਖ਼ਤ ਹੈ, ਇੱਕੋ ਨਿਆਂ ਦੇਣ ਵਾਲਾ ਹੈ। ਭਾਵ ਸੱਚਾ ਦਰਬਾਰ ਹੈ। ਇਸ ਨਿਆਂ ਦੇ ਰਾਹੀਂ ਹਰ ਗੁਰਮੁਖ ਸੁਖ ਫਲ ਪ੍ਰਾਪਤ ਕਰਦਾ ਹੈ। ਦੂਜੇ ਪਾਸੇ ਝੂਠ ਦੀ ਦੁਕਾਨ ਸੰਬੰਧੀ ਵਰਣਨ ਹੈ :

ਜੇ ਕੋ ਆਪ ਗਣਾਇਕੈ
ਪਾਤਸ਼ਾਹਾ ਤੇ ਆਕੀ ਹੋਵੇ।
ਹੋਇ ਕਤਲਾਮ ਹਰਾਮਖੋਰ
ਕਾਫ ਨ ਖੱਫਣ ਚਿਤਾ ਨਾ ਟੋਵੈ।
ਟਕਸਾਲਹੁੰ ਬਾਹਰ ਘੜੇ ਖੋਟੈ ਹਾਰਾ
ਜਨਮ ਵਿਗੋਵੈ।
ਲਿਬਾਸੀ ਫੁਰਮਾਨ ਲਿਖ ਹੋਇ
ਨੁਖਸਨੀ ਅੰਝੂ ਰੋਵੈ॥
ਗਿੱਦੜ ਕੀ ਕਰ ਸਾਹਿਬੀ ਬੋਲ
ਕੁਬੋਲ ਨ ਅਬਿਚਲ ਹੋਵੈ॥
ਮੁਹ ਕਾਲੈ ਗੱਦਹੁੰ ਚੜੇ
ਰਾਉ ਪੜੇਵੀ ਭਰਿਆ ਹੋਵੈ॥
ਦੂਜੇ ਭਾਇ ਕੁਥਾਇ ਖਲੋਵੇ॥

ਇਸ ਤਰਾਂ ਪ੍ਰਿਥੀ ਚੰਦ ਨੇ ਵੱਖਰੀ ਗੱਦੀ ਲਾ ਕੇ ਕਈ ਤਰਾਂ ਦੇ ਭੁਲੇਖੇ ਪੈਦਾ ਕਰਨ ਦੇ ਯਤਨ ਕੀਤੇ, ਪਰ ਭਾਈ ਗੁਰਦਾਸ ਜੀ ਨੇ ਇਨਾਂ ਕੁਚਾਲਾਂ ਨੂੰ ਅਸਫ਼ਲ ਕਰਨ ਲਈ ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਪ੍ਰਵਾਨ ਕਰਕੇ ਲੋਕਾਂ ਵਿਚ ਪ੍ਰਚਾਰਿਆ ਤੇ ਪਸਾਰਿਆ। 'ਗੁਰ ਏਕਾ ਜੋਤ' ਸੰਬੰਧੀ ਉਹ ਬਿਆਨ ਕਰਦੇ ਹਨ :

ਅਰਜਨ ਕਾਇਆ ਪਲਟ ਕੈ
ਮੂਰਤਿ ਹਰਿਗੋਬਿੰਦ ਸਵਾਰੀ। (1-48)
ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ
ਹਰਿਗੋਬਿੰਦ ਗੋਵਿੰਦ ਗੁਰ ਕਾਰਣ ਕਰਣੇਉ। (13/25)
ਹਰਿਗੋਬਿੰਦ ਗੋਵਿੰਦ ਗੁਰ ਜੋਤਿ
ਇਕ ਦੁਇ ਨਾਵ ਧਰਾਯਾ। (24/25

ਗੁਰ ਏਕਾ ਜੋਤ' ਵਿਚ ਏਕਤਾ ਨੂੰ ਪ੍ਰਗਟਾਉਣ ਸੰਬੰਧੀ ਗੁਰਬਾਣੀ ਵਿਚ ਭੱਟਾਂ ਦੀ ਰਚਨਾ ਵਿਚ ਵੀ ਪੁਸ਼ਟੀ ਹੁੰਦੀ ਹੈ। ਵੱਖ-ਵੱਖ ਬਾਣੀ ਕਾਰਾਂ ਨੇ ਨਿਰੰਕਾਰ ਦੀ ਜੋਤ ਨੂੰ ਗੁਰੂ ਨਾਨਕ ਦੇਵ ਜੀ ਰਾਹੀ ਪ੍ਰਗਟਾਅ ਕੇ ਅੱਗੇ ਦੂਸਰੇ ਗੁਰੂ ਸਾਹਿਬਾਨ ਵਿਚ ਪ੍ਰਜਵਲਤ ਹੋਣ ਬਾਰੇ ਵਰਣਨ ਕੀਤੇ ਹਨ। ਭਾਵੇਂ ਏਥੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਕੋਈ ਉੱਲੇਖ ਨਹੀਂ, ਕਿਉਂਕਿ ਭੱਟਾਂ ਦੀ ਬਾਣੀ ਗੁਰੂ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਦੀ ਹੈ। ਸੋ ਭਾਈ ਗੁਰਦਾਸ ਦੇ 'ਗੁਰੂ ਏਕਾ ਜੋਤ' ਨੂੰ ਪ੍ਰਗਟਾਉਣ ਦਾ ਅਰਥ ਗੁਰੂ ਸਾਹਿਬਾਨ ਦੀ ਉਤਰਾਧਿਕਾਰਤਾ ਦੀ ਮਾਨਤਾ ਤੇ ਗੁਰੂ ਸੰਸਥਾ ਦੇ ਮੁਕਾਬਲੇ ਵਿਰੋਧ ਦੇ ਮਨਸੂਬਿਆਂ ਦਾ ਪਤਾ ਲੱਗਦਾ ਹੈ।

(ਅ) ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਕ ਹੋਰ ਮਹੱਤਵਪੂਰਨ ਵਿਚਾਰ ਦਿੱਤਾ ਹੈ। ਕਈ ਵਿਰੋਧੀਆਂ ਵੱਲੋਂ ਭੋਲੇ-ਭਾਲੇ ਸਿੱਖ ਮਨਾਂ ਅੰਦਰ ਗੁਰੂ ਜੀ ਸੰਬੰਧੀ ਇਕ ਨਵੀਂ ਉਲਝਣ ਪੈਦਾ ਕੀਤੀ ਜਾ ਰਹੀ ਸੀ। ਸੰਗਤਾਂ ਮੂੰਹੋਂ ਮੂੰਹੀਂ ਤੇ ਕੰਨੋਂ ਕੰਨੀ ਗੁਰੂ ਨਾਨਕ ਦੇਵ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਗੁਰੂ ਜੀ ਦੁਆਰਾ ਕੁੱਤੇ ਰੱਖਣੇ, ਸ਼ਿਕਾਰ ਖੇਡਣੇ, ਸੈਨਾ ਭਰਤੀ ਕਰਨੀ, ਬਾਦਸ਼ਾਹ ਨਾਲ ਰਲੇ ਫਿਰਨਾ, ਫ਼ੌਜਾਂ ਵਿਚ ਪਠਾਣਾਂ ਦੀ ਭਰਤੀ, ਬੀਬੀ ਕੌਲਾਂ ਦੇ ਸੰਬੰਧੀ ਅਟਕਲ ਪੱਚੂ ਲਾਉਣ ਬਾਰੇ ਕਈ ਤਰਾਂ ਦੇ ਸੰਸੇ ਸਨ :

ਧਰਮਸਾਲ ਕਰ ਬਹੀ ਦਾ
ਇੱਕਤ ਥਾਂ ਨਾ ਟਿਕੈ ਟਿਕਾਯਾ।
ਪਾਤਸ਼ਾਹ ਘਰ ਆਂਵਦੇ
ਗੜ ਚੜਿਆ ਪਤਿਸ਼ਾਹ ਚੜਾਯਾ।
ਉਮੱਤ ਮਹਿਲ ਨ ਪਾਂਵਦੀ
ਨਠਾ ਫਿਰੈ ਨਾ ਡਰੈ ਡਰਾਯਾ।
ਮੰਜੀ ਬਹਿ ਸੰਤੋਖ ਦਾ
ਕੁੱਤੇ ਰੱਖ ਸ਼ਿਕਾਰ ਖਿਲਾਯਾ।
ਬਾਣੀ ਕਰ ਸੁਣ ਗਾਂਵਦਾ
ਕਥੈ ਨੇ ਸੁਣੈ ਨਾ ਗਾਵ ਸੁਣਾਯਾ।
ਸੇਵਕ ਪਾਸ ਨ ਰੱਖੀਅਨ
ਦੋਖੀ ਦੁਸਟ ਆਗੂ ਮੁਹਿ ਲਾਯਾ। (ਵਾਰ 24/26)

ਭਾਈ ਗੁਰਦਾਸ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੇ ਇਕ ਹੋਰ ਮਹੱਤਵਪੂਰਨ ਪੱਖ ਬਾਰੇ ਚਾਨਣਾ ਪਾਉਂਦੇ ਹਨ। ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਉਲੇਖ ਕਰਦੇ ਹਨ :

ਪੰਜ ਪਿਆਲੇ ਪੰਜ ਪੀਰ
ਛਠਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟ ਕੈ
ਮੂਰਤਿ ਹਰਗੋਬਿੰਦ ਸਵਾਰੀ।
ਚੱਲੀ ਪੀੜੀ ਸੋਢੀਆਂ
ਰੂਪ ਦਿਖਾਵਨ ਵਾਰੋ ਵਾਰੀ
ਦਲ ਭੰਜਨ ਗੁਰ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

ਭਾਈ ਗੁਰਦਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਵਿਚ 'ਜੋਧਾ ਅਤੇ ਪਰਉਪਕਾਰੀ' ਵਾਲੇ ਦੋਵੇਂ ਗੁਣ ਸਨ। ਮਹਾਂਰਾਸ਼ਟਰ ਦੇ ਸਮਰਥ ਰਾਮਦਾਸ ਨੇ ਆਪਣੀ ਹੈਰਾਨੀ ਗੁਰੂ ਜੀ ਸਾਹਮਣੇ ਪ੍ਰਗਟਾਈ ਤੇ ਕਿਹਾ ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਦੀ ਗੱਦੀ ਉੱਤੇ ਬੈਠੇ ਹੋ। ਗੁਰੂ ਨਾਨਕ ਇਕ ਤਿਆਗੀ ਸਾਧੂ ਸੀ, ਤੁਸੀਂ ਹਥਿਆਰਬੰਦ ਹੋ। ਫ਼ੌਜਾਂ ਤੇ ਘੋੜੇ ਰੱਖੇ ਹੋਏ ਹਨ। ਸੱਚੇ ਪਾਤਸ਼ਾਹ ਅਖਵਾਉਂਦੇ ਹੋ। ਤੁਸੀਂ ਕੈਸੇ ਸਾਧੂ ਹੋ ? ਗੁਰੂ ਜੀ ਦਾ ਉੱਤਰ ਸੀ-ਬਾਤਨ ਫ਼ਕੀਰੀ ਜਾਹਿਰ ਅਮੀਰੀ, ਸ਼ਸਤਰ ਗ਼ਰੀਬ ਦੀ ਰੱਖਿਆ ਅਜੇ ਜਰਵਾਨੇ ਕੀ ਭੱਖਿਆ ਲਈ ਹਨ।

ਗੁਰੂ ਹਰਿਗੋਬਿੰਦ ਜੀ ਦਾ 'ਵਡ ਜੋਧਾ' ਰੂਪ ਉਨਾਂ ਦੇ ਸ਼ਸਤਰ ਵਿੱਦਿਆ ਤੇ ਯੁੱਧ ਨੀਤੀ ਵਿਚ ਨਿਪੁੰਨ ਹੋਣ ਕਰਕੇ ਹੀ ਹੈ। ਜੰਗੀ ਦਾਅ ਪੇਚਾਂ ਨੂੰ ਉਹ ਚੰਗੀ ਤਰਾਂ ਸਮਝਦੇ ਸਨ। ਗੁਰੂ ਹਰਿਗੋਬਿੰਦ ਜੀ ਨੂੰ ਜੀਵਨ ਵਿਚ ਚਾਰ ਮੁਖ ਜੰਗਾਂ ਤੇ ਕੁਝ ਛੋਟੀਆਂ ਮੋਟੀਆਂ ਝੜਪਾਂ ਦਾ ਸਾਹਮਣਾ ਕਰਨਾ ਪਿਆ, ਪਰ ਇਸ ਜੁਝਾਰੂ ਜੀਵਨ ਵਿਚ ਆਪ ਨੇ ਸੈਨਾ ਦੇ ਸੈਨਾਪਤੀਆਂ ਨਾਲ ਸਿੱਧਾ ਟਾਕਰਾ ਕੀਤਾ। ਪਹਿਲੀ ਜੰਗ ਵਿਚ ਮੁਖਲਿਸ ਖਾਂ, ਦੂਜੀ ਜੰਗ ਵਿਚ ਹਰਿਗੋਬਿੰਦ ਪੁਰ ਵਿਖੇ ਅਬਦੁਲਾ ਖਾਂ, ਕਰਮ ਚੰਦ ਤੇ ਰਤਨ ਚੰਦ, ਤੀਜੀ ਵਿਚ ਕਾਬਲੀ ਬੇਗ ਤੇ ਲੱਲਾ ਬੇਗ, ਚੌਥੀ ਜੰਗ ਵਿਚ ਪੈਂਦੇ ਖਾਂ ਨੂੰ ਮਾਰ ਮੁਕਾਇਆ। ਅਚਾਨਕ ਹੱਲਾ ਹੋ ਜਾਣ ਤੇ ਦ੍ਰਿੜਤਾ ਨਾਲ ਮੁਕਾਬਲਾ ਕੀਤਾ। ਗੁਰੂ ਹਰਿਗੋਬਿੰਦ ਨੇ ਮੁਰਦਾ ਰੂਹਾਂ ਵਿਚ ਜਾਨ ਪਾਈ ਤੇ ਜਨਤਾ ਵਿਚ ਫ਼ੌਜੀ ਅੰਸ਼ ਆਇਆ ਜਿਸ ਨੇ ਕੌਮ ਨੂੰ ਪੱਕਿਆਂ ਪੈਰਾਂ ਉੱਤੇ ਖੜਾ ਕਰ ਦਿੱਤਾ।

ਵੱਡ ਜੋਧਾ ਦੇ ਗੁਣ ਕਰਕੇ ਹੀ ਗੁਰੂ ਸਾਹਿਬ ਡਰ ਤੇ ਭੈਅ ਤੋਂ ਮੁਕਤ ਸਨ :

ਗੁਰ ਸਿੱਖ ਹਰਿਗੋਬਿੰਦ ਨ
ਲੁਕੈ ਲੁਕਾਇਆ। (20/1)

ਭਾਈ ਗੁਰਦਾਸ ਅਨੁਸਾਰ ਜਿੱਥੇ ਆਪ ਵੱਡੇ ਜੋਧਾ ਸਨ, ਉੱਥੇ ਪਰਉਪਕਾਰਤਾ ਦੀ ਸਜੀਵ ਮੂਰਤ ਸਨ। ਗੁਰੂ ਸਾਹਿਬ ਦਾ ਪੈਂਦੇ ਖਾਂ ਨੂੰ ਕਲਮਾਂ ਪੜਨ ਦਾ ਆਦੇਸ਼, ਗਵਾਲੀਆਂ ਦੇ ਕਿਲੇ ਵਿਚ ਬੰਦੀ ਰਾਜਿਆਂ ਦੀ ਰਿਹਾਈ, ਨਿਹੱਥੇ ਦੁਸ਼ਮਣ ਤੇ ਵਾਰ ਨਾ ਕਰਨਾ, ਹਰ ਸਿੱਖ ਸ਼ਰਧਾਲੂ ਨੇ ਜਦੋਂ ਵੀ ਪ੍ਰੇਮ ਨਾਲ ਯਾਦ ਕਰਨਾ, ਉੱਥੇ ਅੱਪੜਨਾ, ਭਾਵੇਂ ਉਹ ਸ੍ਰੀ ਨਗਰ, ਬਾਰਾਮੂਲੇ ਦਾ ਬਿਖੜਾ ਪੈਂਡਾ ਸੀ ਜਾਂ ਕੜਕਦੀ ਧੁੱਪ ਤੇ ਮਾਰੂਥਲ ਵਿਚ ਭਾਈ ਸਾਧੂ ਤੇ ਭਾਈ ਰੂਪੇ ਦਾ ਠੰਢਾ ਪਾਣੀ ਪੀਣਾ ਸੀ। ਗੁਰੂ ਘਰ ਤੋਂ ਟੁੱਟੇ ਸਿਰੀ ਚੰਦ ਨਾਲ ਮੇਲ ਜੋਲ, ਬਾਬਾ ਮੋਹਰੀ ਦੇ ਪੁੱਤਰ ਅਨੰਦ ਦਾ ਸਤਿਕਾਰ, ਮਿਹਰਬਾਨ ਨਾਲ ਚੰਗੇ ਸੰਬੰਧ ਕਾਇਮ ਕਰਨ ਲਈ ਯਤਨ ਕਰਨਾ ਉਨਾਂ ਦੀ ਪਰਉਪਕਾਰਤਾ ਦੇ ਗੁਣਾਂ ਕਰਕੇ ਹੀ ਸੀ। ਸ੍ਰੀ ਗੁਰੂ ਹਰਗੋਬਿੰਦ ਦੇ ਸਮੁੱਚੇ ਜੀਵਨ ਦੀ ਵਡਿਆਈ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਇਕ ਵਾਰ ਵਿਚ ਅੰਕਿਤ ਕੀਤਾ ਹੈ :

ਹਰਖਹੁੰ ਸੋਗਹੁੰ ਬਾਹਰਾ
ਹਰਣ ਸਮਰੱਥ ਸਰੰਦਾ
ਰਸ ਕਸ ਰੂਪ ਨ ਰੇਖ ਵਿਚ
ਰਾਗ ਰੰਗ ਨਿਰਲੇਪ ਰਹੰਦਾ।
ਗੋਸ਼ਟਿ ਗਿਆਨ ਅਗੋਚਰਾ
ਬੁਧਿ ਬਲ ਬਚ ਬਿਬੇਕ ਨ ਛੰਦਾ।
ਗੁਰੂ ਗੋਵਿੰਦ ਗੋਵਿੰਦ
ਗੁਰੂ ਹਰਿਗੋਵਿੰਦ ਸਦਾ ਵਿਗਸੰਦਾ।
ਅਚਰਜ ਕੋ ਅਚਰਜ ਮਿਲੈ
ਵਿਸਮਾਦੈ ਵਿਸਮਾਦ ਮਿਲੰਦਾ। (24/21)

ਗੁਰੂ ਜੀ ਹਰਖ-ਸੋਗ, ਰਸ-ਕਸ, ਰੂਪ-ਰੇਖ ਨਿਰਲੇਪ ਸਨ। ਗੋਸਟਿ ਗਿਆਨ ਦੀ ਚਰਚਾ ਤੇ ਅਗੋਚਰ ਸਨ। ਬਲ-ਬਚਨ, ਬਿਬੇਕ-ਛਲ ਉਨਾਂ ਦੇ ਸਾਹਮਣੇ ਹੀਣੇ ਹਨ। ਉਹ ਅਕਾਲ ਪੁਰਖ ਰੂਪ ਸਨ। ਉਨਾਂ ਦੀ ਸ਼ਖ਼ਸ਼ੀਅਤ ਹੀ ਐਸੀ ਸੀ ਕਿ ਸਦਾ ਪ੍ਰਸੰਨ ਚਿੱਤ ਰਹਿੰਦੇ ਸਨ। ਸੋ ਅਸੀਂ ਸਾਰ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਹੁ-ਪੱਖੀ ਸ਼ਖ਼ਸ਼ੀਅਤ ਨੂੰ ਉਭਾਰਨ ਵਿਚ ਸਫਲਤਾ ਹਾਸਲ ਕੀਤੀ। ਗੁਰੂ ਜੀ ਸੰਬੰਧੀ ਪਏ ਭਰਮ ਭੁਲੇਖਿਆਂ ਨੂੰ ਦੂਰ ਕਰਕੇ 'ਗੁਰ ਏਕਾ ਜੋਤ' ਨੂੰ ਪਰਪੱਕ ਕੀਤਾ। ਭਾਈ ਗੁਰਦਾਸ ਦੀ ਨਜ਼ਰ ਵਿਚ ਗੁਰੂ ਹਰਿਗੋਬਿੰਦ ਅਨੇਕਾਂ ਗੁਣਾਂ ਦੇ ਮਾਲਕ, ਵੱਡੇ ਜੋਧੇ ਤੇ ਪਰਉਪਕਾਰੀ ਸੂਰਮੇ ਸਨ। ਨਾਨਕ ਜੋਤ ਦਾ ਪ੍ਰਗਟਾਅ ਗੁਰੂ ਹਰਿਗੋਬਿੰਦ ਜੀ ਰਾਹੀਂ ਹੋ ਰਿਹਾ ਸੀ। ਗੁਰੂ ਸਾਹਿਬ ਦੀਨ ਦੁਨੀ ਦੇ ਪਾਤਸ਼ਾਹਾਂ ਦੇ ਪਾਤਸ਼ਾਹ ਸਨ :

ਦਸਤਗੀਰ ਹੁਇ ਪੰਜ ਪੀਰ
ਹਰਿ ਗੁਰ ਹਰਿਗੋਬਿੰਦ ਅਤੋਲਾ।
ਦੀਨ ਦੀਨੀ ਦਾ ਪਾਤਸ਼ਾਹ
ਪਾਤਸ਼ਾਹ ਪਾਤਸ਼ਾਹ ਅਡੋਲਾ। (39/3)




# ਬਹਾਦਰ ਚਰਵਾਹਾ

**ਬਲਦੇਵ ਸਿੱਧੂ**

ਕਹਿੰਦੇ ਹਨ ਕਿ ਇਹ ਕਹਾਣੀ ਬਹੁਤ ਪੁਰਾਣੀ ਹੈ ਓਦੋਂ ਇਸਰਾਈਲ ਅਤੇ ਫਲਸਤੀਨੀਆਂ ਦੋਹਾਂ ਦੇਸ਼ਾਂ ਵਿਚਕਾਰ ਭਿਆਨਕ ਯੁੱਧ ਛਿੜ ਪਿਆ ਸੀ। ਫਲਸਤੀਨੀ ਸੈਨਾ ਇੱਕ ਪਹਾੜੀ ’ਤੇ ਅਤੇ ਇਸਰਾਈਲ ਦੀ ਸੈਨਾ ਦੂਜੀ ਪਹਾੜੀ ’ਤੇ ਮੋਰਚੇ ਸੰਭਾਲ ਕੇ ਬੈਠੀ ਹੋਈ ਸੀ। ਇਸ ਤਰਾਂ ਕਈ ਮਹੀਨੇ ਲੜਾਈ ਹੁੰਦੀ ਰਹੀ ਅਤੇ ਹਜ਼ਾਰਾਂ ਸੈਨਿਕ ਮਾਰੇ ਗਏ। ਇਸ ਲੜਾਈ ਦੀ ਜਿੱਤ-ਹਾਰ ਦਾ ਕੋਈ ਫ਼ੈਸਲਾ ਨਹੀਂ ਸੀ ਹੋ ਰਿਹਾ।

ਇੱਕ ਦਿਨ ਅਚਾਨਕ ਡਰਾਉਣੀ ਤੇ ਭਾਰੀ ਆਵਾਜ਼ ਦੀ ਗਰਜ਼ ਸੁਣ ਕੇ ਇਸਰਾਈਲੀ ਤੰਬੂਆਂ ਤੋਂ ਬਾਹਰ ਆ ਗਏ। ਉਨਾਂ ਨੇ ਦੇਖਿਆ ਕਿ ਇੱਕ ਦਿਓ-ਕੱਦ ਆਕਾਰ ਦਾ ਫਲਸਤੀਨੀ ਯੋਧਾ ਉਨਾਂ ਵੱਲ ਆ ਰਿਹਾ ਹੈ। ਉਸ ਨੇ ਕੋਲ ਆ ਕੇ ਵੈਰੀ ਦੀ ਸੈਨਾ ਨੂੰ ਲਲਕਾਰਦੇ ਹੋਏ ਕਿਹਾ, ‘ਮੇਰਾ ਨਾਂ ਗੋਲਾਇੱਥ ਹੈ। ਤੁਹਾਡੀ ਸੈਨਾ ’ਚੋਂ ਅਜਿਹਾ ਕੋਈ ਯੋਧਾ ਹੈ ਜੋ ਮੇਰਾ ਮੁਕਾਬਲਾ ਕਰ ਸਕੇ। ਜੇਕਰ ਮੈਂ ਹਾਰ ਗਿਆ ਤਾਂ ਫਲਸਤੀਨ ਤੁਹਾਡਾ ਗੁਲਾਮ ਹੋ ਜਾਵੇਗਾ ਅਤੇ ਜੇਕਰ ਤੁਹਾਡਾ ਯੋਧਾ ਹਾਰ ਗਿਆ ਤਾਂ ਇਸਰਾਈਲ ਸਾਡਾ ਗੁਲਾਮ ਹੋ ਜਾਵੇਗਾ।’ ਇਸ ਤਰਾਂ ਦੀ ਚਿਤਵਾਨੀ ਦਿੰਦਾ ਹੋਇਆ ਗੋਲਾਇੱਥ ਠਹਾਕਾ ਮਾਰ ਕੇ ਐਨਾ ਉੱਚੀ ਹੱਸਿਆ ਕਿ ਜਿਵੇਂ ਜੰਗਲ ਦੀ ਸ਼ਾਂਤੀ ਭੰਗ ਹੋ ਗਈ ਹੋਵੇ।

ਉਸ ਦੇ ਭਾਰੀ ਕੱਦਾਵਰ ਸਰੀਰ ਅਤੇ ਤਾਕਤ ਨੂੰ ਦੇਖ ਕੇ ਇਸਰਾਈਲੀ ਬਹੁਤ ਡਰ ਗਏ। ਉਸ ਦੇ ਸਾਹਮਣੇ ਕਿਸੇ ਦੀ ਬੋਲਣ ਦੀ ਹਿੰਮਤ ਨਹੀਂ ਹੋ ਰਹੀ ਸੀ। ਇਸ ਤਰਾਂ ਗੋਲਾਇੱਥ ਰੋਜ਼ ਇਸਰਾਈਲੀ ਸੈਨਾ ਨੂੰ ਲਲਕਾਰਦਾ ਅਤੇ



ਉਨਾਂ ਦੀ ਰਸਦ ਆਦਿ ਲੁੱਟ ਕੇ ਲੈ ਜਾਂਦਾ। ਕੋਈ ਵੀ ਉਸ ਦੇ ਸਾਹਮਣੇ ਨਾ ਆਉਂਦਾ।

ਇੱਕ ਦਿਨ ਡੇਵਿਡ ਨਾਂ ਦਾ ਇੱਕ ਚਰਵਾਹਾ ਇਸਰਾਈਲੀ ਸੈਨਾ ਦੇ ਤੰਬੂਆਂ ‘ਚ ਆਪਣੇ ਭਰਾਵਾਂ ਨੂੰ ਮਿਲਣ ਲਈ ਆਇਆ। ਉਹ ਵੀ ਇਸਰਾਈਲੀ ਸੈਨਾ ਵਿੱਚ ਸੀ। ਡੇਵਿਡ ਅਜੇ ਆਪਣੇ ਭਰਾਵਾਂ ਨਾਲ ਗੱਲਬਾਤ ਹੀ ਕਰ ਰਿਹਾ ਸੀ ਕਿ ਉਸ ਨੂੰ ਗਰਜਵੀਂ ਆਵਾਜ਼ ਸੁਣਾਈ ਦਿੱਤੀ, ‘ਐ ਕਾਇਰੋ! ਤੁਹਾਡੇ ਵਿਚ ਅਜਿਹਾ ਕੋਈ ਯੋਧਾ ਹੈ ਜੋ ਮੇਰਾ ਮੁਕਾਬਲਾ ਕਰ ਸਕੇ। ਹਾਹਾਹਾ।’

ਇਹ ਸੁਣ ਕੇ ਡੇਵਿਡ ਨੇ ਆਪਣੇ ਭਾਈਆਂ ਤੋਂ ਪੁੱਛਿਆ ਕਿ, ‘ਇਹ ਕੌਣ ਹੈ? ਇਸ ਤਰਾਂ ਕਿਉਂ ਲਲਕਾਰ ਰਿਹਾ ਹੈ?’ ‘ਇਹ ਫਲਸਤੀਨੀ ਸੈਨਾ ਦਾ ਮਹਾਂਬਲੀ ਯੋਧਾ ਹੈ।’ ਇਸ ਦਾ ਨਾਂ ਗੋਲਾਇੱਥ ਹੈ ਜੋ ਸਾਨੂੰ ਰੋਜ਼ਾਨਾ ਯੁੱਧ ਲਈ ਲਲਕਾਰਦਾ ਹੈ।’ ਭਾਈਆਂ ਨੇ ਡੇਵਿਡ ਨੂੰ ਦੱਸਿਆ।

‘ਕੋਈ ਇਸ ਦਾ ਮੁਕਾਬਲਾ ਕਿਉਂ ਨਹੀਂ ਕਰਦਾ? ਡੇਵਿਡ ਨੇ ਕਿਹਾ ਇਹ ਤਾਂ ਇੱਕ ਦਿਨ ਤੁਹਾਡੀ ਸੈਨਾ ਨੂੰ ਹਰਾ ਕੇ ਦੇਸ਼ ’ਤੇ ਕਬਜ਼ਾ ਕਰ ਲਵੇਗਾ।’ ਭਰਾਵਾਂ ਨੇ ਜਵਾਬ ਦਿੱਤਾ, ‘ਡੇਵਿਡ ਇਸ ਦਾ ਸਰੀਰ ਐਨਾ ਭਾਰਾ ਹੈ ਕਿ ਜੇਕਰ ਕਿਸੇ ’ਤੇ ਡਿੱਗ ਪਿਆ ਤਾਂ ਹੱਡੀ ਪਸਲੀ ਤੋੜ ਦੇਵੇਗਾ। ਇਸ ਕਰਕੇ ਹੀ ਡਰਦਾ ਇਸ ਨਾਲ ਕੋਈ ਮੁਕਾਬਲਾ ਨਹੀਂ ਕਰਦਾ। ਇਹ ਤਾਂ ਇੱਕ ਤਰਾਂ ਜਿੰਨ ਹੈ।’

ਇਹ ਗੱਲ ਡੇਵਿਡ ਨੂੰ ਬਹੁਤ ਬੁਰੀ ਲੱਗੀ। ਉਸ ਨੇ ਮਨ ਹੀ ਮਨ ਫ਼ੈਸਲਾ ਕੀਤਾ ਕਿ ਉਹ ਗੋਲਾਇੱਥ ਨਾਲ ਜ਼ਰੂਰ ਲੜੇਗਾ। ਉਹ ਚੁੱਪਚਾਪ ਪਹਾੜੀ ਤੋਂ ਉੱਤਰ ਆਇਆ ਤੇ ਹੇਠਾਂ ਆ ਕੇ ਪਹਾੜੀ ਦੇ ਛੋਟੇ-ਤਿੱਖੇ ਪੱਥਰ ਆਪਣੇ ਝੋਲੇ ’ਚ ਭਰ ਲਏ।

ਡੇਵਿਡ ਨੇ ਉੱਪਰ ਆ ਕੇ ਗੋਲਾਇੱਥ ਨੂੰ ਲਲਕਾਰਦੇ ਹੋਏ ਕਿਹਾ, ‘ਗੋਲਾਇੱਥ, ਮੈਂ ਤੇਰੇ ਨਾਲ ਲੜਾਂਗਾ। ਤੂੰ ਮੇਰੇ ਸਾਹਮਣੇ ਆ।’

‘ਡੇਵਿਡ ਉਸ ਦੇ ਸਾਹਮਣੇ ਨਾ ਜਾ। ਉਹ ਤੈਨੂੰ ਪੈਰਾਂ ਹੇਠਾਂ ਲਤਾੜ ਕੇ ਮਾਰ ਦੇਵੇਗਾ। ਤੂੰ ਹੁਣੇ ਆਪਣੇ ਪਿੰਡ ਚਲਾ ਜਾ।’ ਭਰਾਵਾਂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾ ਮੰਨਿਆ।

**ਬਾਈਬਲ ਵਿੱਚੋਂ ਬਾਲ ਕਹਾਣੀ**

ਗੋਲਾਇੱਥ ਨੇ ਇੱਕ ਲੜਕੇ ਨੂੰ ਲਲਕਾਰਦੇ ਹੋਏ ਦੇਖਿਆ ਤਾਂ ਉਸ ਨੇ ਕਟਾਕ਼ਸ਼ ਕਰਦੇ ਹੋਏ ਕਿਹਾ, ‘ਹਾ-ਹਾ-ਹਾ ਕੀ ਤੂੰ ਮੇਰੇ ਨਾਲ ਲੜਾਈ ਕਰੇਂਗਾ? ਕੀ ਪਿੱਦੀ, ਕੀ ਪਿੱਦੀ ਕਾ ਸ਼ੋਰਬਾ। ਹਾ-ਹਾ-ਹਾ।’

‘ਹਾਂ, ਮੈਂ ਤੇਰਾ ਮੁਕਾਬਲਾ ਕਰਾਂਗਾ।’ ਕਹਿੰਦੇ ਹੋਏ ਡੇਵਿਡ ਨੇ ਆਪਣੇ ਗੋਪੀਏ (ਖੇਤਾਂ ’ਚ ਜਾਨਵਰਾਂ ਨੂੰ ਉਡਾਉਣ ਦੇ ਕੰਮ ਆਉਂਦਾ ਹੈ, ਜਿਹੜਾ ਰੱਸੀ ਨਾਲ ਬੰਨਿਆ ਹੁੰਦਾ ਹੈ। ਇਸ ’ਚ ਪੱਥਰ ਰੱਖ ਕੇ ਘੁਮਾ ਕੇ ਮਾਰਿਆ ਜਾਂਦਾ ਹੈ) ਵਿਚ ਇੱਕ ਤਿੱਖਾ ਪੱਥਰ ਰੱਖ ਲਿਆ। ‘ਮੈਂ ਤੇਰਾ ਪਲਾਂ ’ਚ ਕੰਮ ਤਮਾਮ ਕਰ ਦਿੰਦਾ ਹਾਂ।’ ਗਰਜ਼ਦੇ ਹੋਏ ਗੋਲਾਇੱਥ ਡੇਵਿਡ ਵੱਲ ਵਧਿਆ। ਇਸ ਤੋਂ ਪਹਿਲਾਂ ਕਿ ਉਹ ਨਜ਼ਦੀਕ ਆਉਂਦਾ ਡੇਵਿਡ ਨੇ ਬਿਜਲੀ ਦੀ ਤੇਜ਼ੀ ਵਾਂਗ ਗੋਪੀਆ ਘੁਮਾਇਆ ਅਤੇ ਤਿੱਖਾ ਪੱਥਰ ਗੋਲਾਇੱਥ ਵੱਲ ਛੱਡ ਦਿੱਤਾ। ਪੱਥਰ ਉਸ ਦੇ ਮੱਥੇ ’ਤੇ ਵੱਜਿਆ ਤੇ ਉਹ ਪੈਰੋਂ ਉੱਖੜ ਗਿਆ। ਡੇਵਿਡ ਨੇ ਮੌਕਾ ਸੰਭਾਲਦੇ ਦੋ-ਤਿੰਨ ਪੱਥਰ ਉਸ ਦੇ ਹੋਰ ਮਾਰ ਦਿੱਤੇ। ਗੋਲਾਇੱਥ ਚੀਕ ਕੇ ਡਿੱਗ ਪਿਆ ਅਤੇ ਪਹਾੜਾਂ ਤੋਂ ਹੇਠਾਂ ਰੁੜ ਕੇ ਡੂੰਘੀ ਖੱਡ ਵਿਚ ਡਿੱਗ ਕੇ ਮਰ ਗਿਆ।

ਇਸ ਤਰਾਂ ਗੋਲਾਇੱਥ ਨੂੰ ਹਾਰਦੇ ਹੋਏ ਦੇਖ ਕੇ ਫਲਸਤੀਨੀ ਸੈਨਾ ਭੱਜ ਚੱਲੀ। ਵੈਰੀ ਸੈਨਾ ਨੂੰ ਭੱਜਦੇ ਹੋਏ ਦੇਖ ਕੇ ਇਸਰਾਈਲੀਆਂ ਨੇ ਅਨੇਕਾਂ ਨੂੰ ਬੰਦੀ ਬਣਾ ਲਿਆ ਅਤੇ ਸਭ ਕੁਝ ਲੁੱਟ ਲਿਆ। ਇਸ ਤਰਾਂ ਆਪਣੀ ਦਲੇਰੀ ਤੇ ਸੂਝ ਨਾਲ ਇਕੱਲੇ ਡੇਵਿਡ ਨੇ ਸਦੀਆਂ ਤੋਂ ਆਪਣੇ ਦੁਸ਼ਮਣ ਫਲਸਤੀਨੀਆਂ ਨੂੰ ਹਰਾ ਦਿੱਤਾ। ਅੱਗੇ ਚੱਲ ਕੇ ਇਹ ਚਰਵਾਹਾ ਡੇਵਿਡ, ਇਸਰਾਈਲੀਆਂ ਦਾ ਰਾਜਾ ਬਣਿਆ ਅਤੇ ਬਹੁਤ ਕੁਸ਼ਲ ਤਰੀਕੇ ਨਾਲ ਉਸ ਨੇ ਕਾਫ਼ੀ ਸਮਾਂ ਰਾਜ ਕੀਤਾ। ਕਹਿੰਦੇ ਹਨ ਕਿ ਜਦੋਂ ਤਕ ਉਹ ਜਿਉਂਦਾ ਰਿਹਾ ਉਸ ਨੇ ਫਲਸਤੀਨੀਆਂ ਨੂੰ ਕਦੇ ਵੀ ਤੰਗ ਨਾ ਕੀਤਾ।

# ਬੱਚਿਆਂ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਹੋਣੀ ਚਾਹੀਦੀ

**ਬਲਜੀਤ ਕੌਰ**

ਬੱਚਿਆਂ ਨੂੰ ਉਨਾਂ ਦੀ ਭਾਸ਼ਾ ਵਿੱਚ ਸਮਝਾਉਣਾ ਅਤੇ ਸਿਖਾਉਣਾ ਬਹੁਤ ਸੌਖਾ ਹੁੰਦਾ ਹੈ। ਆਮ ਤੌਰ ’ਤੇ ਵਿਗਿਆਨ ਵਰਗੇ ਵਿਸ਼ੇ ਅੰਗਰੇਜ਼ੀ ਵਿੱਚ ਪੜਾ ਕੇ ਬੱਚਿਆਂ ਨਾਲ਼ ਧੱਕਾ ਕੀਤਾ ਜਾਂਦਾ ਹੈ। 13-14 ਸਾਲਾਂ ਦੀ ਉਮਰ ਵਾਲ਼ੇ ਬੱਚਿਆਂ ਨੂੰ ਪੜਾਉਣ ਦੇ ਤਜਰਬਾ ਸਾਂਝਾ ਕਰਨਾ ਚਾਹੁੰਦੀ ਹਾਂ।

ਬੱਚਿਆਂ ਨੂੰ ਪੜਾਉਣ ਸਮੇਂ ਸਕੂਲ ਦੀਆਂ ਕਿਤਾਬਾਂ ਵਿੱਚ ਵਿਗਿਆਨ ਦੇ ਕੁੱਝ ਪਾਠ ਆਉਂਦੇ ਹਨ ਜੋ ਮਾਸਿਕ ਚੱਕਰ ਨਾਲ਼ ਸਬੰਧਿਤ ਹੁੰਦੇ ਹਨ। ਆਮ ਤੌਰ ’ਤੇ ਕਈ ਅਧਿਆਪਕ ਇਹ ਪਾਠ ਬਿਨਾਂ ਪੜਾਏ ਸਾਰ ਦਿੰਦੇ ਹਨ ਜਾਂ ਬਹੁਤ ਹੀ ਅਮੂਰਤ ਜਹੇ ਤਰੀਕੇ ਨਾਲ਼ ਮਾੜੀ-ਮੋਟੀ ਗੱਲ ਕਰਦੇ ਹਨ। ਜੇ ਇਹ ਵਿਸ਼ਾ ਅੰਗਰੇਜ਼ੀ ਵਿਚ ਹੋਵੇ ਤਾਂ ਅੰਗਰੇਜ਼ੀ ਸ਼ਬਦਾਵਲੀ ਦੇ ਓਹਲੇ ਇਨਾਂ ਪਾਠਾਂ ਦਾ ਫਾਹਾ ਵੱਢਣਾ ਹੋਰ ਵੀ ਸੌਖਾ ਹੋ ਜਾਂਦਾ ਹੈ। ਪਰ ਮੈਂ ਮੇਰੇ ਕੋਲ਼ ਪੜਦੇ ਬੱਚਿਆਂ ਨੂੰ ਵਿਗਿਆਨ ਦੇ ਸਾਰੇ ਵਿਸ਼ੇ ਪੰਜਾਬੀ ਵਿੱਚ ਵਿਸਥਾਰ ’ਚ ਸਮਝਾਉਂਦੀ ਹਾਂ।

ਜਦੋਂ ਮੈਂ ਬੱਚਿਆਂ ਨੂੰ ਇਹ ਪਾਠ ਪੜਾਉਣੇ ਸੀ ਤਾਂ ਮੈਨੂੰ ਬਹੁਤ ਫ਼ਿਕਰ ਲੱਗਿਆ ਕਿ ਕਿੰਝ ਕੀਤਾ ਜਾਵੇ। ਇਸਤੋਂ ਪਹਿਲਾਂ ਮੈਨੂੰ ਇਸ ਤਰਾਂ ਦੀ ਚਿੰਤਾ ਕਦੇ ਨੀ ਹੋਈ ਸੀ, ਮੈਨੂੰ ਲੱਗਦਾ ਸੀ ਕਿ ਇਹ ਗੱਲ ਦੱਸਣੀ ਵੀ ਆਮ ਪੜਾਈ ਵਾਂਗ ਹੀ ਹੈ, ਕੋਈ ਔਖੀ ਗੱਲ ਨਹੀਂ, ਪਰ ਹੋਇਆ ਬਿਲਕੁਲ ਉਲਟ।

ਮੇਰੇ ਕੋਲ਼ ਮੁੰਡੇ-ਕੁੜੀਆਂ ਇਕੱਠੇ ਪੜਦੇ ਹਨ, ਜਦੋਂ ਮੈਂ ਵਿਸ਼ਾ ਛੇੜਦੀ ਤਾਂ ਉਹ ਇੱਕ ਦੂਜੇ ਤੋਂ ਮੂੰਹ ਲੁਕਾਉਣ ਲੱਗਦੇ। ਮੈਂ ਬਹੁਤ ਸੋਚਿਆ ਕੀ ਤਰੀਕਾ ਹੋ ਸਕਦਾ ਹੈ ਕਿ ਉਹ ਇਸ ਬਾਰੇ ਚੰਗੀ ਤਰਾਂ ਸਮਝ ਵੀ ਲੈਣ ਅਤੇ ਕੋਈ ਭੱਦਾ ਮਾਹੌਲ ਵੀ ਨਾ ਬਣੇ। ਮੈਂ ‘ਬੱਚਿਆਂ ਦੀ ਪਰਵਰਿਸ਼ ਬਾਰੇ’ ਨਾਮ ਦੀ ਇੱਕ ਕਿਤਾਬ ਪੜ ਰਹੀ ਸੀ ਜਿਥੋਂ ਮੈਨੂੰ ਇਸ ਉਮਰ ਦੇ ਬੱਚਿਆਂ ਦੀ ਮਾਨਸਿਕਤਾ ਸਮਝਣ ਦਾ ਮੌਕਾ ਮਿਲ਼ ਰਿਹਾ ਸੀ।

ਮੈਂ ਬੱਚਿਆਂ ਨਾਲ਼ ਗੱਲਬਾਤ ਸ਼ੁਰੂ ਕੀਤੀ,

ਉਨਾਂ ਨੂੰ ਸਵਾਲ ਪੁੱਛਿਆ ‘ਕੀ ਤੁਸੀਂ ਕਦੇ ਸੋਚਿਆ ਕਿ ਤੁਸੀਂ ਕਿਵੇਂ ਪੈਦਾ ਹੋਏ?’

ਉਹ ਹੱਸਣ ਲੱਗ ਗਏ।

ਮੈਂ ਅੱਗੇ ਕਿਹਾ- ‘ਤੁਸੀਂ ਸੋਚੋ ਜੇ ਤੁਸੀਂ ਨਾ ਹੁੰਦੇ, ਜੇ ਦੁਨੀਆਂ ‘ਤੇ ਕੋਈ ਜੀਵ ਪੈਦਾ ਨਾ ਹੁੰਦਾ?’

ਮੈਂ ਗੱਲਬਾਤ ਜ਼ਾਰੀ ਰੱਖੀ, ਇਸ ਦੌਰਾਨ ਉਹ ਗੰਭੀਰਤਾ ਨਾਲ਼ ਸੁਣਨ ਲੱਗੇ ਸੀ।

ਮੈਂ ਕਿਹਾ- ‘ਬੱਚਿਓ ਤੁਹਾਨੂੰ ਪਤਾ ਕੁਦਰਤ ਨੇ ਔਰਤਾਂ ਨੂੰ ਬਹੁਤ ਵੱਡੀ ਜਿੰਮੇਵਾਰੀ ਸੌਂਪੀ ਆ, ਉਹ ਇਹ ਕਿ ਔਰਤ ਨਵੇਂ ਜੀਵ ਨੂੰ ਆਪਣੇ ਖ਼ੂਨ ਅਤੇ ਖ਼ੁਰਾਕ ਨਾਲ਼ ਆਪਣੇ ਸਰੀਰ ਵਿੱਚ ਪਾਲ਼ੇ, ਇਸ ਲਈ ਔਰਤਾਂ ਦਾ ਸਰੀਰ ਖਾਸ ਤਰਾਂ ਬਣਿਆ ਹੁੰਦਾ।

ਪਰ ਇਹ ਜਿੰਮੇਵਾਰੀ ਨਿਭਾਉਣੀ ਔਰਤਾਂ ਲਈ ਸੌਖੀ ਨੀ, ਉਹ ਬਹੁਤ ਜਿਆਦਾ ਦੁੱਖ ਝੱਲਦਿਆਂ, ਤੁਹਾਡੀਆਂ ਮਾਵਾਂ ਅਤੇ ਉਹਨਾਂ ਦੀਆਂ ਮਾਵਾਂ ਅਤੇ ਦੁਨੀਆਂ ਦੀਆਂ ਸਾਰੀਆਂ ਮਾਵਾਂ ਦੁੱਖ ਝੱਲਦੀਆਂ ਤਾਂ ਕਿ ਇੱਕ ਨਵਾਂ ਜੀਵ ਧਰਤੀ ’ਤੇ ਆ ਸਕੇ।’

ਹੁਣ ਬੱਚਿਆਂ ਦੇ ਚਿਹਰੇ ’ਤੇ ਫ਼ਿਕਰ ਸੀ।

ਮੈਂ ਕਿਹਾ- ‘ਆਪਣੀ ਮਾਂ ਨੂੰ ਬਹੁਤ ਪਿਆਰ ਕਰੋ, ਦੁਨੀਆਂ ਦੀ ਹਰ ਮਾਂ ਨੂੰ ਪਿਆਰ ਕਰੋ ਅਤੇ ਹਰ ਔਰਤ ਦੀ ਇੱਜਤ ਕਰੋ। ਜੇਕਰ ਉਹ ਤਕਲੀਫ਼ ਨਾ ਸਹਿਣ ਤਾਂ **ਬਾਕੀ ਸਫ਼ਾ 30 ’ਤੇ**

# ਬੱਚਿਆਂ ਹੱਥ ਸਮਾਰਟ ਫੋਨ ਮਾਨਸਿਕ ਬਿਮਾਰੀ ਨੂੰ ਬੁਲਾਵਾ

**ਸੰਪਰਕ: 84370-10461**

ਸਮਾਰਟ ਫੋਨ ਸਾਡੇ ਜੀਵਨ ਦਾ ਅਨਿੱਖੜਵਾਂ ਹਿੱਸਾ ਬਣ ਗਿਆ ਹੈ। ਇਸ ਦੀ ਆਦਤ ਗੰਭੀਰ ਸਮੱਸਿਆ ਦਾ ਰੂਪ ਧਾਰ ਚੁੱਕੀ ਹੈ। ਅੱਜ ਟੈਕਨਾਲੋਜੀ ਨੇ ਸਾਨੂੰ ਇੰਨਾ ਮਸ਼ਰੂਫ ਕਰ ਦਿੱਤਾ ਹੈ ਕਿ ਸਾਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋਣ ਦਿੰਦੀ ਕਿ ਅਸੀਂ ਮਸ਼ਰੂਫ ਨਹੀਂ ਸਗੋਂ ਇਕੱਲੇ ਹੋ ਰਹੇ ਹਾਂ। ਮੋਬਾਈਲ ਫੋਨ ਦਾ ਇਸਤੇਮਾਲ ਅਸੀਂ ਇਸ ਲਈ ਸ਼ੁਰੂ ਕੀਤਾ ਸੀ ਕਿ ਦੂਰ-ਨੇੜੇ ਵਸਦੇ ਸਾਕ-ਸਬੰਧੀਆਂ ਨਾਲ ਰਾਬਤਾ ਜਲਦੀ ਕੀਤਾ ਜਾ ਸਕੇ। ਲੈਂਡਲਾਈਨ ਫੋਨ ਨੂੰ ਇਕ ਜਗਾ ਰੱਖ ਕੇ ਗੱਲ ਕਰਨੀ ਪੈਂਦੀ ਸੀ। ਹੌਲੀ-ਹੌਲੀ ਅਸੀਂ ਲੈਂਡਲਾਈਨ ਦੇ ਚੁੰਗਲ ’ਚੋਂ ਛੁੱਟ ਗਏ ਤੇ ਮੋਬਾਈਲ ਨੂੰ ਹਮੇਸ਼ਾ ਆਪਣੇ ਨਾਲ ਦਫ਼ਤਰ, ਬਜ਼ਾਰ ਲਿਜਾਣ ਦੀ ਸਹੂਲਤ ਮਿਲ ਗਈ, ਜਿਸ ਨਾਲ ਰੋਜ਼ਾਨਾ ਜੀਵਨ ਅਸਾਨ ਹੋ ਗਿਆ। ਟੈਕਨਾਲੋਜੀ ਦੇ ਵਿਕਾਸ ਨਾਲ ਪਤਾ ਹੀ ਨਹੀਂ ਚੱਲਿਆਂ ਕਿ ਮੋਬਾਈਲ ਕਦੋਂ ਕੈਮਰਾ, ਆਡੀਓ ਪਲੇਅਰ, ਸੋਸ਼ਲ ਮੀਡੀਆ ’ਤੇ ਨਵੀਆਂ-ਨਵੀਆਂ ਐਪਸ ਦੇ ਪਸਾਰ ਨਾਲ ਗੱਲਬਾਤ ਦਾ ਸਾਧਨ ਨਾ ਰਹਿ ਕੇ ਹੋਰ ਪਤਾ ਨਹੀਂ ਕੀ ਕੁਝ ਬਣ ਗਿਆ। ਸਮਾਰਟ ਫੋਨ ਨੇ ਸਾਡੇ ਸਵੇਰੇ ਜਾਗਣ ਲਈ ਅਲਾਰਮ ਤੋਂ ਲੈ ਕੇ ਸੌਣ ਤੱਕ ਦੇ ਸਮੇਂ ਨੂੰ ਆਪਣੇ ਕਾਬੂ ’ਚ ਕਰ ਲਿਆ ਹੈ। ਸਮਾਰਟ ਫੋਨ ਦਾ ਨਸ਼ਾ ਹਰ ਉਮਰ ਵਰਗ ਨੂੰ ਲੱਗ ਚੁੱਕਾ ਹੈ ਜਿਸ ’ਚ ਬੱਚੇ ਅਤੇ ਨੌਜਵਾਨ ਜ਼ਿਆਦਾ ਪੀੜਿਤ ਹੋ ਚੁੱਕੇ ਹਨ। ਬੱਚਿਆਂ ਵਿੱਚ ਵਧ ਰਹੀ ਸਮਾਰਟ ਫੋਨ ਦੀ ਆਦਤ ਨੇ ਬਚਪਨ ਨੂੰ ਟੈਕਨਾਲੋਜੀ ਦਾ ਗੁਲਾਮ ਬਣਾ ਦਿੱਤਾ ਹੈ। ਇਹ ਆਦਤ ਸਾਰੇ ਨਸ਼ਿਆਂ ਤੋਂ ਖਤਰਨਾਕ ਸਿੱਧ ਹੋ ਰਹੀ ਹੈ। ਅੱਜ-ਕੱਲ ਬੱਚਾ ਤੁਰਨਾ ਬਾਅਦ ਵਿੱਚ ਸਿੱਖਦਾ ਹੈ, ਸਮਾਰਟ ਫੋਨ ਨੂੰ ਚਲਾਉਣਾ ਪਹਿਲਾਂ। ਬੱਚੇ ਹੁਣ ਖੁਦ ਖੇਡਣ ’ਚ ਰੁਚੀ ਨਹੀਂ ਲੈਂਦੇ, ਸਗੋਂ ਇੱਕ ਜਗਾ ਬੈਠ ਕੇ ਧੌਣ ਝੁਕਾ ਕੇ ਮੋਬਾਈਲ ਦੇਖਣਾ ਪਸੰਦ ਕਰਦੇ ਹਨ। ਸਮਾਰਟ ਫੋਨ ਦੀ ਆਦਤ ਦਾ ਵਿਅਕਤੀਗਤ,



ਮਨੋਵਿਗਿਆਨਕ, ਸਮਾਜਿਕ ਅਤੇ ਸਿਹਤ ’ਤੇ ਨਾਂਹਪੱਖੀ ਪ੍ਰਭਾਵ ਪੈ ਰਿਹਾ ਹੈ। ਵਿਸ਼ਵ ਸਿਹਤ ਸੰਗਠਨ ਨੇ ਅਪ੍ਰੈਲ 2019 ’ਚ ਬੱਚਿਆਂ ਦੇ ਸਕਰੀਨ (ਕਿਸੇ ਵੀ ਇਲੈਕਟ੍ਰਾਨਿਕ ਯੰਤਰ ਦੀ) ’ਤੇ ਬਿਤਾਏ ਜਾ ਰਹੇ ਸਮੇਂ ਬਾਰੇ ਕੁਝ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਅਨੁਸਾਰ ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕਰੀਨ ਤੋਂ ਬਿਲਕੁਲ ਦੂਰ ਰੱਖਿਆ ਜਾਵੇ : ਦੋ ਤੋਂ ਚਾਰ ਸਾਲ ਦੇ ਬੱਚਿਆਂ ਨੂੰ ਸਿਰਫ਼ ਇੱਕ ਘੰਟਾ ਸਕਰੀਨ ਵੇਖਣ ਦਿੱਤੀ ਜਾਵੇ। ਇਨਾਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਦਰੁਸਤ ਰੱਖਣ ਲਈ ਘੱਟ ਸਮਾਂ ਬੈਠਣ, ਬਿਹਤਰੀਨ ਨੀਂਦ ਅਤੇ ਸਰਗਰਮ ਖੇਡ ਲਈ ਵਧੇਰੇ ਸਮਾਂ ਦੇਣਾ ਚਾਹੀਦਾ ਹੈ। ਇੱਕ ਕੌਮਾਂਤਰੀ ਖੋਜ ਰਸਾਲੇ ‘ਪੀਡੀਆਟਰਿਕਸ’ ਦੇ ਅਧਿਐਨ ਅਨੁਸਾਰ ਇਕ ਸਾਲ ਤੋਂ ਘੱਟ ਉਮਰ ਦੇ 44 ਫ਼ੀਸਦੀ ਬੱਚੇ ਰੋਜ਼ਾਨਾ ਸਮਾਰਟ ਫੋਨ ਦੀ ਵਰਤੋਂ ਕਰਦੇ ਹਨ। ਦੋ ਸਾਲ ਦੀ ਉਮਰ ਤੱਕ 77 ਫ਼ੀਸਦੀ ਬੱਚੇ ਇਸ ਦੇ ਆਦੀ ਹੋ ਜਾਂਦੇ ਹਨ। ਇਹ ਸਿਰਫ਼ ਅਮੀਰ ਬੱਚੇ ਨਹੀਂ, ਸਗੋਂ ਇਸ ਵਿੱਚ ਹਰ ਆਮਦਨ ਵਰਗ ਦੇ ਬੱਚੇ ਸ਼ਾਮਿਲ ਹਨ। ਇਹ ਅੰਕੜੇ ਚਿੰਤਾਜਨਕ ਹੀ ਨਹੀਂ ਸਗੋਂ ਵਿਚਾਰਨਯੋਗ ਵੀ ਹਨ। ਆਖ਼ਰ ਇਹ ਬੱਚੇ ਸਿੱਖਦੇ ਜਾਂ ਵੇਖਦੇ ਕਿਥੋਂ ਹਨ? ਬੱਚੇ ਕਿਉਂ ਆਦੀ ਹੋ ਰਹੇ ਹਨ? ਕੀ ਕਾਰਨ ਹੋ ਸਕਦੇ ਹਨ? ਪਹਿਲੇ ਸਵਾਲ ਦਾ ਜਵਾਬ ਮੈਨੂੰ ਲੱਗਦਾ ਕਿ ਬੱਚੇ ਸਾਨੂੰ ਭਾਵ ਕਿ ਮਾਪਿਆਂ ਨੂੰ ਵੇਖਦੇ ਹਨ ਕਿ ਮੇਰੇ ਮਾਪੇ ਸਾਰਾ ਦਿਨ ਇਸ ਸਮਾਰਟ ਫੋਨ ’ਚ ਕੀ ਵੇਖਦੇ ਹਨ।

ਭਾਵ ਸਿਖਾਉਣ ਵਾਲੇ ਮਾਪੇ ਆਪ ਹੀ ਹੁੰਦੇ ਹਨ। ਛੋਟੇ ਪਰਿਵਾਰ ਹੋਣ ਕਰਕੇ ਮਾਪੇ ਆਪਣੇ ਬੱਚੇ ਨੂੰ ਖ਼ੁਦ ਹੀ ਸਿਖਾ ਦਿੰਦੇ ਹਨ ਕਿ ਇਸ ਵਿੱਚ ਆਹ ਸਭ ਕੁਝ ਹੈ ਜੋ ਤੈਨੂੰ ਖ਼ੁਸ਼ੀ ਦੇ ਸਕਦਾ ਹੈ, ਪਰ ਇਹੋ ਖ਼ੁਸ਼ੀ ਇਕ ਦਿਨ ਮਾਪਿਆਂ ਲਈ ਦੁੱਖ ਦਾ ਕਾਰਨ ਬਣ ਜਾਂਦੀ ਹੈ, ਜਦੋਂ ਬੱਚਾ ਸਭ ਕੁਝ ਛੱਡ ਕੇ ਮੋਬਾਈਲ ਦਾ ਆਦੀ ਹੋ ਜਾਂਦਾ ਹੈ। ਜੇ ਕਾਰਨਾਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਡਾ ਕਾਰਨ ਹੈ ਮਾਪਿਆਂ ਕੋਲ ਸਮੇਂ ਦੀ ਘਾਟ। **ਬਾਕੀ ਸਫ਼ਾ 31 ’ਤੇ**

# ਝੋਨੇ ਕਾਰਨ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦਾ ਹੋ ਰਿਹੈ ਨੁਕਸਾਨ

**ਡਾਕਟਰ ਅਮਨਪ੍ਰੀਤ ਸਿੰਘ ਬਰਾੜ**

ਪੰਜਾਬ ਵਿਚ ਝੋਨੇ ਦੀ ਕਾਸ਼ਤ ਕੋਈ ਨਵੀਂ ਨਹੀਂ। 1950-51 ਵਿਚ ਇਹ ਇਕ ਲੱਖ 20 ਹਜ਼ਾਰ ਹੈਕਟੇਅਰ ਵਿਚ ਕੀਤੀ ਜਾਂਦੀ ਸੀ ਅਤੇ ਕੁੱਲ ਪੈਦਾਵਾਰ 1.07 ਲੱਖ ਟਨ ਸੀ ਜਾਂ ਕਹਿ ਲਉ ਤਕਰੀਬਨ 3.5 ਕੁਇੰਟਲ ਪ੍ਰਤੀ ਏਕੜ। ਇਸ ਦੀ ਬਿਜਾਈ ਪੰਜਾਬ ਦੇ ਮਾਝਾ ਖੇਤਰ ਵਿਚ ਕੀਤੀ ਜਾਂਦੀ ਸੀ, ਝੋਟਿਆਂ ਜਾਂ ਬਲਦਾਂ ਨਾਲ ਹੀ ਹਲ ਵਾਹ ਕੇ ਕੱਦੂ ਕੀਤਾ ਜਾਂਦਾ ਸੀ।

ਅਜ਼ਾਦੀ ਤੋਂ ਬਾਅਦ ਜਿਵੇਂ-ਜਿਵੇਂ ਖੇਤੀ ਨੇ ਤਰੱਕੀ ਕੀਤੀ, ਕਣਕ ਦੇ ਨਾਲ-ਨਾਲ ਝੋਨੇ ਹੇਠ ਵੀ ਰਕਬਾ ਵਧਣ ਲੱਗਾ। 1967-68 ਵਿਚ ਜਦੋਂ ਹਰੀ ਕ੍ਰਾਂਤੀ ਸ਼ੁਰੂ ਹੋਈ ਉਸ ਵੇਲੇ ਇਸ ਫ਼ਸਲ ਹੇਠ ਰਕਬਾ 3 ਲੱਖ 14 ਹਜ਼ਾਰ ਹੈਕਟੇਅਰ ਸੀ ਅਤੇ ਪੈਦਾਵਾਰ 4 ਲੱਖ 15 ਹਜ਼ਾਰ ਟਨ। 1984-85 ਵਿਚ ਇਸ ਫ਼ਸਲ ਹੇਠ ਰਕਬਾ 16 ਲੱਖ 44 ਹਜ਼ਾਰ ਹੈਕਟੇਅਰ ਅਤੇ ਪੈਦਾਵਾਰ 50 ਲੱਖ 54 ਹਜ਼ਾਰ ਟਨ ਸੀ। ਮੇਰਾ ਇਥੇ 1984-85 ਦੇ ਸਾਲ ਦੇ ਜ਼ਿਕਰ ਕਰਨ ਦਾ ਅਰਥ ਇਹ ਹੈ ਕਿ ਇਹ ਉਹ ਸਮਾਂ ਸੀ ਜਦੋਂ ਦੇਸ਼ ਖ਼ੁਰਾਕ ਵਿਚ ਆਤਮ-ਨਿਰਭਰ ਹੋ ਗਿਆ ਸੀ ਅਤੇ ਸਾਡੇ ਝੋਨੇ ਦੀ ਮੰਗ ਘਟਣ ਲੱਗੀ ਸੀ। ਇਸੇ ਕਰਕੇ ਡਾ. ਸਰਦਾਰਾ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚ ਬਦਲਾਅ ਲਈ ਜੌਹਲ ਕਮੇਟੀ ਬਣੀ ਸੀ। ਪਰ ਇਨਾਂ ਸਾਲਾਂ ਵਿਚ ਨਰਮੇ ਨੂੰ ਟੀਂਡੇ ਦੀਆਂ ਸੁੰਡੀਆਂ ਦਾ ਦੱਬਣਾ ਅਤੇ 1987 ਦਾ ਦੇਸ਼ ਵਿਚ ਸੋਕਾ ਅਤੇ 1988 ਦੇ ਪੰਜਾਬ ਵਿਚ ਹੜਾਂ ਨੇ ਝੋਨੇ ਦੀ ਕਦਰ ਪਵਾਈ ਰੱਖੀ ਅਤੇ ਵੇਚਣ ਵਿਚ ਕੋਈ ਦਿੱਕਤ ਨਹੀਂ ਆਈ। ਭਾਵੇਂ ਸੂਬਾ ਪੱਧਰ 'ਤੇ ਖੇਤੀ ਵਿਭਿੰਨਤਾ ਦੀਆਂ ਗੱਲਾਂ 1984-85 ਤੋਂ ਚਲਦੀਆਂ ਰਹੀਆਂ ਪਰ ਕੇਂਦਰ ਸਰਕਾਰ ਵਲੋਂ ਕਦੇ ਵੀ ਕਣਕ-ਝੋਨੇ ਦੀ ਪੈਦਾਵਾਰ ਦੇ ਟੀਚੇ ਘਟਾਏ ਨਹੀਂ ਗਏ। ਹਾਸੋਹੀਣੀ ਗੱਲ ਅੱਜ ਵੀ ਹੋ ਰਹੀ ਹੈ, ਕੇਂਦਰ ਦੇ ਖੇਤੀਬਾੜੀ ਮੰਤਰਾਲੇ ਨੇ ਦੇਸ਼ ਦੇ ਕਣਕ-ਝੋਨੇ ਦੀ ਪੈਦਾਵਾਰ ਦੇ ਟੀਚੇ 2022-23 ਲਈ ਵੀ ਨਹੀਂ ਘਟਾਏ। ਦੂਜੇ ਪਾਸੇ ਖ਼ੁਰਾਕ ਮੰਤਰਾਲਾ ਵੀਹਵੀਂ ਸਦੀ ਤੋਂ ਹੀ ਇਹ ਫ਼ਸਲਾਂ ਖ਼ਰੀਦਣ ਵਿਚ ਟਾਲ-ਮਟੋਲ ਕਰ ਰਿਹਾ ਹੈ।

**ਪੰਜਾਬ ਵਿਚ ਝੋਨੇ ਹੇਠਾ ਰਕਬਾ ਵਧਣ ਦੇ ਕਾਰਨ**

ਪੰਜਾਬ ਵਿਚ ਸੇਮ ਦਾ ਹੋਣਾ : ਕਿਸੇ ਵੇਲੇ ਪੰਜਾਬ ਵਿਚ 7 ਲੱਖ ਹੈਕਟੇਅਰ ਰਕਬਾ ਸੇਮ ਹੇਠਾਂ ਸੀ। ਪਹਿਲਾਂ ਸੇਮ ਮਾਝੇ ਵਿਚ ਆਈ, ਫਿਰ ਦਰਿਆਵਾਂ ਦੇ ਨੇੜਲੇ ਇਲਾਕਿਆਂ ਵਿਚ ਆਈ, ਫਿਰ ਮਾਲਵੇ ਵੱਲ ਵਧੀ। 1961 ਵਿਚੋਂ ਹਰੀਕੇ ਤੋਂ ਨਿਕਲਦੀਆਂ ਨਹਿਰਾਂ ਨੇ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਕੀਤੀ। ਜਿਥੇ ਸੇਮ ਆ ਗਈ ਉਥੇ ਕੱਲਰ ਵੀ ਬਣ ਜਾਂਦਾ ਹੈ। ਇਨਾਂ ਜ਼ਮੀਨਾਂ ਦੇ ਸੁਧਾਰ ਵਿਚ ਝੋਨੇ ਦੀ ਫ਼ਸਲ ਦਾ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਬੰਜਰ ਜ਼ਮੀਨਾਂ ਵਾਹੀਯੋਗ ਹੋ ਗਈਆਂ ਸਨ। ਇਸ ਲਈ ਦੂਜੇ ਤੀਜੇ ਸਾਲ ਜਦੋਂ ਜ਼ਮੀਨਾਂ ਥੋੜੀਆਂ ਸੁਧਰ ਜਾਂਦੀਆਂ ਸਨ ਤਾਂ ਪੈਦਾਵਾਰ ਵੀ ਦੂਜੀਆਂ ਜ਼ਮੀਨਾਂ ਨਾਲੋਂ ਜ਼ਿਆਦਾ ਦਿੰਦੀਆਂ ਸਨ।

**ਬਿਜਲੀ ਦੇ ਕੁਨੈਕਸ਼ਨ** : ਪਹਿਲਾਂ ਪਹਿਲ ਕਿਉਂਕਿ ਬਿਜਲੀ ਬੋਰਡ ਨੂੰ ਬਿੱਲ ਮਿਲਦਾ ਸੀ, ਇਸ ਲਈ ਕੁਨੈਕਸ਼ਨ ਜਲਦੀ ਮਿਲ ਜਾਂਦਾ ਸੀ। ਪਾਣੀ ਦੇ ਇੰਤਜ਼ਾਮ ਨਾਲ ਝੋਨੇ ਹੇਠ ਰਕਬਾ ਵਧਦਾ ਗਿਆ। ਕੁਨੈਕਸ਼ਨਾਂ ਦੀ ਦਿੱਕਤ 1997 ਵਿਚ ਬਿਜਲੀ ਬਿੱਲ ਮੁਆਫ਼ ਕਰਨ ਤੋਂ ਬਾਅਦ ਆਉਣ ਲੱਗੀ। ਮੰਗ ਵਧਦੀ ਗਈ ਪਰ ਸਰਕਾਰਾਂ ਨੇ ਹਰ ਵੋਟਾਂ ਤੋਂ ਪਹਿਲਾਂ ਆਪਣੇ ਚਹੇਤਿਆਂ ਨੂੰ ਕਿਸੇ ਨਾ ਕਿਸੇ ਕੈਟੇਗਰੀ ਵਿਚ ਪਾ ਕੇ ਕੁਨੈਕਸ਼ਨ ਦਿੱਤੇ ਪਰ ਜਿਨਾਂ ਨੇ ਕੋਈ ਸਿਫ਼ਾਰਸ਼ ਨਹੀਂ ਪਾਈ ਉਹ ਸੂਚੀ ਅੱਜ ਵੀ ਸੰਨ 2000 ਤੋਂ ਪਿੱਛੇ ਹੀ ਖੜੀ ਹੈ। ਸਰਕਾਰਾਂ ਨੂੰ ਸਰਕਾਰੀ ਪੈਸੇ ਵੰਡਣ ਲੱਗਿਆਂ ਕੋਈ ਦਰਦ ਨਹੀਂ ਹੁੰਦਾ। ਜਿਨਾਂ ਨੇ ਇਸ ਸ਼ਰਤ 'ਤੇ ਕੁਨੈਕਸ਼ਨ ਲਏ ਸੀ ਕਿ ਸਾਨੂੰ ਕੁਨੈਕਸ਼ਨ ਦਿਓ, ਮੀਟਰ ਲਾਓ ਅਸੀਂ ਬਿੱਲ ਦੇਵਾਂਗੇ। ਪਿਛਲੀ ਸਰਕਾਰ ਜਾਂਦੀ-ਜਾਂਦੀ ਉਹ ਵੀ ਮੁਆਫ਼ ਕਰ ਗਈ।

**ਮਸ਼ੀਨਰੀ ਦੀ ਵਰਤੋਂ** : ਝੋਨੇ ਤੋਂ ਇਲਾਵਾ ਸਾਉਣੀ ਦੀ ਕੋਈ ਹੋਰ ਫ਼ਸਲ ਨਹੀਂ ਜਿਹੜੀ ਮਸ਼ੀਨ ਨਾਲ ਕੱਟ ਕੇ ਖੇਤ ਤੋਂ ਸਿੱਧੀ ਮੰਡੀ ਜਾਂ ਸ਼ੈਲਰ ਵਿਚ ਪਹੁੰਚ ਜਾਵੇ। ਇਸ ਫ਼ਸਲ ਵਿਚ ਜ਼ਿਆਦਾ ਲੇਬਰ ਦੀ ਲੋੜ ਸਿਰਫ ਲਵਾਈ ਵੇਲੇ ਪੈਂਦੀ ਹੈ, ਬਾਕੀ ਫ਼ਸਲਾਂ ਮੱਕੀ, ਨਰਮਾ, ਕਪਾਹ, ਮੂੰਗੀ ਆਦਿ ਜੋ ਵੀ ਹਨ, ਉਨਾਂ ਦਾ ਇਕ ਤਾਂ ਝਾੜ ਵਿਚ ਕਾਫੀ ਉਤਰਾਅ-ਚੜਾਅ ਹੋ ਜਾਂਦਾ ਹੈ, ਦੂਜਾ ਭਾਅ ਵਿਚ ਅਤੇ ਤੀਜਾ ਕਟਾਈ ਵੇਲੇ ਕਿਸਾਨ ਨੂੰ ਲੇਬਰ 'ਤੇ ਖ਼ਰਚਾ ਜ਼ਿਆਦਾ ਪੈਂਦਾ ਹੈ ਅਤੇ ਸਮਾਂ ਵੀ ਵੱਧ ਲਗਦਾ ਹੈ।

**ਪ੍ਰਾਪਤੀਆਂ** : ਝੋਨੇ ਦੀ ਸਭ ਤੋਂ ਵੱਡੀ ਪ੍ਰਾਪਤੀ ਜ਼ਮੀਨਾਂ ਵਿਚ ਸੁਧਾਰ ਹੋਣਾ ਹੈ। ਜ਼ਮੀਨ ਵਿਚੋਂ ਕੱਲਰ, ਸੇਮ ਦੂਰ, ਮੂੰਗਫਲੀ ਵਾਲੀ ਜ਼ਮੀਨ ਵਿਚੋਂ ਰੇਤ ਇਕੱਠਾ ਕਰਕੇ ਹੇਠੋਂ ਦਰਮਿਆਨੀ ਜ਼ਮੀਨ ਕੱਢ ਕੇ ਇਕਸਾਰ ਖੇਤ ਅਤੇ ਫ਼ਸਲ ਨਜ਼ਰ ਆਉਂਦੀ ਹੈ। ਬੂਰ, ਮਧਾਣਾ, ਬਾਥੂ ਅਤੇ ਸਵਾਂਕ ਵਰਗੇ ਨਦੀਨਾਂ ਦਾ ਖ਼ਾਤਮਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਉਤਪਾਦਕਤਾ ਵਿਚ ਵਾਧਾ ਹੋਇਆ ਹੈ

**ਆਰਥਿਕਤਾ ਵਿਚ ਸੁਧਾਰ** : ਝੋਨੇ ਦੀ ਫ਼ਸਲ ਨੇ ਸਮੁੱਚੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਅਤੇ ਕਿਸਾਨ, ਮਜ਼ਦੂਰ ਹਰ ਤਰਾਂ ਦੀ ਮਸ਼ੀਨਰੀ ਦੇ ਉਤਪਾਦਕ ਅਤੇ ਵਪਾਰੀ ਤੱਕ ਲਾਭ ਪਹੁੰਚਾਇਆ ਹੈ। ਸਰਕਾਰ ਨੂੰ ਵੀ ਇਸ ਤੋਂ ਚੋਖਾ ਲਾਭ ਪ੍ਰਾਪਤ ਹੋਇਆ ਹੈ ਕਿਉਂਕਿ ਇਹ ਦੌਲਤ ਦਾ ਮੁਢਲਾ ਸਰੋਤ ਹੈ, ਜਿਸ ਤੋਂ ਅੱਗੇ ਦੂਜੇ ਅਤੇ ਤੀਜੇ ਦਰਜੇ ਦੀ ਦੌਲਤ ਵੀ ਪੈਦਾ ਹੁੰਦੀ ਹੈ। ਅੱਜ ਪਿੰਡਾਂ ਵਿਚ ਕੋਠੀਆਂ, ਕਾਰਾਂ ਅਤੇ ਜ਼ਿੰਦਗੀ ਜਿਊਣ ਦੀਆਂ ਚੰਗੀਆਂ ਸਹੂਲਤਾਂ ਦਿਸ ਰਹੀਆਂ ਹਨ। ਇਨਾਂ ਵਿਚ ਝੋਨੇ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਪੈਸੇ ਨਾਲ ਕਿੰਨੀਆਂ ਇੰਡਸਟਰੀਆਂ ਅਤੇ ਵਪਾਰ ਵਧਿਆ ਅਤੇ ਸਰਕਾਰ ਨੂੰ ਸੇਲ ਟੈਕਸ, ਵੈਟ ਅਤੇ ਜੀ.ਐਸ.ਟੀ. ਮਾਲੀਏ ਦੇ ਰੂਪ ਵਿਚ ਮਿਲਿਆ, ਉਸ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਥੋੜਾ ਜਿਹਾ ਡੂੰਘਾਈ ਨਾਲ ਸੋਚੋ ਤਾਂ ਹਰ ਸ਼ਹਿਰੀ ਵੀ ਪਿੰਡਾਂ ਵਾਲਿਆਂ ਦੀ ਫ਼ਸਲ 'ਤੇ ਪਲਦਾ ਹੈ।

**ਦੇਸ਼ ਦਾ ਸਵੈਮਾਣ ਵਧਾਇਆ** : ਦੇਸ਼ ਵਿਚ ਇਕ ਤਾਂ ਵੈਸੇ ਹੀ ਅਨਾਜ ਦੀ ਥੁੜ ਸੀ, ਦੂਜਾ ਕਣਕ ਬਾਹਰੋਂ ਮਿਲ ਜਾਂਦੀ ਸੀ ਪਰ ਚੌਲ ਘੱਟ ਮਿਲਦੇ ਸਨ। ਚੌਲ ਪੈਦਾ ਕਰਕੇ ਦੇਸ਼ ਨੂੰ ਖ਼ੁਰਾਕ ਵਿਚ ਸਵੈ-ਨਿਰਭਰ ਕਰਕੇ ਦੇਸ਼ ਦਾ ਮਾਣ ਵਧਾਇਆ। ਏਨਾ ਹੀ ਨਹੀਂ ਅੱਜ ਦੇਸ਼ ਫਾਈਨ ਅਤੇ ਸੁਪਰਫਾਈਨ ਚੌਲ ਦੋਵੇਂ ਕਿਸਮਾਂ ਦੇ ਚੌਲ ਵੀ ਬਾਹਰ ਭੇਜ ਰਿਹਾ ਹੈ।

**ਰੁਜ਼ਗਾਰ** : ਝੋਨੇ ਨੇ ਪਿੰਡਾਂ ਤੋਂ ਇਲਾਵਾ ਸ਼ਹਿਰਾਂ ਵਿਚ ਵੀ ਹਰ ਗ਼ਰੀਬ ਅਮੀਰ ਨੂੰ ਰੁਜ਼ਗਾਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਅਮੀਰਾਂ ਨੇ ਸ਼ੈਲਰਾਂ, ਆਟੋਮੋਬਾਈਲ ਏਜੰਸੀਆਂ ਅਤੇ ਸ਼ੋਅਰੂਮ ਆਦਿ ਖੋਲ ਲਏ ਅਤੇ ਮੱਧ ਵਰਗ ਅਤੇ ਗ਼ਰੀਬ ਉਨਾਂ ਦੇ ਅੱਗੋਂ ਸਬ-ਏਜੰਟ ਅਤੇ ਮੁਲਾਜ਼ਮ ਬਣ ਗਏ। ਇਥੋਂ ਤੱਕ ਕਿ ਮੈਂ ਤਾਂ ਕਹਾਂਗਾ ਪੰਜਾਬ ਵਿਚ ਰਿਸ਼ਵਤ ਦੇ ਰੇਟ ਵਧਾਉਣ ਵਿਚ ਵੀ ਝੋਨੇ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

**ਸਮੱਸਿਆਵਾਂ** : ਧਰਤੀ ਹੇਠਲੇ ਪਾਣੀ ਦੇ ਹੇਠਾਂ ਜਾਣ ਦੇ ਬਹੁਤ ਸਾਰੇ ਕਾਰਨ ਹਨ, ਜਿਨਾਂ ਵਿਚ ਸਭ ਤੋਂ ਵੱਡਾ ਕਾਰਨ ਹੈ ਪੰਜਾਬ ਵਿਚ ਘਣੀ ਖੇਤੀ। ਪਰ ਝੋਨੇ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ।

**ਹਵਾ ਪ੍ਰਦੂਸ਼ਣ** : ਇਸ ਨਾਲ ਦੂਜੀ ਵੱਡੀ ਸਮੱਸਿਆ ਜੁੜੀ ਹੈ ਹਵਾ ਦੇ ਪ੍ਰਦੂਸ਼ਣ ਦੀ, ਜੋ ਪਰਾਲੀ ਨੂੰ ਅੱਗ ਲਾਉਣ ਨਾਲ ਪੈਦਾ ਹੁੰਦੀ ਹੈ। ਅਸਲ ਵਿਚ ਝੋਨੇ ਹੇਠ ਰਕਬਾ ਪਿਛਲੇ 25 ਸਾਲਾਂ ਤੋਂ ਸਥਿਰ ਹੈ ਪਰ ਪ੍ਰਦੂਸ਼ਣ ਦੀ ਸਮੱਸਿਆ ਨੂੰ 2015-16 ਤੋਂ ਜ਼ਿਆਦਾ ਹਵਾ ਦਿੱਤੀ ਗਈ, ਜਿਸ ਦੇ ਦੋ ਕਾਰਨ ਹੋ ਸਕਦੇ ਹਨ ਪਾਣੀ ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ ਐਕਟ ਦਾ ਲਾਗੂ ਹੋਣਾ ਅਤੇ ਦੂਜਾ ਹੈ ਭਾਂਤ-ਭਾਂਤ ਦੀ ਮਸ਼ੀਨਰੀ ਜੋ ਕਿਸਾਨਾਂ ਨੂੰ ਦਿੱਤੀ ਗਈ।

**ਬਿਜਲੀ ਦੀ ਥੁੜ** : ਬਿਜਲੀ ਜ਼ਿਆਦਾ ਮਾਤਰਾ ਵਿਚ ਸਟੋਰ ਨਹੀਂ ਕੀਤੀ ਜਾ ਸਕਦੀ। ਕਿਉਂਕਿ ਝੋਨੇ ਦੀ ਫ਼ਸਲ ਗਰਮੀ ਰੁੱਤ ਦੀ ਫ਼ਸਲ ਹੈ, ਇਸ ਲਈ ਸਿੰਜਾਈ ਵੇਲੇ ਟਿਊਬਵੈੱਲਾਂ ਨੂੰ ਚਲਾਉਣ ਵਿਚ ਬਿਜਲੀ ਦੀ ਖਪਤ ਜ਼ਿਆਦਾ ਹੁੰਦੀ ਹੈ ਜੋ 100 ਤੋਂ 110 ਦਿਨ ਤੱਕ ਰਹਿੰਦੀ ਹੈ। ਉਸੇ ਵਕਤ ਹੀ ਗਰਮੀ ਕਰਕੇ ਘਰੇਲੂ ਖਪਤ ਵੀ ਬਹੁਤ ਜ਼ਿਆਦਾ ਵਧ ਜਾਂਦੀ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਇਸ ਲੋੜ ਨੂੰ ਪੂਰਾ ਕਰਨ ਲਈ ਬਿਜਲੀ ਦੇ ਪਲਾਂਟ ਜ਼ਿਆਦਾ ਲਗਾਉਣੇ ਪੈਣਗੇ ਪਰ ਉਹ ਚੱਲਣ ਸਾਲ ਵਿਚ ਭਾਵੇਂ ਤਿੰਨ ਮਹੀਨੇ ਹੀ, ਜਿਸ ਨਾਲ ਸਾਂਭ-ਸੰਭਾਲ ਦਾ ਖ਼ਰਚਾ ਵਧ ਜਾਂਦਾ ਹੈ।

ਬੇਲੋੜੀ ਅਤੇ ਮਹਿੰਗੀ ਮਸ਼ੀਨਰੀ : ਪਨੀਰੀ ਵਾਲੇ ਝੋਨੇ ਲਈ ਕੱਦੂ ਕਰਨਾ ਜ਼ਰੂਰੀ ਸੀ, ਟਰੈਕਟਰਾਂ ਨੂੰ ਖੁੱਭਣ ਤੋਂ ਬਚਾਉਣ ਲਈ ਰਿੰਮਾਂ ਨਾਲ ਲੋਹੇ ਦੇ ਗਾਰਡ ਲਾਏ ਗਏ। ਪਰ ਉਸ ਨਾਲ ਕਣਕ ਵਿਚ ਪਹਿਲਾ ਪਾਣੀ ਲਾਉਣ ਮਗਰੋਂ ਜਾਂ ਬਾਰਿਸ਼ ਦਾ ਪਾਣੀ ਘੱਟ ਜੀਰਦਾ ਸੀ। ਉਸ ਲਈ ਖੇਤੀ ਇੰਜੀਨੀਅਰਾਂ ਵਲੋਂ ਚਿਸਲਰ ਦਿੱਤਾ ਗਿਆ। ਇਕ ਹਲ ਨਾਲ ਕੰਮ ਨਹੀਂ ਸੀ ਨਿੱਬੜਦਾ, ਮਿਸਤਰੀਆਂ ਨੇ ਚੁੰਝੂ ਹਲ ਬਣਾ ਦਿੱਤੇ। ਉਸ ਤੋਂ ਮਗਰੋਂ ਪਰਾਲੀ ਵਿਚ ਵਾਹੁਣ ਲਈ ਵੱਡੇ-ਵੱਡੇ ਉਲਟਾਵੇਂ ਹਲ ਕੱਢ ਦਿੱਤੇ। ਇਸ ਦੇ ਨਾਲ ਤੇਲ ਬਚਾਉਣ ਲਈ ਅਤੇ ਵਹਾਈ ਘਟਾਉਣ ਲਈ ਜ਼ੀਰੋ ਟਿਲ ਡਰਿਲ ਕੱਢ ਦਿੱਤੀ। ਤਰਾਸਦੀ ਵੇਖੋ ਇਕ ਪਾਸੇ ਡੂੰਘੀ ਵਹਾਈ ਦੂਜੇ ਪਾਸੇ ਜ਼ੀਰੋ ਟਿਲ ਡਰਿਲ। ਕੰਬਾਈਨ ਦੇ ਵੱਢ ਵਿਚ ਜ਼ੀਰੋ ਟਿਲ ਡਰਿਲ ਚਲਦੀ ਨਹੀਂ ਸੀ। ਕੰਬਾਈਨਾਂ 'ਤੇ ਜ਼ਬਰਦਸਤੀ ਐਸ.ਐਮ.ਐਸ. ਲਵਾ ਦਿੱਤੇ।

**ਬਾਕੀ ਸਫ਼ਾ 30 'ਤੇ**

# ਕਿਸਾਨ ਅੰਦੋਲਨ ਦੀ ਦੁਲਾਰੀ ਲਾਡੋ ਰਾਣੀ

## ✪ 'ਅਣਜਾਣ' ਕਿਸਾਨਾਂ ਵਿੱਚ ਜਾ ਕੇ ਉਨਾਂ ਦੀ ਧੀ ਬਣਨ ਵਾਲੀ 'ਲਾਡੋ ਰਾਣੀ' ਕਿਸਾਨਾਂ ਨਾਲ ਵਿਛੜਨ ਲੱਗਿਆਂ ਰੋਈ

## ✪ ਉਚੇਰੀ ਸਿੱਖਿਆ ਲਈ ਸਮ੍ਰਿਤੀ ਹੁਣ ਕੈਨੇਡਾ ਜਾਣ ਦੀ ਤਿਆਰੀ ਵਿੱਚ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਅੰਦੋਲਨ ਵਿੱਚ ਹਿੱਸਾ ਲੈ ਚੁੱਕੀ ਭਾਰਤ ਦੀ ਰਾਜਧਾਨੀ ਦਿੱਲੀ ਦੇ ਨਰੇਲਾ ਦੀ ਰਹਿਣ ਵਾਲੀ ਸਮ੍ਰਿਤੀ ਕਿਸਾਨਾਂ ਵਿੱਚ 'ਲਾਡੋ ਰਾਣੀ' ਦੇ ਤੌਰ 'ਤੇ ਜਾਣੀ ਜਾਂਦੀ ਹੈ। ਭਾਵੇਂ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਵਾਪਸ ਲਏ ਜਾਣ ਮਗਰੋਂ ਕਿਸਾਨਾਂ ਦੇ ਦਿੱਲੀ ਦੀਆਂ ਸਰਹੱਦਾਂ ਤੋਂ ਵਾਪਸ ਗਏ ਛੇ ਮਹੀਨੇ ਹੋ ਗਏ ਹਨ ਪਰ ਉਸਦੀ ਕਿਸਾਨਾਂ ਨਾਲ ਹੁਣ ਵੀ ਸਾਂਝ ਬਣੀ ਹੋਈ ਹੈ। ਸਮ੍ਰਿਤੀ ਦੀ ਮਾਂ ਸਮੀਕਸ਼ਾ ਹਾਕੀ ਖੇਡਦੇ ਰਹੇ ਹਨ ਅਤੇ ਪਿਤਾ ਰਜਿੰਦਰ ਆਰਿਆ ਕ੍ਰਿਕਟ ਦੇ ਸ਼ੌਕੀਨ ਹਨ। ਦੋਵਾਂ ਨੇ ਨਰੇਲਾ ਵਿੱਚ ਹੀ ਕੱਪੜਿਆਂ ਦੀ ਦੁਕਾਨ ਖੋਲੀ ਪਰ ਕੁਝ ਸਮੇਂ ਬਾਅਦ ਕੋਰੋਨਾਵਾਇਰਸ ਕਾਰਨ ਲੱਗੇ ਲਾਕਡਾਊਨ ਦੀ ਵਜਾ ਨਾਲ ਕੰਮ ਠੱਪ ਹੋ ਗਿਆ ਅਤੇ ਦੁਕਾਨ ਬੰਦ ਕਰਨੀ ਪਈ। ਇਸ ਪਰਿਵਾਰ ਨੇ ਸਿੰਘੂ ਬਾਰਡਰ ਜਾਣਾ ਸ਼ੁਰੂ ਕੀਤਾ, 26 ਜਨਵਰੀ 2021 ਤੋਂ ਬਾਅਦ ਜਦੋਂ ਕਿਸਾਨਾਂ ਦੀ ਟਰੈਕਟਰ ਰੈਲੀ ਹੋਈ।

ਇਸੇ ਦਿਨ ਕਈ ਕਿਸਾਨ ਟਰੈਕਟਰਾਂ ਨਾਲ ਦਿੱਲੀ ਸਥਿਤ ਲਾਲ ਕਿਲੇ ਵੀ ਪਹੁੰਚ ਗਏ ਸਨ। ਗਾਜ਼ੀਪੁਰ ਬਾਰਡਰ ਉੱਤੇ ਬੈਠੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਹੰਝੂਆਂ ਦਾ ਅਸਰ ਅਜਿਹਾ ਹੋਇਆ ਕਿ ਇਹ ਪਰਿਵਾਰ ਵੀ ਕਿਸਾਨਾਂ ਦੇ ਨਾਲ ਜਾ ਕੇ ਖੜ ਗਿਆ।

ਅਮਰੀਕ ਸਿੰਘ ਮੋਹਾਲੀ ਦੇ ਚਿੱਲਾ ਪਿੰਡ ਦੇ ਵਸਨੀਕ ਹਨ। ਸਿੰਘੂ ਬਾਰਡਰ ਉੱਤੇ ਉਹ ਆਪਣੇ ਪਿੰਡ ਦੇ ਕੁਝ ਲੋਕਾਂ ਅਤੇ ਸਾਥੀਆਂ ਨਾਲ ਖੇਤੀ ਕਾਨੂੰਨਾਂ ਖਿਲਾਫ਼ ਅੰਦੋਲਨ ਵਿੱਚ ਹਿੱਸਾ ਲੈ ਰਹੇ ਸਨ।ਅਮਰੀਕ ਸਿੰਘ ਸਮ੍ਰਿਤੀ ਤੇ ਉਸ ਦੇ ਮਾਪਿਆਂ ਦੇ ਸਿੰਘੂ ਬਾਰਡਰ ਆਉਣ ਵੇਲੇ ਦਾ ਸਮਾਂ ਯਾਦ ਕਰਦੇ ਹਨ।

**ਅਮਰੀਕ ਸਿੰਘ ਦੇ ਪਰਿਵਾਰ ਨਾਲ ਖ਼ਾਸ ਸਾਂਝ**

ਸਮ੍ਰਿਤੀ ਤੇ ਉਸ ਦੇ ਪਰਿਵਾਰ ਦੀ ਅਮਰੀਕ ਸਿੰਘ ਦੇ ਪਰਿਵਾਰ ਨਾਲ ਖ਼ਾਸ ਲਗਾਅ ਹੈ। ਉਨਾਂ ਦਾ ਅਮਰੀਕ ਸਿੰਘ ਦੇ ਪੰਜਾਬ ਦੇ ਜ਼ਿਲੇ ਮੋਹਾਲੀ ਦੇ ਪਿੰਡ ਚਿੱਲਾ ਅਕਸਰ ਆਉਣਾ ਜਾਣਾ ਹੁੰਦਾ ਹੈ। ਅਮਰੀਕ ਸਿੰਘ ਦੇ ਪੁੱਤਰ ਅਤੇ ਧੀ ਨਾਲ ਸਮ੍ਰਿਤੀ ਦਾ ਭੈਣ ਭਰਾਵਾਂ ਵਾਲਾ ਰਿਸ਼ਤਾ ਕਾਇਮ ਹੋ ਗਿਆ ਹੈ। ਅਕਸਰ ਸਮ੍ਰਿਤੀ ਅਤੇ ਉਸ ਦਾ ਪਰਿਵਾਰ ਅਮਰੀਕ ਸਿੰਘ ਦੇ ਪਰਿਵਾਰ ਨਾਲ ਵੀਡੀਓ ਕਾਲ ਜਾਂ ਫੋਨ ਕਾਲ ਰਾਹੀਂ ਗੱਲਬਾਤ ਕਰਦਾ ਰਹਿੰਦਾ ਹੈ। ਸਮ੍ਰਿਤੀ ਕਹਿੰਦੀ ਹੈ ਕਿ ਉਸਦੇ ਆਪਣੇ ਨਿੱਕੇ ਭਰਾ ਤੋਂ ਇਲਾਵਾ ਵੀ ਕਈ ਭਰਾ ਬਣ ਗਏ ਹਨ। ਉਹ ਕਹਿੰਦੀ ਹੈ ਕਿ ਨਿਊਜ਼ੀਲੈਂਡ ਰਹਿੰਦੇ ਇੱਕ ਨੌਜਵਾਨ ਮਨਪ੍ਰੀਤ ਰੰਧਾਵਾ ਨੇ ਕਿਹਾ ਕਿ ਉਹ ਆਪਣੀ ਧੀ ਨੂੰ ਵੀ ਸਮ੍ਰਿਤੀ ਵਾਂਗ ਹੀ ਪਾਲਣਾ ਚਾਹੁੰਦਾ ਹੈ। ਸਮ੍ਰਿਤੀ ਕੈਨੇਡਾ ਰਹਿੰਦੇ ਦਪਿੰਦਰ ਸਿੱਧੂ ਬਾਰੇ ਗੱਲ ਕਰਦਿਆਂ ਕਹਿੰਦੀ ਹੈ, 'ਉਸ ਦੀ ਕੋਈ ਭੈਣ ਨਹੀਂ ਹੈ ਅਤੇ ਉਹ ਉਸਨੂੰ ਗੁੱਡੀ ਕਹਿੰਦਾ ਹੈ।'

**ਪੰਜਾਬੀਆਂ ਵੱਲੋਂ ਨਿੱਘਾ ਸੁਆਗਤ**

ਸਮ੍ਰਿਤੀ ਅਤੇ ਉਸਦੇ ਮਾਪੇ ਦੱਸਦੇ ਹਨ ਕਿ ਕਿਸਾਨ ਅੰਦੋਲਨ ਜਦੋਂ ਮੁਲਤਵੀ ਹੋਇਆ ਅਤੇ ਕਿਸਾਨ ਵਾਪਸ ਜਾਣ ਲੱਗੇ ਤਾਂ ਉਹ ਵੀ ਨਾਲ ਹੀ ਪੰਜਾਬ ਰਵਾਨਾ ਹੋਏ ਸਨ।ਉਸ ਮਗਰੋਂ ਉਨਾਂ ਦਾ ਪੰਜਾਬ ਦੇ ਕਈ ਹਿੱਸਿਆਂ ਵਿੱਚ ਜਾਣਾ ਹੋਇਆ। ਲੋਕਾਂ ਵੱਲੋਂ ਸਮ੍ਰਿਤੀ ਤੇ ਉਸਦੇ ਪਰਿਵਾਰ ਦਾ ਇੰਨਾ ਨਿੱਘਾ ਸੁਆਗਤ ਹੋਇਆ ਕਿ ਉਹ ਇਸ ਨੂੰ ਕਦੇ ਨਹੀਂ ਭੁੱਲਣਗੇ।ਸਮ੍ਰਿਤੀ ਕਹਿੰਦੀ ਹੈ, 'ਜੋ ਕਦੇ ਸੋਚਿਆ ਨਹੀਂ ਸੀ ਉਹ ਹੋਇਆ, ਲੋਕਾਂ ਨੇ ਸਾਡੇ ਉੱਤੇ ਫੁੱਲ ਵਰਾਏ, ਸਾਡੇ ਨਾਲ ਭੰਗੜੇ ਪਾਏ। ਅਜਿਹਾ ਸੁਆਗਤ ਦੇਖ ਅਸੀਂ ਹੈਰਾਨ ਹੋ ਗਏ।'

**ਸਿੰਘੂ ਬਾਰਡਰ ਦਾ ਘਾਹ ਪਹੁੰਚ ਗਿਆ ਨਿਊਜ਼ੀਲੈਂਡ**

ਨਿਊਜ਼ੀਲੈਂਡ ਰਹਿੰਦੇ ਜਤਿੰਦਰ ਸਿੰਘ ਵੀ ਸਿੰਘੂ ਬਾਰਡਰ 'ਤੇ ਸੰਘਰਸ਼ ਦਾ ਹਿੱਸਾ ਬਣੇ ਸਨ। ਜਿਹੜੀ ਥਾਂ ਉੱਤੇ ਸਮ੍ਰਿਤੀ ਅਤੇ ਉਸ ਦਾ ਪਰਿਵਾਰ ਲੰਗਰ ਦੀ ਸੇਵਾ ਕਰਦਾ ਸੀ ਉੱਥੇ ਘਾਹ ਵੀ ਲਗਾਇਆ ਗਿਆ ਸੀ ਅਤੇ ਇਹ ਘਾਹ ਜਤਿੰਦਰ ਨੇ ਹੀ ਲਗਾਇਆ ਸੀ। ਸਮ੍ਰਿਤੀ ਦੇ ਘਰ ਵਿੱਚ ਗਮਲੇ ਵਿੱਚ ਇਹ ਘਾਹ ਲੱਗਿਆ ਹੈ ਜੋ ਸਿੰਘੂ ਬਾਰਡਰ ਉੱਤੇ ਲਗਾਇਆ ਗਿਆ ਸੀ। ਸਮ੍ਰਿਤੀ ਨੇ ਇਹੀ ਘਾਹ ਭਾਰਤ ਆਏ ਜਤਿੰਦਰ ਨੂੰ ਸੰਘਰਸ਼ ਦੀ ਯਾਦ ਵਜੋਂ ਮੁੜਦੇ



ਵੇਲੇ ਗਮਲੇ ਵਿੱਚ ਲਗਾ ਕੇ ਦਿੱਤੇ ਹਨ। ਸਮ੍ਰਿਤੀ ਕਹਿੰਦੀ ਹੈ, 'ਅਸੀਂ ਉਸ ਥਾਂ ਉੱਤੇ ਸਮਾਂ ਬਿਤਾਇਆ, ਗੱਲਾਂ ਸਾਂਝੀਆਂ ਕੀਤੀਆਂ ਹਨ। ਜਦੋਂ ਇਹ ਘਾਹ ਮੈਂ ਵੀਰੇ ਨੂੰ ਦਿੱਤਾ ਤਾਂ ਸਾਰੇ ਭਾਵੁਕ ਹੋ ਗਏ।'

ਇੱਕ ਸਾਲ ਤੱਕ ਸਿੰਘੂ ਬਾਰਡਰ ਅੰਦੋਲਨ ਕਾਰਨ ਬੰਦ ਰਿਹਾ। ਕਿਸਾਨ ਚਲੇ ਗਏ ਤਾਂ ਰਾਹ ਖੋਲ ਦਿੱਤਾ ਗਿਆ। ਸਮ੍ਰਿਤੀ ਆਪਣੀ ਮਾਤਾ ਸਮੀਕਸ਼ਾ ਨਾਲ ਅਕਸਰ ਉਸੇ ਥਾਂ ਉੱਤੇ ਜਾਂਦੀ ਹੈ ਜਿੱਥੇ ਉਹ ਲੰਗਰ ਦੀ ਸੇਵਾ ਕਰਦੇ ਸਨ। ਇੰਟਸਾਗ੍ਰਾਮ ਰਾਹੀਂ ਲਾਈਵ ਹੋ ਕੇ ਸਮ੍ਰਿਤੀ ਭਾਰਤ ਅਤੇ ਭਾਰਤ ਤੋਂ ਬਾਹਰ ਬੈਠੇ ਲੋਕਾਂ ਨਾਲ ਜੁੜਦੀ ਹੈ।

**ਸਮ੍ਰਿਤੀ ਦੇ ਵਿਆਹ ਨੂੰ ਲੈ ਕੇ ਜਦੋਂ ਹੋਈ ਬਹਿਸਬਾਜ਼ੀ**

ਗੱਲਬਾਤ ਦੌਰਾਨ ਸਮ੍ਰਿਤੀ ਅਤੇ ਉਸ ਦਾ ਪਰਿਵਾਰ ਉਸ ਦੌਰਾਨ ਆਏ ਰਿਸ਼ਤਿਆਂ ਬਾਰੇ ਵੀ ਜ਼ਿਕਰ ਕਰਕੇ ਹੱਸਦਾ ਹੈ। ਸਮ੍ਰਿਤੀ ਕਹਿੰਦੀ ਹੈ ਕਿ ਉਸ ਦੇ ਵਿਆਹ ਨੂੰ ਲੈ ਕੇ ਤਕਰੀਬਨ ਰੋਜ਼ ਹੀ ਚਰਚਾ ਛਿੜ ਜਾਂਦੀ ਸੀ। ਉੱਚੀ-ਉੱਚੀ ਹੱਸਦੀ ਉਹ ਕਹਿੰਦੀ ਹੈ, 'ਲੰਗਰ ਵਿੱਚ ਸੇਵਾ ਕਰਦੀਆਂ ਕੁਝ ਬੀਬੀਆਂ ਆਪਸ ਵਿੱਚ ਝਗੜਨ ਲੱਗੀਆਂ। ਇਸ ਦਾ ਕਾਰਨ ਇਹ ਸੀ ਕਿ ਉਨਾਂ ਵਿੱਚ ਇਸ ਗੱਲ ਨੂੰ ਲੈ ਕੇ ਆਪਸ ਵਿੱਚ ਬਹਿਸ ਹੋ ਗਈ ਸੀ ਕਿਸ ਦੇ ਮੁੰਡੇ ਦਾ ਵਿਆਹ ਸਮ੍ਰਿਤੀ ਨਾਲ ਹੋਵੇਗਾ।'

**ਦਿੱਲੀ ਵਾਲਿਆਂ ਲਈ ਸਮ੍ਰਿਤੀ ਤੇ ਪੰਜਾਬ ਹਰਿਆਣਾ ਦੀ 'ਲਾਡੋ ਰਾਣੀ'**

ਜਦੋਂ ਇਹ ਪਰਿਵਾਰ ਸਿੰਘੂ ਬਾਰਡਰ ਜਾਣ ਲੱਗਿਆ ਤਾਂ ਦਿੱਲੀ ਵਿੱਚ ਇਨਾਂ ਦੇ ਜਾਣਨ ਵਾਲਿਆਂ ਨੇ ਬਹੁਤ ਮੁਖਾਲਫ਼ਤ ਕੀਤੀ।ਪਰਿਵਾਰ ਕਹਿੰਦਾ ਹੈ ਕਿ ਲੋਕ ਇੱਥੋਂ ਤੱਕ ਕਹਿੰਦੇ ਰਹੇ ਕਿ ਤੁਸੀਂ ਉੱਤੇ ਟਾਈਮ ਪਾਸ ਕਰਨ ਜਾਂਦੇ ਹੋ।ਪਰ ਲੋਕਾਂ ਦਾ ਨਜ਼ਰੀਆ ਉਦੋਂ ਬਦਲਿਆਂ ਜਦੋਂ ਮੀਡੀਆ ਰਾਹੀਂ ਸਮ੍ਰਿਤੀ ਅਤੇ ਉਸ ਦਾ ਪਰਿਵਾਰ ਦੁਨੀਆਂ ਸਾਹਮਣੇ ਆਇਆ। ਸਮ੍ਰਿਤੀ ਕਹਿੰਦੀ ਹੈ, 'ਜਦੋਂ ਖ਼ਬਰ ਪ੍ਰਸਾਰਿਤ ਹੋਈ ਤਾਂ ਲੋਕਾਂ ਦਾ ਅਚਾਨਕ ਨਜ਼ਰੀਆ ਹੀ ਬਦਲ ਗਿਆ। ਮੇਰੇ ਦੋਸਤ ਜੋ ਮਜ਼ਾਕ ਉਡਾਉਂਦੇ ਸੀ ਉਹ ਆ ਕੇ ਲੰਗਰ ਅਤੇ ਅੰਦੋਲਨ ਬਾਰੇ ਪੁੱਛਣ ਲੱਗੇ ਕਿ ਕਿਵੇਂ ਦੇ ਲੋਕ ਹਨ, ਉੱਥੇ ਕੀ-ਕੀ ਹੁੰਦਾ ਹੈ।'

ਪੰਜਾਬ ਦੇ ਜੋ ਲੋਕ ਸਮ੍ਰਿਤੀ ਨੂੰ ਜਾਣਦੇ ਹਨ ਉਹ ਉਸ ਨੂੰ ਉਸ ਦੇ ਅਸਲੀ ਨਾਮ ਨਾਲੋਂ ਜ਼ਿਆਦਾ ਲਾਡੋ ਰਾਣੀ ਕਹਿੰਦੇ ਹਨ। ਉਹ ਕਹਿੰਦੀ ਹੈ, 'ਦਿੱਲੀ ਵਿੱਚ ਮੇਰੇ ਮੁਹੱਲੇ ਵਾਲਿਆਂ ਨੂੰ ਕੋਈ ਫਰਕ ਨਹੀਂ ਪੈਂਦਾ। ਉਨਾਂ ਲਈ ਮੈਂ ਸਮ੍ਰਿਤੀ ਹੀ ਹਾਂ ਅਤੇ ਪੰਜਾਬ-ਹਰਿਆਣਾ ਦੇ ਲੋਕਾਂ ਲਈ ਮੈਂ ਲਾਡੋ ਰਾਣੀ ਹਾਂ।'

ਉਚੇਰੀ ਸਿੱਖਿਆ ਲਈ ਸਮ੍ਰਿਤੀ ਹੁਣ ਕੈਨੇਡਾ ਜਾਣ ਦੀ ਤਿਆਰੀ ਵਿੱਚ ਹੈ। ਉਹ ਥੇਰਾਪੁਊਟਿਕ ਰੀਕ੍ਰਿਏਸ਼ਨ ਦਾ ਕੋਰਸ ਕਰਨ ਉਹ ਕੈਨੇਡਾ ਜਾ ਰਹੀ ਹੈ। ਗੱਲ ਖ਼ਤਮ ਕਰਦਿਆਂ ਉਹ ਅੰਦੋਲਨ ਦੌਰਾਨ ਦਿੱਲੀ ਵਾਲਿਆਂ ਲਈ ਬਣੇ ਇੱਕ ਗਾਣੇ ਦੇ ਬੋਲ ਦੁਹਰਾਉਂਦੀ ਹੋਈ ਕਹਿੰਦੀ ਹੈ।

ਕਈ ਦਿੱਲੀ ਵਾਲਿਆਂ ਦਾ ਲੱਗਣਾ ਨਹੀਂ ਦਿਲ, ਕਰਨਗੇ ਯਾਦ ਦਿਲਦਾਰ ਆਏ ਸੀ,
ਮੁੜਾਂਗੇ ਪੰਜਾਬ ਜਦੋਂ ਜਿੱਤ ਕੇ ਮੈਦਾਨ, ਦਿੱਲੀ ਰਾਜਧਾਨੀ ਦੱਸੂ ਸਿੰਘ ਸਰਦਾਰ ਆਏ ਸੀ।

# ਰੂਸ-ਯੂਕਰੇਨ ਜੰਗ ਦਾ ਮਾਰੂ ਅਸਰ



**ਬਲਰਾਜ ਸਿੰਘ ਸਿੱਧੂ**

**ਮੋਬਾਈਲ : 95011-00062**

ਕੋਈ ਜ਼ਮਾਨਾ ਸੀ ਜਦੋਂ ਦੋ ਦੇਸ਼ ਲੜ ਕੇ ਹਟ ਵੀ ਜਾਂਦੇ ਸਨ ਪਰ ਦੁਨੀਆ ਦੇ ਬਾਕੀ ਦੇਸ਼ਾਂ ਨੂੰ ਨਾ ਤਾਂ ਕੋਈ ਫ਼ਰਕ ਪੈਂਦਾ ਸੀ ਤੇ ਨਾ ਹੀ ਕਿਸੇ ’ਤੇ ਕੋਈ ਅਸਰ ਹੁੰਦਾ ਸੀ। ਬਸ ਦੋ-ਚਾਰ ਦਿਨ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ-ਸੁਣ ਕੇ ਸਭ ਸ਼ਾਂਤ ਹੋ ਜਾਂਦੇ ਸਨ। ਜੰਗ ਦਾ ਸੰਸਾਰ ਪੱਧਰ ’ਤੇ ਪ੍ਰਭਾਵ ਪੈਣਾ ਪਹਿਲੀ ਤੇ ਖ਼ਾਸ ਤੌਰ ’ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਸ਼ੁਰੂ ਹੋਇਆ ਸੀ। ਦੂਜੀ ਆਲਮੀ ਜੰਗ ਤੋਂ ਪਹਿਲਾਂ ਇੰਗਲੈਂਡ ਤੇ ਫਰਾਂਸ ਸੁਪਰਪਾਵਰ ਸਨ ਤੇ ਅਮਰੀਕਾ ਤੇ ਰੂਸ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਉਸ ਸਮੇਂ ਅੱਧੀ ਤੋਂ ਵੱਧ ਦੁਨੀਆ ’ਤੇ ਇਨਾਂ ਦੋਵਾਂ ਦੇਸ਼ਾਂ (ਇੰਗਲੈਂਡ ਤੇ ਫਰਾਂਸ) ਦਾ ਹੀ ਕਬਜ਼ਾ ਸੀ। ਅਮਰੀਕਾ ਭਾਰੀ ਮੰਦੀ ਅਤੇ ਰੂਸ ਕਮਿਊਨਿਸਟ ਰਾਜ ਕਾਰਨ (ਪੱਛਮੀ ਦੇਸ਼ਾਂ ਨੇ ਉਸ ਦਾ ਬਾਈਕਾਟ ਕੀਤਾ ਹੋਇਆ ਸੀ) ਭੁੱਖਮਰੀ ਦੇ ਕੰਢੇ ਪਹੁੰਚੇ ਹੋਏ ਸਨ।

ਪਰ ਸੰਸਾਰ ਜੰਗ ਵਿਚ ਸ਼ਾਮਲ ਹੁੰਦੇ ਸਾਰ ਇਨਾਂ ਦੋਵਾਂ ਦੇਸ਼ਾਂ ਦੀ ਕਿਸਮਤ ਪਲਟ ਗਈ। ਫ਼ੌਜੀ ਸਾਜ਼ੋ-ਸਾਮਾਨ ਅਤੇ ਹੋਰ ਉਤਪਾਦਾਂ ਦੀ ਮੰਗ ਇਕਦਮ ਸਿਖ਼ਰ ’ਤੇ ਪਹੁੰਚ ਜਾਣ ਕਾਰਨ ਦੀਵਾਲੀਆ ਹੋਣ ਕਿਨਾਰੇ ਪਹੁੰਚੀਆਂ ਅਮਰੀਕਾ ਦੀਆਂ ਫੈਕਟਰੀਆਂ ਤਿੰਨ-ਤਿੰਨ ਸ਼ਿਫਟਾਂ ਵਿਚ ਚੱਲਣ ਲੱਗੀਆਂ ਤੇ ਰੂਸ ਜਿਸ ਨੂੰ ਕਦੇ ਯੂਰਪ ਦਾ ਬਿਮਾਰ ਦੇਸ਼ ਕਿਹਾ ਜਾਂਦਾ ਸੀ, ਨੇ ਅੱਧੇ ਦੇ ਕਰੀਬ ਯੂਰਪ ’ਤੇ ਕਬਜ਼ਾ ਕਰ ਲਿਆ। ਦੂਸਰੇ ਪਾਸੇ ਜੰਗ ਤੋਂ ਬਾਅਦ ਆਰਥਿਕ ਅਤੇ ਸੈਨਿਕ ਪੱਖੋਂ ਬਰਬਾਦ ਹੋਏ ਇੰਗਲੈਂਡ ਅਤੇ ਫਰਾਂਸ ਨੂੰ ਆਪਣੀਆਂ ਅੱਧੀਆਂ ਤੋਂ ਵੱਧ ਬਸਤੀਆਂ ਖ਼ਾਲੀ ਕਰਨੀਆਂ ਪਈਆਂ ਸਨ। ਦੂਸਰੀ ਸੰਸਾਰ ਜੰਗ ਤੋਂ ਬਾਅਦ ਜਿਸ ਜੰਗ ਨੇ ਸੰਸਾਰ ’ਤੇ ਸਭ ਤੋਂ ਵੱਧ ਬੁਰਾ ਪ੍ਰਭਾਵ ਪਾਇਆ ਹੈ, ਉਹ ਹੈ ਰੂਸ ਅਤੇ ਯੂਕਰੇਨ ਦੀ ਜੰਗ। ਜੰਗ ਦੀ ਸ਼ੁਰੂਆਤ ਵਿਚ ਤਾਂ ਇਸ ਤਰਾਂ ਲੱਗਦਾ ਸੀ ਕਿ ਇਹ ਕਰੀਮੀਆ ਵਾਂਗ ਇਕ ਸਥਾਨਕ ਝਗੜਾ ਹੈ ਜੋ ਜਲਦੀ ਹੀ ਨਿੱਬੜ ਜਾਵੇਗਾ ਪਰ ਜਿਵੇਂ-ਜਿਵੇਂ ਇਹ ਜੰਗ ਲੰਬੀ ਖਿੱਚਦੀ ਗਈ ਤੇ ਯੂਰਪੀ ਦੇਸ਼ ਅਤੇ ਅਮਰੀਕਾ ਇਸ ਵਿਚ ਪਿਛਲ ਬੰਨਿਓਂ ਸ਼ਾਮਲ ਹੋ ਗਏ, ਇਸ ਦੇ ਤਬਾਹਕੁੰਨ ਨਤੀਜੇ ਸੰਸਾਰ ਦੇ ਸਾਹਮਣੇ ਆਉਣ ਲੱਗ ਪਏ ਹਨ। ਸਭ ਤੋਂ ਬੁਰਾ ਪ੍ਰਭਾਵ ਸੰਸਾਰ ਦੀ ਅਨਾਜ ਤੇ ਊਰਜਾ ਦੀ ਸਪਲਾਈ ’ਤੇ ਪਿਆ ਹੈ। ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਡਬਲਿਊਟੀਓ) ਅਨੁਸਾਰ ਰੂਸ-ਯੂਕਰੇਨ ਜੰਗ ਕਾਰਨ ਮਨੁੱਖਤਾ ਨੂੰ ਦੂਸਰੀ ਸੰਸਾਰ ਜੰਗ ਤੋਂ ਬਾਅਦ ਸਭ ਤੋਂ ਵੱਡੀ ਮੁਸੀਬਤ ਸਹਿਣੀ ਪੈ ਰਹੀ ਹੈ ਕਿਉਂਕਿ ਇਸ ਨੇ ਕੌਮਾਂਤਰੀ ਵਪਾਰ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ। ਰੂਸ ਸੰਸਾਰ ਦਾ ਅਮਰੀਕਾ ਤੇ ਸਾਊਦੀ ਅਰਬ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਤੇਲ ਅਤੇ ਕੁਦਰਤੀ ਗੈਸ ਉਤਪਾਦਕ ਦੇਸ਼ ਹੈ।

ਜ਼ਿਆਦਾਤਰ ਯੂਰਪੀ ਦੇਸ਼ ਊਰਜਾ ਦੀ ਪੂਰਤੀ ਲਈ ਰੂਸ ’ਤੇ ਨਿਰਭਰ ਹਨ। ਪਰ ਅਮਰੀਕਾ ਦੇ ਦਬਾਅ ਹੇਠ ਉਨਾਂ ਨੂੰ ਰੂਸ ਤੋਂ ਤੇਲ ਅਤੇ ਗੈਸ ਦੀ ਦਰਾਮਦ ’ਤੇ ਪਾਬੰਦੀਆਂ ਲਗਾਉਣੀਆਂ ਪੈ ਰਹੀਆਂ ਹਨ ਜਿਸ ਕਾਰਨ ਉੱਥੇ ਅਤੇ ਸੰਸਾਰ ਦੇ ਬਾਕੀ ਦੇਸ਼ਾਂ ਵਿਚ ਡੀਜ਼ਲ, ਪੈਟਰੋਲ ਅਤੇ ਕੁਦਰਤੀ ਗੈਸ ਦੇ ਰੇਟ ਛੜੱਪੇ ਮਾਰ ਕੇ ਵਧ ਰਹੇ ਹਨ। ਤੇਲ ਦੀ ਕੀਮਤ ਵਧਣ ਕਾਰਨ ਰੋਜ਼ਮੱਰਾ ਦੀਆਂ ਵਸਤਾਂ ਦੇ ਭਾਅ ਵੀ ਵਧ ਗਏ ਹਨ। ਵਿਡੰਬਨਾ ਵੇਖੋ ਕਿ ਕੁਝ ਮਹੀਨੇ ਪਹਿਲਾਂ ਤਕ ਵੈਨਜ਼ੂਏਲਾ ਅਤੇ ਈਰਾਨ ਯੂਰਪੀ ਦੇਸ਼ਾਂ ਅਤੇ ਅਮਰੀਕਾ ਵਾਸਤੇ ਸ਼ੈਤਾਨ ਦੇਸ਼ ਸਨ ਜਿਨਾਂ ’ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਹੇਠ ਸਖ਼ਤ ਵਪਾਰਕ ਪਾਬੰਦੀਆਂ ਲਗਾਈਆਂ ਗਈਆਂ ਸਨ। ਪਰ ਹੁਣ ਯੂਕਰੇਨ ਸੰਕਟ ਕਾਰਨ ਉਹ ਇਨਾਂ ਦੇਸ਼ਾਂ ਤੋਂ ਹੀ ਤੇਲ ਹਾਸਲ ਕਰਨ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ। ਸੰਸਾਰ ਵਿਚ ਦੂਸਰਾ ਜਿਹੜਾ ਸਭ ਤੋਂ ਵੱਡਾ ਸੰਕਟ ਪੈਦਾ ਹੋ ਰਿਹਾ ਹੈ, ਉਹ ਹੈ ਅਨਾਜ ਸੰਕਟ। ਰੂਸ ਸੰਸਾਰ ਦਾ ਸਭ ਤੋਂ ਵੱਡਾ ਕਣਕ ਉਤਪਾਦਕ ਅਤੇ ਬਰਾਮਦਕਾਰ ਦੇਸ਼ ਹੈ। ਉਹ ਸੰਸਾਰ ਦੇ ਕੁੱਲ ਅਨਾਜ ਦਾ 24% ਵਿਦੇਸ਼ਾਂ ਨੂੰ ਭੇਜਦਾ ਹੈ। ਯੂਕਰੇਨ ਵੀ ਸੰਸਾਰ ਦਾ ਪੰਜਵਾਂ ਸਭ ਤੋਂ ਵੱਡਾ ਬਰਾਮਦਕਾਰ ਦੇਸ਼ ਹੈ। ਉਸ ਨੇ 2021 ਵਿਚ 47 ਕਰੋੜ ਟਨ ਦੇ ਲਗਪਗ ਕਣਕ ਵਿਦੇਸ਼ਾਂ ਨੂੰ ਬਰਾਮਦ ਕੀਤੀ ਸੀ। ਇਸ ਜੰਗ ਕਾਰਨ ਅਮਰੀਕਾ ਦੇ ਦਬਾਅ ਕਾਰਨ ਬਹੁਤ ਘੱਟ ਦੇਸ਼ ਰੂਸ ਤੋਂ ਕਣਕ ਲੈ ਰਹੇ ਹਨ ਤੇ ਦੂਸਰੇ ਪਾਸੇ ਯੂਕਰੇਨ ਦੀਆਂ ਬੰਦਰਗਾਹਾਂ ਨੂੰ ਰੂਸ ਨੇ ਆਪਣੇ ਕਬਜ਼ੇ ਹੇਠ ਲੈ ਕੇ ਉਸ ਦੀ ਆਰਥਿਕ ਨਾਕਾਬੰਦੀ ਕੀਤੀ ਹੋਈ ਹੈ ਜਿਸ ਕਾਰਨ ਉੱਥੋਂ ਵਪਾਰਕ ਜਹਾਜ਼ਾਂ ਦਾ ਆਵਾਗਮਨ ਅਸੰਭਵ ਹੈ। ਰੂਸ ਪੱਛਮੀ ਦੇਸ਼ਾਂ ਅਤੇ ਯੂਕਰੇਨ ਨੂੰ ਬਰਬਾਦ ਕਰਨ ਲਈ ਅਨਾਜ ਨੂੰ ਇਕ ਹਥਿਆਰ ਦੇ ਤੌਰ ’ਤੇ ਵਰਤ ਰਿਹਾ ਹੈ। ਦੁਨੀਆ ਨੂੰ ਭਾਰਤ ਤੋਂ ਉਮੀਦਾਂ ਸਨ ਪਰ ਉਸ ਨੇ ਵੀ ਆਪਣੀ ਘਰੇਲੂ ਮੰਡੀ ਵਿਚ ਖ਼ੁਰਾਕੀ ਪਦਾਰਥਾਂ ਦੇ ਰੇਟ ਵਧਣ ਦੇ ਡਰੋਂ ਕਣਕ ਦੀ ਬਰਾਮਦ ’ਤੇ ਪਾਬੰਦੀ ਲਗਾ ਦਿੱਤੀ ਹੈ।

ਇਸ ਕਾਰਨ ਸੰਸਾਰ ਦੀਆਂ ਮੰਡੀਆਂ ਵਿਚ ਹਾਹਾਕਾਰ ਮਚੀ ਹੋਈ ਹੈ। ਯੂਰਪ ਵਿਚ ਕਣਕ ਤੋਂ ਬਣਨ ਵਾਲੀ ਡਬਲਰੋਟੀ ਅਤੇ ਹੋਰ ਉਤਪਾਦ ਡੇਢ ਗੁਣਾ ਮਹਿੰਗੇ ਹੋ ਗਏ ਹਨ ਜਿਸ ਕਾਰਨ ਜਨ ਸਾਧਾਰਨ ਦਾ ਘਰੇਲੂ ਬਜਟ ਗੜਬੜਾ ਗਿਆ ਹੈ। ਅਸਲ ਵਿਚ ਇਹ ਜੰਗ ਅਮਰੀਕਾ, ਉਸ ਦੇ ਯੂਰਪੀ ਸਹਿਯੋਗੀਆਂ ਅਤੇ ਰੂਸ ਦਰਮਿਆਨ ਚੱਲ ਰਹੀ ਹੈ। ਪਰ ਉਨਾਂ ’ਤੇ ਅਨਾਜ ਸੰਕਟ ਦਾ ਜ਼ਿਆਦਾ ਅਸਰ ਇਸ ਲਈ ਨਹੀਂ ਹੋ ਰਿਹਾ ਕਿਉਂਕਿ ਅਮਰੀਕਾ ਖ਼ੁਦ ਵੱਡੇ ਪੱਧਰ ’ਤੇ ਕਣਕ ਪੈਦਾ ਕਰਦਾ ਹੈ ਅਤੇ ਯੂਰਪੀ ਦੇਸ਼ ਅਮੀਰ ਹੋਣ ਕਾਰਨ ਅਨਾਜ ਦਰਾਮਦ ਕਰ ਸਕਦੇ ਹਨ। ਕੁਝ ਦਿਨ ਪਹਿਲਾਂ ਅਫਰੀਕਨ ਯੂਨੀਅਨ ਦੇ ਪ੍ਰਧਾਨ ਅਤੇ ਸੈਨੇਗਲ ਦੇ ਰਾਸ਼ਟਰਪਤੀ ਮੈਕੀ ਸਾਲ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਰੂਸ ਦੇ ਸੋਚੀ ਸ਼ਹਿਰ ਵਿਚ ਮੀਟਿੰਗ ਕਰ ਕੇ ਰੂਸ ਅਤੇ ਯੂਕਰੇਨ ਦੀ ਕਣਕ ਦੀ ਸਪਲਾਈ ਬਹਾਲ ਕਰਨ ਦੀ ਭਾਵਪੂਰਤ ਅਪੀਲ ਕੀਤੀ ਹੈ। ਪੁਤਿਨ ਨੇ ਹਮਦਰਦੀ ਨਾਲ ਵਿਚਾਰ ਕਰਨ ਲਈ ਤਾਂ ਕਿਹਾ ਪਰ ਕੋਈ ਪੱਕਾ ਵਾਅਦਾ ਨਹੀਂ ਕੀਤਾ। ਇਸ ਜੰਗ ਕਾਰਨ ਅਫਰੀਕਾ ਦੇ ਜ਼ਿਆਦਾਤਰ ਦੇਸ਼ ਭੁੱਖਮਰੀ ਦੀ ਕਗਾਰ ’ਤੇ ਪਹੁੰਚ ਗਏ ਹਨ ਕਿਉਂਕਿ ਉੱਥੇ ਵਰਤੀ ਜਾਣ ਵਾਲੀ 40% ਕਣਕ ਰੂਸ ਅਤੇ ਯੂਕਰੇਨ ਤੋਂ ਹੀ ਦਰਾਮਦ ਕੀਤੀ ਜਾਂਦੀ ਹੈ।

ਯੂਐੱਨਓ ਦੇ ਬੁਲਾਰੇ ਅਮੀਨ ਅੱਵਦ ਨੇ ਜੈਨੇਵਾ ਵਿਖੇ ਬਿਆਨ ਦਿੱਤਾ ਹੈ ਕਿ ਯੂਕਰੇਨ ਦੀ ਨਾਕਾਬੰਦੀ ਕਾਰਨ ਅਫਰੀਕਾ ਸਮੇਤ ਅਨੇਕਾਂ ਦੇਸ਼ਾਂ ’ਚ ਭੁੱਖਮਰੀ ਫੈਲ ਰਹੀ ਹੈ ਜਿਸ ਕਾਰਨ 14 ਕਰੋੜ ਅਫਰੀਕਨ ਨਾਗਰਿਕ ਪ੍ਰਭਾਵਿਤ ਹੋਣਗੇ ਜਿਸ ਦੇ ਫਲਸਰੂਪ ਦੁਨੀਆ ਦੀ ਹੁਣ ਤਕ ਦੀ ਸਭ ਤੋਂ ਵੱਡੀ ਹਿਜਰਤ ਸ਼ੁਰੂ ਹੋ ਸਕਦੀ ਹੈ। ਅਫਰੀਕਾ ਦਾ ਅੱਧੇ ਦੇ ਕਰੀਬ ਇਲਾਕਾ ਖੁਸ਼ਕ ਸਹਾਰਾ ਤੇ ਕਾਲਾਹਾਰੀ ਰੇਗਿਸਤਾਨਾਂ ਨੇ ਮੱਲਿਆ ਹੋਇਆ ਹੈ ਤੇ ਬਾਕੀ ਦੇ ਦੇਸ਼ਾਂ ’ਚ ਵੀ ਲੋੜ ਅਨੁਸਾਰ ਬਰਸਾਤ ਨਹੀਂ ਹੋ ਰਹੀ। ਯੂਕਰੇਨ ਯੁੱਧ ਪਿੱਛੋਂ ਅਫਰੀਕਾ ਦੇ ਜ਼ਿਆਦਾਤਰ ਦੇਸ਼ਾਂ ’ਚ ਅਨਾਜ ਦੇ ਭਾਅ ਦੂਣੇ ਤੋਂ ਵੀ ਵੱਧ ਗਏ ਹਨ। ਸਹਾਰਾ ਰੇਗਿਸਤਾਨ ਵਿਚ ਸਥਿਤ ਦੇਸ਼ਾਂ ਚਾਡ, ਮਾਲੀ, ਨਾਈਜਰ, ਮਾਰੀਟਾਨੀਆ ਤੇ ਸੂਡਾਨ ਆਦਿ ਨੇ ਤਾਂ ਫੂਡ ਐਮਰਜੈਂਸੀ ਲਾ ਕੇ ਖ਼ੁਰਾਕੀ ਪਦਾਰਥਾਂ ਦੀ ਰਾਸ਼ਨਿੰਗ ਸ਼ੁਰੂ ਕਰ ਦਿੱਤੀ ਹੈ। ਮੈਕੀ ਸਾਲ ਨੇ ਪੂਤਿਨ ਨੂੰ ਦੱਸਿਆ ਕਿ ਸਾਡੇ ਦੇਸ਼, ਜਿਨਾਂ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਪਰ ਪੁਤਿਨ ਦਾ ਦਿਲ ਨਹੀਂ ਪਸੀਜਿਆ। ਉਸ ਨੇ ਸ਼ਰਤ ਰੱਖ ਦਿੱਤੀ ਹੈ ਕਿ ਜੇ ਅਮਰੀਕਾ ਤੇ ਯੂਰਪੀ ਦੇਸ਼ ਉਸ ਦੇ ਸਹਿਯੋਗੀ ਦੇਸ਼ ਬੇਲਾਰੂਸ ਤੋਂ ਪਾਬੰਦੀਆਂ ਹਟਾ ਲੈਣ ਤਾਂ ਉਸ ਰਸਤੇ ਅਨਾਜ ਭੇਜਿਆ ਜਾ ਸਕਦਾ ਹੈ। ਰੂਸ ਅਫਰੀਕਾ ਦੀ ਭੁੱਖਮਰੀ ਤੋਂ ਸਿਆਸੀ ਫ਼ਾਇਦਾ ਉਠਾਉਣ ਦੀ ਤਾਕ ’ਚ ਹੈ। ਉਹ ਜਾਣਦਾ ਹੈ ਕਿ ਜੇ ਅਫਰੀਕਾ ਨੂੰ ਅਨਾਜ ਨਹੀਂ ਮਿਲੇਗਾ ਤਾਂ ਭੁੱਖਮਰੀ ਤੋਂ ਪਰੇਸ਼ਾਨ ਲੱਖਾਂ ਅਫਰੀਕਨ ਰਫਿਊਜੀ ਲੀਬੀਆ ਤੇ ਮਰਾਕੋ ਦੇ ਤਟਾਂ ਤੋਂ ਕਿਸ਼ਤੀਆਂ ਰਾਹੀਂ ਸਮੁੰਦਰ ਪਾਰ ਕਰ ਕੇ ਯੂਰਪ ’ਚ ਘੁਸ ਜਾਣਗੇ ਤੇ ਯੂਰਪ ਦੀ ਪਹਿਲਾਂ ਤੋਂ ਹੀ ਚੱਲ ਰਹੀ ਰਫਿਊਜੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਜਾਵੇਗੀ।

ਇਨਾਂ ਦੇਸ਼ਾਂ ਤੋਂ ਸਪੇਨ ਦਾ ਸਮੁੰਦਰੀ ਤਟ ਕੁਝ ਹੀ ਦੂਰੀ ’ਤੇ ਹੈ। ਤੀਸਰੀ ਵੱਡੀ ਸਮੱਸਿਆ ਰਸਾਇਣਕ ਖਾਦਾਂ ਦੀ ਸਖ਼ਤ ਘਾਟ ਦੀ ਆ ਰਹੀ ਹੈ। ਰੂਸ ਸੰਸਾਰ ਦਾ ਚੀਨ, ਭਾਰਤ ਅਤੇ ਅਮਰੀਕਾ ਤੋਂ ਬਾਅਦ ਸਭ ਤੋਂ ਵੱਡਾ ਖਾਦ ਉਤਪਾਦਕ ਅਤੇ ਨੰਬਰ ਇਕ ਬਰਾਮਦਕਾਰ ਹੈ। ਸੰਨ 2020 ਵਿਚ ਉਸ ਨੇ 760 ਕਰੋੜ ਡਾਲਰ ਮਾਲੀਅਤ ਦੀ 12 ਕਰੋੜ ਮੀਟ੍ਰਿਕ ਟਨ ਖਾਦ ਨਿਰਯਾਤ ਕੀਤੀ ਸੀ। ਉਸ ਦੀ ਸਭ ਤੋਂ ਵੱਡੀ ਮੰਡੀ ਯੂਰਪ, ਏਸ਼ੀਆ ਅਤੇ ਅਫਰੀਕਾ ਹੈ। ਯੂਕਰੇਨ ਨੇ ਵੀ 2021 ਵਿਚ 630 ਕਰੋੜ ਡਾਲਰ ਮਾਲੀਅਤ ਦੀ ਖਾਦ ਨਿਰਯਾਤ ਕੀਤੀ ਸੀ। ਨਾਕਾਬੰਦੀ ਤੇ ਬਾਈਕਾਟ ਕਾਰਨ ਹੁਣ ਇਨਾਂ ਦੇਸ਼ਾਂ ਦੀ ਖਾਦ ਗੁਦਾਮਾਂ ਵਿਚ ਪਈ ਸੜ ਰਹੀ ਹੈ। ਇਸ ਤੋਂ ਇਲਾਵਾ ਦੂਸਰੇ ਸੰਸਾਰ ਯੁੱਧ ਤੋਂ ਬਾਅਦ ਸ਼ਾਂਤੀ ਨਾਲ ਤਰੱਕੀ ਕਰ ਰਹੇ ਯੂਰਪੀ ਦੇਸ਼ਾਂ ਨੂੰ ਵੀ ਆਪਣਾ ਸੁਰੱਖਿਆ ਖ਼ਰਚਾ ਵਧਾਉਣਾ ਪੈ ਰਿਹਾ ਹੈ। ਕੱਲ ਤਕ ਭਾਰਤ ਤੇ ਪਾਕਿ ਵਰਗੇ ਦੇਸ਼ਾਂ ਨੂੰ ਜੰਗੀ ਸਾਜ਼ੋ-ਸਾਮਾਨ ਵੇਚ ਕੇ ਮੋਟਾ ਮੁਨਾਫ਼ਾ ਕਮਾ ਰਹੇ ਪੱਛਮੀ ਦੇਸ਼ ਹੁਣ ਰੂਸ ਤੋਂ ਆਪਣੀ ਸੁਰੱਖਿਆ ਲਈ ਖ਼ਤਰਾ ਮਹਿਸੂਸ ਕਰਨ ਲੱਗੇ ਹਨ। ਖ਼ਾਸ ਤੌਰ ’ਤੇ ਜਰਮਨੀ, ਪੋਲੈਂਡ, ਫਰਾਂਸ ਤੇ ਇੰਗਲੈਂਡ ਨੂੰ ਆਪਣਾ ਫ਼ੌਜੀ ਖ਼ਰਚਾ 20 ਤੋਂ 30% ਤੱਕ ਵਧਾਉਣਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਕਿ ਵਿਸ਼ਵ ’ਤੇ ਕੋਈ ਹੋਰ ਸੰਕਟ ਆਵੇ ਜਾਂ ਇਹ ਜੰਗ ਹੋਰ ਦੇਸ਼ਾਂ ਨੂੰ ਆਪਣੀ ਲਪੇਟ ਵਿਚ ਲੈ ਲਵੇ, ਇਸ ਦਾ ਕੋਈ ਹੱਲ ਨਿਕਲਣਾ ਚਾਹੀਦਾ ਹੈ।



# ਤੱਤੀ ਤਵੀ ਦਾ ਸੇਕ



**ਸੁਖਦੇਵ ਸਿੰਘ ਭੁੱਲੜ**
**ਮੋ. 94170-46117**

ਦੁਨੀਆਂ ਦੇ ਮਨੁੱਖੀ ਇਤਿਹਾਸ ਦਾ ਬੇਮਿਸਾਲ, ਲਾਸਾਨੀ ਤੇ ਬੇਨਜ਼ੀਰ ਉਹ ਵਰਕਾ ਹੈ, ਜਿਸ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਵਰਨਣ ਹੈ। ਜ਼ਾਲਮ ਨੇ ਭਿਆਨਕ ਤੇ ਦਿਲ ਕੰਬਾਊ ਤਸੀਹੇ ਦੇਣ ਦੀ ਕਸਰ ਨਹੀਂ ਛੱਡੀ ਅਤੇ ਗੁਰੂ ਜੀ ਨੇ ਤਸੀਹੇ ਸਹਿਣ ਵਿੱਚ ਦ੍ਰਿੜਤਾ ਤੇ ਅਡੋਲਤਾ ਦਾ ਰਿਕਾਰਡ ਕਾਇਮ ਕਰ ਦਿੱਤਾ।ਇੱਕ ਪਾਸੇ ਭੁੱਖਾ-ਪਿਆਸਾ ਰੱਖ ਕੇ, ਜੇਠ ਹਾੜ ਮਹੀਨੇ ਦੀ ਪਿੰਡਾ ਸਾੜਦੀ ਦੁਪਹਿਰ ਵਿੱਚ ਦੇਗ ਵਿਚ ਉਬਾਲ ਕੇ, ਤੱਤੀ ਤਵੀ ਉੱਪਰ ਬਿਠਾ ਕੇ, ਤੱਤੀ-ਤੱਤੀ ਰੇਤ ਸਿਰ 'ਤੇ ਪਾ ਕੇ, ਛਾਲਿਆਂ ਨਾਲ ਫਿੱਸੇ ਸਰੀਰ ਨੂੰ ਰਾਵੀ ਵਿੱਚ ਰੋੜ ਕੇ ਸ਼ਹੀਦ ਕਰਨ ਦੀ ਦਿਲ ਕੰਬਾਊ ਗਾਥਾ ਤੇ ਦੂਜੇ ਪਾਸੇ ਅਕਾਲ ਪੁਰਖ ਵਿੱਚ ਦ੍ਰਿੜ ਵਿਸ਼ਵਾਸ, ਭਾਣਾ ਮੰਨਣ ਵਿੱਚ ਮਗਨ ਤੇ ਗੁਰਮਤਿ ਦੇ ਅਸੂਲਾਂ ਉੱਤੇ ਪਹਿਰਾ ਦੇਣ ਦੀ ਸਹਿਜ ਕਰਾਮਾਤ, ਇਸ ਸਭ ਕਾਸੇ ਬਾਰੇ ਹਰ ਇੱਕ ਇਤਿਹਾਸਕਾਰ ਨੇ ਇੱਕ ਹੀ ਰਾਇ ਪੇਸ਼ ਕੀਤੀ ਹੈ, ਪਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਕਾਰਨਾਂ ਬਾਰੇ ਸਾਰੇ ਲਿਖਾਰੀਆਂ ਦੀ ਰਾਇ ਇੱਕ ਨਹੀਂ, ਸਗੋਂ ਵੱਖੋ-ਵੱਖਰੀ ਹੈ।ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਕਾਰਣ ਕੋਈ ਚੰਦੂ ਖੱਤਰੀ ਨੂੰ ਦੱਸਦਾ ਹੈ, ਕੋਈ ਪਿਰਥੀ ਚੰਦ ਨੂੰ, ਕਿਸੇ ਦਾ ਖਿਆਲ ਨਕਸ਼ਬੰਦੀਆਂ ਦੀ ਵਿਰੋਧਤਾ 'ਤੇ ਅਟਕਿਆ ਖੜਾ ਹੈ ਤੇ ਕੋਈ ਜਹਾਂਗੀਰ ਦੀ ਕੱਟੜਤਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਅਸਲ ਵਿੱਚ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਕਾਰਨ ਇੱਕ ਨਹੀਂ, ਸਗੋਂ ਕਈ ਸਨ।

ਜਿਵੇਂ ਗੁਰਗੱਦੀ ਦੇ ਮਸਲੇ ਨੂੰ ਲੈ ਕੇ, ਵੱਡੇ ਭਰਾ ਪਿਰਥੀ ਚੰਦ ਦੀ ਵਿਰੋਧਤਾ।ਧੀ ਦਾ ਸਾਕ ਛੱਡ ਦੇਣ ਕਰਕੇ, ਚੰਦੂ ਸ਼ਾਹ ਦੀ ਵਿਰੋਧਤਾ। ਗੁਰਮਤਿ ਦੇ ਪ੍ਰਚਾਰ ਨੂੰ ਲੈ ਕੇ, ਸ਼ੇਖ ਅਹਿਮਦ ਸਰਹੰਦੀ ਤੇ ਬ੍ਰਾਹਮਣਾਂ ਦੀ ਵਿਰੋਧਤਾ।ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਕਾਹਨੇ, ਪੀਲੂ ਆਦਿ ਦੀ ਕੱਚੀ ਬਾਣੀ, ਬਾਣੀ ਸੰਗ੍ਰਹਿ ਵਿੱਚ ਸ਼ਾਮਿਲ ਨਾ ਕਰਨ ਕਰਕੇ, ਅਖੌਤੀ ਭਗਤਾਂ ਦੀ ਵਿਰੋਧਤਾ ਤੋਂ ਇਲਾਵਾ ਸਖੀ ਸਰਵਰੀਆਂ ਤੇ ਬੀਰਬਲ ਦਾ ਗੁਰੂ ਦੋਖੀ ਹੋਣਾ ਅਤੇ ਜਹਾਂਗੀਰ ਦੀ ਧਾਰਮਿਕ ਕੱਟੜਤਾ ਵਰਗੇ ਅਨੇਕਾਂ ਕਾਰਨ ਸਨ, ਜੋ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਕਾਰਨ ਬਣੇ। ਦੇਖਿਆ ਜਾਏ ਤਾਂ ਪਿਰਥੀ ਚੰਦ ਦੀ ਵਿਰੋਧਤਾ ਸਿਰਫ਼ ਗੁਰਗੱਦੀ ਹਾਸਿਲ ਕਰਨ ਤੱਕ ਸੀਮਤ ਸੀ।ਧੀ ਦਾ ਸਾਕ ਛੁੱਟ ਜਾਣ ਨਾਲ ਚੰਦੂ ਦੇ ਮਨ 'ਤੇ ਗਹਿਰੀ ਸੱਟ ਵੱਜੀ, ਜਿਸ ਕਰਕੇ ਉਹ ਗੁਰੂ ਘਰ ਦਾ ਦੁਸ਼ਮਣ ਬਣ ਗਿਆ।ਉਹਦੇ ਦਿਲ ਵਿੱਚ ਗੁਰੂ ਜੀ ਤੇ ਗੁਰੂ ਘਰ ਪ੍ਰਤੀ ਨਫ਼ਰਤ, ਸਾੜਾ, ਗੁੱਸਾ ਤੇ ਈਰਖਾ ਦੀ ਅਗਨੀ ਦੇ ਭਾਂਬੜ ਬਲਣ ਲੱਗੇ। ਮਗਰ ਉਸਦੀ ਏਨੀ ਹੈਸੀਅਤ ਨਹੀਂ ਸੀ ਕਿ ਉਹ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਸਕੇ।ਇਹ ਵੱਖਰੀ ਗੱਲ ਹੈ ਕਿ ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਚੰਦੂ ਨੇ ਤਸੀਹੇ ਦੇਣ ਦੀ ਡਿਊਟੀ ਸੰਭਾਲ ਲਈ।ਚੰਦੂ ਪੱਕਾ ਦੁਸ਼ਟ ਤੇ ਗੁਰੂ ਘਰ ਦਾ ਦੋਖੀ ਸੀ।ਗੁਰੂ ਸਾਹਿਬ ਜੀ ਨੂੰ ਤਸੀਹੇ ਦੇਣ ਵਿੱਚ ਪੂਰਾ ਬਣਦਾ ਯੋਗਦਾਨ ਪਾਇਆ।ਇਸ ਦੀ ਪੁਸ਼ਟੀ ਮੁਨਸ਼ੀ ਖੁਸ਼ਵੰਤ ਰਾਇ 'ਤਵਾਰੀਖ-ਏ-ਸਿੱਖਾਂ' ਵਿੱਚ ਕਰਦਾ ਹੈ- 'ਇਸ ਗੱਲੋਂ (ਧੀ ਦਾ ਰਿਸ਼ਤਾ ਮੋੜਨ ਕਰਕੇ) ਚੰਦੂ ਦਾ ਮਨ ਮੈਲਾ ਹੋ ਗਿਆ।ਉਸ ਨੇ ਵੈਰ-ਵਿਰੋਧ ਪਰ ਲੱਕ ਬੰਨ ਲਿਆ ਤੇ ਬਾਦਸ਼ਾਹ ਦੇ ਹਜ਼ੂਰ ਚੁਗਲੀ ਕੀਤੀ ਕਿ ਸਾਰੀ ਦੁਨੀਆਂ ਦਾ ਧਨ ਗੁਰੂ ਦੇ ਘਰ ਹੈ ਤੇ ਦੇਸ਼ ਦੇ ਰਾਜੇ ਅਕਸਰ ਉਸ ਨਾਲ ਮੇਲ-ਜੋਲ ਰੱਖਦੇ ਹਨ।'

ਦੁਨਿਆਵੀ ਪੱਖੋਂ ਚੰਦੂ ਕੋਈ ਏਨੀ ਅਹਿਮ ਸ਼ਖਸੀਅਤ ਨਹੀਂ ਸੀ, ਜਿੰਨੀ ਸਾਡੇ ਇਤਿਹਾਸਕਾਰਾਂ ਨੇ ਘੜ ਮਾਰੀ ਏ।ਰਿਸ਼ਤਾ ਮੋੜਨ ਕਰਕੇ ਚੰਦੂ ਦੀ ਗੁਰੂ ਘਰ ਨਾਲ ਜਾਤੀ ਰੰਜਿਸ਼ ਜਾਂ ਵੈਰ ਤਾਂ ਹੋ ਸਕਦਾ ਹੈ, ਪਰ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਮੂਲ ਕਾਰਨ ਨਹੀਂ। ਇਹ ਸਾਰਾ ਕੁਕਰਮ ਅਹਿਮਦ ਸਰਹੰਦੀ ਤੇ ਜਹਾਂਗੀਰ ਦਾ ਸੀ। ਜਹਾਂਗੀਰ ਦਾ ਪੋਤਰਾ ਦਾਰਾ ਸ਼ਕੋਹ ਲਿਖਦਾ ਏ- 'ਮੇਰੇ ਬਾਬਾ ਜਹਾਂਗੀਰ ਦੇ ਦਿਲ ਵਿੱਚ ਮਹਾਂਪੁਰਖਾਂ ਲਈ ਜਾਂ ਧਰਮਾਂ ਲਈ ਕੋਈ ਕਦਰ ਨਹੀਂ ਸੀ।ਉਸ ਨੇ ਇੱਕ ਮਹਾਂਪੁਰਖ ਨੂੰ ਮਾਰਨ ਦਾ ਹੁਕਮ ਦਿੱਤਾ ਸੀ : ਉਹ ਸੀ ਗੁਰੂ ਅਰਜਨ ਦੇਵ ਜੀ', ਦਾਰਾ ਸ਼ਕੋਹ ਨੂੰ ਵੀ ਇਸ ਸ਼ਹਾਦਤ ਦਾ ਬੜਾ ਦੁੱਖ ਸੀ।ਇਸ ਕਥਨ ਦਾ ਸਾਬੂਤ ਤੁਜਕੇ-ਜਹਾਂਗੀਰੀ ਵਿੱਚੋਂ ਵੀ ਮਿਲ ਜਾਂਦਾ ਹੈ- 'ਬਹੁਤ ਸਾਰੇ ਭੋਲੇ-ਭਾਲੇ ਹਿੰਦੂ ਬਲਕਿ ਕਈ ਬੇਸਮਝ ਮੁਸਲਮਾਨ ਉਸਦੀ ਰਹਿਣੀ-ਬਹਿਣੀ ਤੇ ਸਿੱਖਿਆ ਉੱਤੇ ਮੋਹਿਤ ਹੋਏ ਸਨ।ਧਾਰਮਿਕ ਅਤੇ ਦੁਨਿਆਵੀ ਆਗੂ ਦੇ ਤੌਰ 'ਤੇ ਉਸਦੀ ਬੜੀ ਮਸ਼ਹੂਰੀ ਫੈਲੀ ਹੋਈ ਸੀ।ਉਸਨੂੰ ਗੁਰੂ ਕਰਕੇ ਪੁਕਾਰ ਦੇ ਸਨ ਤੇ ਹਰ ਪਾਸਿਓਂ ਲੋਕਾਂ ਦੇ ਗਰੋਹ ਉਸਦੇ ਕੋਲ ਆਉਂਦੇ ਤੇ ਨਿਸ਼ਚਾ ਜ਼ਾਹਿਰ ਕਰਦੇ ਸਨ।ਇਹ ਗਰਮ-ਬਜਾਰੀ ਤਿੰਨ ਪੁਸ਼ਤਾਂ ਤੋਂ ਜਾਰੀ ਸੀ।ਮੁੱਦਤਾਂ ਤੋਂ ਇਹ ਖਿਆਲ ਮੇਰੇ ਦਿਲ ਵਿੱਚ ਆਉਂਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਉਸਨੂੰ ਇਸਲਾਮ ਧਰਮ ਦੇ ਘੇਰੇ ਵਿੱਚ ਲੈ ਆਵਾਂ।' ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਪੈਂਡਾ ਏਥੋਂ ਸ਼ੁਰੂ ਹੁੰਦਾ ਹੈ।

ਜਹਾਂਗੀਰ, ਜਿਸ ਦਾ ਪੂਰਾ ਨਾਂ ਨੂਰਦੀਨ ਮੁਹੰਮਦ ਜਹਾਂਗੀਰ ਪਾਦਸ਼ਾਹ ਗਾਜੀ ਸੀ ਤੇ ਉਹਨੂੰ ਸਲੀਮ ਵੀ ਆਖਿਆ ਜਾਂਦਾ ਸੀ।ਅਕਬਰ ਬਾਦਸ਼ਾਹ ਦੇ ਘਰ ਮਰੀਅਮ ਜਾਮਨੀ ਦੀ ਕੁੱਖੋਂ ਸਿਕਰੀ ਦੇ ਮੁਕਾਮ 30 ਅਗਸਤ 1561 ਈ: (31 ਅਗਸਤ 1569 ਈ: ਮਹਾਨ ਕੋਸ਼ ਅਨੁਸਾਰ) ਵਿੱਚ ਪੈਦਾ ਹੋਇਆ।ਅਕਬਰ ਨੂੰ ਇਹਦੀਆਂ ਆਦਤਾਂ ਬਿਲਕੁਲ ਪਸੰਦ ਨਹੀਂ ਸਨ, ਜਿਸ ਕਰਕੇ ਉਹ ਰਾਜਗੱਦੀ ਆਪਣੇ ਪੋਤਰੇ ਖੁਸਰੋ (ਜਹਾਂਗੀਰ ਦਾ ਮੁੰਡਾ) ਨੂੰ ਦੇਣਾ ਚਾਹੁੰਦਾ ਸੀ, ਮਗਰ ਸ਼ੇਖ ਅਹਿਮਦ ਸਰਹੰਦੀ ਤੇ ਉਸ ਦੇ ਚੇਲੇ ਸ਼ੇਖ ਫਰੀਦ ਬੁਖਾਰੀ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਜਹਾਂਗੀਰ, ਅਕਬਰ ਦਾ ਜਾਨਸ਼ੀਨ ਬਣ ਗਿਆ।ਜਹਾਂਗੀਰ ਦੇ ਬਾਦਸ਼ਾਹ ਬਣਨ ਦੀ ਸਭ ਤੋਂ ਵੱਧ ਖੁਸ਼ੀ ਸ਼ੇਖ ਅਹਿਮਦ ਸਰਹੰਦੀ ਨੂੰ ਹੋਈ ਤੇ ਉਸ ਸ਼ੇਖ ਫਰੀਦ ਬੁਖਾਰੀ ਨੂੰ ਚਿੱਠੀ ਲਿਖੀ-'ਇਸਲਾਮ ਦੀ ਸਰਬ ਉਤਮਤਾ ਨੂੰ ਨਾ ਮੰਨਣ ਵਾਲੇ ਅਕਬਰ ਬਾਦਸ਼ਾਹ ਦੀ ਮੌਤ ਦੀ ਖ਼ਬਰ ਅਤੇ 'ਇਸਲਾਮ ਦੇ ਬਾਦਸ਼ਾਹ' ਦੇ ਤਖਤ ਉਤੇ ਬੈਠਣ ਦੀ ਖ਼ਬਰ, ਅੱਜ ਸਾਰੇ ਸੱਚੇ ਮੁਸਲਮਾਨਾਂ ਨੇ ਬੜੇ ਚਾਅ ਨਾਲ ਸੁਣੀ ਤੇ ਸਭ ਨੇ ਫੈਸਲਾ ਕੀਤਾ ਕਿ ਇਸਲਾਮ ਦੇ ਬਾਦਸ਼ਾਹ ਜਹਾਂਗੀਰ ਨੂੰ ਪੂਰੀ-ਪੂਰੀ ਮਦਦ ਦਿੱਤੀ ਜਾਏ ਤਾਂ ਕਿ ਇਸਲਾਮ ਦਾ ਭਰਪੂਰ ਪਾਸਾਰਾ ਕਰਕੇ, ਇਸਦੀ ਤਾਕਤ ਵਿੱਚ ਵਾਧਾ ਕੀਤਾ ਜਾਏ।'

(ਮਕਤੂਬਾਤਿ-ਇਮਾਮ-ਰਬਾਨੀ, ਚਿੱਠੀ ਨੰਬਰ-47)

ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਬਾਦਸ਼ਾਹ ਬਣ ਗਿਆ, ਇਹ ਗੱਲ ਉਹਦੇ ਪੁੱਤਰ ਖੁਸਰੋ ਨੂੰ ਪਸੰਦ ਨਾ ਆਈ। ਉਸ ਰਾਜਗੱਦੀ ਹਾਸਿਲ ਕਰਨ ਲਈ 6 ਅਪ੍ਰੈਲ 1606 ਈ: ਨੂੰ ਬਗ਼ਾਵਤ ਕਰ ਦਿੱਤੀ।ਉਹ ਆਗਰੇ ਤੋਂ ਪੰਜਾਬ ਵੱਲ ਭੱਜ ਤੁਰਿਆ। ਅਸਲ ਵਿੱਚ ਉਹ ਪੰਜਾਬ ਦੀ ਰਾਜਧਾਨੀ ਲਾਹੌਰ 'ਤੇ ਕਾਬਜ਼ ਹੋਣਾ ਚਾਹੁੰਦਾ ਸੀ, ਪਰ ਕਿਸਮਤ ਨੇ ਖੁਸਰੋ ਦਾ ਸਾਥ ਨਾ ਦਿੱਤਾ।ਅੰਤ ਉਹ ਝਨਾਂ ਦਰਿਆ ਪਾਰ ਕਰਨ ਸਮੇਂ ਸੋਧਰੇ ਦੇ ਮੁਕਾਮ 'ਤੇ 27 ਅਪ੍ਰੈਲ 1606 ਈ: ਨੂੰ ਪੂਰੇ 22 ਦਿਨਾਂ ਬਾਅਦ ਆਪਣੇ ਸਾਥੀਆਂ ਸਮੇਤ ਫੜਿਆ ਗਿਆ ਜਹਾਂਗੀਰ, ਖੁਸਰੋ ਦੀ ਬਗ਼ਾਵਤ ਤੋਂ ਬਹੁਤ ਗੁੱਸੇ ਸੀ।ਉਹ ਵੀ ਖੁਸਰੋ ਦਾ ਪਿੱਛਾ ਕਰਦਾ ਆ ਰਿਹਾ ਸੀ।ਰਸਤੇ ਵਿੱਚ ਜਿਸ ਨੇ ਵੀ ਖੁਸਰੋ ਦੀ ਇਮਦਾਦ ਕੀਤੀ ਸੀ, ਜਹਾਂਗੀਰ ਉਨਾਂ ਨੂੰ ਸਖਤ ਸਜ਼ਾਵਾਂ ਦਿੰਦਾ ਹੋਇਆ, ਲਾਹੌਰ ਪਹੁੰਚ ਗਿਆ।ਜਿਨਾਂ ਘੜੰਮ ਚੌਧਰੀਆਂ ਨੇ ਜਹਾਂਗੀਰ ਦੀ ਮਦਦ ਕੀਤੀ ਸੀ, ਉਨਾਂ ਨੂੰ ਇਨਾਮ ਤੇ ਅਹੁਦੇ ਦੇ ਕੇ ਨਿਵਾਜਿਆ।ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ-'ਜਹਾਂਗੀਰ ਨੇ ਖੁਸਰੋ ਦੀਆਂ ਅੱਖਾਂ ਸਿਲਵਾ ਦਿੱਤੀਆਂ। ਇਹ ਕਾਫ਼ੀ ਚਿਰ ਕੈਦ ਰਹਿ ਕੇ, ਸੰਨ 1622 ਈ: ਵਿੱਚ ਮਰ ਗਿਆ।'

ਮਈ 1606 ਈਸਵੀ ਦੇ ਪਹਿਲੇ ਹਫਤੇ ਵਿੱਚ ਖੁਸਰੋ ਦੇ ਸਾਰੇ ਸਾਥੀ ਤਸੀਹੇ ਦੇ ਕੇ ਮਾਰ ਦਿੱਤੇ। ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ: ਪੰਚਮ ਪਾਤਸ਼ਾਹ ਦੀ ਸ਼ਹੀਦੀ ਗਾਥਾ। ਖੁਸਰੋ ਦੀ ਮਦਦ ਕਰਨ ਵਾਲਿਆਂ ਪ੍ਰਤੀ ਜਹਾਂਗੀਰ ਦੇ ਦਿਲ ਵਿੱਚ ਅੰਤਾਂ ਦਾ ਗੁੱਸਾ ਸੀ। ਇਸ ਗੁੱਸੇ ਦਾ ਫਾਇਦਾ ਉਠਾਉਂਦੇ ਹੋਏ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਨੇ ਇੱਕ ਸਾਜ਼ਿਸ਼ ਰਚੀ।ਗੁਰੂ ਅਰਜਨ ਦੇਵ ਜੀ 'ਤੇ ਬਾਗੀ ਖੁਸਰੋ ਦੀ ਮਦਦ ਕਰਨ ਦਾ ਦੋਸ਼ ਮੜ ਕੇ 23 ਮਈ 1606 ਈਸਵੀ ਨੂੰ ਇੱਕ ਸ਼ਿਕਾਇਤ ਜਹਾਂਗੀਰ ਕੋਲ ਪਹੁੰਚਾਈ ਗਈ। ਸ਼ਿਕਾਇਤ ਦੀ ਇਬਾਰਤ ਕੁੱਝ ਇਸ ਤਰਾਂ ਦੀ ਸੀ-'ਗੋਇੰਦਵਾਲ ਵਿਖੇ ਭੱਜੇ ਆਉਂਦੇ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਜੀ ਨੇ ਆਸਰਾ ਦਿੱਤਾ ਤੇ ਸਹਾਇਤਾ ਕੀਤੀ ਤਾਂ ਕਿ ਉਹ ਜਹਾਂਗੀਰ ਦਾ ਮੁਕਾਬਲਾ ਕਰ ਸਕੇ। ਤਖਤ ਹਾਸਿਲ ਕਰਨ ਲਈ ਆਸ਼ੀਰਵਾਦ ਵੀ ਦਿੱਤਾ ਤੇ ਉਹਦੇ ਮੱਥੇ 'ਤੇ ਕੇਸਰ ਦਾ ਤਿਲਕ ਲਗਾਇਆ ਆਦਿ।'

ਬੇਸ਼ੱਕ ਇਹ ਸ਼ਿਕਾਇਤ ਬੇਬੁਨਿਆਦ ਤੇ ਨਿਰਮੂਲ ਹੀ ਸੀ, ਪਰ ਇਸ ਦਾ ਅਸਰ ਕਾਫ਼ੀ ਹੋਇਆ। ਜਹਾਂਗੀਰ ਆਪਣੀ ਸਵੈ ਜੀਵਨੀ ਤੁਜਕਿ-ਜਹਾਂਗੀਰ ਵਿੱਚ ਆਪਣੇ ਮਨ ਦੀ ਭੜਾਸ ਕੱਢਦਾ ਹੋਇਆ ਲਿਖਦਾ ਹੈ-'ਇਨਾਂ ਦਿਨਾਂ ਵਿੱਚ ਹੀ ਖੁਸਰੋ ਨੇ ਦਰਿਆ (ਬਿਆਸ) ਪਾਰ ਕੀਤਾ।ਇਸ ਜ਼ਾਹਲ ਤੇ ਹਕੀਰ ਖੁਸਰੋ ਨੇ ਇਰਾਦਾ ਕੀਤਾ ਕਿ ਉਹ ਇਸਦੇ ਨਜ਼ਦੀਕ ਹੋਏ। ਇਹ ਉਸਨੂੰ ਮਿਲਿਆ ਤੇ ਕਈ ਮਿਥਿਆ ਹੋਈਆਂ ਗੱਲਾਂ ਉਸਨੂੰ ਸੁਣਾਈਆਂ ਤੇ ਕੇਸਰ ਨਾਲ ਇੱਕ ਉਂਗਲੀ ਉਸਦੇ ਮੱਥੇ 'ਤੇ ਲਗਾਈ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ।ਜਦ ਇਹ ਗੱਲ ਮੇਰੇ ਕੰਨਾਂ ਵਿੱਚ ਪਈ, ਤਦ ਮੈਂ ਅੱਗੇ ਹੀ ਇਨਾਂ ਦੇ ਝੂਠ ਨੂੰ ਚੰਗੀ ਤਰਾਂ ਜਾਣਦਾ ਸੀ।ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜਰ ਕੀਤਾ ਜਾਵੇ ਅਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ 'ਸਿਆਸਤ ਤੇ ਯਾਸਾ' ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।' ਜਹਾਂਗੀਰ ਦੀ ਲਿਖਤ ਵਿੱਚ ਆਏ ਸ਼ਬਦ-'ਕਿਤਨੇ ਸਮੇਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਤੇ ਜਾਂ ਉਸਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।' ਤੇ ਉੱਪਰ ਲਿਖੇ ਪਹਿਰੇ ਵਿੱਚ ਆਏ ਸ਼ਬਦ-'ਇਹ ਗੱਲ ਮੇਰੇ ਕੰਨਾਂ ਵਿੱਚ ਪਈ, ਤਦ ਮੈਂ ਅੱਗੇ ਹੀ ਇਨਾਂ ਦੇ ਝੂਠ ਨੂੰ ਚੰਗੀ ਤਰਾਂ ਜਾਣਦਾ ਸੀ।' ਹੀ ਅਸਲ ਵਿੱਚ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਮੁੱਖ ਕਾਰਨ ਸੀ। ਜਹਾਂਗੀਰ ਦੇ ਮਨ ਵਿੱਚ ਬੜੇ ਚਿਰਾਂ ਤੋਂ ਇਹ ਲਾਲਸਾ ਸੀ ਕਿ ਕਿਵੇਂ ਨਾ ਕਿਵੇਂ ਤੇ ਕਿਸੇ ਬਹਾਨੇ ਗੁਰੂ ਘਰ ਨੂੰ ਤਹਿਸ ਨਹਿਸ ਕੀਤਾ ਜਾਵੇ।ਬਾਕੀ ਉਸ ਬਾਦਸ਼ਾਹ ਬਣਨ ਤੋਂ ਪਹਿਲਾਂ ਮਦਦ ਕਰਨ ਵਾਲੇ ਸ਼ੇਖ ਅਹਿਮਦ ਸਰਹੰਦੀ ਨਾਲ ਗੈਰ-ਮੁਸਲਮਾਨਾਂ ਨੂੰ ਕੁਚਲਣ ਦਾ ਵਾਅਦਾ ਕੀਤਾ ਸੀ। ਜਿਸ ਸਦਕਾ ਇਸ ਮਨਘੜਤ ਕਹਾਣੀ ਰਾਹੀਂ ਪੰਚਮ ਪਾਤਸ਼ਾਹ ਨੂੰ ਸ਼ਹੀਦ ਕਰਨ ਦਾ ਰਾਹ ਪੱਧਰਾ ਹੋ ਗਿਆ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਹਾਂਗੀਰ ਨੇ ਗੁਰੂ ਸਾਹਿਬ ਜੀ ਨੂੰ 'ਯਾਸਾ ਤੇ ਸਿਆਸਤ' ਕਾਨੂੰਨ ਅਧੀਨ ਕਤਲ ਕਰਨ ਦਾ ਹੁਕਮ ਕਿਉਂ ਦਿੱਤਾ? ਜਹਾਂਗੀਰ ਲਿਖਦਾ ਹੈ-'ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ।ਉਸਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸਦਾ ਮਾਲ ਅਸਬਾਬ ਜ਼ਬਤ ਕਰਕੇ, ਉਸਨੂੰ ਯਾਸਾ ਤੇ ਸਿਆਸਤ ਨਿਯਮ ਅਨੁਸਾਰ ਸਖਤ ਤਸੀਹੇ ਦੇ ਕੇ ਮਾਰ ਦਿੱਤਾ ਜਾਏ।' ਇਹ 'ਸਿਆਸਤ-ਵ-ਬ-ਯਾਸਾ' ਨਾਮਕ ਕਾਨੂੰਨ ਕੀ ਹੈ? ਕਈ ਵਿਦਵਾਨਾਂ ਨੇ ਯਾਸਾ ਸ਼ਬਦ ਦਾ ਅਰਥ ਤਸੀਹੇ ਕੀਤੇ ਹਨ ਤੇ ਇਸ ਦਾ ਸੰਬੰਧ ਤੁਰਕੀ ਭਾਸ਼ਾ ਨਾਲ ਜੋੜਿਆ ਹੈ, ਪਰ ਇਸ ਸ਼ਬਦ ਦਾ ਮੂਲ ਸਥਾਨ ਮੰਗੋਲੀ ਭਾਸ਼ਾ ਹੈ।

ਮੱਧ ਯੁੱਗ ਦੇ ਇਤਿਹਾਸ ਵਿੱਚ ਮੰਗੋਲ ਸ਼ਾਸ਼ਕਾਂ ਦੇ ਰਾਜ ਪ੍ਰਬੰਧ ਦਾ ਜ਼ਿਕਰ ਕਈ ਤਵਾਰੀਖਾਂ ਵਿੱਚ ਹੈ।ਮੱਧ ਯੁੱਗ ਵਿੱਚ ਕਈ ਅਜਿਹੇ ਸਾਮਰਾਜਾਂ ਦਾ ਵੀ ਜ਼ਿਕਰ ਆਉਂਦਾ ਏ, ਜਿਨਾਂ ਦਾ ਰਾਜ ਚੀਨ ਤੋਂ ਯੂਰਪ, ਉੱਤਰ ਵਿੱਚ ਰੂਸ ਤੇ ਦੱਖਣ ਵਿੱਚ ਫਰਾਂਸ ਤੱਕ ਫੈਲਿਆ ਹੋਇਆ ਸੀ।ਮੰਗੋਲ ਮੱਧ ਏਸ਼ੀਆ ਦੇ ਬਨਜਾਰਾ ਕਬੀਲਿਆਂ ਦੇ ਸਮੂਹ ਦਾ ਨਾਂ ਸੀ, ਜੋ ਬੇਜੋੜ ਘੋੜ ਸਵਾਰ ਤੇ ਬਹਾਦਰ ਸਨ।ਇਨਾਂ ਬਨਜਾਰਾਂ ਕਬੀਲਿਆਂ ਦਾ ਮੁੱਖ ਧੰਦਾ ਲੁੱਟ ਮਾਰ ਸੀ।ਆਪਸੀ ਲੜਾਈ ਤੇ ਵੈਰ ਵਿਰੋਧ ਬਹੁਤ ਹੱਦ ਤੱਕ ਵਧ ਚੁੱਕਾ ਸੀ।

ਸੰਨ 1162 ਈ: ਵਿੱਚ ਇੱਕ ਕਬੀਲੇ ਵਿੱਚ ਤੈਮੂਇਨ ਨਾਂ ਦੇ ਲੜਕੇ ਨੇ ਜਨਮ ਲਿਆ।ਉਸ ਲੜਕੇ ਦਾ ਪਿਉ ਕਬੀਲਿਆਂ ਦੀ ਆਪਸੀ ਲੜਾਈ ਵਿੱਚ ਮਰ ਚੁੱਕਾ ਸੀ। ਤੈਮੂਇਨ ਨੇ ਜਵਾਨ ਅਵਸਥਾ ਵਿੱਚ ਹੀ ਆਪਣੇ ਪਿਤਾ ਦੀ ਥਾਂ ਤੇ ਆਪਣੇ ਕਬੀਲੇ ਦੀ ਵਾਗਡੋਰ ਸੰਭਾਲ ਲਈ। ਤੈਮੂਇਨ ਦਾ ਮੁੱਖ ਮੰਤਵ ਆਪਣੇ ਪਿਤਾ ਦੇ ਕਾਤਲ ਤੋਂ ਬਦਲਾ ਲੈਣਾ ਸੀ, ਜਿਸ ਵਿੱਚ ਉਹ ਕਾਮਯਾਬ ਵੀ ਹੋਇਆ।ਬਦਲਾ ਲੈਣ ਉਪਰੰਤ ਉਸ ਨੇ ਕਬੀਲੇ ਨੂੰ ਵਧੀਆ ਢੰਗ ਨਾਲ ਲਾਮਬੰਦ ਕਰਕੇ, ਸੰਨ 1206 ਈ: ਤੱਕ ਸਾਰੇ ਮੰਗੋਲੀ ਕਬੀਲਿਆਂ ਦਾ ਸਰਦਾਰ ਬਣ ਗਿਆ।ਸਰਦਾਰ ਬਣਨ ਉਪਰੰਤ ਉਸਨੇ 'ਚੰਗੇਜ਼ ਖਾਨ' ਦੀ ਉਪਾਧੀ ਧਾਰਨ ਕੀਤੀ। ਚੰਗੇਜ਼ ਖਾਨ ਦਾ ਭਾਵ ਸਭ ਦਾ ਬਾਦਸ਼ਾਹ ਹੈ। ਸੰਨ 1207 ਈ: ਵਿੱਚ ਚੰਗੇਜ਼ ਖਾਨ ਨੇ ਆਪਣੇ ਰਾਜ ਪ੍ਰਬੰਧ ਨੂੰ ਚਲਾਉਣ ਲਈ ਕਾਨੂੰਨਾਂ ਤੇ ਦੰਡਾਵਲੀ ਦੇ ਨਿਯਮਾਂ ਦੀ ਕਿਤਾਬ ਭਾਵ ਸੰਵਿਧਾਨ ਤਿਆਰ ਕਰਵਾਇਆ, ਜਿਸ ਦਾ ਨਾਮ 'ਬਿਲੀਕ' ਸੀ। ਚੰਗੇਜ਼ ਖਾਨ 'ਸਮਨ' ਨਾਮਕ ਧਰਮ ਨਾਲ ਸੰਬੰਧਿਤ ਸੀ।ਬੇਸ਼ੱਕ ਸਮਨ ਇੱਕ ਅੰਧ-ਵਿਸ਼ਵਾਸ਼ੀ ਧਰਮ ਸੀ, ਜਿਸ ਵਿੱਚ ਰੁੱਖਾਂ, ਪ੍ਰੇਤਾਂ, ਰੂਹਾਂ ਤੇ ਨਾਗਾਂ ਦੀ ਪੂਜਾ ਦਾ ਵਿਧਾਨ ਸੀ।ਇਸ ਧਰਮ ਨਾਲ ਸੰਬੰਧਿਤ ਧਾਰਮਿਕ ਆਗੂਆਂ ਨੂੰ 'ਬਿੱਕੀ' ਕਿਹਾ ਜਾਂਦਾ ਸੀ।ਇਹ ਸਤਿਕਾਰ ਕਾਜ਼ੀ, ਜਥੇਦਾਰ, ਪੰਡਿਤ ਤੇ ਪਾਦਰੀ ਵਾਂਗ ਸੀ।ਅਗਰ ਕਿਸੇ ਸਮਨ ਧਰਮ ਦੇ ਧਾਰਮਿਕ ਆਗੂ ਬਿੱਕੀ ਕੋਲੋਂ ਕੋਈ ਅਜਿਹਾ ਪਾਪ ਕਰਮ ਹੋ ਜਾਏ ਤੇ ਉਸਨੂੰ ਸਜ਼ਾ ਦੇਣੀ ਪਵੇ ਤਾਂ ਚੰਗੇਜ਼ੀ ਸੰਵਿਧਾਨ ਬਿਲੀਕ ਅਨੁਸਾਰ ਉਸ ਬਿੱਕੀ 'ਤੇ ਸੰਵਿਧਾਨ ਦੀ ਧਾਰਾ 'ਸਿਆਸਤ-ਵ-ਬ-ਯਾਸਾ' ਲੱਗਦੀ ਸੀ।

ਮੰਗੋਲੀ ਲੋਕਾਂ ਦਾ ਵਿਸ਼ਵਾਸ ਸੀ ਕਿ ਜੇ ਕਿਸੇ ਬਿੱਕੀ ਜਾਂ ਧਾਰਮਿਕ ਆਗੂ ਦਾ ਖ਼ੂਨ ਜ਼ਮੀਨ ਉਤੇ ਡੁੱਲ ਜਾਵੇ ਤਾਂ ਉਸ ਖ਼ੂਨ ਤੋਂ ਕਈ ਅਜਿਹੀਆਂ ਸ਼ਕਤੀਸ਼ਾਲੀ ਰੂਹਾਂ ਜਨਮ ਲੈਂਦੀਆਂ ਹਨ, ਜੋ ਕਬੀਲੇ ਦੇ ਲੋਕਾਂ ਨੂੰ ਦੁੱਖ ਪਹੁੰਚਦੀਆਂ ਹਨ। ਸਿਆਸਤ ਤੇ ਯਾਸਾ ਨਾਮਕ ਧਾਰਾ ਅਜਿਹੇ ਹੀ ਤਸੀਹਿਆਂ ਦੀ ਸੂਚੀ ਸੀ, ਜਿਨਾਂ ਨਾਲ ਧਾਰਮਿਕ ਆਗੂਆਂ ਨੂੰ ਖਤਮ ਕੀਤਾ ਜਾਏ, ਪਰ ਉਨਾਂ ਦਾ ਖ਼ੂਨ ਜ਼ਮੀਨ 'ਤੇ ਨਾ ਡੁੱਲੇ। **A Short History Of Chinese Civilisation** ਵਿੱਚ ਲਿਖਿਆ ਏ-'ਚੰਗੇਜ਼ ਖਾਨ ਦੇ ਜਰਨੈਲ ਮੁਖਾਲੀ ਨੂੰ ਇੱਕ ਵਾਰ ਕੁੱਝ ਬਿੱਕੀਆਂ ਨੂੰ ਦੰਡ ਦੇਣਾ ਪਿਆ, ਉਸ ਨੇ ਕੁੱਝ ਨੂੰ ਗਰਮ ਪਾਣੀ ਵਿਚ ਉਬਾਲ ਕੇ ਖਤਮ ਕਰ ਦਿੱਤਾ ਤੇ ਕੁੱਝ ਨੂੰ ਹੱਥ ਪੈਰ ਬੰਨ ਕੇ ਦਰਿਆ ਵਿਚ ਰੋੜ ਦਿੱਤਾ ਤਾਂ ਜੋ ਖ਼ੂਨ ਨਾ ਡੁੱਲੇ।' ਚੰਗੇਜ਼ ਖਾਨ ਦੀ ਅਗਵਾਈ ਵਿੱਚ ਮੰਗੋਲ ਬਹੁਤ ਵੱਡਾ ਸਾਮਰਾਜ ਬਣ ਚੁੱਕਾ ਸੀ ਤੇ ਆਪਣੀ ਜ਼ਿੰਦਗੀ ਦੇ ਅੰਤਲੇ ਸਾਲਾਂ ਵਿੱਚ ਚੰਗੇਜ਼ ਖਾਨ ਨੇ ਇਸਲਾਮ ਧਰਮ ਅਪਣਾ ਲਿਆ ਸੀ।ਸੋ ਇਸ ਤਰਾਂ ਉਹਦੇ ਬਣਾਏ ਕਾਨੂੰਨ ਅੱਗੇ ਮੁਗਲਾਂ ਤੱਕ ਉਸੇ ਤਰਾਂ ਬਰਕਰਾਰ ਰਹੇ।ਗੁਰੂ ਅਰਜਨ ਦੇਵ ਜੀ ਨੂੰ ਵੀ ਮੰਗੋਲੀ ਦੰਡਾਵਲੀ ਦੇ ਨਿਯਮਾਂ ਅਧੀਨ ਹੀ ਸ਼ਹੀਦ ਕੀਤਾ ਗਿਆ।ਭਾਵ ਤੱਤੀ ਤਵੀ 'ਤੇ ਬਿਠਾਉਣਾ, ਸੀਸ 'ਤੇ ਗਰਮ ਰੇਤਾ ਪਾਉਣਾ, ਪਾਣੀ ਵਿੱਚ ਉਬਾਲਣਾ ਤੇ ਦਰਿਆ ਵਿੱਚ ਰੋਹੜ ਦੇਣਾ ਆਦਿ, ਜਿਸ ਨਾਲ ਜ਼ਮੀਨ 'ਤੇ ਖ਼ੂਨ ਨਾ ਡੁੱਲੇ।

ਯਾਸਾ ਕਾਨੂੰਨ ਅਨੁਸਾਰ ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾਇਆ। ਗਰਮ ਰੇਤਾ ਸੀਸ 'ਤੇ ਪਾਈ, ਪਰ ਗੁਰੂ ਸਾਹਿਬ ਜੀ ਹਰ ਕਸ਼ਟ ਨੂੰ ਝੱਲਦੇ ਹੋਏ, ਭਾਣੇ ਵਿੱਚ ਅਡੋਲ ਰਹੇ ਤਾਂ ਮੁਗਲਾਂ ਨੇ ਗੁਰੂ ਸਾਹਿਬ ਜੀ ਨੂੰ ਦਰਿਆ ਰਾਵੀ ਦੇ ਕੰਢੇ ਲਿਆ ਸੁੱਟਿਆ। ਮੁਗਲਾਂ ਤੇ ਗੁਰੂ ਦੋਖੀਆਂ ਨੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ।ਇੱਕ ਪੱਥਰ ਗੁਰੂ ਜੀ ਦੇ ਭਰਵੱਟੇ ਉੱਪਰ ਲੱਗਾ, ਜਿਸ ਨਾਲ ਖ਼ੂਨ ਵਗ ਪਿਆ। ਖ਼ੂਨ ਵਗਣ ਨਾਲ ਸਿਆਸਤ-ਵ-ਬ-ਯਾਸਾ ਕਾਨੂੰਨ ਦੀ ਉਲੰਘਣਾ ਹੋ ਗਈ, ਜਿਸ ਤੋਂ ਮੁਗਲ ਅਹਿਲਕਾਰਾਂ ਨੇ ਡਰਕੇ ਛੇਤੀ-ਛੇਤੀ ਗੁਰੂ ਜੀ ਨੂੰ ਦਰਿਆ ਵਿੱਚ ਰੋਹੜ ਦਿੱਤਾ।ਕੇਸਰ ਸਿੰਘ ਛਿੱਬਰ ਬੰਸਾਵਲੀਨਾਮਾ ਵਿੱਚ ਲਿਖਦੇ ਹਨ : -

ਇਕਸੁ ਮੁਗਲੇ ਕਾਪਰ ਨੇ ਮੰਦਾ ਅਲਾਈ।
ਸੋ ਭਰਵੱਟੇ ਉਪਰ ਚੋਟ ਆਇ ਲੱਗੀ।
ਚਲਿਆ ਲਹੂ, ਧਾਰਾ ਵਗੀ।
ਤਿਸ ਚੋਟ ਕਰ ਛੁਟੀ ਦੇਹ।
ਪਈ ਦੁਸ਼ਟਾਂ ਦੇ ਸਿਰ ਖੇਹ।

ਸੋ ਇਸ ਕਾਨੂੰਨ ਤਹਿਤ ਜਹਾਂਗੀਰ ਨੇ ਗੁਰੂ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ।ਇਸ ਸ਼ਿਕਾਇਤ ਵਿੱਚ ਬਾਗੀ ਖੁਸਰੋ ਨੂੰ ਜਹਾਂਗੀਰ ਵਿਰੁੱਧ ਭੜਕਾਉਣ ਦੀਆਂ ਝੂਠੀਆਂ ਕਹਾਣੀਆਂ ਦਾ ਵੇਰਵਾ ਦਿੱਤਾ। ਜਦ ਕਿ ਗੁਰੂ ਸਾਹਿਬ ਜੀ ਦਾ ਖੁਸਰੋ ਨਾਲ ਕੋਈ ਮੇਲ ਮਿਲਾਪ ਈ ਨਹੀਂ ਹੋਇਆ। ਸਮਕਾਲੀ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਜਦ ਖੁਸਰੋ ਗੋਇੰਦਵਾਲ ਸਾਹਿਬ ਤੋਂ ਲੰਘਿਆ, ਉਸ ਵਕਤ 26 ਅਪ੍ਰੈਲ ਤੋਂ ਲੈ ਕੇ 22 ਮਈ ਤੱਕ ਪੰਚਮ ਪਾਤਸ਼ਾਹ ਜੀ ਗੋਇੰਦਵਾਲ ਹੈ ਈ ਨਹੀਂ ਸੀ, ਸਗੋਂ ਤਰਨਤਾਰਨ ਵਿਖੇ ਸਨ।ਖੁਸਰੋ ਨਾਲ ਮਿਲਾਪ ਹੋਣ ਵਾਲੀ ਘਟਨਾ ਇਤਿਹਾਸ ਦੀ ਕਸੌਟੀ 'ਤੇ ਖਰੀ ਨਹੀਂ ਉਤਰਦੀ। ਮਗਰ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਮੁੱਖ ਕਾਰਨ ਖੁਸਰੋ ਨਾਲ ਹੋਈ ਮੁਲਾਕਾਤ ਹੀ ਬਣਦੀ ਹੈ।ਸਮਕਾਲੀ ਲਿਖਤਾਂ ਦੀ ਚੀਰ ਫਾੜ ਕਰਨ ਉਪਰੰਤ ਸਿੱਟਾ ਨਿਕਲਦਾ ਹੈ ਕਿ ਇਹ ਗੁਰੂ ਸਾਹਿਬ ਜੀ ਦੇ ਵਿਰੋਧੀਆਂ ਵਲੋਂ ਘੜੀ ਗਈ ਇੱਕ ਨਿਰਮੂਲ ਸਾਜ਼ਿਸ਼ ਸੀ, ਜਿਸ ਵਿੱਚ ਨਕਸ਼ਬੰਦੀ, ਸ਼ੇਖ ਅਹਿਮਦ ਸਰਹੰਦੀ, ਫਰੀਦ ਬੁਖਾਰੀ, ਚੰਦੂ, ਕਾਜ਼ੀ ਤੇ ਬ੍ਰਾਹਮਣ ਆਦਿ ਸ਼ਾਮਿਲ ਸਨ।

6 ਅਪ੍ਰੈਲ 1606 ਈ: ਨੂੰ ਜਦ ਖੁਸਰੋ ਆਗਰੇ ਤੋਂ ਬਗ਼ਾਵਤ ਕਰਕੇ ਲਾਹੌਰ ਵੱਲ ਤੁਰਦਾ ਹੈ ਤਾਂ ਉਸੇ ਵਕਤ ਜਹਾਂਗੀਰ ਬਾਦਸ਼ਾਹ ਵੀ ਖੁਸਰੋ ਦੀ ਬਗਾਵਤ ਨੂੰ ਦਬਾਉਣ ਲਈ ਫੌਜ ਸਮੇਤ ਪਿੱਛਾ ਕਰਦਾ ਹੈ। ਜਿਥੋਂ-ਜਿਥੋਂ ਖੁਸਰੋ ਲੰਘਦਾ ਹੈ, ਠਹਿਰਦਾ ਹੈ ਜਾਂ ਕਿਤੇ ਕੋਈ ਮਦਦ ਮਿਲਦੀ ਹੈ। ਇਹਦੀ ਸਾਰੀ ਖ਼ਬਰ ਜਹਾਂਗੀਰ ਨੂੰ ਮਿਲਦੀ ਜਾਂਦੀ ਹੈ ਤੇ ਉਹ ਨਾਲ ਦੀ ਨਾਲ ਦੋਸ਼ੀਆਂ ਨੂੰ ਸਜ਼ਾਵਾਂ ਦਿੰਦਾ ਜਾਂਦਾ ਹੈ।ਜਹਾਂਗੀਰ ਲਿਖਦਾ ਹੈ- '16 ਤਾਰੀਖ਼ ਜ਼ੀਉਲਹਜ ਮੁਤਾਬਿਕ (17 ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ।17 ਜ਼ੀਉ: (16 ਅਪ੍ਰੈਲ) ਦੀ ਸਵੇਰ ਨੂੰ ਸੁਲਤਾਨਪੁਰ ਪਹੁੰਚਿਆ।ਏਥੇ ਦੁਪਹਿਰ ਤੱਕ ਰਿਹਾ।ਫਿਰ ਪੁਲ ਤੋਂ ਪਾਰ ਹੋ ਕੇ ਗੋਇੰਦਵਾਲ ਪੁੱਜਾ।ਏਥੇ ਖ਼ਬਰ ਮਿਲੀ ਕਿ ਖੁਸਰੋ 'ਤੇ ਫਤਹਿ ਹੋ ਗਈ ਏ।ਹੁਣ ਬਾਦਸ਼ਾਹ ਸਹਿਜੇ-ਸਹਿਜੇ ਮੁਕਾਮ ਕਰਦਾ ਹੋਇਆ 28 ਜ਼ੀਉ: (27 ਅਪ੍ਰੈਲ) ਨੂੰ ਜੈਪਾਲ ਪਹੁੰਚਦਾ ਹੈ।ਇਹ ਪਿੰਡ ਲਾਹੌਰ ਤੋਂ 7 ਕੋਹ ਉਰੇ ਹੈ। 17 ਤੋਂ 28 ਜ਼ੀਉ: (16 ਤੋਂ 27 ਅਪ੍ਰੈਲ) ਤੱਕ ਲਗਭਗ 12 ਦਿਨ ਜਹਾਂਗੀਰ ਮਾਝੇ ਵਿੱਚ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਰਿਪੋਰਟ ਅਥਵਾ ਖ਼ਬਰ ਜਹਾਂਗੀਰ ਦੇ ਕੰਨਾਂ ਤੱਕ ਨਹੀਂ ਅੱਪੜਦੀ।ਹੁਣ ਇਹ ਗੱਲ ਸੰਘ ਤੋਂ ਥੱਲੇ ਨਹੀਂ ਉਤਰਦੀ ਕਿ ਗੁਰੂ ਸਾਹਿਬ ਜੀ ਖੁਸਰੋ ਨੂੰ ਮਿਲੇ ਹੋਣ ਤੇ ਜਹਾਂਗੀਰ ਨੂੰ ਮਾਝੇ ਦੀ (ਸੁਲਤਾਨਪੁਰ ਤੇ ਗੋਇੰਦਵਾਲ ਆਦਿ) ਧਰਤੀ 'ਤੇ ਮੌਜੂਦ ਹੋਣ ਦੇ ਬਾਵਜੂਦ ਵੀ ਖ਼ਬਰ ਨਾ ਮਿਲੇ।ਇਹ ਗੱਲ ਮੰਨਣ ਵਿੱਚ ਨਹੀਂ ਆਉਂਦੀ।ਜਹਾਂਗੀਰ ਦੀ ਖੁਫ਼ੀਆ ਏਜੰਸੀ ਦੇ ਬੰਦੇ ਚੱਪੇ-ਚੱਪੇ 'ਤੇ ਸਰਗਰਮ ਸਨ।ਇਤਿਹਾਸ ਦੇ ਲੇਖ ਅਨੁਸਾਰ-"ਜਿਸ ਦਿਨ ਖੁਸਰੋ ਬਗਾਵਤ ਕਰਕੇ ਭੱਜਿਆ ਸੀ, ਉਸੇ ਦਿਨ ਤੋਂ ਹੀ ਜਹਾਂਗੀਰ ਨੇ ਰਾਜਾ ਬਾਸੂ ਨੂੰ ਖੁਸਰੋ ਬਾਰੇ ਖਬਰਾਂ ਲੈਣ ਤੇ ਉਸਨੂੰ ਪਕੜਣ ਲਈ ਪਿੱਛੇ ਲਾ ਦਿੱਤਾ ਸੀ।ਇਹ ਰਾਜਾ ਬਾਸੂ ਪੰਜਾਬ ਦਾ ਸੀ, ਪਰ ਏਹਨੂੰ ਵੀ ਗੁਰੂ ਸਾਹਿਬ ਜੀ ਤੇ ਖੁਸਰੋ ਦੇ ਮਿਲਾਪ ਦੀ ਖ਼ਬਰ ਨਾ ਮਿਲੀ।'

1 ਤੋਂ 7 ਮਈ ਤੱਕ ਜਹਾਂਗੀਰ ਨੇ ਖੁਸਰੋ ਦੀ ਬਗਾਵਤ ਦਾ ਸਾਰਾ ਹਿਸਾਬ ਕਿਤਾਬ ਖਤਮ ਕਰ ਦਿੱਤਾ, ਮਗਰ ਗੁਰੂ ਸਾਹਿਬ ਜੀ ਤੇ ਖੁਸਰੋ ਦੇ ਮਿਲਾਪ ਦੀ ਖ਼ਬਰ ਅਜੇ ਤੱਕ ਵੀ ਨਹੀਂ ਮਿਲੀ।ਖੁਸਰੋ ਦੇ ਫੜੇ ਹੋਏ ਸਾਥੀਆਂ ਨੂੰ ਤਸੀਹੇ ਦੇ-ਦੇ ਕੇ ਖੁਸਰੋ ਦੀ ਸਹਾਇਤਾ ਕਰਨ ਵਾਲੇ ਮਦਦਗਾਰਾਂ ਬਾਰੇ ਪੁੱਛਿਆ, ਪਰ ਉਨਾਂ ਵਿਚੋਂ ਵੀ ਕਿਸੇ ਨੇ ਗੁਰੂ ਸਾਹਿਬ ਜੀ ਨਾਲ ਮਿਲਾਪ ਦੀ ਗੱਲ ਦਾ ਜ਼ਿਕਰ ਤੱਕ ਨਹੀਂ ਕੀਤਾ।

**ਬਾਕੀ ਸਫ਼ਾ 29 'ਤੇ**

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਸ਼ਹੀਦੀ

**ਜ਼ੋਰਾਵਰ ਸਿੰਘ ਤਰਸਿੱਕਾ**

ਜਹਾਂਗੀਰ ਆਪਣੀ 'ਤੌਜ਼ਕਿ ਜਹਾਂਗੀਰੀ' ਵਿਚ ਲਿਖਦਾ ਹੈ : 'ਗੋਇੰਦਵਾਲ ਜੋ ਕਿ ਦਰਿਆਏ ਬਿਆਸ ਦੇ ਕੰਢੇ 'ਤੇ ਹੈ, ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ ਗੁਰੂ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ । ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ ਨਾਲ ਸਿਦਕੀ ਬਣਾ ਕੇ, ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਾਜਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ ਤੇ ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਕੇ ਪਾਸ ਆ ਕੇ ਉਸ ਉਤੇ ਪੂਰਾ ਇਤਬਾਰ ਜ਼ਾਹਰ ਕਰਦੇ ਸਨ । ਤਿੰਨ ਚਾਰ ਪੀੜ੍ਹੀਆਂ ਤੋਂ ਉਨਾਂ ਦੀ ਇਹ ਦੁਕਾਨ ਗਰਮ ਸੀ । ਕਿਤਨੇ ਚਿਰ ਤੋਂ ਮੇਰੇ ਦਿਲ 'ਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ। ਇਨਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਹੋਇਆ । ਇਸ ਜਾਹਿਲ ਤੇ ਹਕੀਰ ਇਰਾਦਾ ਕੀਤਾ ਕਿ ਉਸ (ਗੁਰੂ) ਦੇ ਨਜ਼ਦੀਕ ਰਹੇ, ਗੁਰੂ ਦੇ ਰਹਿਣ ਦੀ ਥਾਂ ਸੀ ਜਿਥੇ ਖੁਸਰੋ ਨੇ ਪੜਾਅ ਕੀਤਾ। ਗੁਰੂ ਉਸ ਨੂੰ ਮਿਲਿਆ ਤੇ ਕਈ ਮਿਥੀਆਂ ਹੋਈਆਂ ਗੱਲਾਂ ਉਸਨੂੰ ਸੁਣਾਈਆਂ ਅਤੇ ਕੇਸਰ ਦਾ ਟਿੱਕਾ ਇਕ ਉਂਗਲੀ ਨਾਲ ਉਸ ਦੇ ਮੱਥੇ 'ਤੇ ਲਾਇਆ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਜਾਣਦੇ ਹਨ । (ਖੁਸਰੋ) ਨੇ ਜਿਥੇ ਕਿ 'ਜਦ ਇਹ ਗੱਲ ਮੇਰੇ ਕੰਨੀਂ ਪਈ ਤਦ ਮੈਂ ਅਗੇ ਹੀ ਉਸ ਦੇ ਝੂਠ ਨੂੰ ਚੰਗੀ ਤਰਾਂ ਜਾਣਦਾ ਸੀ। ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਤੇ ਉਸਦੇ ਘਰ ਘਾਟ ਤੇ ਬੱਚਿਆ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿਤਾ ਕਿ ਉਸ ਨੂੰ ਡਰਾਉਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਵੇ। ਜਹਾਂਗੀਰ ਦੀ ਆਪਣੀ ਇਸ ਲਿਖਤ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਸ ਨੇ ਗੁਰੂ ਜੀ ਨੂੰ ਕਿਉਂ ਸ਼ਹੀਦ ਕੀਤਾ ? ਉਹ ਸਿੱਖੀ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ। ਇਸ ਦਾ ਸਾਫ ਮਤਲਬ ਇਹ ਹੈ ਕਿ ਉਹ ਸਿੱਖੀ ਨੂੰ ਮਿਟਾਉਣਾ ਚਾਹੁੰਦਾ ਸੀ । ਉਸ ਦਾ ਖਿਆਲ ਸੀ ਕਿ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ ਜਾਂ ਮਾਰ ਦਿਤਾ ਜਾਵੇ। ਖੁਸਰੋ ਦੀ ਇਮਦਾਦ ਤਾਂ ਇਕ ਬਹਾਨਾ ਸੀ। ਮਹਿਮਾ ਪ੍ਰਕਾਸ਼ ਦੀ ਲਿਖਤ ਦਸਦੀ ਹੈ ਕਿ ਗੁਰੂ ਜੀ ਨੇ ਦੁਖੀ ਸਮਝ ਕੇ ਖੁਸਰੋ ਦੀ ਸੇਵਾ ਕੀਤੀ । ਦੀਨ ਦੁਖੀਆਂ ਦੀ ਸੇਵਾ ਕਰਨੀ ਸਿੱਖੀ ਦਾ ਆਦਰਸ਼ ਹੈ। ਇਸ ਵਿਚ ਰਾਜ-ਨੀਤੀ, ਦੋਸਤੀ ਜਾਂ ਦੁਸ਼ਮਣੀ ਦਾ ਕੋਈ ਦਖਲ ਨਹੀਂ। ਜਹਾਂਗੀਰ, ਕਹਿੰਦਾ ਹੈ ਕਿ ਗੁਰੂ ਜੀ ਨੇ ਖੁਸਰੋ ਨੂੰ ਟਿੱਕਾ ਲਾਇਆ ਤੇ ਉਸ ਦੇ ਹੱਕ ਵਿਚ ਪੇਸ਼ੀਨਗੋਈ ਕੀਤੀ। ਮੁਹਸਨ ਫ਼ਾਨੀ ਲਿਖਦਾ ਹੈ ਕਿ ਦੁਆ ਕੀਤੀ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਸਫਰ ਲਈ ਪੰਜ ਹਜ਼ਾਰ ਰੁਪਿਆ ਦਿੱਤਾ। ਇਹ ਠੀਕ ਨਹੀਂ। ਗੁਰੂ ਕਿਸੇ ਨੂੰ ਗੁਰਗੱਦੀ ਤੋਂ ਬਿਨਾਂ ਤਿਲਕ ਨਹੀਂ ਲਾਉਂਦੇ ਸਨ। ਉਨਾਂ ਕਦੀ ਪ੍ਰਾਰਥਨਾ ਕਿਸੇ ਦੀ ਬਾਦਸ਼ਾਹਤ ਲਈ ਨਹੀਂ ਕੀਤੀ। ਗੁਰੂ ਅੰਗਦ ਦੇਵ ਜੀ ਦੇ ਸਮੇਂ ਹਮਾਯੂੰ ਭੀ ਤੇ ਇਹੀ ਚਾਹੁੰਦਾ ਸੀ। ਪਰ ਗੁਰੂ ਜੀ ਨੇ ਇਨਕਾਰ ਕੀਤਾ ਸੀ। ਜਹਾਂਗੀਰ ਦੀ ਆਪਣੀ ਲਿਖਤ ਤੋਂ ਪਤਾ ਲਗਦਾ ਹੈ ਕਿ ਖਵਾਜਾ ਨਜ਼ਾਮ ਦੀਨ ਥਾਨੇਸਰੀ ਭੀ ਖੁਸਰੋ ਨੂੰ ਮਿਲਿਆ। ਉਸ ਨੇ ਸ਼ਾਹਜ਼ਾਦੇ ਦੇ ਹੱਕ ਵਿਚ ਦੁਆ ਕੀਤੀ। ਜਹਾਂਗੀਰ ਕਹਿੰਦਾ ਹੈ-'ਮੈਂ ਖਵਾਜੇ ਨੂੰ ਸਫਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿੱਤਾ। ਮੁਸਲਮਾਨ ਫਕੀਰ ਨੂੰ ਹੱਜ ਤੇ ਤੋਰਨ ਤੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਕਿਥੋਂ ਦਾ ਇਨਸਾਫ ਹੈ ? ਇਸ ਲਈ ਹਕੀਕਤ ਇਹ ਹੈ ਕਿ ਬਾਦਸ਼ਾਹ ਨੇ ਮਜ਼ਬੀ-ਤਅੱਸਬ ਦੇ ਕਾਰਨ ਗੁਰੂ ਨੂੰ ਸ਼ਹੀਦ ਕੀਤਾ। ਇਕ ਗੱਲ ਹੋਰ ਹੈ ਕਿ ਬਾਦਸ਼ਾਹ ਆਗਰੇ ਤੋਂ, ਖੁਸਰੋ ਦਾ ਪਿੱਛਾ ਕਰਨ ਲਈ ਪੰਜਾਬ ਵੱਲ ਆਇਆ। ਰਸਤੇ ਵਿਚ ਉਹ ਖੁਸਰੋ ਦੇ ਹਮਾਇਤੀਆਂ ਨੂੰ ਗ੍ਰਿਫਤਾਰ ਕਰਦਾ ਹ, ਸਜ਼ਾ ਦਿੰਦਾ ਅਤੇ ਮੁਕਾਂਦਾ ਆਇਆ। ਲਾਹੌਰ ਨੂੰ ਆਉਂਦਿਆਂ ਗੋਇੰਦਵਾਲ ਤੇ ਤਰਨ ਤਾਰਨ ਤੋਂ ਲੰਘਿਆ। ਜੇ ਗੁਰੂ ਜੀ ਨੇ ਕੋਈ ਰਾਜਨੀਤਕ ਵਿਰੋਧਤਾ ਕੀਤੀ ਸੀ, ਤਾਂ ਬਾਦਸ਼ਾਹ ਨੂੰ ਇਸਦਾ ਪਹਿਲੇ ਕਿਉਂ ਨਾ ਪਤਾ ਲੱਗਾ ? ਉਹ ਲਾਹੌਰ ਪੁੱਜ ਕੇ ਕਿਆਮ ਕਰਦਾ ਹੈ, ਤਿੰਨ ਹਫਤੇ ਗੁਜ਼ਰ ਜਾਂਦੇ ਹਨ । ਖੁਸਰੋ ਤੇ ਉਸ ਦੇ ਸਾਥੀ ਝਨਾਂ ਦੇ ਕੰਢਿਓਂ ਗ੍ਰਿਫਤਾਰ ਕਰ ਕੇ ਉਸ ਦੇ ਪੇਸ਼ ਕੀਤੇ ਜਾਂਦੇ ਹਨ। ਉਸ ਦੇ ਬੱਚਿਆ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ । ਸਭ ਕੁਝ ਕਰਕੇ ਜਿਸ ਵਕਤ ਜਹਾਂਗੀਰ ਲਾਹੌਰੋਂ ਤੁਰਨ ਦੀ ਤਿਆਰੀ ਕਰਦਾ ਹੈ, ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁਧ ਹੁਕਮ ਜਾਰੀ ਕਰਦਾ ਹੈ । ਕੀ ਇਹ ਲਾਹੌਰ ਵਿਚ ਘੜੀ ਗਈ ਸਾਜ਼ਸ਼ ਨਹੀਂ ਤਾਂ ਹੋਰ ਕੀ ਹੈ ? ਉਨਾਂ ਦਿਨਾਂ ਵਿਚ ਇਕ ਈਰਾਨੀ ਫਕੀਰ ਬਾਕੀ ਬਿੱਲਾਹ ਜਹਾਂਗੀਰ ਦੇ ਦਰਬਾਰ ਵਿਚ ਕਾਫ਼ੀ ਅਸਰ ਰੱਖਦਾ ਸੀ। ਉਹ ਸਰਕਾਰੀ ਦਰਬਾਰੀਆਂ ਤੇ ਅਫਸਰਾਂ ਉਤੇ ਪ੍ਰਭਾਵ ਪਾਕੇ ਆਪਣੀ ਪੀਰੀ ਮੁਰੀਦੀ ਚਮਕਾਉਣਾ ਚਾਹੁੰਦਾ ਸੀ । ਉਸਦਾ ਮੁਰੀਦ ਸ਼ੇਖ ਅਹਿਮਦ ਸਰਹਿੰਦੀ ਵੀ ਬਣਿਆ, ਜੋ ਬੜਾ ਮੁਤੱਸਬੀ ਸੀ। ਉਹ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਰੋਧੀ ਸੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਜਿਸ ਮੁਰਤਜ਼ਾ ਖਾਂ ਦੇ ਸਪੁਰਦ ਕੀਤਾ, ਉਹ ਸ਼ੇਖ ਅਹਿਮਦ ਸਰਹਿੰਦੀ ਦੇ ਪ੍ਰਭਾਵ ਹੇਠਾਂ ਸੀ । ਦਸੰਬਰ 1605 ਵਿਚ ਸ਼ੇਖ ਅਹਿਮਦ ਸਰਹਿੰਦੀ ਮੁਜੱਦਦ ਅਲਫ਼ ਸਾਨੀ ਨੇ ਮੁਰਤਜ਼ਾ ਖਾਂ ਨੂੰ ਲਿਖਿਆ:- 'ਜੇ ਸ਼ਹਿਨਸ਼ਾਹ (ਜਹਾਂਗੀਰ) ਦੇ ਤਖਤ ਪਰ ਬੈਠਦਿਆਂ ਹੀ ਹਿੰਦ ਵਿਚ ਇਸਲਾਮ ਦੇ ਪੈਰ ਜੰਮ ਗਏ ਤਾਂ ਵਾਹ ਵਾਹ, ਪਰ ਜੇ ਢਿਲ ਮਠ ਹੋ ਗਈ ਤਾਂ ਪਿਛੋਂ ਬੜੀ ਔਖਿਆਈ ਹੋਵੇਗੀ ਸ਼ੇਖ ਅਹਿਮਦ ਸਰਹਿੰਦੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਜੀ ਦੀ ਸ਼ਹਾਦਤ ਬਾਅਦ ਬੜਾ ਸ਼ੁਕਰ ਮਨਾਇਆ ਅਤੇ ਕਿਹਾ 'ਇਕ ਕਾਫਰ ਘਟ ਗਿਆ ਹੈ।' ਉਸਨੇ ਜਹਾਂਗੀਰ ਨੂੰ ਵਧਾਈ ਵੀ ਭੇਜੀ । ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੀ ਸਾਜ਼ਸ਼ ਵਿਚ ਅਹਿਮਦ ਸਰਹਿੰਦੀ ਵੀ ਪੂਰੀ ਤਰਾਂ ਸ਼ਾਮਲ ਸੀ। ਸ੍ਰੀ ਦਸਮੇਸ਼ ਜੀ ਦੇ ਸਮਕਾਲੀ ਬਾਵਾ ਸਰੂਪ ਦਾਸ ਭਲੇ ਨੇ ਚੰਦੂ ਬਾਰੇ ਲਿਖਿਆ ਹੈ ਇਕ ਦੁਸ਼ਟ ਖਤ੍ਰੀ ਚੰਦੂ ਤਿਨ ਬਾਦਸ਼ਾਹ ਪੈ ਚੁਗਲੀ ਖਾਈ। ਸਾਹੀ। ਵੁਹ ਜਹਾਂਗੀਰ ਕਾ ਚਾਕਰ ਰਹਾ। ਬਾਦਸ਼ਾਹ ਸੀ। ਅਸ ਕਹਾ। ਗੁਰੂ ਅਰਜਨ ਜਗ ਗੁਰੂ ਕਹਾਵੈ। ਬਹੁਤ ਖਜ਼ਾਨਾ ਤਿਨਕੇ ਆਵੈ। ਕਹੂੰ ਕੋ ਖਾਤਰ ਨਹੀਂ ਲਿਆਵੈ। ਕਛੂ ਕਰਾਮਾਤ ਪੁਛੀਏ ਤਾਕ। ਬੜਾ ਗ਼ੁਰੂਰ ਮਾਇਆ ਕਾ ਤਾਕ। ਪ੍ਰਿਥੀ ਚੰਦ, ਮਿਹਰਬਾਨ, ਚੰਦੂ, ਸ਼ੇਖ ਅਹਿਮਦ ਸਰਹਿੰਦੀ ਸਾਰੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦੀ ਸਾਜਿਸ਼ ਵਿਚ ਸ਼ਾਮਲ ਸਨ । ਗੁਰੂ ਜੀ ਪਹਿਲੇ ਹੀ ਤਿਆਰ ਸਨ। ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਆਦਿਕ ਮੁਖੀ ਸਿੱਖਾਂ ਨੂੰ ਕੰਮਕਾਜ ਸੌਂਪ ਤੇ ਗੁਰਗੱਦੀ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਥਾਪ ਕੇ ਲਾਹੌਰ ਜਾਣ ਲਈ ਤਿਆਰ ਹੋਏ। ਤੁਰਨ ਸਮੇਂ ਹਜ਼ੂਰ ਨੇ ਸ੍ਰੀ ਮਾਤਾ ਗੰਗਾ ਜੀ ਨੂੰ ਉਪਦੇਸ਼ ਕੀਤਾ- 'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ । ਸ੍ਰੀ ਹਰਿਮੰਦਰ ਸਾਹਿਬ ਨਮਸਕਾਰ ਕੀਤੀ । ਸੰਗਤਾਂ ਨੂੰ ਆਖਰੀ ਵੇਰ ਦਰਸ਼ਨ ਦਿਤੇ । ਭਾਈ ਜੇਠਾ ਜੀ, ਪਿਰਾਣਾ ਜੀ, ਬਿਧੀ ਚੰਦ ਜੀ, ਪੈੜਾ ਜੀ ਅਤੇ ਲੰਗਾਹ ਜੀ ਨੂੰ ਨਾਲ ਲੈ ਕੇ ਲਾਹੌਰ ਦੀ ਸੰਗਤ ਨੂੰ ਆਖਰੀ ਦੀਦਾਰ ਦਿੱਤੇ । ਸੂਬਾ ਲਾਹੌਰ ਤੇ ਮੁਗਲ ਸਿਪਾਹੀਆਂ ਨੇ ਆਪ ਨੂੰ ਪੰਜਾਂ ਸਿੱਖਾਂ ਸਮੇਤ ਗ੍ਰਿਫਤਾਰ ਕਰ ਲਿਆ। ਆਪ ਨੂੰ ਕਿਲੇ ਦੇ ਨਾਲ ਲਾਲ ਖੂਹੀ ਦੇ ਪਾਸ ਇਕ ਹਵੇਲੀ ਵਿਚ ਬੰਦ ਕੀਤਾ ਗਿਆ । ਕੋਈ ਪੜਤਾਲ ਤੇ ਇਨਸਾਫ਼ ਕਰਨ ਤੋਂ ਬਿਨਾਂ ਦੋ ਲੱਖ ਰੁਪਿਆ ਜੁਰਮਾਨਾ ਕੀਤਾ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਸਲਾਮ ਸੰਬੰਧੀ ਸ਼ਬਦ ਕੱਢਣ ਲਈ ਕਿਹਾ ਗਿਆ। ਗੁਰੂ ਜੀ ਨੇ ਉਤਰ ਦਿੱਤਾ, ਸਾਡੇ ਪਾਸ ਜੋ ਧਨ ਹੈ, ਉਹ ਗਰੀਬਾਂ ਤੇ ਅਨਾਥਾਂ ਲਈ ਹੈ । ਜੇ ਤੁਸੀਂ ਧਨ ਮੰਗਦੇ ਹੋ, ਜਿੰਨਾ ਸਾਡੇ ਪਾਸ ਹੈ ਲੈ ਲਵੋ, ਪਰ ਜੁਰਮਾਨਾ ਮੰਗੋ ਤਾਂ ਕੌਡੀ ਨਹੀਂ ਦੇ ਸਕਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਲਿਖਿਆ ਹੈ, 'ਇਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੈ । ਜੋ ਕੁਝ ਹੁਕਮ ਹੋਇਆ ਹੈ ਉਹ ਲਿਖਿਆ ਹੈ । ਇਸ ਵਿੱਚ ਵਧ ਘਟ ਕੁਝ ਨਹੀਂ ਕਰ ਸਕਦੇ। ਗੁਰੂ ਜੀ ਨੂੰ ਚੰਦੂ ਦੇ ਸਪੁਰਦ ਕਿਸ ਤਰਾਂ ਕੀਤਾ ਗਿਆ ? ਇਹ ਇਕ ਸਮਝਣ ਵਾਲੀ ਗੱਲ ਹੈ। ਚੰਦੂ ਇਕ ਸਰਕਾਰੀ ਆਦਮੀ ਸੀ, ਉਸ ਨੇ ਆਪਣਾ ਵੈਰ ਕੱਢਣ ਲਈ ਹਕੂਮਤ ਨੂੰ ਜੁਰਮਾਨਾ ਦੇਣਾ ਕਰ ਕੇ ਗੁਰੂ ਜੀ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਬਾਦਸ਼ਾਹ ਗੁਰੂ ਜੀ ਦੇ ਸਖਤ ਵਿਰੁਧ ਸੀ ਇਸ ਲਈ ਚੰਦੂ ਨੂੰ ਤਸੀਹੇ ਦੇਣ ਲੱਗਿਆਂ ਕੌਣ ਪੁਛਦਾ ? ਇਸ ਪਾਪੀ ਨੇ ਸਤਿਗੁਰੂ ਜੀ ਨੂੰ ਜੇਠ ਦੀ ਸੜਦੀ ਬਲਦੀ ਧੁੱਪ ਵਿਚ ਰਖਿਆ। ਗਰਮ ਪਾਣੀ ਦੀ ਦੇਗ ਵਿਚ ਬਿਠਾਇਆ, ਤੱਤੀ ਰੇਤ ਪਾਈ ਅਤੇ ਗਰਮ ਲੋਹ 'ਤੇ ਬਿਠਾਇਆ । ਗੁਰੂ ਜੀ ਨੇ ਅਸਹਿ ਕਸ਼ਟ ਸਹਾਰੇ । ਸਿੱਖਾਂ ਨੂੰ ਇਸ ਦਾ ਬੜਾ ਦੁੱਖ ਹੋਇਆ। ਜਦ ਮੀਆਂ ਮੀਰ ਨੂੰ ਪਤਾ ਲੱਗਾ, ਉਹ ਬੜਾ ਦੁਖੀ ਹੋਇਆ। ਸਤਿਗੁਰੂ ਨੇ ਸਭ ਨੂੰ ਕਿਹਾ, 'ਇਹ ਵਾਹਿਗੁਰੂ ਦਾ ਭਾਣਾ ਹੈ । ਆਪੇ ਹਰ ਇਕ ਰੰਗ ਹੈ ਆਪੇ ਬਹੁ ਰੰਗੀ ।। ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ। ਇਹ ਭਾਣਾ ਮੰਨਣ ਤੇ 'ਆਤਮ ਸਮਰਪਨ' ਦੀ ਅਦੁਤੀ ਮਿਸਾਲ ਹੈ । ਰੂਹਾਨੀ ਤੌਰ 'ਤੇ ਜੋ ਪੁਰਖ ਉਚੇ ਹੁੰਦੇ ਹਨ, ਉਨਾਂ ਵਿਚੋਂ ਪਹਿਲੀ ਅਵਸਥਾ ਦੇ ਕਸ਼ਟ ਤੇ ਮੁਸੀਬਤ ਵਿਚ ਸਬਰ ਕਰਦੇ ਹਨ । ਦੂਜੇ ਸ਼ੁਕਰ ਗੁਜ਼ਾਰਦੇ ਹਨ । ਭਾਣਾ ਮੰਨਣਾ ਤੇ ਆਤਮ ਸਮਰਪਨ ਰੂਹਾਨੀਅਤ ਦੀ ਸਭ ਤੋਂ ਉਚੀ ਤੀਜੀ ਅਵਸਥਾ ਹੈ। ਜੋ ਗੁਰੂ ਜੀ ਨੇ ਪੇਸ਼ ਕੀਤੀ ਹੈ 'ਦੁਖ ਨਹੀਂ ਸਭ ਸੁਖ ਹੀ ਰੇ, ਇਸੇ ਮੁਕਾਮ 'ਤੇ ਪੁਜ ਕੇ ਕਿਹਾ । ਵਰਤਮਾਨ ਸਮੇਂ ਦੇ ਕਈ ਮਨੋਵਿਗਿਆਨੀ ਇਹ ਕਹਿੰਦੇ ਹਨ, 'ਮਨੁੱਖ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ।' ਇਹ ਕੌਮਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਵਾਲਾ ਖਿਆਲ ਹੈ ਤਿਸ ਹੀ ਨੇ ਮਨੁਖ ਨੂੰ ਜੋਤਿ ਸਰੂਪ ਤੇ ਸਾਰੀ ਰਚਨਾ ਦਾ ਸਰਦਾਰ ਕਿਹਾ ਹੈ ਅਤੇ ਆਤਮ ਵਿਸ਼ਵਾਸ ਸਮਾਨ ਤੇ ਸਵੈ-ਪ੍ਰੇਰਨਾ ਦਿਤੀ ਹੈ । ਪਰ ਇਕੱਲੇ ਇਹ ਗੁਣ ਆਦਮੀ ਨੂੰ ਨਾਸਤਕ ਤੇ ਹੰਕਾਰੀ ਬਣਾ ਦੇਂਦੇ ਹਨ । ਇਸ ਲਈ ਆਤਮ ਸਮਪਰਨ ਕੀਤਾ ਹੈ। 'ਜੋ ਤਿਸੁ ਭਾਵੈ ਸਾਈ ਭਲੀ ਕਾਰ' ਦਾ ਉਚ-ਆਦਰਸ਼ ਸਮਝਾਇਆ ਹੈ । ਇਸ ਦੀ ਸਭ ਤੋਂ ਚੰਗੀ ਉਦਾਹਰਣ ਪੰਚਮ ਗੁਰੂ ਜੀ ਦੀ ਆਪਣੀ ਸ਼ਹੀਦੀ ਹੈ। ਇਥੇ ਇਕ ਨੁਕਤਾ ਹੋਰ ਪੇਸ਼ ਕਰਦੇ ਹਾਂ । ਹਿੰਦੁਸਤਾਨ ਵਿਚ ਇਹ ਇਕ ਪੁਰਾਣਾ ਖਿਆਲ ਚਲਿਆ ਆ ਰਿਹਾ ਸੀ ਕਿ ਕੋਈ ਦੁਖ, ਮੁਸੀਬਤ ਜਾਂ ਕਸ਼ਟ ਕਿਸੇ ਸਰਾਪ ਜਾਂ ਕਰਮ ਦਾ ਫਲ ਹੁੰਦਾ ਹੈ । ਕੀ ਗੁਰੂ-ਜਯੋਤੀ ਨੂੰ ਹੋਏ ਕਸ਼ਟ ਕਿਸੇ ਸਰਾਪ ਜਾਂ ਕਰਮਾਂ ਦਾ ਫ਼ਲ ਸਨ ? ਹਰਗਿਜ਼ ਨਹੀਂ। ਨੇਕੀ ਪਰਉਪਕਾਰ ਤੇ ਕੁਰਬਾਨੀ ਤਾਂ ਹੀ ਕੀਤੀ ਜਾ ਸਕਦੀ ਹੈ ਜੇ ਕਸ਼ਟ ਬਰਦਾਸ਼ਤ ਕੀਤੇ ਜਾਣ । ਜੋ ਮਾਤਾ ਆਪਣੀ ਗੋਦ ਵਿਚ ਸੁੰਦਰ ਬਾਲ ਵੇਖਣਾ ਚਾਹੁੰਦੀ ਹੈ, ਉਸ ਨੂੰ ਆਪਣੀ ਸੁੰਦਰਤਾ ਕੁਰਬਾਨ ਕਰਨੀ ਪੈਂਦੀ ਹੈ । ਬੀਜ ਮਿੱਟੀ ਵਿਚ ਮਿਲ ਜਾਂਦਾ ਹੈ, ਤਦ ਫੁਲ ਤੇ ਬੂਟੇ ਪੈਦਾ ਹੁੰਦੇ ਹਨ। ਉਹ ਕੁਰਬਾਨੀ ਹੀ ਕੀ ਹੋਈ ਜਿਸ ਵਿਚ ਮੁਸੀਬਤਾਂ ਦਾ ਟਾਕਰਾ ਨਾ ਕੀਤਾ ਜਾਵੇ ? ਪੰਚਮ ਪਾਤਸ਼ਾਹ ਨੇ ਕੁਰਬਾਨੀ ਦੀ ਇਕ ਅਸਚਰਜ ਉਦਾਹਰਣ ਪੇਸ਼ ਕੀਤੀ ਹੈ । ਮਹਾਂਪੁਰਸ਼ਾਂ ਵਿਚੋਂ ਭਗਤ ਪ੍ਰਹਿਲਾਦ, ਹਜ਼ਰਤ ਇਬਰਾਹੀਮ ਤੇ ਫ਼ਰਾਂਸ ਦੀ ਦੇਸ਼ ਭਗਤ ਜੌਨ ਆਫ਼ ਆਰਕ ਦੇ ਸਾਹਮਣੇ ਅੱਗ ਆਈ। ਕਹਿੰਦੇ ਹਨ 'ਪ੍ਰਹਿਲਾਦ ਨੂੰ ਭਗਵਾਨ ਤਪਦੇ ਥੰਮ ਤੇ ਕੀੜੀ ਬਣ ਕੇ ਟੁਰਦੇ ਨਜ਼ਰ ਆਏ, ਉਸ ਨੇ ਥੰਮ ਨੂੰ ਜੱਫੀ ਪਾ ਲਈ। ਹਜ਼ਰਤ ਇਬਰਾਹੀਮ ਨੂੰ ਨਮਰੂਦ ਨੇ ਕਿਹਾ, 'ਜੇ ਤੇਰਾ ਖ਼ੁਦਾ ਸੱਚਾ ਹੈ ਤਾਂ ਅੱਗ ਉਤੇ ਟੁਰ।' ਇਸਲਾਮੀ ਇਤਿਹਾਸ ਦਸਦਾ ਹੈ ਕਿ ਅੱਗ ਗੁਲਾਬ ਦੇ ਫੁਲ ਬਣ ਗਈ । ਕਿਸੇ ਸ਼ਾਇਰ ਨੇ ਕਿਹਾ ਹੈ' ਅਗਾਰ ਕੇ ਗੁਲਜ਼ਾਰ ਕੀਆ । ਕਿਸ ਨੇ ਕੀਆ ? ਯਾਰ ਕੀਆ । ਗੁਰੂ ਜੀ ਦੇ ਸਾਹਮਣੇ ਬ੍ਰਹਮ ਗਿਆਨ ਦੀ ਉਬਲਦੀ ਲੋਹ ਆਈ । ਆਪ ਨੇ ਕਿਹਾ ਮੂਰਤ ਸ੍ਰੀ ਗੁਰੂ ਅਰਜਨ ਦੇਵ ਦੇਗ ਤੱਤੀ ਰੇਤ ਗਰਮ 'ਵਾਹਿਗੁਰੂ ! ਤੇਰਾ ਨਾਮ ਸੀਤਲ ਹੈ, ਅੱਗ ਨੂੰ ਅੱਗ ਰਹਿਣ ਦੇ, ਪਰ ਮੈਨੂੰ ਆਪਣੇ ਨਾਮ ਦਾ ਸਦਕਾ ਸ਼ਾਂਤੀ ਦੇ। ਤਾਂ ਕਿ ਮੈਂ ਇਸ ਸੇਕ ਨੂੰ ਬਰਦਾਸ਼ਤ ਕਰਾਂ ਅਤੇ ਇਹੀ ਕੁਝ ਕਰਕੇ ਵਿਖਾ ਦਿਤਾ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ - ਚੰਦੂ ਨੇ ਗੁਰੂ ਜੀ ਤੋਂ ਬਦਲਾ ਲੈਣ ਲਈ ਉਨਾਂ ਨੂੰ ਸਖਤ ਤਸੀਹੇ ਦਿੱਤੇ। ਪਹਿਲੇ ਦਿਨ ਉਸਨੇ ਇਹ ਕੀਤਾ : ਨਿਕਟ ਬੁਲਾਏ ਅਪਨਿ ਸਿਪਾਹੀ, ਜਲ ਭੋਜਨ ਪਹੁੰਚਨ ਦਿਹੁ ਨਾਹੀ । ਜਬ ਲਾਗਹਿ ਗੀ ਤ੍ਰਿਖਾ ਮਹਾਨੀ, ਦੇ ਗਿਨ ਲਾਖ ਦੇਹੁ ਤਬ ਪਾਨੀ॥ ਬਯਾਕੁਲ ਹੋਇ ਛੁਧਿਤ ਬਹੁ ਜਬੈ , ਲੇਹੁ ਲਾਖ ਦੇਹੁ ਭੋਜਨ ਤਬੈ ਨਿੰਦ੍ਰਾ ਤੇ ਜਬ ਸੁਪਤਨਿ ਚਹੈ , ਦੇਹੁ ਲਾਖ ਤੋ ਸੋਵਨਿ ਲਹੈ। ਭਾਵ ਗੁਰੂ ਜੀ ਨੂੰ ਭੁਖਾ ਪਿਆਸਾ ਰਖਣ ਲਈ ਅੰਨ ਜਲ ਨਾ ਦਿੱਤਾ ਜਾਵੇ। ਸੌਣ ਤੋਂ ਰੋਕਿਆ ਜਾਵੇ । ਜਦ ਇਕਲੱਖ ਰੁਪਿਆ ਦੇਣ ਤਦ ਅੰਨ ਪਾਣੀ ਤੇ ਸੌਣ ਦੀ ਆਗਿਆ ਦਿੱਤੀ ਜਾਵੇ । ਜਦ ਸਤਿਗੁਰੂ ਨੇ ਭੁੱਖ ਪਿਆਸ ਤੇ ਨੀਂਦ ਦੀ ਕੋਈ ਪ੍ਰਵਾਹ ਨਾ ਕੀਤੀ, ਤਦ ਦੂਜੇ ਦਿਨ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਗਿਆ। ਭਾਈ ਸਾਹਿਬ ਲਿਖਦੇ ਹਨ :- ਤਬ ਸਤਿਗੁਰ ਉਠ ਆਪੇ ਗਏ, ਤਪਤਿ ਨੀਰ ਮਹਿ ਬੈਠਤ ਭਏ ॥ ਹਾਹਾਕਾਰ ਹੋਰ ਸਿਖ ਕਰੈਂ , ਉਠਯ ਪਿਰਾਣਾ ਸਕਤਿ ਨ ਜਰੈ ॥ ਭਾਵ ਉਬਲਦੀ ਦੇਗ ਵਿਚ ਬੈਠੇ ਵੇਖ ਕੇ ਭਾਈ ਪਿਰਾਣੇ ਨੇ ਕਿਹਾ : 'ਮੈਥੋਂ ਜਰਿਆ ਨਹੀਂ ਜਾਂਦਾ ।

**ਬਾਕੀ ਸਫ਼ਾ 30 'ਤੇ**

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 2 ਜੂਨ 1984

**ਭਾਗ 2**



**ਬਾਬਾ ਮੁਖਤਿਆਰ ਸਿੰਘ**

**USA (ਵਿਦਿਆਰਥੀ ਦਮਦਮੀ ਟਕਸਾਲ)**

ਜਿਸ ਨੂੰ ਦਾਸ ਨੇ ਬਹੁਤ ਹੀ ਨੇੜੇ ਤੋਂ ਅੱਖੀਂ ਦੇਖਿਆ ਅਤੇ ਆਪਣੇ ਸਰੀਰ ਤੇ ਪੰਜ ਸਾਲਾਂ ਦਾ ਵੱਖੋ-ਵੱਖਰੀਆਂ ਜੇਲਾਂ ਵਿੱਚ ਹੰਡਾਇਆ (ਜ਼ੁਲਮ), 2 ਜੂਨ ਨੂੰ, ਪੰਜਾਬ ਵਿੱਚੋਂ ਹੀ ਨਹੀਂ ਬਲਕਿ ਹੋਰ ਵੀ ਦੂਜੀਆਂ ਸਟੇਟਾਂ ਵਿੱਚੋਂ ਜਿੱਥੇ ਵੀ ਇਸ ਕੀਤੇ ਗਏ ਜ਼ੁਲਮੀ ਕਹਿਰ ਬਾਰੇ ਸਿੱਖ ਸੰਗਤਾਂ ਨੂੰ ਪਤਾ ਲੱਗਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਜਾਲਮ ਸਰਕਾਰ ਵੱਲੋਂ ਹਮਲਾ ਕਰਕੇ ਲਗਾਤਾਰ ਅੱਠ ਘੰਟੇ ਗੋਲੀਆਂ ਚਲਾ ਕੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਹੈ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਵੀ ਗੋਲੀਆਂ ਮਾਰੀਆਂ ਗਈਆਂ ਹਨ।

ਇਹ ਸੁਣ ਕੇ ਤਾਂ ਦੂਰੋਂ, ਨੇੜਿਓਂ ਬਹੁ-ਗਿਣਤੀ ਵਿੱਚ ਦਰਸ਼ਨ ਕਰਨ ਲਈ ਸ੍ਰੀ ਦਰਬਾਰ ਸਾਹਿਬ ਨੂੰ ਸਿੱਖ ਸੰਗਤਾਂ ਵਹੀਰਾਂ ਘੱਤ ਆਈਆਂ, ਉਸ ਵੇਲੇ ਇਸ ਹਮਲੇ ਦਾ ਸਿੱਖ ਸੰਗਤਾਂ ਵਿੱਚ ਬਹੁਤ ਭਾਰੀ ਗੁੱਸਾ ਅਤੇ ਰੋਸ ਸੀ ਅਤੇ ਸਾਰਿਆਂ ਦੇ ਮਨਾਂ ਵਿੱਚ ਇਹ ਬਹੁਤ ਤੜਫ ਸੀ ਕਿ ਅਸੀਂ ਜਲਦੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰੀਏ।

2 ਜੂਨ ਵਾਲੇ ਦਿਨ ਹੀ ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਕੀਤੇ ਗਏ ਸਨ, ਅਖੰਡ ਕੀਰਤਨੀ ਜਥੇ ਦੇ ਭਾਈ ਮਹਿੰਗਾ ਸਿੰਘ ਜੀ ਬੱਬਰ ਦਾ ਅੰਤਮ ਸਸਕਾਰ ਮੰਜੀ ਸਾਹਿਬ ਦੀਵਾਨ ਹਾਲ ਦੇ ਨੇੜੇ ਕੀਤਾ ਗਿਆ ਅਤੇ ਦਮਦਮੀ ਟਕਸਾਲ ਦੇ ਵਿਦਿਆਰਥੀ ਸ਼ਹੀਦ ਭਾਈ ਰਾਮ ਸਿੰਘ ਜੀ, ਯੂ.ਪੀ. ਵਾਲ਼ਿਆਂ ਸਮੇਤ ਤਿੰਨ ਸਿੰਘਾਂ ਦਾ ਅੰਤਮ ਸਸਕਾਰ ਦਮਦਮੀ ਟਕਸਾਲ ਦੇ ਸਿੰਘਾਂ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਦੇ ਅਤੇ ਗੁਰੂ ਰਾਮਦਾਸ ਸਰਾਂ ਦੇ ਬਾਹਰ ਲੰਗਰ ਵਾਲੇ ਪਾਸੇ ਖੁਲੀ ਜਗਾ ਤੇ ਕੀਤਾ ਗਿਆ, ਇਨਾਂ ਸਸਕਾਰਾਂ ਬਾਰੇ ਉਸ ਸਮੇਂ ਦੇ ਪੱਤਰਕਾਰ ਸਰਦਾਰ ਹਰਬੀਰ ਸਿੰਘ ਭੰਵਰ ਨੇ ਵੀ ਆਪਣੀ ਪੁਸਤਕ ਸ੍ਰੀ ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਬਾਰੇ, ਡਾਇਰੀ ਦੇ ਪੰਨੇ ਵਿੱਚ, ਪੇਜ ਨੰਬਰ 35 'ਤੇ ਲਿਖਦਿਆਂ ਹੋਇਆਂ ਸਾਰਾ ਵੇਰਵਾ ਦਿੱਤਾ ਹੈ, ਸ਼ਹੀਦ ਹੋਏ ਕੁੱਝ ਸਿੰਘਾਂ ਦੇ ਸਰੀਰ ਪ੍ਰਵਾਰ ਲੈ ਗਏ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਲਿਜਾਇਆ ਗਇਆ।

2 ਜੂਨ ਨੂੰ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ਼ਿਆਂ ਨੂੰ ਮਿਲਣ ਲਈ ਸਿੱਖ ਸੰਗਤਾਂ ਭਾਰੀ ਗਿਣਤੀ ਵਿੱਚ ਆ ਰਹੀਆਂ ਸਨ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੂੰ ਲੈ ਕੇ ਕਈ ਪੱਤਰਕਾਰਾਂ ਨੇ ਵੀ ਸੰਤਾਂ ਨਾਲ ਇੰਟਰਵਿਊਜ਼ ਕੀਤੀਆਂ। ਉਸ ਸਮੇਂ ਪੱਤਰਕਾਰਾਂ ਨੂੰ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਮਹਾਂਪੁਰਸ਼ਾਂ ਨੇ ਜਾਲਮ ਸਰਕਾਰ ਵੱਲੋਂ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਬਾਰੇ ਬੀਰਰਸ ਦੁਆਰਾ ਬਹੁਤ



ਹੀ ਚੜਦੀ ਕਲਾ ਵਿੱਚ ਇਹ ਵਿਚਾਰ ਦਿੱਤੇ ਸਨ, ਜੋ ਅੱਜ ਵੀ ਸਾਨੂੰ ਉਸ ਸਮੇਂ ਦੇ ਕੀਤੇ ਚੜਦੀ ਕਲਾ ਵਾਲੇ ਸੰਤਾਂ ਦੇ ਬਚਨ ਆਡੀਓ ਵੀਡੀਓ ਦੇ ਕਲਿੱਪਾਂ ਰਾਹੀਂ ਸੁਣਨ ਨੂੰ ਮਿਲਦੇ ਹਨ। ਉਸ ਵੇਲੇ ਸੰਤਾਂ ਨੇ ਕੀ ਕਿਹਾ ? ਸੰਤਾਂ ਵੱਲੋਂ ਕਹੇ ਹੋਏ ਹੂ ਬਹੂ ਬਚਨ : ਸੰਤ ਕਹਿੰਦੇ ਇਸ ਵੇਲੇ ਸਮੇ ਦੀ ਸਰਕਾਰ ਅਤੇ ਮੁਤਸਵੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸਿੱਖੀ ਸਰੂਪ ਨੂੰ ਪਸੰਦ ਨਹੀਂ ਕਰਦੀ ਤੇ ਸਿੱਖਾਂ ਨੂੰ ਖਤਮ ਕਰਨਾ ਚਾਹੁੰਦੀ ਹੈ, ਜਿਹੜੀ ਕਿ ਆਸ ਇਨਾਂ ਦੀ ਪੂਰੀ ਨਹੀਂ ਹੋ ਸਕਦੀ। ਕਿਉਂਕਿ ਸਿੱਖੀ ਸਰੂਪ ਨੂੰ ਖਤਮ ਕਰਨ ਲਈ ਬਹੁਤ ਹਕੂਮਤਾਂ ਹੋ ਗੁਜਰੀਆਂ। ਇਨੇ ਵੀ ਉਸੇ ਤਰਾਂ ਚਲੇ ਜਾਣਾ ਹੈ, ਮੁਗਲ ਰਾਜ ਦੇ ਅਤੇ ਅੰਗਰੇਜ਼ਾਂ ਦੇ ਰਾਜ ਦੇ ਸਾਰੇ ਪਾਪ, ਏਸ ਰਾਜ ਵਾਲ਼ਿਆਂ ਨੇ ਮਾਤ ਪਾ ਦਿੱਤਾ, ਜੋ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ। ਮੇਰੇ ਵੱਲੋਂ ਸਿੱਖਾਂ ਨੂੰ ਪੁਰ-ਜ਼ੋਰ ਅਪੀਲ ਹੈ ਇਹਦਾ ਮੂੰਹ ਤੋੜਵਾਂ ਜਵਾਬ ਦੇਣ, ਕੇਵਲ ਕਮਰਕੱਸਾ ਹੀ ਨਾ ਕਰਨ... ਕਮਰਕੱਸਾ ਕਰਕੇ ਤੁਰਨ, ਸਿੱਖਾਂ ਦੇ ਉੱਪਰ ਇਸ ਤੋਂ ਹੋਰ ਕੋਈ ਵੀ ਗੁਲਾਮੀ ਦੀ ਵੱਡੀ ਨਿਸ਼ਾਨੀ ਨਹੀਂ ਹੋ ਸਕਦੀ ਜਿੱਡਾ ਵੱਡਾ ਹੁਣ ਪਾਪ ਹੋਇਐ।

ਇਹ ਵਿਚਾਰ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ 2 ਜੂਨ ਨੂੰ ਪੱਤਰਕਾਰਾਂ ਨੂੰ ਦਿੱਤੇ ਅਤੇ ਬਹੁ-ਗਿਣਤੀ ਵਿੱਚ ਆ ਰਹੀਆਂ ਸਾਰੀਆਂ ਸਿੱਖ ਸੰਗਤਾਂ ਨੂੰ ਵੀ ਸਰਕਾਰ ਵਲੋਂ ਇਸ ਕੀਤੇ ਪਾਪੀ ਹਮਲੇ ਦੀ ਪੂਰੀ ਜਾਣਕਾਰੀ ਸੰਤ ਦੇ ਰਹੇ ਸਨ। ਦੂਜੇ ਪਾਸੇ- ਧਾਰਮਿਕ ਅਤੇ ਰਾਜਨੀਤਕ ਜਥੇਬੰਦੀਆਂ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਦਰਬਾਰ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਨਿੰਦਿਆਂ ਅਤੇ ਨਿਖੇਧੀ ਕੀਤੀ ਜਾ ਰਹੀ ਸੀ।

**ਚਲਦਾ....।**

# ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਸਿੰਘ

**ਸ਼ਮਸ਼ੇਰ ਸਿੰਘ ਜੇਠੂਵਾਲ**









ਭਾਰਤੀ ਜਨਤਾ ਪਾਰਟੀ ਦਾ ਚੋਟੀ ਦਾ ਆਗੂ ਸੁਬਰਾਮਨੀਅਮ ਸਵਾਮੀ ਦਮਦਮੀ ਟਕਸਾਲ ਦੇ ਚੌਂਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਇਕ ਇੰਟਰਵਿਊ ਦੌਰਾਨ ਆਖਦਾ ਹੈ..... ਇਕ ਵਾਰ ਮੈਂ ਸ੍ਰੀ ਦਰਬਾਰ ਸਾਹਿਬ ਸੰਤਾਂ ਕੋਲ ਮੌਜੂਦ ਸੀ ਇਕ ਗਰੀਬ ਹਿੰਦੂਆਂ ਦੀ ਧੀ ਰੋਂਦੀ ਹੋਈ ਆਈ, ਉਸਨੇ ਦੱਸਿਆ ਕਿ ਸੰਤ ਜੀ ਮੇਰੇ ਸਹੁਰੇ ਮੇਰੇ ਮਾਂ ਪਿਓ ਤੋਂ ਦਾਜ ਮੰਗਦੇ ਹਨ ਤੇ ਬਹੁਤ ਤੰਗ ਕਰਦੇ ਹਨ,ਮਾਰਦੇ ਕੁੱਟਦੇ ਹਨ,ਅਸੀ ਗਰੀਬ ਹਾਂ ਸਾਡੀ ਕਿਤੇ ਸੁਣਵਾਈ ਨਹੀ,ਸੰਤ ਜੀ ਨੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਇਸਦੇ ਸਹੁਰੇ ਪਰਿਵਾਰ ਨੂੰ ਸੱਦਿਆ ਜਾਵੇ ।

ਅਗਲੇ ਦਿਨ ਉਸ ਲੜਕੀ ਦਾ ਸੱਸ, ਸਹੁਰਾ, ਘਰਵਾਲਾ ਸਾਰੇ ਆਣ ਹਾਜਰ ਹੋਏ, ਸੰਤ ਜੀ ਕਹਿੰਦੇ ਇਹ ਲੜਕੀ ਨੂੰ ਜਾਣਦੇ ਹੋ... ?

ਉਨਾਂ ਕਿਹਾ ਜੀ ਹਾਂ ਜਾਣਦੇ ਹਾਂ.., ਸੰਤ ਜੀ ਕਹਿੰਦੇ ਇਹ ਮੇਰੀ ਧੀ ਹੈ। ਉਨਾਂ ਦਸ ਹਜਾਰ ਰੁਪਏ ਜੇਬ ’ਚੋਂ ਕੱਢ ਕੇ ਲੜਕੀ ਦੇ ਘਰਵਾਲੇ ਨੂੰ ਕਿਹਾ ਆਹ ਲਵੋ ਇਹ ਦਾਜ ਦੀ ਪਹਿਲੀ ਕਿਸ਼ਤ, ਲੜਕੀ ਦੇ ਪਤੀ ਸਮੇਤ ਸਹੁਰੇ ਪਰਿਵਾਰ ਨੇ ਹੱਥ ਜੋੜ ਕੇ ਕਿਹਾ ਨਹੀਂ ਸੰਤ ਜੀ ਕੁਝ ਨਹੀਂ ਚਾਹੀਦਾ। ਅਸੀਂ ਆਪਣੀ ਗਲਤੀ ’ਤੇ ਸ਼ਰਮਿੰਦਾ ਹਾਂ...ਸਾਨੂੰ ਮੁਆਫ਼ ਕਰ ਦਿਓ...ਆਪਣੀ ਭੁੱਲ ਮੰਨ ਉਸ ਲੜਕੀ ਨੂੰ ਨਾਲ ਲੈ ਗਏ, ਉਹ ਬੱਚੀ ਹੱਸਦਿਆਂ ਆਪਣੇ ਘਰ ਪਰਤ ਗਈ। ਇਸ ਤਰਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਸਨ ਸੰਤ, ਐਵੇਂ ਲੋਕ ਉਨਾਂ ਦੇ ਦੀਵਾਨੇ ਨਹੀਂ ਸਨ।

ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਧਰਮ ਯੁੱਧ ਮੋਰਚੇ ਦੌਰਾਨ ਅੰਮ੍ਰਿਤਸਰ ਜੇਲ ’ਚ ਬੰਦ ਸਨ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਨੇ ਰੋਜ਼ਾਨਾ ਪਹੁੰਚ ਜਾਣਾ, ਸਾਰਾ ਦਿਨ ਜੇਲ ਦੇ ਬੂਹੇ ਅੱਗੇ ਤਾਂਤਾ ਲੱਗਾ ਰਹਿਣਾ, ਜੇਲ ਅਤੇ ਅੰਮ੍ਰਿਤਸਰ ਪ੍ਰਸ਼ਾਸ਼ਨ ਨੇ ਤੰਗ ਆ ਕੇ ਭਾਈ ਸਾਹਿਬ ਨੂੰ ਗੁਰਦਾਸਪੁਰ ਜੇਲ ਤਬਦੀਲ ਕਰ ਦਿੱਤਾ। ਭਾਈ ਸਾਹਿਬ ਜੀ ਨੇ ਗੁਰਦਾਸਪੁਰ ਜੇਲ ਦਾ ਗੁਰਦੁਆਰਾ ਸਾਹਿਬ ਵੇਖਿਆ ਤਾਂ ਹੈਰਾਨ ਪ੍ਰੇਸ਼ਾਨ ਰਹਿ ਗਏ ਕਹਿਣ ਲੱਗੇ ਮਹਾਰਾਜ ਸਾਹਿਬ ਦੇ ਘਰ ਦੇ ਐਸੇ ਹਾਲਾਤ... ? ਗੁਰੂਘਰ ਤਾਂ ਵਧੀਆ ਬਣਾਓ, ਕਾਰ ਸੇਵਾ ਸ਼ੁਰੂ ਕਰੋ ਗੁਰੂ ਪਿਆਰਿਓ ਸੇਵਾ ਆਰੰਭ ਹੋਈ, ਦਿਨਾਂ ’ਚ ਹੀ ਸੁੰਦਰ ਗੁਰਦੁਆਰਾ ਸਾਹਿਬ ਤਿਆਰ ਕਰਕੇ ਸਿੰਘਾਂ ਮਹਾਰਾਜ ਸਾਹਿਬ ਦਾ ਸਰੂਪ ਪ੍ਰਕਾਸ਼ ਕਰ ਦਿੱਤਾ। ਏਨਾ ਸੋਹਣਾ ਗੁਰਦੁਆਰਾ ਸਾਹਿਬ ਉਹ ਵੀ ਜਲਦ ਤਿਆਰ ਹੋਇਆ, ਉਦਘਾਟਨੀ ਸਮਾਗਮ ’ਚ ਹਿੰਦੂ ਸਿੱਖ ਸਾਰੇ ਕੈਦੀ ਵੀ ਮੱਥਾ ਟੇਕਣ ਆਏ, ਖਾਲਸਾ ਪੰਥ ਦੇ ਸਿਧਾਂਤ ਤੇ ਦਮਦਮੀ ਟਕਸਾਲ ਦੀਆਂ ਸਿਖਿਆਵਾਂ ਮੁਤਾਬਿਕ ਭਾਈ ਅਮਰੀਕ ਸਿੰਘ ਜੀ ਹਰ ਧਰਮ ਦਾ ਸਤਿਕਾਰ ਕਰਨ ਵਾਲੇ ਇਕ ਧਰਮੀ ਪੁਰਸ਼ ਸਨ। ਉਨਾਂ ਦੇ ਖਿੜੇ ਚਿਹਰੇ ਵੇਖ ਹਿੰਦੂ ਭਰਾਵਾਂ ਨੇ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ ਤੁਸੀਂ ਤਾਂ ਧਰਮੀ ਪੁਰਸ਼ ਹੋ ਵੇਖੋ ਸਾਡੇ ਮੰਦਿਰ ਦੀ ਹਾਲਤ ਬੜੀ ਖਸਤਾ ਹੈ ਕ੍ਰਿਪਾ ਕਰਕੇ ਸਾਨੂੰ ਭਗਵਾਨ ਦਾ ਮੰਦਿਰ ਤਿਆਰ ਕਰਵਾ ਦਿਓ। ਭਾਈ ਸਾਹਿਬ ਜੀ ਨੇ ਉਸੇ ਵਕਤ ਹਾਂ ਕਹਿ ਦਿੱਤੀ ਅਤੇ ਇਹ ਗੱਲ ਵੀਹਵੀਂ ਸਦੀ ਦੇ ਮਹਾਨ ਸਿੱਖ ਦਮਦਮੀ ਟਕਸਾਲ ਦੇ ਚੌਂਦਵੇਂ ਮੁਖੀ ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੱਕ ਪਹੁੰਚਾਈ’ ਸੰਤ ਜੀ ਨੇ ਸੁਨੇਹਾ ਲੈ ਕੇ ਗਏ ਸਿੰਘ ਹੱਥ ਉਸੇ ਵਕਤ ਆਪਣੇ ਖੀਸੇ ’ਚੋਂ ਪੰਜ ਹਜਾਰ ਰੁਪਏ ਸੌਂਪ ਕੇ ਮੰਦਿਰ ਦੀ ਕਾਰ ਸੇਵਾ ਸ਼ੁਰੂ ਕਰਨ ਦਾ ਆਦੇਸ਼ ਦੇ ਦਿੱਤਾ। ਜਲਦ ਹੀ ਇਕ ਸੁੰਦਰ ਸ਼ਿਵਾਲਾ ਮੰਦਿਰ ਜੇਲ ਅੰਦਰ ਤਿਆਰ ਕਰਵਾ ਦਿੱਤਾ ਗਿਆ, ਅੱਜ ਇਹ ਮੰਦਿਰ ਉਨਾਂ ਸਿੱਖ ਦੁਸ਼ਮਣ ਤਾਕਤਾਂ ਦਾ ਮੂੰਹ ਬੰਦ ਕਰਵਾਉਂਦਾ ਹੈ ਜੋ ਇਨਾਂ ਪੰਜਾਬ ਦੇ ਹੱਕਾਂ ਹਿਤਾਂ ਖਾਤਰ ਮਹਾਨ ਸੰਘਰਸ਼ਸ਼ੀਲ ਯੋਧਿਆਂ ਨੂੰ ਹਿੰਦੂ ਵਿਰੋਧੀ ਗਰਦਾਨਦੇ ਹਨ ਅਤੇ ਨਾਲ ਉਨਾਂ ਆਪਹੁਦਰੇ ਅਖੌਤੀ ਸਿੱਖਾਂ ਦੇ ਮੂੰਹ ਚਪੇੜ ਹੈ ਜੋ ਆਪਣੇ ਆਪ ਨੂੰ ਵਾਰਸ ਤਾਂ ਸੰਤਾਂ ਦੇ ਅਖਵਾਉਂਦੇ ਹਨ ਪਰ ਸਿੱਖ ਸਿਧਾਂਤ ਗੁਰਬਾਣੀ ਅਧਿਆਤਮ ਉਪਦੇਸ਼ ਤੋਂ ਖੋਖਲੇ ਹਨ ।

ਕੁਝ ਪੰਥ ਦੀ ਲੀਹੋਂ ਲੱਥੇ ਆਗਰੂਕ ਅਪਗ੍ਰੇਡ ਲਾਣਾਂ ਜੋ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਵਿਰੁੱਧ ਪ੍ਰਚਾਰ ਨੂੰ ਹੀ ਪੰਥ ਦੀ ਸੇਵਾ ਮੰਨ ਬੈਠਾ ਹੈ ਤੇ ਸਿੱਖ ਮਨਾਂ ’ਚ ਆਪਣੀ ਜਗਾ ਬਣਾ ਪੰਥ ਦੀਆਂ ਪੁਰਾਤਨ ਸੰਪ੍ਰਦਾਵਾਂ ਭੰਡਦੇ ਹਨ।

ਭਾਈ ਅਮਰੀਕ ਸਿੰਘ ਜੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਸਨ। ਬਚਪਨ ’ਚ ਧਾਰਮਿਕ ਸੰਸਕਾਰਾਂ ਵਾਲੇ ਹੋਣ ਕਰਕੇ ਮੁੱਢਲੀ ਵਿਦਿਆ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬੀ.ਏਐਮ.ਏ ਦੀ ਪੜਾਈ ਲਈ ਦਾਖਲਾ ਲਿਆ ਤਾਂ ਕਾਲਜ ਪਿੰਡ ਭੂਰੇ ਕੋਹਨੇ ਤੋਂ ਦੂਰ ਹੋਣ ਕਾਰਨ ਕਾਲਜ ਹੀ ਰਹਿਣਾ ਪਸੰਦ ਕਰਦੇ ਸਨ। ਪਰ ਹੋਸਟਲ ਦੀ ਜਗਾ ਭਾਈ ਸਾਹਿਬ ਜੀ ਖਾਲਸਾ ਕਾਲਜ ’ਚ ਬਣੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਰਿਹਾਇਸ਼ ਦੇ ਦੋ ਕਮਰਿਆਂ ’ਚੋਂ ਇਕ ਕਮਰੇ ’ਚ ਰਿਹਾ ਕਰਦੇ। ਅਮਰ ਸਿੰਘ ਅੰਬਾਲਵੀ ਤੋਂ ਬਾਅਦ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਐਸੇ ਆਗੂ ਜਿਨਾਂ ਦੀ ਇਕ ਆਵਾਜ ਤੇ ਹਜ਼ਾਰਾਂ ਮਰਜੀਵੜੇ ਸਿੰਘ ਤਿਆਰ ਹੋ ਜਾਦੇ ।

## ਸ਼ਹੀਦ ਬਾਬਾ ਠਾਹਰਾ ਸਿੰਘ

ਭਾਈ ਅਮਰੀਕ ਸਿੰਘ ਜੀ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਪੜਾਈ ਕਰ ਰਹੇ ਸਨ, ਖਰਚਾ ਬਹੁਤ ਜਿਆਦਾ ਆ ਰਿਹਾ ਸੀ ਪਰ ਟਕਸਾਲ ਦੀਆਂ ਰਵਾਇਤਾਂ ਮੁਤਾਬਿਕ ਟਕਸਾਲ ਮੁਖੀ ਆਪਣੇ ਘਰ ਜਥੇਬੰਦੀ ਦੇ ਪੈਸੇ ਨਹੀਂ ਵਰਤ ਸਕਦਾ ਪਰ ਘਰੇਲੂ ਪੈਲੀ ਬੰਨੇ ਤੋਂ ਜਿੰਨੀ ਕੁ ਕਮਾਈ ਆਉਂਦੀ ਸੀ, ਉਸ ਨਾਲ ਘਰ ਦਾ ਸਿਰਫ ਗੁਜਾਰਾ ਹੀ ਚਲਦਾ ਸੀ।

ਹੁਣ ਸਮੱਸਿਆ ਇਹ ਖੜੀ ਹੋਈ ਕਿ ਪੜਾਈ ਵੀ ਪੂਰੀ ਹੋਵੇ, ਪਰ ਪੈਸੇ ਕਿਥੋਂ ਆਉਣ.... ? ਬਾਬਾ ਠਾਹਰਾ ਸਿੰਘ ਜੀ ਨੂੰ ਜਦ ਪਤਾ ਲੱਗਾ ਉਨਾਂ ਮਹਿਤੇ ਵਿਖੇ ਸਸਤੇ ਰੇਟ ਤੇ ਠੇਕੇ ’ਤੇ ਜਮੀਨ ਲੈ ਕੇ ਅੱਗੇ ਠੇਕੇ ’ਤੇ ਦੇ ਦਿੱਤੀ ਉਸ ’ਚੋਂ ਜੋ ਵੱਧ ਪੈਸਾ ਆਇਆ ਉਸ ਨਾਲ ਉਹਨਾਂ ਭਾਈ ਅਮਰੀਕ ਸਿੰਘ ਜੀ ਦੀ ਕਾਲਜ ਦੀ ਫੀਸ ਤਾਰ ਦਿੱਤੀ ਪਰ ਇਹ ਗੱਲ ਬਾਬਾ ਠਾਹਰਾ ਸਿੰਘ ਜੀ ਨੇ ਇਹ ਗੱਲ ਮਹਾਂਪੁਰਸ਼ਾਂ ਨੂੰ ਵੀ ਨਹੀਂ ਦੱਸੀ

## ਜਨਰਲ ਸੁਬੇਗ ਸਿੰਘ

ਮਰਜੀਵੜੇ ਸਿੰਘਾਂ ਅਤੇ ਦਿੱਲੀ ਸਰਕਾਰ ਦਰਮਿਆਨ ਟਕਰਾਅ ਤੈਅ ਹੋ ਗਿਆ ਉਨਾਂ ਦਿਨਾਂ ਵਿਚ ਜਨਰਲ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੋਰਚਾਬੰਦੀ ਕਰ ਰਹੇ ਸਨ। ਸੰਵਾਦ ਲਈ ਭਾਰਤ ਦੇ ਮਤਾਂ/ਮਤਾਂਤਰਾਂ ਦੇ ਸੰਤ/ਮਹਾਤਮਾ ਦੇਸ਼/ਵਿਦੇਸ਼ ਤੋਂ ਪੱਤਰਕਾਰਾਂ ਦੀਆਂ ਮੰਡਲੀਆਂ ਆਉਦੀਆਂ ਜਾਂਦੀਆਂ ਰਹਿੰਦੀਆਂ ਹਰ ਕੋਈ ਯਤਨ ਕਰਦਾ ਕਿ ਇਹ ਟਕਰਾਅ ਟਲ ਜਾਵੇ ਪਰ ਭਾਣੇ ਨੂੰ ਕੌਣ ਰੋਕ ਸਕਦਾ।

ਇਕ ਦਿਨ ਪੱਤਰਕਾਰਾਂ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਇੰਟਰਵਿਊ ਤੋਂ ਬਾਅਦ ਮੇਜਰ ਜਨਰਲ ਸੁਬੇਗ ਸਿੰਘ ਜੀ ਨੂੰ ਪੱਤਰਕਾਰ ਨੇ ਸਵਾਲ ਕਰ ਦਿੱਤਾ...‘ਜਨਰਲ ਸਾਹਿਬ’ ਤੁਸੀ ਹਿੰਦ/ਪਾਕਿ ਯੁੱਧ ਸਮੇਂ ਹਜਾਰਾਂ ਪਾਕਿਸਤਾਨੀ ਸਿਪਾਹੀਆਂ ਦੇ ਹੱਥ ਖੜੇ ਕਰਵਾ ਕੇ ਬੰਗਲਾਦੇਸ਼ ਆਜਾਦ ਕਰਵਾਇਆ, ਤੁਹਾਨੂੰ ਰਾਸ਼ਟਰਪਤੀ ਵਲੋਂ ਬਹਾਦਰੀ ਸਨਮਾਨ ਦਿੱਤੇ ਗਏ, ਤੁਸੀਂ ਜਦੋਂ ਆਰਮੀ ਵਿਚ ਭਰਤੀ ਹੋਏ ਸੀ, ਤੁਹਾਨੂੰ ਯਾਦ ਹੋਵੇਗਾ ਤੁਸੀ ਦੇਸ਼ ਦੀ ਰਖਿਆ ਲਈ ਸੌਂਹ ਚੁੱਕੀ ਹੋਵੇਗੀ।

## ਕੀ ਹੁਣ ਤੁਸੀ ਦੇਸ਼ ਵਿਰੁੱਧ ਹਥਿਆਰ ਚੁਕੋਗੇ.. ?

ਜਨਰਲ ਸਾਹਿਬ ਨੇ ਇਲਾਹੀ ਮੌਜ ਵਿਚ ਉੱਤਰ ਦੇਂਦਿਆਂ ਕਿਹਾ....ਜੇਕਰ ਇਸ ਦੇਸ਼ ਦੇ ਆਗੂਆਂ ਨੇ ਇਹ ਠਾਣ ਲਿਆ ਹੈ ਕਿ ਅਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਹਮਲਾ ਕਰਨਾ ਹੈ ਤਾਂ ਅਸੀਂ ਆਪਣੇ ਪੱਵਿਤਰ ਗੁਰਧਾਮਾਂ ਦੀ ਆਨ/ਸ਼ਾਨ ਬਰਕਰਾਰ ਰੱਖਣ ਲਈ ਜਰੂਰ ਲੜਾਂਗੇ, ਨਾਲੇ ਜਿਸ ਦੀ ਸਹੁੰ ਚੁੱਕੀ ਜਾਵੇ ਉਹ ਵੱਡਾ ਹੁੰਦਾ। ਜਨਰਲ ਸਾਹਿਬ ਨੂੰ ਘੇਰਨ ਲਈ ਕੀਤੇ ਸਵਾਲ ਦਾ ਜਵਾਬ ਸੁਣਕੇ ਪੱਤਰਕਾਰ ਖੁੱਦ ਲਾਜਵਾਬ ਸਨ ।

1984 ਦੇ ਸਾਰੇ ਮਹਾਨ ਸੂਰਬੀਰ ਸਿੰਘਾਂ ਦੀ ਪਵਿੱਤਰ ਯਾਦ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 1 ਜੂਨ ਤੋਂ 5 ਜੂਨ ਤੱਕ ਸ਼ਾਮ 4 ਤੋਂ 7 ਤੱਕ ਨੂੰ ਭਾਰੀ ਦੀਵਾਨ ਸਜ ਰਹੇ ਹਨ। ਜਿਨਾਂ ਵਿਚ ਗੁਰਬਾਣੀ ਕੀਰਤਨ ਗੁਰ ਇਤਿਹਾਸ ਦੀ ਕਥਾ ਚੱਲ ਰਹੀ ਹੈ, ਸੰਤ ਮਹਾਤਮਾ ਪਹੁੰਚ ਰਹੇ ਹਨ, ਅੱਜ ਅਖੀਰਲਾ, ਦੀਵਾਨ ਹੈ।

ਕੱਲ 6 ਜੂਨ ਸੰਤ ਗਿਆਨੀ ਹਰਨਾਮ ਸਿੰਘ ਜੀ ਭਿੰਡਰਾਂਵਾਲਿਆਂ ਵਲੋਂ ਦਮਦਮੀ ਟਕਸਾਲ ਦੇ ਹੈੱਡਕੁਆਟਰ ਵਿਖੇ ਬਹੁਤ ਭਾਰੀ ਦੀਵਾਨ ਸਜਾਏ ਜਾ ਰਹੇ ਹਨ, ਆਪ ਸਭ ਗੁਰੂ ਕੀ ਸੰਗਤ ਸਿੱਖੀ ਸ਼ਰਧਾ ਭਾਵਨਾ ਸਹਿਤ ਇਸ ਸਮਾਗਮ ’ਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

---

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-10**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

### (ਜੈਨ ਮਤ)

ਛੇਵੀਂ ਸਦੀ ਈ: ਪੂ: ਵਿੱਚ ਮਗਧ ਦਾ ਸਭ ਤੋਂ ਸ਼ਕਤੀਸ਼ਾਲੀ ਸ਼ਾਸਕ ਕਿਹੜਾ ਸੀ-ਬਿੰਬੀਸਾਰ ਤੇ ਅਜਾਤਸ਼ਤਰੂ

ਜੈਨ ਧਰਮ ਦੇ ਕੁੱਲ ਕਿੰਨੇ ਤੀਰਥੰਕਰ ਹੋਏ ਸਨ-24

ਜੈਨ ਧਰਮ ਦਾ ਮੋਢੀ ਕਿਸਨੂੰ ਮੰਨਿਆ ਜਾਂਦਾ ਹੈ-ਸਵਾਮੀ ਮਹਾਂਵੀਰ

ਜੈਨ ਧਰਮ ਦੀ ਗਣਨਾ ਕਿਸਦੇ ਸਭ ਤੋਂ ਪ੍ਰਾਚੀਨ ਗ੍ਰੰਥਾਂ ਵਿੱਚ ਕੀਤੀ ਜਾਂਦੀ ਹੈ-ਭਾਰਤ ਦੇ

ਜੈਨ ਧਰਮ ਦਾ ਪਹਿਲਾ ਤੀਰਥਾਂਕਰ ਕੌਣ ਸੀ-ਰਿਸ਼ਬਨਾਥ

ਜੈਨ ਧਰਮ ਵਿੱਚ ਗੁਰੂ ਨੂੰ ਕੀ ਕਿਹਾ ਜਾਂਦਾ ਹੈ-ਤੀਰਥਾਂਕਰ

24ਵੇਂ ਤੀਰਥੰਕਰ ਕੌਣ ਹੋਏ ਸਨ-ਸਵਾਮੀ ਮਹਾਂਵੀਰ

ਜੈਨ ਧਰਮ ਦਾ 23ਵਾਂ ਤੀਰਥਾਂਕਰ ਕੌਣ ਸੀ-ਪਾਰਸ਼ਵਨਾਥ

ਸਵਾਮੀ ਮਹਾਂਵੀਰ ਦੀ ਸੰਨਿਆਸ ਪਧਤੀ ਨੂੰ ਕੀ ਨਾਂ ਦਿੱਤਾ ਗਿਆ ਹੈ-ਨਿਰਗ੍ਰੰਥ

ਨਿਰਗ੍ਰੰਥ ਦਾ ਸ਼ਾਬਦਿਕ ਅਰਥ ਕੀ ਹੈ-ਬੰਧਨਾਂ ਤੋਂ ਰਹਿਤ

ਜੈਨ ਧਰਮ ਨੇ ਲੋਕਾਂ ਨੂੰ ਕਿਸ ਚੀਜ ਦਾ ਪਾਠ ਪੜਾਇਆ-ਤ੍ਰਿਰਤਨ, ਅਹਿੰਸਾ, ਸ਼ੁੱਧ ਆਚਰਨ, ਆਪਸੀ ਭਾਈਚਾਰੇ ਦਾ

ਸਵਾਮੀ ਮਹਾਂਵੀਰ ਦਾ ਜਨਮ ਕਦੋਂ ਹੋਇਆ-599 ਈ. ਪੂ:

ਸਵਾਮੀ ਮਹਾਂਵੀਰ ਦਾ ਜਨਮ ਸਥਾਨ ਕਿਹੜਾ ਹੈ- ਵੈਸ਼ਾਲੀ, ਨੇੜੇ ਕੁੰਡਗਰਾਮ, ਬਿਹਾਰ

ਕੁੱਝ ਇਤਿਹਾਸਕਾਰ ਸਵਾਮੀ ਮਹਾਂਵੀਰ ਜੀ ਦਾ ਜਨਮ ਕਦੋਂ ਮੰਨਦੇ ਹਨ-549 ਈ.ਪੂ:

ਸਵਾਮੀ ਮਹਾਂਵੀਰ ਦਾ ਬਚਪਨ ਦਾ ਕੀ ਨਾਂ ਸੀ-ਵਰਧਮਾਨ

ਸਵਾਮੀ ਮਹਾਂਵੀਰ ਦੇ ਪਿਤਾ ਜੀ ਦਾ ਨਾਂ ਕੀ ਸੀ-ਸਿਧਾਰਥ

ਸਵਾਮੀ ਮਹਾਂਵੀਰ ਦੇ ਮਾਤਾ ਜੀ ਦਾ ਨਾਂ ਕੀ ਸੀ-ਤ੍ਰਿਸਲਾ

ਸਵਾਮੀ ਮਹਾਂਵੀਰ ਦੇ ਪਿਤਾ ਕਿਸ ਕਬੀਲੇ ਦੇ ਮੁਖੀ ਸਨ-ਜਨਤ੍ਰਿਕਾ

ਸਵਾਮੀ ਮਹਾਂਵੀਰ ਦੇ ਮਾਤਾ ਕਿਸ ਦੀ ਭੈਣ ਸੀ-ਲਿੱਛਵੀ ਵੰਸ਼ ਦੇ ਸ਼ਾਸਕ ਚੇਟਕ ਦੀ ਭੈਣ

ਸਵਾਮੀ ਮਹਾਂਵੀਰ ਦਾ ਵਿਆਹ ਕਿਸ ਨਾਲ ਹੋਇਆ- ਯਸ਼ੋਦਾ ਨਾਲ

ਸਵਾਮੀ ਮਹਾਂਵੀਰ ਦੀ ਪੁੱਤਰੀ ਦਾ ਨਾਂ ਕੀ ਸੀ-ਪ੍ਰਿਆ ਦਰਸ਼ਨਾ ਜਾਂ ਅਨੋਜਾ

ਸਵਾਮੀ ਮਹਾਂਵੀਰ ਕਿੰਨੀ ਉਮਰ ਵਿੱਚ ਗਿਆਨ ਪ੍ਰਾਪਤੀ ਲਈ ਘਰੋਂ ਚਲੇ ਗਏ-30 ਸਾਲ ਦੀ ਉਮਰ ਵਿੱਚ

ਸਵਾਮੀ ਮਹਾਂਵੀਰ ਕਿਸ ਤੋਂ ਇਜਾਜ਼ਤ ਲੈ ਕੇ ਘਰ ਬਾਰ ਤਿਆਗ ਕੇ ਜੰਗਲ਼ਾਂ ਵੱਲ ਗਿਆਨ ਦੀ ਖੋਜ ਕਰਨ ਤੁਰ ਪਏ ਸਨ-ਵੱਡੇ ਭਰਾ ਨੰਦੀਵਰਮਨ ਤੋਂ

ਸਵਾਮੀ ਮਹਾਂਵੀਰ ਨੂੰ ਗਿਆਨ ਪ੍ਰਾਪਤੀ ਕਿੰਨੀ ਉਮਰ ਵਿੱਚ ਹੋਈ-42 ਸਾਲ ਦੀ ਉਮਰ ਵਿੱਚ

ਸਵਾਮੀ ਮਹਾਂਵੀਰ ਨੂੰ ਗਿਆਨ ਪ੍ਰਾਪਤੀ ਕਿਹੜੀ ਨਦੀ ਦੇ ਨੇੜੇ ਹੋਈ-ਰਿਜੁਪਾਲਿਕਾ ਨਦੀ

ਸਵਾਮੀ ਮਹਾਂਵੀਰ ਨੂੰ ਗਿਆਨ ਪ੍ਰਾਪਤੀ ਕਿੱਥੇ ਹੋਈ-ਜਰਿਮਥਿਕ ਗ੍ਰਾਮ ਵਿਖ

ਵਰਧਮਾਨ ਜਿੰਨ ਤੋਂ ਕੀ ਭਾਵ ਹੈ-ਇੰਦਰੀਆਂ ਦਾ ਜੇਤੂ

ਮਹਾਂਵੀਰ ਤੋਂ ਕੀ ਭਾਵ ਹੈ-ਮਹਾਨ ਜੇਤੂ

ਸਵਾਮੀ ਮਹਾਂਵੀਰ ਦੇ ਪ੍ਰਸਿੱਧ ਪ੍ਰਚਾਰ ਕੇਂਦਰ ਕਿਹੜੇ ਸਨ-ਰਾਜਗ੍ਰਹਿ, ਵੈਸ਼ਾਲੀ, ਕੌਸ਼ਲ, ਮਿਥਲਾ, ਵਿਦੇਹ, ਅੰਗ

ਸਵਾਮੀ ਮਹਾਂਵੀਰ ਨੇ ਕਿੰਨੇ ਵਰੇ ਪ੍ਰਚਾਰ ਕੀਤਾ-30 ਵਰੇ

ਸਵਾਮੀ ਮਹਾਂਵੀਰ ਨੂੰ ਨਿਰਵਾਣ ਕਦੋਂ ਅਤੇ ਕਿੱਥੇ ਪ੍ਰਾਪਤ ਹੋਇਆ-527 ਈ: ਪੂ: ਪਾਵਾ ਪੁਰੀ

ਸਵਾਮੀ ਮਹਾਂਵੀਰ ਨੂੰ ਨਿਰਵਾਣ ਕਿੰਨੇ ਵਰਿਆਂ ਦੀ ਉਮਰ ਵਿੱਚ ਪ੍ਰਾਪਤ ਹੋਇਆ-72 ਵਰਿਆਂ

ਜੈਨ ਪ੍ਰੰਪਰਾਵਾਂ ਅਨੁਸਾਰ ਮਗਧ ਦੇ ਕਿਹੜੇ ਸ਼ਾਸਕਾਂ ਨੇ ਜੈਨ ਮਤ ਸਵੀਕਾਰ ਕੀਤਾ-ਬਿੰਬੀਸਾਰ ਤੇ ਅਜਾਤਸਤਰੂ

ਸਵਾਮੀ ਮਹਾਂਵੀਰ ਦੇ ਕਿੰਨੇ ਪੈਰੋਕਾਰ ਸਨ-14000

ਮਹਾਂਵੀਰ ਸਵਾਮੀ ਨੇ ਆਪਣੇ ਪੈਰੋਕਾਰਾਂ ਨੂੰ ਕਿੰਨੇ ਰਤਨਾਂ ਤੇ ਚੱਲਣ ਲਈ ਕਿਹਾ-ਤਿੰਨ

ਸਵਾਮੀ ਮਹਾਂਵੀਰ ਦੇ ਤਿੰਨ ਰਤਨ ਕਿਹੜੇ ਸਨ-ਸੱਚੀ ਸ਼ਰਧਾ, ਸੱਚਾ ਗਿਆਨ, ਸੱਚਾ ਆਚਰਨ

ਜੈਨ ਧਰਮ ਅਨੁਸਾਰ ਮਨੁੱਖ ਨੂੰ ਕਿੰਨੇ ਅਨੁਵਰਤਾਂ ਦਾ ਪਾਲਣ ਕਰਨਾ ਚਾਹੀਦਾ ਹੈ-5

ਸਵਾਮੀ ਮਹਾਂਵੀਰ ਨੇ ਕਿੰਨੇ ਵਰੇ ਕਠੋਰ ਤਪ ਕੀਤਾ-12 ਵਰੇ

ਜੈਨ ਧਰਮ ਅਨੁਸਾਰ ਮਨੱਖ ਦੇ ਜੀਵਨ ਦਾ ਮੁਖ ਉਦੇਸ਼ ਕੀ ਹੈ-ਨਿਰਵਾਣ ਪ੍ਰਾਪਤੀ

ਕਿਹੜੇ ਸ਼ਾਸਕ ਦੇ ਸਮੇਂ ਜੈਨ ਧਰਮ ਦੋ ਸੰਪਰਦਾਵਾਂ ਵਿੱਚ ਵੰਡਿਆ ਗਿਆ-ਚੰਦਰਗੁਪਤ ਮੌਰੀਆ

ਜੈਨ ਧਰਮ ਕਿਹੜੇ ਦੋ ਸੰਪਰਦਾਵਾਂ ਵਿੱਚ ਵੰਡਿਆ ਗਿਆ-ਦਿਗੰਬਰ ਅਤੇ ਸਵੇਤਾਂਬਰ

ਜੈਨ ਧਰਮ ਵਿਚਕਾਰ ਵੰਡ ਦਾ ਮੁੱਖ ਕਾਰਨ ਕੀ ਸੀ-
ਮਗਧ ਵਿਚਲਾ ਭਿਅੰਕਰ ਅਕਾਲ

ਦਿਗੰਬਰ ਸੰਪਰਦਾਇ ਦਾ ਮੁਖੀ ਕੌਣ ਸੀ-ਭਦਰਬਾਹੂ

ਦਿਗੰਬਰ ਸੰਪਰਦਾਇ ਦੇ ਸਮਰਥਕ ਕਿਹੜੇ ਕੱਪੜੇ ਪਾਉਂਦੇ ਸਨ-ਕੱਪੜੇ ਨਹੀਂ ਪਾਉਂਦੇ ਸਨ ਨਗਨ ਰਹਿੰਦੇ ਸਨ

ਸਵੇਤਾਂਬਰ ਸੰਪਰਦਾਇ ਦਾ ਮੁੱਖ ਕੌਣ ਸੀ-ਸਥੂਲਭਦਰ

ਸਵੇਤਾਂਬਰ ਕਿਹੜੇ ਕੱਪੜੇ ਪਾਉਂਦੇ ਸਨ-ਚਿੱਟੇ ਕੱਪੜੇ

ਸਵਾਮੀ ਮਹਾਂਵੀਰ ਜੀ ਨੇ ਅਪਣੇ ਉਪਦੇਸ਼ਾਂ ਦਾ ਪ੍ਰਚਾਰ ਕਿਹੜੀ ਭਾਸ਼ਾ ਵਿੱਚ ਕੀਤਾ-ਅਰਧਮਗਧੀ ਭਾਸ਼ਾ ਵਿੱਚ

ਨਿਰਵਾਣ ਤੋਂ ਕੀ ਭਾਵ ਹੈ-ਆਵਾਗੌਣ ਦੇ ਚੱਕਰਾਂ ਤੋਂ ਮੁਕਤੀ

ਜੈਨ ਧਰਮ ਦੇ ਸਿਧਾਂਤਾਂ ’ਤੇ ਅਧਾਰਿਤ ਕਿੰਨੇ ਅੰਗ ਲਿਖੇ ਗਏ-12

ਸਵੇਤਾਂਬਰ ਮਤ ਵਾਲਿਆਂ ਨੇ ਸਥੂਲਭੱਦਰ ਦੀ ਅਗਵਾਈ ਹੇਠ ਜੈਨੀ ਸਭਾ ਕਿੱਥੇ ਬੁਲਾਈ-ਪਾਟਲੀਪੁੱਤਰ ਵਿਖੇ

# ਅਜਨਬੀ...

**ਕਿਸ਼ਤ-1**



**ਲੇਖਕ : ਆਲਬੇਅਰ ਕਾਮੂ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਆਪਣੇ ਤੋਂ ਛੋਟੀ ਉਮਰ ਵਾਲੇ ਆਸ਼ਰਮ ਵਾਸੀਆਂ ਦੀ ਗੱਲ ਹੁੰਦੀ ਤਾਂ ਉਹ ਉਹਨਾਂ ਦਾ ਜ਼ਿਕਰ 'ਉਹ ਲੋਕ' ਜਾਂ ਕਦੇ-ਕਦਾਰ 'ਉਨਾਂ ਬੁੜਿਆਂ ਲਈ' ਕਹਿ ਕੇ ਕਰਦਾ ਸੀ। ਉਸਦੀ ਇਸ ਆਦਤ 'ਤੇ ਪਹਿਲਾਂ-ਪਹਿਲ ਮੈਂ ਤ੍ਰਬਕਿਆ ਸੀ। ਖ਼ੈਰ, ਹੁਣ ਉਸਦਾ ਦ੍ਰਿਸ਼ਟੀਕੋਣ ਮੇਰੀ ਸਮਝ ਵਿਚ ਆ ਗਿਆ ਸੀ। ਚੌਕੀਦਾਰ ਦੇ ਰੂਪ ਵਿਚ ਈ ਸਹੀ, ਉਸਦੀ ਆਪਣੀ ਕੁਝ ਹੈਸੀਅਤ, ਤੇ ਬਾਕੀ ਲੋਕਾਂ ਉੱਤੇ, ਕੁਝ ਧਾਕ ਤਾਂ ਹੈ ਈ ਸੀ।

ਉਦੋਂ ਈ ਨਰਸ ਵਾਪਸ ਆ ਗਈ। ਰਾਤ ਕੁਝ ਅਜਿਹੀ ਤੇਜ਼ੀ ਨਾਲ ਆਈ ਕਿ ਲੱਗਿਆ, ਰੋਸ਼ਨਦਾਨ ਦੇ ਪਾਰ ਆਸਮਾਨ ਅਚਾਨਕ ਗੂੜ੍ਹਾ ਕਾਲਾ ਹੋ ਗਿਆ ਏ। ਚੌਕੀਦਾਰ ਨੇ ਬੱਤੀਆਂ ਜਗਾ ਦਿੱਤੀਆਂ। ਉਸ ਚਮਕਾਰੇ ਨੇ ਕੁਝ ਚਿਰ ਲਈ ਤਾਂ ਯਕਦਮ ਮੈਨੂੰ ਅੰਨਾ ਈ ਕਰ ਦਿੱਤਾ ਸੀ।

ਉਸਨੇ ਸਲਾਹ ਦਿੱਤੀ ਕਿ ਮੈਂ ਆਸ਼ਰਮ ਦੇ ਲੰਗਰ ਵਿਚ ਚੱਲ ਕੇ ਭੋਜਨ ਛਕ ਲਵਾਂ। ਪਰ ਮੈਨੂੰ ਭੁੱਖ ਨਹੀਂ ਸੀ। ਇਸ 'ਤੇ ਉਸਨੇ ਕਿਹਾ ਕਿ ਜੇ ਮੈਂ ਕਹਾਂ ਤਾਂ ਉਹ ਮੇਰੇ ਲਈ ਇਕ ਗਲਾਸ ਬਿਨਾਂ ਦੁੱਧ ਦੀ ਕਾਫ਼ੀ ਲੈ ਆਵੇ। ਕਾਲੀ ਕਾਫ਼ੀ ਮੇਰਾ ਮਨ-ਭੌਂਦਾ 'ਪੇਅ' ਹੈ ਸੋ ਕਹਿ ਦਿੱਤਾ, 'ਸ਼ੁਕਰੀਆ।' ਕੁਝ ਮਿੰਟਾਂ ਵਿਚ ਉਹ ਇਕ ਮਗ ਲੈ ਆਇਆ। ਕਾਫ਼ੀ ਪੀਣ ਪਿੱਛੋਂ ਮੈਨੂੰ ਸਿਗਰਟ ਦੀ ਤਲਬ ਲੱਗੀ। ਪਰ ਮਨ ਵਿਚ ਧਰਮ-ਸੰਕਟ ਸੀ ਕਿ ਇਸ ਮੌਕੇ 'ਤੇ, ਮਾਂ ਦੀ ਮੌਜੂਦਗੀ ਵਿਚ ਸਿਗਰਟ ਪੀਵਾਂ ਜਾਂ ਨਾ ਪੀਵਾਂ। ਜਦੋਂ ਇਕ ਵਾਰੀ ਫੇਰ ਸੋਚਿਆ ਤਾਂ ਕੋਈ ਖਾਸ ਹਰਜ਼ ਨਾ ਲੱਗਿਆ। ਸੋ ਇਕ ਸਿਗਰਟ ਮੈਂ ਚੌਕੀਦਾਰ ਨੂੰ ਵੀ ਪੇਸ਼ ਕਰ ਦਿੱਤੀ। ਅਸੀਂ ਦੋਵੇਂ ਸਿਗਰਟ ਪੀਂਦੇ ਰਹੇ। ਥੋੜ੍ਹੀ ਦੇਰ ਬਾਅਦ ਉਸਨੇ ਫੇਰ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

'ਗੱਲ ਇਹ ਐ ਕਿ ਲਾਸ਼ ਦੇ ਕੋਲ ਤੁਹਾਡੇ ਨਾਲ-ਨਾਲ ਜਗਰਾਤੇ ਲਈ ਤੁਹਾਡੀ ਮਾਂ ਦੇ ਸੰਗੀ-ਸਾਥੀ ਵੀ ਆਉਣ ਵਾਲੇ ਐ। ਜਦੋਂ ਕਿਸੇ ਦੀ ਮੌਤ ਹੋ ਜਾਂਦੀ ਐ ਤਾਂ ਅਸੀਂ ਲੋਕ ਹਮੇਸ਼ਾ ਇੱਥੇ ਜਗਰਾਤਾ ਕੱਟਦੇ ਆਂ। ਅੱਛਾ ਤਾਂ ਮੈਂ ਜਾ ਕੇ, ਕੁਝ ਹੋਰ ਕੁਰਸੀਆਂ ਤੇ ਬਿਨਾਂ ਦੁੱਧ ਵਾਲੀ ਕਾਫ਼ੀ ਵਾਲਾ ਭਾਂਡਾ ਲੈ ਆਵਾਂ'

ਸਫੇਦ ਕੰਧਾਂ ਉੱਤੇ ਪੈਂਦੀ ਰੋਸ਼ਨੀ ਦੀ ਚਮਕ ਮੇਰੀਆਂ ਅੱਖਾਂ ਵਿਚ ਚੁਭ ਰਹੀ ਸੀ। ਮੈਂ ਪੁੱਛਿਆ, 'ਇਨਾਂ 'ਚੋਂ ਇਕ ਬੱਤੀ ਬੁਝਾ ਦਿਆਂ?' ਉਸਨੇ ਦੱਸਿਆ, 'ਇੰਜ ਨੀਂ ਹੋ ਸਕਦਾ। ਸਾਰੀਆਂ ਬੱਤੀਆਂ ਇਸ ਢੰਗ ਨਾਲ ਲਾਈਆਂ ਗਈਐਂ ਕਿ ਜਾਂ ਤਾਂ ਸਾਰੀਆਂ ਦੀਆਂ ਸਾਰੀਆਂ ਜਗਦੀਆਂ ਐਂ ਜਾਂ ਸਭ ਬੁਝ ਜਾਂਦੀਐਂ।' ਇਸ ਪਿੱਛੋਂ ਮੈਂ ਇਸ ਪਾਸੇ ਧਿਆਨ ਈ ਨਹੀਂ ਦਿੱਤਾ। ਉਹ ਬਾਹਰ ਜਾ ਕੇ ਕੁਰਸੀਆਂ ਲੈ ਆਇਆ। ਉਹਨਾਂ ਨੂੰ ਤਾਬੂਤ ਦੇ ਚਾਰੇ-ਪਾਸੇ ਲਾ ਕੇ ਉਸਨੇ ਇਕ ਕੁਰਸੀ ਉੱਤੇ ਕਾਫ਼ੀ ਵਾਲਾ ਪਾਟ ਤੇ ਦਸ-ਬਾਰਾਂ ਮਗ ਰੱਖ ਦਿੱਤੇ। ਇਸ ਪਿੱਛੋਂ ਐਨ ਮੇਰੇ ਸਾਹਮਣੇ, ਮਾਂ ਦੇ ਕੋਲ ਬੈਠ ਗਿਆ। ਨਰਸ ਕਮਰੇ ਦੀ ਦੂਜੀ ਨੁੱਕਰੇ, ਮੇਰੇ ਵੱਲ ਪਿੱਠ ਕਰੀ, ਬੈਠੀ ਸੀ। ਕਰ ਕੀ ਰਹੀ ਸੀ, ਇਹ ਤਾਂ ਨਹੀਂ ਸੀ ਨਜ਼ਰ ਆ ਰਿਹਾ...ਪਰ ਉਸਦੀਆਂ ਬਾਹਾਂ ਦੇ ਹਿੱਲਣ ਦੇ ਢੰਗ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਸਲਾਈਆਂ 'ਤੇ ਕੁਝ ਬੁਣ ਰਹੀ ਏ। ਮੈਨੂੰ ਬੜਾ ਆਰਾਮ ਮਿਲ ਰਿਹਾ ਸੀ। ਕਾਫ਼ੀ ਨੇ ਤਨ-ਮਨ ਵਿਚ ਤਾਜ਼ਗੀ ਭਰ ਦਿੱਤੀ ਸੀ। ਖੁੱਲੇ ਦਰਵਾਜ਼ੇ 'ਚੋਂ ਫੁੱਲਾਂ ਦੀ ਨਿੰਮੀ-ਨਿੰਮੀ ਗੰਧ ਤੇ ਰਾਤ ਦੀ ਠੰਢੀ-ਠੰਢੀ ਹਵਾ ਦੇ ਬੁੱਲੇ ਆ ਰਹੇ ਸਨ। ਸ਼ਾਇਦ ਕੁਝ ਪਲਾਂ ਦੇ ਲਈ ਮੇਰੀ ਅੱਖ ਵੀ ਲੱਗ ਗਈ ਸੀ...।

ਅਜੀਬ-ਜਿਹੀ ਸਰਸਰਾਹਟ ਦੀ ਆਵਾਜ਼ ਕੰਨਾਂ ਵਿਚ ਪਈ ਤਾਂ ਜਾਗਿਆ। ਬੰਦ ਅੱਖਾਂ ਵਿਚ ਈ ਮੈਨੂੰ ਲੱਗਿਆ ਜਿਵੇਂ ਰੋਸ਼ਨੀ ਪਹਿਲਾਂ ਨਾਲੋਂ ਵੱਧ ਤਿੱਖੀ ਹੋ ਗਈ ਏ। ਕਿਸੇ ਪ੍ਰਛਾਵੇਂ ਦਾ ਕਿਤੇ ਨਾਂ-ਨਿਸ਼ਾਨ ਨਹੀਂ ਏਂ ਤੇ ਹਰ ਚੀਜ਼ ਦਾ ਇਕ-ਇਕ ਕੋਨ ਤੇ ਕੱਟ, ਬੇਰਹਿਮੀ ਨਾਲ ਅੱਖਾਂ ਵਿਚ ਵੜਦਾ ਜਾ ਰਿਹਾ ਏ। ਮਾਂ ਦੇ ਸਾਰੇ ਸੰਗੀ-ਸਾਥੀ, ਬੁੱਢੇ-ਬੁੱਢੀਆਂ ਆਉਣ ਲੱਗ ਪਏ ਸਨ। ਉਸ ਮਨਹੂਸ ਲਿਸ਼ਕੋਰਾਂ ਮਾਰਦੀ ਸਫੇਦੀ ਵਿਚੋਂ, ਤਿਰਛੇ ਹੋ ਕੇ, ਲੰਘਦਿਆਂ ਹੋਇਆਂ ਮੈਂ ਉਨਾਂ ਨੂੰ ਗਿਣਿਆ-ਇਕ... ਦੋ...ਤਿੰਨ...ਦਸ। ਉਨਾਂ ਲੋਕਾਂ ਦੇ ਬੈਠਣ ਨਾਲ ਕਿਸੇ ਕੁਰਸੀ ਦੀ ਚਰਮਰਾਹਟ ਤੀਕ ਨਹੀਂ ਸੀ ਸੁਣਾਈ ਦਿੱਤੀ। ਉਸ ਦਿਨ ਉਨਾਂ ਲੋਕਾਂ ਨੂੰ ਮੈਂ ਜਿੰਨਾ ਸਾਫ਼-ਸਾਕਾਰ ਦੇਖਿਆ, ਸ਼ਾਇਦ, ਜ਼ਿੰਦਗੀ ਵਿਚ ਕਿਸੇ ਚੀਜ਼ ਨੂੰ ਓਨਾ ਸਾਫ਼-ਸਪੱਸ਼ਟ ਨਹੀਂ ਸੀ ਦੇਖਿਆ-ਉਨਾਂ ਦੇ ਚਿਹਰੇ-ਮੋਹਰੇ, ਕੱਪੜੇ-ਲੱਤੇ-ਇਕ ਲੂੰ ਵੀ ਮੇਰੀ ਨਜ਼ਰ ਤੋਂ ਨਹੀਂ ਸੀ ਲੁਕਿਆ। ਤੇ ਫੇਰ ਵੀ ਮਜ਼ਾ ਇਹ ਸੀ ਕਿ ਮੈਨੂੰ ਉਹਨਾਂ ਦੀ ਇਕ ਵੀ ਗੱਲ, ਇਕ ਵੀ ਆਵਾਜ਼, ਸੁਣਾਈ ਨਹੀਂ ਸੀ ਦਿੱਤੀ। ਵਿਸ਼ਵਾਸ ਈ ਨਹੀਂ ਸੀ ਹੋ ਰਿਹਾ ਕਿ ਉਹ ਸੱਚਮੁੱਚ ਹੈਨ ਵੀ ਜਾਂ ਨਹੀਂ।

ਲਗਭਗ ਸਾਰੀਆਂ ਔਰਤਾਂ ਨੇ ਸਾਹਮਣੇ ਐਪਰਨ ਬੰਨੇ ਹੋਏ ਸਨ। ਡੋਰੀਆਂ ਲੱਕ ਨਾਲ ਇੰਜ ਕਸੀਆਂ ਹੋਈਆਂ ਸਨ ਕਿ ਉਨਾਂ ਦੇ ਵੱਡੇ-ਵੱਡੇ ਢਿੱਡ ਹੋਰ ਵੀ ਬਾਹਰ ਨੂੰ ਨਿਕਲ ਆਏ ਸਨ। ਕਿੰਨੇ ਵੱਡੇ-ਵੱਡੇ ਹੁੰਦੇ ਨੇ ਇਨਾਂ ਔਰਤਾਂ ਦੇ ਢਿੱਡ-ਇਸ ਵੱਲ ਮੈਂ ਕਦੀ ਧਿਆਨ ਨਹੀਂ ਸੀ ਦਿੱਤਾ। ਹਾਂ...ਤਾਂ ਵਧੇਰੇ ਮਰਦ ਅਫ਼ੀਮੀਆਂ ਤੇ ਚਰਸੀਆਂ ਵਰਗੇ ਸੁੱਕੇ-ਮਰੀਅਲ ਜਿਹੇ ਸਨ ਤੇ ਉਨਾਂ ਦੇ ਹੱਥਾਂ ਵਿਚ ਖੂੰਡੀਆਂ ਫੜੀਆਂ ਹੋਈਆਂ ਸਨ। ਉਨਾਂ ਦੇ ਚਿਹਰੇ ਦੀ ਸਭ ਤੋਂ ਖਾਸ ਗੱਲ ਮੈਨੂੰ ਇਹ ਲੱਗੀ ਕਿ ਉਨਾਂ ਦੀਆਂ ਅੱਖਾਂ ਦਿਖਾਈ ਈ ਨਹੀਂ ਸੀ ਦਿੰਦੀਆਂ-ਝੁਰੜੀਆਂ ਦੇ ਝੁਰਮਟ ਵਿਚ ਬਸ ਚਮਕਹੀਣ ਤੇ ਨਿਰਜਿੰਦ-ਜਿਹੀ ਰੋਸ਼ਨੀ ਦੀ ਤਰੇੜ ਨਜ਼ਰ ਆਉਂਦੀ ਸੀ।

ਬੈਠ ਜਾਣ ਪਿੱਛੋਂ, ਉਨਾਂ ਲੋਕਾਂ ਨੇ ਮੇਰੇ ਵੱਲ ਦੇਖਣਾ ਸ਼ੁਰੂ ਕਰ ਦਿੱਤਾ। ਕੁੱਤੇ ਦੀ ਪੂਛ ਵਾਂਗ ਉਹਨਾਂ ਦੀਆਂ ਧੌਣਾਂ ਕੋਝੇ ਢੰਗ ਨਾਲ ਹਿੱਲ ਰਹੀਆਂ ਰਹੀਆਂ ਸਨ ਤੇ ਆਪਣੇ ਦੰਦਹੀਣ ਮਸੂੜਿਆਂ ਨਾਲ ਬੈਠੇ-ਬੈਠੇ ਉਹ ਬੁੱਲ ਚਬੋਲੀ ਜਾ ਰਹੇ ਸਨ। ਮੈਂ ਫ਼ੈਸਲਾ ਨਹੀਂ ਕਰ ਸਕਿਆ ਸੀ ਕਿ ਮੈਨੂੰ ਪਹਿਲੀ-ਵਾਰ ਦੇਖ ਕੇ ਉਹ ਲੋਕ ਮੇਰੇ ਸਵਾਗਤ ਵਿਚ ਕੁਝ ਕਹਿਣਾ ਚਾਹੁੰਦੇ ਨੇ ਜਾਂ ਉਨਾਂ ਦੀ ਇਹ ਹਰਕਤ ਸਿਰਫ਼ ਬੁਢਾਪੇ ਦੀ ਕਮਜ਼ੋਰੀ ਕਰਕੇ ਸੀ। ਮੈਂ ਤਾਂ ਇਹ ਵੀ ਮੰਨ ਲੈਣ ਨੂੰ ਤਿਆਰ ਸੀ ਕਿ ਉਹ ਲੋਕ ਆਪੋ-ਆਪਣੇ ਢੰਗ ਨਾਲ ਮੇਰਾ ਸਵਾਗਤ ਈ ਕਰ ਰਹੇ ਨੇ-ਪਰ ਚੌਕੀਦਾਰ ਨੂੰ ਘੇਰ ਕੇ ਉਨਾਂ ਦਾ ਇੰਜ ਬੈਠਣਾ, ਸੰਜੀਦਗੀ ਨਾਲ ਮੈਨੂੰ ਘੂਰੀ ਜਾਣਾ ਤੇ ਸਿਰ ਮਟਕਾਉਣਾ ਦੇਖ ਕੇ ਮਨ ਨੂੰ ਬੜਾ ਅਜੀਬ-ਅਜੀਬ ਲੱਗ ਰਿਹਾ ਸੀ। ਪਲ ਭਰ ਲਈ ਦਿਮਾਗ਼ ਵਿਚ ਇਕ ਬੇਤੁਕੀ-ਜਿਹੀ ਗੱਲ ਆਈ-ਜਿਵੇਂ ਇਹ ਸਾਰੇ ਦੇ ਸਾਰੇ ਈ ਮੇਰਾ ਇਨਸਾਫ਼ ਕਰਨ ਲਈ ਬੈਠੇ ਹੋਣ।

ਕੁਝ ਮਿੰਟਾਂ ਪਿੱਛੋਂ, ਔਰਤਾਂ ਵਿਚੋਂ ਇਕ ਨੇ ਰੋਣਾ ਸ਼ੁਰੂ ਕਰ ਦਿੱਤਾ। ਉਹ ਦੂਜੀ ਲਾਈਨ ਵਿਚ ਸੀ ਤੇ ਉਸਦੇ ਅੱਗੇ ਇਕ ਹੋਰ ਔਰਤ ਬੈਠੀ ਸੀ, ਇਸ ਲਈ ਮੈਨੂੰ ਉਸਦਾ ਚਿਹਰਾ ਦਿਖਾਈ ਨਹੀਂ ਦਿੱਤਾ। ਠੀਕ ਵਕਫ਼ੇ ਬਾਅਦ ਉਸਦੇ ਮੂੰਹੋਂ ਰੁਕ-ਰੁਕ ਕੇ ਇਕ ਘੁਟੀ-ਘੁਟੀ ਤੇ ਹਲਕੀ-ਜਿਹੀ ਸਿਸਕੀ ਨਿਕਲਦੀ। ਲੱਗਦਾ, ਜਿਵੇਂ ਇਹ ਸਿਸਕੀਆਂ ਕਦੀ ਬੰਦ ਨਹੀਂ ਹੋਣਗੀਆਂ। ਪਰ ਦੂਜਿਆਂ ਨੂੰ ਜਿਵੇਂ ਇਸ ਗੱਲ ਦੀ ਕੋਈ ਪਰਵਾਹ ਈ ਨਹੀਂ ਸੀ। ਸਾਰੇ ਆਪੋ-ਆਪਣੀਆਂ ਕੁਰਸੀਆਂ ਵਿਚ ਕੁੰਗੜੇ-ਧਸੇ, ਗੁੰਮਸੁੰਮ-ਜਿਹੇ ਬੈਠੇ-ਤਾਬੂਤ ਜਾਂ ਆਪੋ-ਆਪਣੀਆਂ ਖੂੰਡੀਆਂ ਜਾਂ ਜੋ ਵੀ ਚੀਜ਼ ਸਾਹਮਣੇ ਪੈਂਦੀ-ਬਸ, ਉਸ ਨੂੰ ਇਕਟੱਕ ਦੇਖੀ ਜਾ ਰਹੇ ਸਨ। ਔਰਤ ਦਾ ਰੋਣਾ ਜਾਰੀ ਰਿਹਾ। ਮੈਨੂੰ ਬੜੀ ਹੈਰਾਨੀ ਵੀ ਹੋਈ, ਇਸ ਔਰਤ ਨੂੰ ਤਾਂ ਮੈਂ ਜਾਣਦਾ ਵੀ ਨਹੀਂ। ਮਨ ਵਿਚ ਆਇਆ ਕਿ ਚੁੱਪ ਕਰਵਾ ਦਿਆਂ, ਪਰ ਉਸਨੂੰ ਕੁਝ ਕਹਿਣ ਦੀ ਹਿੰਮਤ ਨਾ ਪਈ। ਕੁਝ ਚਿਰ ਬਾਅਦ ਚੌਕੀਦਾਰ ਨੇ ਉਸ ਵੱਲ ਝੁਕ ਕੇ ਕੰਨ ਵਿਚ ਕੁਝ ਘੁਸਰ-ਫੁਸਰ ਕੀਤੀ। ਜਵਾਬ ਵਿਚ ਔਰਤ ਨੇ ਸਿਰ ਹਿਲਾਇਆ ਤੇ ਮੂੰਹ



ਵਿਚ ਈ ਕੁਝ ਬੋਲੀ-ਜਿਹੜਾ ਸੁਣਾਈ ਨਹੀਂ ਦਿੱਤਾ। ਪਰ ਰੋਣਾ ਆਪਣੀ ਉਸੇ ਗਤੀ ਨਾਲ ਚਲਦਾ ਰਿਹਾ।

ਚੌਕੀਦਾਰ ਉੱਠ ਕੇ ਆਪਣੀ ਕੁਰਸੀ ਨੂੰ ਮੇਰੇ ਕੋਲ ਸਰਕਾ ਲਿਆਇਆ। ਪਹਿਲਾਂ ਤਾਂ ਉਹ ਚੁੱਪਚਾਪ ਬੈਠਾ ਰਿਹਾ, ਫੇਰ ਬਿਨਾਂ ਮੇਰੇ ਵੱਲ ਦੇਖੇ ਦੱਸਣ ਲੱਗਾ, 'ਇਸ ਦਾ ਤੁਹਾਡੀ ਮਾਂ ਨਾਲ ਬੜਾ ਪ੍ਰੇਮ ਸੀ। ਕਹਿੰਦੀ ਐ, ਦੁਨੀਆਂ 'ਚ ਇਕੱਲੀ ਤੁਹਾਡੀ ਮਾਂ ਈ ਉਸਦੀ ਸਹੇਲੀ ਸੀ। ਹੁਣ ਕੋਈ ਵੀ ਨੀਂ ਰਿਹਾ।'

ਮੈਂ ਕੀ ਕਹਿੰਦਾ? ਇਸ ਪਿੱਛੋਂ ਕਾਫ਼ੀ ਦੇਰ ਤੀਕ ਚੁੱਪ ਵਾਪਰੀ ਰਹੀ। ਹੁਣ ਉਸ ਔਰਤ ਦਾ ਰੋਣਾ-ਭੁਸਕਣਾ ਕਾਫ਼ੀ ਘੱਟ ਹੋ ਗਿਆ ਸੀ—ਕੁਝ ਚਿਰ ਨੱਕ ਸਿਣਕਣ ਤੇ ਸੂੰ-ਸੂੰ ਕਰਨ ਪਿੱਛੋਂ, ਉਹ ਵੀ ਸ਼ਾਂਤ ਹੋ ਗਿਆ।

ਨੀਂਦ ਤਾਂ ਨਹੀਂ, ਹਾਂ, ਥਕਾਣ ਜ਼ਬਰਦਸਤ ਮਹਿਸੂਸ ਹੋ ਰਹੀ ਸੀ। ਲੱਤਾਂ ਬੁਰੀ ਤਰਾਂ ਦੁਖ ਰਹੀਆਂ ਸਨ। ਮੈਨੂੰ ਕੁਝ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਇਹਨਾਂ ਲੋਕਾਂ ਦੀ ਚੁੱਪ ਮੈਨੂੰ ਪੀੜ ਰਹੀ ਏ। ਬਿਲਕੁਲ ਸੰਨਾਟਾ ਸੀ ਤੇ ਜੇ ਕੁਝ ਸੁਣਾਈ ਦਿੰਦਾ ਸੀ ਤਾਂ ਕਾਫ਼ੀ ਦੇਰ ਰੁਕ-ਰੁਕ ਕੇ ਆਉਂਦੀ ਇਕ ਅਜੀਬ-ਜਿਹੀ ਆਵਾਜ਼। ਪਹਿਲਾਂ ਤਾਂ ਮੈਂ ਚੱਕਰ ਵਿਚ ਪੈ ਗਿਆ ਕਿ ਇਹ ਕੇਹੀ ਆਵਾਜ਼ ਹੋਈ, ਪਰ ਧਿਆਨ ਨਾਲ ਸੁਣਿਆਂ ਤਾਂ ਸਮਝ ਵਿਚ ਆ ਗਿਆ। ਬੈਠੇ-ਬੈਠੇ ਬੁੱਢੇ ਆਪਣੀਆਂ ਪੋਪਲ ਗੱਲਾਂ ਨੂੰ ਚੂਪਦੇ ਸਨ ਤਾਂ ਇਸ ਨਾਲ ਚੁਸਰ-ਚੁਸਰ ਦੀ ਅਜੀਬ-ਜਿਹੀ ਆਵਾਜ਼ ਹੁੰਦੀ ਸੀ। ਪਹਿਲਾਂ ਜਿਸ ਤੋਂ ਮੈਂ ਡਰ ਗਿਆ ਸੀ। ਸਾਰੇ ਦੇ ਸਾਰੇ ਆਪਣੇ-ਆਪ ਵਿਚ ਐਨੇ ਡੁੱਬੇ ਹੋਏ ਸਨ ਤੇ ਉਨਾਂ ਨੂੰ ਸ਼ਾਇਦ ਇਸ ਗੱਲ ਦਾ ਧਿਆਨ ਵੀ ਨਹੀਂ ਸੀ ਰਿਹਾ ਕਿ ਉਹ ਕੁਝ ਅਜਿਹਾ ਵੀ ਕਰ ਰਹੇ ਨੇ। ਮੈਨੂੰ ਤਾਂ ਲੱਗਿਆ ਸੀ ਕਿ ਵਿਚਕਾਰ ਰੱਖੇ ਸ਼ਵ ਦਾ ਵੀ ਉਨਾਂ ਲਈ ਕੋਈ ਅਰਥ ਨਹੀਂ ਏ-ਪਰ ਹੁਣ ਸੋਚਦਾ ਹਾਂ, ਉਹ ਮੇਰਾ ਭਰਮ ਸੀ।

ਚੌਕੀਦਾਰ ਨੇ ਇਕ-ਇਕ ਕਰਕੇ ਸਾਨੂੰ ਸਾਰਿਆਂ ਨੂੰ ਕਾਫ਼ੀ ਦਿੱਤੀ ਤੇ ਅਸੀਂ ਕਾਫ਼ੀ ਪੀਤੀ। ਇਸ ਪਿੱਛੋਂ ਕੀ-ਕੀ ਹੋਇਆ ਮੈਨੂੰ ਯਾਦ ਨਹੀਂ ਆਉਂਦਾ। ਜਿਵੇਂ-ਤਿਵੇਂ ਰਾਤ ਬੀਤ ਗਈ। ਬਸ, ਇਕੋ ਗੱਲ ਦਾ ਚੇਤਾ ਏ। ਵਿਚਕਾਰ ਅੱਖ ਖੁੱਲੀ ਤਾਂ ਦੇਖਿਆ ਇਕ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ ਬੁੱਢੇ ਆਪਣੀਆਂ ਕੁਰਸੀਆਂ ਵਿਚ ਗਠੜੀ -ਜਿਹੀ ਬਣ ਕੇ ਸੁੱਤੇ ਹੋਏ ਨੇ। ਉਹ ਇਕੱਲਾ ਬੁੱਢਾ ਆਪਣੀ ਖੂੰਡੀ ਨੂੰ ਦੋਵਾਂ ਹੱਥਾਂ ਵਿਚ ਫੜੀ, ਉਹਨਾਂ ਉੱਤੇ ਆਪਣੀ ਠੋਡੀ ਟਿਕਾਈ, ਮੈਨੂੰ ਇਕਟੱਕ ਘੂਰ ਰਿਹਾ ਸੀ ਜਿਵੇਂ ਮੇਰੇ ਜਾਗਣ ਦੀ ਉਡੀਕ ਈ ਕਰ ਰਿਹਾ ਹੋਵੇ। ਪਰ ਫੇਰ ਫ਼ੌਰਨ ਈ ਦੁਬਾਰਾ ਮੇਰੀ ਅੱਖ ਲੱਗ ਗਈ ਸੀ। ਕੁਝ ਦੇਰ ਬਾਅਦ ਇਕ ਵਾਰੀ ਫੇਰ ਨੀਂਦ ਟੁੱਟੀ। ਲੱਤਾਂ ਦਾ ਦਰਦ ਵਧ ਕੇ ਹੁਣ ਪੈਰ ਸੁੰਨ ਹੋਣ ਵਰਗੀ ਝਰਨਾਹਟ ਪੈਦਾ ਕਰਨ ਲੱਗ ਪਿਆ ਸੀ।

ਉੱਤੇ ਰੋਸ਼ਨਦਾਨ ਦੇ ਪਾਰ ਪਹੁ-ਫੁਟਾਲੇ ਦਾ ਚਾਨਣ ਹੋਣ ਲੱਗਾ। ਇਕ-ਦੋ ਮਿੰਟਾਂ ਬਾਅਦ ਇਕ ਹੋਰ ਬੁੱਢੇ ਦੀ ਅੱਖ ਵੀ ਖੁੱਲ ਗਈ ਤੇ ਉਸਨੇ ਖੌਂ-ਖੌਂ ਕਰਕੇ ਵਾਰੀ-ਵਾਰੀ ਖੰਘਣਾ ਸ਼ੁਰੂ ਕਰ ਦਿੱਤਾ। ਚਾਰਖਾਨੇ ਵੱਡੇ ਸਾਰੇ ਰੁਮਾਲ ਵਿਚ ਉਹ ਖੰਘਾਰ ਥੁੱਕ ਲੈਂਦਾ ਸੀ...ਤੇ ਉਸਦੇ ਇਸ ਤਰਾਂ ਹਰ ਵਾਰੀ ਥੁੱਕਣ ਦੇ ਨਾਲ ਈ ਲੱਗਦਾ ਸੀ ਜਿਵੇਂ ਹੁਣੇ ਕੈ ਵੀ ਕਰੇਗਾ। ਇਸ ਖੰਘ ਤੇ ਖੰਘਾਰਾਂ ਕਾਰਨ ਹੋਰਨਾਂ ਦੀ ਨੀਂਦ ਵੀ ਖੁੱਲ ਗਈ। ਚੌਕੀਦਾਰ ਨੇ ਆ ਕੇ ਸੂਚਨਾ ਦਿੱਤੀ ਕਿ ਚੱਲਣ ਦਾ ਸਮਾਂ ਹੋ ਗਿਆ ਏ। ਰਾਤ ਭਰ ਦੇ ਔਖੇ ਜਗਰਾਤੇ ਕਾਰਨ ਸਾਰਿਆਂ ਦੇ ਚਿਹਰੇ ਭੁਸਲੀ ਸਵਾਹ ਵਾਂਗ ਬੁਝੇ-ਬੁਝੇ ਜਿਹੇ ਹੋ ਗਏ ਸਨ। ਉਂਜ ਤਾਂ ਅਸੀਂ ਆਪਸ ਵਿਚ ਇਕ ਵੀ ਗੱਲ ਨਹੀਂ ਸੀ ਕੀਤੀ, ਪਰ ਜਦੋਂ ਇਕ-ਇਕ ਕਰਕੇ ਸਭ ਨੇ ਹੱਥ ਮਿਲਾਏ ਤਾਂ ਇਕ ਗੱਲ ਦੀ ਬੜੀ ਹੈਰਾਨੀ ਹੋਈ-ਲੱਗਿਆ, ਜਿਵੇਂ ਸਾਰੀ ਰਾਤ ਨਾਲ ਬੈਠ ਕੇ ਕੱਟਣ ਦੀ ਇਸ ਕ੍ਰਿਆ ਨੇ ਸਾਡੇ ਲੋਕਾਂ ਵਿਚ ਨੇੜਤਾ ਤੇ ਆਪਣੇਪਨ ਦਾ ਅਹਿਸਾਸ ਜਗਾ ਦਿੱਤਾ ਏ।

ਮੇਰਾ ਤਾਂ ਬੁਰਾ ਹਾਲ ਸੀ। ਚੌਕੀਦਾਰ ਮੈਨੂੰ ਆਪਣੇ ਕਮਰੇ ਵਿਚ ਲੈ ਆਇਆ। ਇੱਥੇ ਮੈਂ ਹੱਥ-ਮੂੰਹ ਧੋ ਕੇ ਜ਼ਰਾ ਕੱਪੜੇ ਠੀਕ-ਠਾਕ ਕੀਤੇ। ਉਸਦੀ ਦਿੱਤੀ ਹੋਈ ਥੋੜ੍ਹੀ-ਜਿਹੀ ਸਫੇਦ ਕਾਫ਼ੀ ਪੀ ਕੇ ਲੱਗਿਆ, ਜਾਨ ਵਿਚ ਜਾਨ ਆ ਗਈ ਏ। ਬਾਹਰ ਆਇਆ ਤਾਂ ਦੇਖਿਆ ਕਿ ਸੂਰਜ ਚੜ੍ਹ ਆਇਆ ਏ ਤੇ ਮਾਰੇਂਗੋ ਤੇ ਸਮੁੰਦਰ ਦੇ ਵਿਚਕਾਰਲੀਆਂ ਪਹਾੜੀਆਂ ਉੱਤੇ ਆਕਾਸ਼ ਵਿਚ ਸੰਧੂਰ ਖਿੱਲਰਿਆ ਹੋਇਆ ਏ। ਸਵੇਰ ਦੀ ਠੰਢੀ-ਠੰਢੀ ਖਾਰੀ ਗੰਧ ਵਾਲੀ ਸੁਹਾਵਣੀ ਹਵਾ ਤੋਂ ਲੱਗਦਾ ਸੀ ਕਿ ਅੱਜ ਦਿਨ ਕਾਫ਼ੀ ਚੰਗਾ ਲੰਘੇਗਾ। ਪਿੰਡ ਤੇ ਖੇਤਾਂ ਵੱਲ ਆਇਆਂ ਤਾਂ ਮੈਨੂੰ ਜੁਗੜੇ ਹੋ ਗਏ ਸੀ। ਸੋਚਣ ਲੱਗਾ ਕਿ ਮਾਂ ਦਾ ਝਮੇਲਾ ਨਾ ਹੁੰਦਾ ਤਾਂ ਇਸ ਸਮੇਂ ਇੱਥੇ ਘੁੰਮਣ ਦਾ ਕੈਸਾ ਮਜ਼ਾ ਆਉਂਦਾ। ਇਸ ਵਿਚਾਰ ਦੇ ਨਾਲ ਈ ਪ੍ਰਸਥਿਤੀ ਦਾ ਗਿਆਨ ਹੋ ਗਿਆ।

ਖ਼ੈਰ, ਇਸ ਸਮੇਂ ਤਾਂ ਮੈਂ ਖੁੱਲੇ ਚੌਕ ਵਿਚ, ਇਕ ਦਰਮਿਆਨੇ ਰੁੱਖ ਹੇਠ, ਖੜ੍ਹਾ-ਖੜ੍ਹਾ ਉਡੀਕ ਕਰ ਰਿਹਾ ਸੀ। ਠੰਢੀ-ਠੰਢੀ ਧਰਤੀ 'ਚੋਂ ਨਿਕਲ ਰਹੀ ਸੋਂਧੀ-ਸੋਂਧੀ ਗੰਧ ਨੂੰ ਲੰਮੇ-ਲੰਮੇ ਸਾਹਾਂ ਨਾਲ ਪੀਂਦਿਆਂ ਹੋਇਆਂ ਇੰਜ ਲੱਗਿਆ...ਹੁਣ ਉਨੀਂਦਰੇ ਦਾ ਨਾਂ-ਨਿਸ਼ਾਨ ਤੱਕ ਨਹੀਂ। ਹੁਣ ਮੈਂ ਦਫ਼ਤਰ ਦੇ ਲੋਕਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਤਾਂ ਲੋਕ ਸੌਂ ਕੇ ਉੱਠੇ ਹੋਣਗੇ ਤੇ ਕੰਮ 'ਤੇ ਜਾਣ ਦੀ ਤਿਆਰੀ ਕਰ ਰਹੇ ਹੋਣਗੇ। ਮੇਰੇ ਲਈ ਇਹ ਛਿਣ ਦਿਨ ਦਾ ਸਭ ਤੋਂ ਮਾੜਾ ਸਮਾਂ ਹੁੰਦੇ ਨੇ। ਦਸ-ਬਾਰਾਂ ਮਿੰਟ ਮੈਂ ਇੰਜ ਸੋਚਦਾ ਰਿਹਾ ਕਿ ਬਿਲਡਿੰਗ ਵਿਚ ਵੱਜਦੀ ਘੰਟੀ ਨੇ ਧਿਆਨ ਤੋੜਿਆ। ਖਿੜਕੀਆਂ ਵਿਚ ਲੋਕ ਤੁਰਦੇ-ਫਿਰਦੇ ਦਿਖਾਈ ਦਿੱਤੇ। ਪਰ ਉਸਦੇ ਤੁਰੰਤ ਬਾਅਦ ਫੇਰ ਸ਼ਾਂਤੀ ਛਾ ਗਈ। ਸੂਰਜ ਕੁਝ ਹੋਰ ਉੱਚਾ ਹੋ ਗਿਆ ਸੀ ਤੇ ਮੇਰੇ ਤਲੂਏ ਗਰਮ ਹੋਣ ਲੱਗ ਪਏ ਸਨ। ਚੌਕੀਦਾਰ ਖੁੱਲਾ ਚੌਕ ਪਾਰ ਕਰਕੇ ਮੇਰੇ ਕੋਲ ਆਇਆ ਤੇ ਬੋਲਿਆ, 'ਵਾਰਡਨ ਸਾਹਬ ਤੁਹਾਨੂੰ ਮਿਲਣਾ ਚਾਹੁੰਦੇ ਐ।' ਮੈਂ ਦਫ਼ਤਰ ਵਿਚ ਗਿਆ ਤਾਂ ਵਾਰਡਨ ਨੇ ਕੁਝ ਹੋਰ ਕਾਗਜ਼ਾਂ ਉੱਤੇ ਦਸਤਖ਼ਤ ਕਰਵਾਏ। ਦੇਖਿਆ, ਹੁਣ ਉਸਦੇ ਕੱਪੜੇ ਕਾਲੇ ਰੰਗ ਦੇ ਸਨ। ਪਤਲੂਨ ਦਾ ਕੱਪੜਾ ਬਾਰੀਕ ਧਾਰੀਦਾਰ ਸੀ। ਟੈਲੀਫ਼ੋਨ ਦਾ ਚੋਗਾ ਹੱਥ ਵਿਚ ਫੜੀ ਉਸਨੇ ਮੇਰੇ ਵੱਲ ਦੇਖਿਆ, "ਹੁਣੇ-ਹੁਣੇ ਅੰਡਰਟੇਕਰ (ਸੰਸਕਾਰ ਕਰਨ ਵਾਲਾ ਪ੍ਰਬੰਧਕੀ ਮਹਿਕਮਾ) ਵਾਲੇ ਲੋਕ ਆ ਗਏ ਨੇ। ਤਾਬੂਤ ਬੰਦ ਕਰਨ ਲਈ ਮੁਰਦਾਘਰ ਜਾਣ ਵਾਲੇ ਨੇ—ਤੁਸੀਂ ਕਹੋਂ ਤਾਂ ਉਹਨਾਂ ਨੂੰ ਜ਼ਰਾ ਦੇਰ ਲਈ ਰੋਕ ਦਿਆਂ? ਮਾਂ ਦੇ ਅੰਤਮ ਦਰਸ਼ਨ ਤਾਂ ਕਰੋਂਗੇ ਨਾ?'

'ਜੀ ਨਹੀਂ।'

ਆਵਾਜ਼ ਧੀਮੀ ਕਰਦੇ ਉਸਨੇ ਚੋਗੇ ਵਿਚ ਕੁਝ ਕਿਹਾ-'ਤੋ ਠੀਕ ਐ ਫਿਗਿਯੇ, ਤੁਸੀਂ ਆਦਮੀਆਂ ਨੂੰ ਸਿੱਧੇ ਉੱਥੇ ਭੇਜ ਦਿਓ।'

ਫੇਰ ਉਸਨੇ ਦੱਸਿਆ ਕੇ ਅੰਤਮ-ਕਿਰਿਆਵਾਂ ਸਮੇਂ ਉਹ ਵੀ ਉਹਨਾਂ ਵਿਚ ਸ਼ਾਮਲ ਹੋਵੇਗਾ। ਮੈਂ ਧੰਨਵਾਦ ਕੀਤਾ। ਡੈਸਕ ਦੇ ਸਾਹਮਣੇ ਬੈਠੇ-ਬੈਠੇ ਉਸਨੇ ਆਪਣੀ ਲੱਤ ਉੱਤੇ ਲੱਤ ਰੱਖੀ ਤੇ ਪਿੱਠ ਪਿੱਛੇ ਟਿਕਾਅ ਲਈ। ਕਿਹਾ, 'ਡਿਊਟੀ ਵਾਲੀ ਨਰਸ ਦੇ ਇਲਾਵਾ ਸੋਗ ਮਨਾਉਣ ਵਾਲਿਆਂ ਵਿਚ ਹੋਰ ਉਹ ਸਿਰਫ਼ ਦੋ ਜਾਣੇ ਈ ਹੋਣਗੇ। ਇਹ ਇੱਥੋਂ ਦਾ ਨਿਯਮ ਏ ਕਿ ਆਸ਼ਰਮ ਵਾਸੀ ਅੰਤਮ-ਕਿਰਿਆ ਵਿਚ ਸ਼ਾਮਲ ਨਾ ਹੋਣ। ਹਾਂ, ਜੇ ਉਨਾਂ ਵਿਚੋਂ ਕੁਛ ਚਾਹੁਣ ਤਾਂ ਜਗਰਾਤੇ ਲਈ ਪਹਿਲੀ ਰਾਤ ਮਈਅਤ ਕੋਲ ਬੈਠ ਸਕਦੇ ਨੇ। ਇਸ ਦੀ ਕੋਈ ਗੱਲ ਨਈਂ।'

ਉਸਨੇ ਸਮਝਾਇਆ, 'ਇਹ, ਇਨਾਂ ਲੋਕਾਂ ਦੀ ਭਲਾਈ ਲਈ ਏ। ਮਾਨਸਿਕ ਪੀੜ ਤੋਂ ਬਚ ਜਾਂਦੇ ਨੇ। ਪਰ ਇਸ ਵਾਰੀ ਮੈਂ ਤੁਹਾਡੀ ਮਾਂ ਦੇ ਇਕ ਪੁਰਾਣੇ ਸਾਥੀ ਨੂੰ ਨਾਲ ਚੱਲਣ ਦੀ ਇਜਾਜ਼ਤ ਦੇ ਦਿੱਤੀ ਏ। ਨਾਂ ਏ ਉਸਦਾ ਤੋਮਸ ਪੀਰੇ।' ਵਾਰਡਨ ਦੇ ਚਿਹਰੇ 'ਤੇ ਹਲਕੀ-ਜਿਹੀ ਮੁਸਕਰਾਹਟ ਆ ਗਈ, 'ਇਹ ਪ੍ਰਸੰਗ ਵੀ ਇਕ ਤਰਾਂ ਨਾਲ ਬੜਾ ਕਰੁਣਾ-ਭਰਪੂਰ ਏ। ਤੁਹਾਡੀ ਮਾਂ ਤੇ ਇਹ ਸਾਹਬ ਬੜੇ ਨੇੜੇ ਹੋ ਗਏ ਸੀ। ਆਪਣੀ ਇਸ ਨਵੀਂ 'ਸਾਥਣ' ਲਈ ਦੂਜੇ ਬੁੱਢੇ ਲੋਕ ਪੀਰੇ ਨੂੰ ਛੇੜਦੇ ਵੀ ਹੁੰਦੇ ਸੀ। ਪੁੱਛਦੇ 'ਸ਼ਾਦੀ ਕਦੋਂ ਕਰ ਰਹੇ ਓਂ?' ਪੀਰੇ ਹਾਸੀ ਵਿਚ ਉਡਾਅ ਦੇਂਦਾ। ਸੋ ਇਕ ਤਰਾਂ ਨਾਲ ਇਹ ਇੱਥੋਂ ਦਾ ਸਥਾਈ ਮਜ਼ਾਕ ਸੀ। ਸੋਚ ਈ ਸਕਦੇ ਓਂ, ਤੁਹਾਡੀ ਮਾਂ ਦੇ ਨਾ ਰਹਿਣ 'ਤੇ ਇਹਨਾਂ ਦੇ ਦਿਲ 'ਤੇ ਕੀ ਗੁਜ਼ਰ ਰਹੀ ਹੋਵੇਗੀ। ਮੈਨੂੰ ਖ਼ੁਦ ਲੱਗਿਆ, ਕਿ ਅੰਤਮ-ਕਿਰਿਆ ਵਿਚ ਸ਼ਾਮਲ ਹੋਣ ਦੀ ਉਨਾਂ ਦੀ ਪ੍ਰਾਰਥਨਾ ਨੂੰ ਨਾ ਮੰਨਣਾ ਜ਼ਿਆਦਤੀ ਹੋਵੇਗੀ। ਹਾਂ, ਡਾਕਟਰ ਦੀ ਸਲਾਹ ਮੰਨ ਕੇ ਮੈਂ ਪਿਛਲੀ ਰਾਤ ਇਨਾਂ ਨੂੰ ਸ਼ਵ ਦੇ ਸਿਰਹਾਣੇ ਜਗਰਾਤਾ ਨਈਂ ਸੀ ਕਰਨ ਦਿੱਤਾ।'

ਕੁਝ ਚਿਰ ਬਿਨਾਂ ਕੁਝ ਬੋਲੇ ਅਸੀਂ ਲੋਕ ਉਂਜ ਈ ਬੈਠੇ ਰਹੇ। ਫੇਰ ਵਾਰਡਨ ਉੱਠ ਕੇ ਖਿੜਕੀ ਕੋਲ ਗਿਆ ਤੇ ਬੋਲਿਆ, 'ਅਹੁ, ਮਾਰੇਂਗੋ ਦੇ ਪਾਦਰੀ ਸਾਹਬ ਤਾਂ ਔਹ ਆ ਰਹੇ ਨੇ, ਸਮੇਂ ਤੋਂ ਕੁਝ ਪਹਿਲਾਂ ਈ ਆ ਗਏ...।' ਚਰਚ ਪਿੰਡ ਵਿਚ ਏ ਤੇ ਉੱਥੋਂ ਤਕ ਪਹੁੰਚਦਿਆਂ ਘੰਟਾ, ਪੌਣਾ ਘੰਟਾ ਲੱਗ ਜਾਵੇਗਾ-ਇਹ ਦੱਸ ਕੇ ਵਾਰਡਨ ਹੇਠਾਂ ਚਲਾ ਗਿਆ।

ਪਾਦਰੀ ਮੁਰਦਾਘਰ ਦੇ ਸਾਹਮਣੇ ਖੋਲੋ ਕੇ ਉਡੀਕ ਕਰਨ ਰਿਹਾ ਸੀ। ਨਾਲ ਦੋ 'ਸਹਾਇਕ' ਵੀ ਸਨ। ਇਕ ਦੇ ਹੱਥ ਵਿਚ ਧੂਫਦਾਨ ਸੀ। ਉਸ ਉੱਤੇ ਝੁਕ ਕੇ ਪਾਦਰੀ ਉਸਨੂੰ ਲਟਕਾਉਣ ਵਾਲੀ ਚਾਂਦੀ ਦੀ ਜ਼ੰਜੀਰ ਠੀਕ ਕਰਨ ਲੱਗਾ। ਸਾਨੂੰ ਦੇਖਿਆ ਤਾਂ ਤਣ ਕੇ ਸਿੱਧਾ ਖੜ੍ਹਾ ਹੋ ਗਿਆ। ਮੇਰੇ ਨਾਲ 'ਬੇਟੇ-ਬੇਟੇ' ਕਹਿ ਕੇ ਦੋ-ਚਾਰ ਗੱਲਾਂ ਕੀਤੀਆਂ। ਫੇਰ ਅੱਗੇ-ਅੱਗੇ ਮੁਰਦਾਘਰ ਵਿਚ ਵੜ ਗਿਆ।

ਵੜਦਿਆਂ ਈ ਮੈਂ ਦੇਖਿਆ ਤਾਬੂਤ ਦੇ ਪਿੱਛੇ ਚਾਰ ਆਦਮੀ ਕਾਲੇ ਕੱਪੜੇ ਪਾਈ ਖੜੇ ਨੇ। ਪੇਚ ਕਸੇ ਜਾ ਚੁੱਕੇ ਸੀ। ਐਨ ਉਸੇ ਵੇਲੇ ਵਾਰਡਨ ਨੂੰ ਕਹਿੰਦਿਆਂ ਸੁਣਿਆਂ ਕਿ 'ਤਾਬੂਤ ਲੈ ਜਾਣ ਵਾਲੀ ਗੱਡੀ ਆ ਗਈ ਏ।'

(ਚਲਦਾ...)

# ਮਹਾਰਾਜ ਸੰਤ ਕਬੀਰ ਜੀ ਦੀ ਸ਼ਖ਼ਸੀਅਤ ਅਤੇ ਪ੍ਰਭਾਵ



**ਡਾਕਟਰ ਪਰਮਵੀਰ ਸਿੰਘ**

ਭਗਤ ਕਬੀਰ ਜੀ ਭਾਰਤ ਦੀ ਭਗਤੀ ਪਰੰਪਰਾ ਦੇ ਉੱਘੇ ਸੰਤ ਹੋਏ ਹਨ, ਜਿਨਾਂ ਨੇ ਪ੍ਰਭੂ-ਪ੍ਰੇਮ ਅਤੇ ਲੋਕਾਈ ਦੀ ਭਲਾਈ ਹਿਤ ਆਪਣਾ ਸੰਪੂਰਨ ਜੀਵਨ ਅਰਪਣ ਕਰ ਦਿੱਤਾ ਸੀ। ਪ੍ਰਮਾਤਮਾ ਦਾ ਸੰਦੇਸ਼ ਲੋਕਾਂ ਤੱਕ ਲਿਜਾਣ ਅਤੇ ਮਾਨਵਤਾ ਦੀ ਸੇਵਾ ਕਰਦੇ ਹੋਏ ਇਨਾਂ ਨੇ ਜਿਹੜੀ ਬਾਣੀ ਦੀ ਰਚਨਾ ਕੀਤੀ ਸੀ, ਉਹ ਮੌਜੂਦਾ ਸਮੇਂ ਵਿਚ ਵੀ ਲੋਕ-ਮਨਾਂ 'ਤੇ ਅਸਰਦਾਰ ਸਾਬਤ ਹੋ ਰਹੀ ਹੈ।

ਭਗਤ ਕਬੀਰ ਜੀ (1398-1518) ਗੁਰੂ ਨਾਨਕ ਦੇਵ ਜੀ (1469-1539) ਦੇ ਸਮਕਾਲੀ ਮੰਨੇ ਜਾਂਦੇ ਹਨ। ਬਨਾਰਸ ਵਿਚ ਜਨਮੇ ਭਗਤ ਜੀ ਦੇ ਜੀਵਨ ਸੰਬੰਧੀ ਬਹੁਤ ਸਾਰੀਆਂ ਸਾਖੀਆਂ ਪ੍ਰਚੱਲਿਤ ਹਨ ਜਿਹੜੀਆਂ ਇਨਾਂ ਨੂੰ ਦੂਜੇ ਮਨੁੱਖਾਂ ਤੋਂ ਸ੍ਰੇਸ਼ਟ ਸਾਬਤ ਕਰਦੀਆਂ ਹਨ। ਜਿਵੇਂ ਇਕ ਸਾਖੀ ਵਿਚ ਦੱਸਿਆ ਗਿਆ ਹੈ ਕਿ ਕਬੀਰ ਜੀ ਰੋਜ਼ਾਨਾ ਕੱਪੜਾ ਬੁਣਦੇ ਅਤੇ ਉਸ ਨੂੰ ਵੇਚ ਕੇ ਘਰ ਦੀ ਗੁਜ਼ਰ-ਬਸਰ ਕਰਦੇ ਸਨ। ਇਕ ਦਿਨ ਕੱਪੜਾ ਵੇਚਣ ਗਏ ਤਾਂ ਇਕ ਫ਼ਕੀਰ ਮਿਲਿਆ, ਜਿਸ ਕੋਲ ਤਨ ਢਕਣ ਜੋਗੇ ਵੀ ਕੱਪੜੇ ਨਹੀਂ ਸਨ। ਕਬੀਰ ਜੀ ਨੇ ਉਸ ਨੂੰ ਅੱਧਾ ਕੱਪੜਾ ਦਿੱਤਾ ਤਾਂ ਫ਼ਕੀਰ ਨੇ ਹੋਰ ਮੰਗ ਲਿਆ। ਕਬੀਰ ਜੀ ਨੇ ਘਰ ਦੇ ਗੁਜ਼ਾਰੇ ਲਈ ਕੱਪੜਾ ਵੇਚ ਕੇ ਵਸਤਾਂ ਖ਼ਰੀਦਣ ਦਾ ਖ਼ਿਆਲ ਛੱਡ ਕੇ ਸਾਰਾ ਕੱਪੜਾ ਹੀ ਉਸ ਫ਼ਕੀਰ ਨੂੰ ਦਾਨ ਕਰ ਦਿੱਤਾ ਸੀ।

ਬਨਾਰਸ ਵਿਖੇ ਜਿਸ ਚਬੂਤਰੇ 'ਤੇ ਬੈਠ ਕੇ ਕਬੀਰ ਜੀ ਪ੍ਰਵਚਨ ਕਰਦੇ ਸਨ, ਉਸ ਨੂੰ 'ਕਬੀਰ ਚੌਰਾ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਚਬੂਤਰਾ ਹਾਲੇ ਵੀ ਬਨਾਰਸ ਵਿਖੇ ਕਬੀਰ ਜੀ ਦੇ ਮੱਠ ਵਿਚ ਸਥਿਤ ਹੈ, ਜਿਸ 'ਤੇ ਇਸ ਚਬੂਤਰੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਲਿਖਿਆ ਹੋਇਆ ਹੈ :

'ਯਹ ਸਿੱਧਪੀਠ ਕਬੀਰ ਸਾਹਬ ਕੀ ਕਰਮਭੂਮੀ ਔਰ ਸਾਧਨਾਸਥਲੀ ਰਹੀ ਹੈ। ਯਹੀਂ ਪਰ ਉਨਕਾ ਨਿਵਾਸ ਔਰ ਉਪਦੇਸ਼ਸਥਲ ਥਾ। ਵਰਤਮਾਨ ਨੀਰੂ ਟੀਲੇ ਪਰ ਉਨਕਾ ਲਾਲਨ-ਪਾਲਨ ਹੁਆ, ਜਹਾਂ ਪਰ ਨੀਰੂ-ਨੀਮਾ ਕਾ ਨਿਵਾਸ ਥਾ। ਨੀਰੂ-ਨੀਮਾ ਜੁਲਾਹੇ ਥੇ ਔਰ ਕਪੜਾ ਬੁਨਨੇ ਕਾ ਕਾਮ ਕਰਤੇ ਥੇ। ਕਬੀਰ ਸਾਹਬ ਭੀ ਬੜੇ ਹੋਕਰ ਕਪੜਾ ਬੁਨਨੇ ਕਾ ਕਾਮ ਕਰਨੇ ਲਗੇ ਥੇ। ਤਾਨੇ-ਬਾਨੇ ਪਰ ਬੈਠਤੇ ਥੇ ਔਰ ਸਤਸੰਗ ਕੀ ਪਾਠਸ਼ਾਲਾ ਭੀ ਚਲਾਤੇ ਥੇ। ਸਤਸੰਗ ਮੇਂ ਸੰਤੋਂ, ਭਕਤੋਂ ਔਰ ਸ਼ਰਧਾਲੂਆਂ ਕੀ ਭੀੜ ਉਮੜਨੇ ਲਗੀ ਥੀ ਔਰ ਸਤਸੰਗ ਕੇ ਲਿਏ ਜਗਹ ਕਮ ਪੜਨੇ ਲਗੀ ਥੀ। ਨੀਰੂ-ਪਰਿਸਰ ਕੇ ਆਸ-ਪਾਸ ਮੇਂ ਕਸਾਈਓਂ ਕੀ ਬਸਤੀ ਥੀ। ਸਤਸੰਗ ਹੋਤਾ ਥਾ ਔਰ ਬਗਲ ਮੇਂ ਬਕਰੇ ਕਾਟਤੇ ਥੇ। ਸਤਸੰਗ ਪ੍ਰੇਮੀਯੋਂ ਨੇ ਇਸ ਬਾਤ ਪਰ ਆਪੱਤੀ ਉਠਾਈ ਤੋ ਕਬੀਰ ਸਾਹਬ ਕਾ ਉਦਗਾਰ ਫੂਟ ਪੜਾ। - ਕਬੀਰ ਤੇਰੀ ਝੌਂਪੜੀ ਗਲਕੱਟੋਂ ਕੇ ਪਾਸ। ਜੋ ਕਰੇਗਾ ਸੋ ਭਰੇਗਾ ਤੁਮ ਕਯੋਂ ਹੋਤ ਉਦਾਸ। ਲੇਕਿਨ ਸਤਸੰਗ ਪ੍ਰੇਮੀਯੋਂ ਕਾ ਉਤਸਾਹ ਬੜਤਾ ਗਯਾ। ਇਸੀ ਸਥਲ ਪਰ ਏਕ ਵਿਸ਼ਾਲ ਚਬੂਤਰੇ ਕਾ ਨਿਰਮਾਣ ਹੁਆ ਜਿਸਕਾ ਨਾਮ 'ਕਬੀਰ ਚਬੂਤਰਾ' ਰਖਾ ਗਯਾ। ਇਸੀ ਚਬੂਤਰੇ ਪਰ ਬੈਠ ਕਰ ਕਬੀਰ ਸਾਹਬ ਨੇ ਭਕਤੀ, ਗਯਾਨ ਔਰ ਕਰਮ ਤਥਾ ਮਾਨਵਤਾ ਕਾ ਸੰਦੇਸ਼ ਸਾਰੀ ਦੁਨੀਆ ਮੇਂ ਫੈਲਾਯਾ। ਕਬੀਰ ਸਾਹਬ ਕੀ ਸਾਧੁਤਾ ਕੇ ਚਰਮਪਰਿਣਤਿ ਕਾਲ ਮੇਂ ਯਹ ਸਥਲ 'ਕਬੀਰ ਚਬੂਤਰੇ' ਸੇ 'ਕਬੀਰ ਚੌਰਾ' ਨਾਮ ਸੇ ਵਿਖਿਯਾਤ ਹੁਆ।'

**ਧਰਮ ਤੇ ਵਿਰਸਾ**

ਭਗਤ ਕਬੀਰ ਜੀ ਬਨਾਰਸ ਵਿਖੇ ਰਹਿੰਦੇ ਸਨ, ਜਿਥੇ ਜਾਤ-ਪਾਤ ਦਾ ਬਹੁਤ ਖ਼ਿਆਲ ਕੀਤਾ ਜਾਂਦਾ ਸੀ। ਨੀਵੀਂ ਜਾਤ ਵਿਚ ਪੈਦਾ ਹੋਣ ਵਾਲੇ ਨੂੰ ਹੀਣ-ਭਾਵਨਾ ਅਧੀਨ ਦੇਖਿਆ ਜਾਂਦਾ ਸੀ। ਸਮਾਜਿਕ ਰੁਤਬੇ ਕਾਰਨ ਨੀਵੀਂ ਜਾਤ ਵਾਲਿਆਂ ਨੂੰ ਉੱਚ-ਸ਼੍ਰੇਣੀਆਂ ਅਧੀਨ ਆਪਣਾ ਜੀਵਨ ਬਸਰ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ। ਸ਼ੂਦਰ ਸਮਝੀਆਂ ਜਾਣ ਵਾਲੀਆਂ ਸਮੂਹ ਜਾਤਾਂ ਨੂੰ ਧਾਰਮਿਕ ਅਸਥਾਨਾਂ ਵਿਚ ਪ੍ਰਵੇਸ਼ ਕਰਨ ਅਤੇ ਧਾਰਮਿਕ ਗ੍ਰੰਥ ਪੜਨ ਦੀ ਸਖ਼ਤ ਮਨਾਹੀ ਸੀ। ਇਥੋਂ ਤੱਕ ਕਿ ਉਨਾਂ ਦੇ ਪਾਣੀ ਪੀਣ ਵਾਲੇ ਖੂਹ ਵੀ ਵੱਖੋ-ਵੱਖਰੇ ਸਨ। ਸਮਾਜਿਕ ਬਰਾਬਰੀ ਹੋਣਾ ਤਾਂ ਦੂਰ ਦੀ ਗੱਲ, ਸੋਚਣਾ ਵੀ ਪਾਪ ਸਮਝਿਆ ਜਾਂਦਾ ਸੀ। ਭਗਤ ਜੀ ਸਮਾਜ ਨੂੰ ਦੁਨਿਆਵੀ ਵਰਗ-ਵੰਡ ਅਤੇ ਵਰਣ-ਵੰਡ ਤੋਂ ਮੁਕਤ ਕਰ ਕੇ ਅਧਿਆਤਮਿਕ ਵਿਕਾਸ 'ਤੇ ਜ਼ੋਰ ਦਿੰਦੇ ਸਨ। ਇਹ ਸਮਝਦੇ ਸਨ ਕਿ ਕਿਸੇ ਵੀ ਜਾਤ ਜਾਂ ਵਰਣ ਵਿਚ ਪੈਦਾ ਹੋਣ ਵਾਲਾ ਮਨੁੱਖ ਆਪਣੇ ਕਰਮਾਂ ਕਰ ਕੇ ਸ੍ਰੇਸ਼ਟ ਹੋ ਸਕਦਾ ਹੈ।

ਭਗਤ ਜੀ ਜਨਮ ਨੂੰ ਸਮਾਜਿਕ ਵਰਗ-ਵੰਡ ਦਾ ਆਧਾਰ ਨਹੀਂ ਮੰਨਦੇ, ਪ੍ਰਭੂ-ਭਗਤੀ ਅਤੇ ਬਖ਼ਸ਼ਿਸ਼ ਨੂੰ ਉਹ ਇਸ ਦਾ ਆਧਾਰ ਬਣਾਉਂਦੇ ਹਨ। ਭਗਤ ਜੀ ਇਹ ਸਮਝਦੇ ਸਨ ਕਿ ਪ੍ਰਭੂ-ਬੰਦਗੀ ਨਾਲ ਜੁੜੇ ਹੋਏ ਮਨੁੱਖ ਸ੍ਰੇਸ਼ਟ ਹਨ ਅਤੇ ਜਿਹੜੇ ਮਨੁੱਖ ਜਾਤ ਦਾ ਹੰਕਾਰ ਕਰਦੇ ਹਨ ਉਹ ਨੀਵੇਂ ਹਨ। ਤਤਕਾਲੀ ਸਮੇਂ ਦੀ ਸਰਬਉੱਚ ਮੰਨੀ ਜਾਂਦੀ ਸ਼੍ਰੇਣੀ ਬ੍ਰਾਹਮਣ ਵਰਗ ਵਿਚ ਸ਼ਾਮਿਲ ਮਨੁੱਖਾਂ ਨੂੰ ਉਹ ਬਹੁਤ ਸਖ਼ਤ ਸ਼ਬਦਾਂ ਵਿਚ ਝੰਜੋੜਦੇ ਹਨ। ਭਗਤ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਦੀ ਜੋਤ ਨਾਲ ਹੀ ਬੱਚੇ ਦਾ ਜਨਮ ਹੁੰਦਾ ਹੈ ਅਤੇ ਜਨਮ ਲੈਣ ਤੋਂ ਪਹਿਲਾਂ ਬੱਚੇ ਦੀ ਕੋਈ ਜਾਤ ਨਹੀਂ ਹੁੰਦੀ। ਭਗਤ ਕਬੀਰ ਜੀ ਦੀਆਂ ਸਿੱਖਿਆਵਾਂ ਸਦੀਵੀ ਹਨ ਜਿਹੜੀਆਂ ਕਿ ਮਨ ਨੂੰ ਵਿਕਾਰਾਂ, ਵਹਿਮਾਂ-ਭਰਮਾਂ ਅਤੇ ਵਰਣ-ਵਿਵਸਥਾ ਵਿਚੋਂ ਕੱਢ ਕੇ ਪ੍ਰਭੂ-ਮੁਖੀ ਵਡੇਰੇ ਹਿਤਾਂ ਨਾਲ ਜੋੜਦੀਆਂ ਹਨ, ਜਿਸ ਵਿਚੋਂ ਪ੍ਰੇਮ, ਭਾਈਚਾਰੇ, ਸਦਭਾਵਨਾ, ਸਹਿਹੋਂਦ ਅਤੇ ਆਪਸੀ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ।

# ਸੋਚਾਂ ਸੱਚ ਹੋ ਤੁਰਦੀਆਂ



**ਹਰਕੀਰਤ ਕੌਰ**
9779118066

ਮਨੁੱਖੀ ਮਨ ਦਾ ਦਾਇਰਾ ਬਹੁਤ ਵਿਸ਼ਾਲ ਹੈ। ਮਨੁੱਖ ਦੀਆਂ ਸੌ ਪ੍ਰਤੀਸ਼ਤ ਵਿਚੋਂ ਅੱਧੇ ਤੋਂ ਜਿਆਦਾ ਕਿਰਿਆਵਾਂ ਮਨ ਦੇ ਪਿੱਛੇ ਲੱਗ ਕੇ ਹੁੰਦੀਆਂ ਹਨ। ਜਦੋਂ ਵੀ ਆਮ ਕਰਕੇ ਲੋਕਾਂ ਨੇ ਇਸ ਤਾਣੇ ਬਾਣੇ ਨੂੰ ਸੁਲਝਾਉਣ ਦਾ ਯਤਨ ਕੀਤਾ, ਉਹ ਇਸ ਦੀ ਡੂੰਘਾਈ ਵਿੱਚ ਹੋਰ ਖੁੱਭਦੇ ਗਏ। ਇੱਕ ਸਾਡਾ ਮਨ ਹੀ ਤਾਂ ਹੈ ਜੋ ਸਾਨੂੰ ਮਿੰਟਾਂ ਸਕਿੰਟਾਂ ਵਿੱਚ ਪਹਾੜਾਂ, ਦੇਸ਼ਾਂ, ਵਿਦੇਸ਼ਾਂ ਦੀ ਸੈਰ ਕਰਵਾ ਦਿੰਦਾ ਹੈ, ਇਸ ਮਨ ਵਿੱਚ ਉੱਪਜਦੀਆਂ ਕਲਪਨਾਵਾਂ ਹੀ ਮਨੁੱਖ ਨੂੰ ਇੱਕ ਮਿੰਟ ਵਿੱਚ ਹਸਾ ਦਿੰਦੀਆਂ ਹਨ ਅਤੇ ਦੂਸਰੇ ਪਲ ਰੁਆ ਵੀ ਦਿੰਦੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਮਨ ਦੀਆਂ ਕਲਪਨਾਵਾਂ ਕੀ ਹਨ? ਅਸੀਂ ਅਕਸਰ ਦੇਖਦੇ ਹਾਂ ਕਿ ਮਨੁੱਖ ਆਪਣੀਆਂ ਸੋਚਾਂ ਵਿੱਚ ਡੁੱਬਿਆ ਰਹਿੰਦਾ ਹੈ, ਕਦੇ ਸੋਚਾਂ ਸੋਚਦਾ ਹੋਇਆ ਆਪਣੇ ਬੀਤੇ ਸਮੇਂ ਵਿੱਚ ਚਲਾ ਜਾਂਦਾ ਹੈ ਕਦੇ ਸੋਚਾਂ ਸੋਚਦਾ ਕਲਪਨਾ ਕਰਦਾ ਭਵਿੱਖ ਦਾ ਚੱਕਰ ਕੱਟ ਆਉਂਦਾ ਹੈ। ਇਨਾਂ ਕਲਪਨਾਵਾਂ ਵਿੱਚ ਉਹ ਜਿੰਦਗੀ ਦੇ ਉਸੇ ਤਰਾਂ ਦੇ ਸੁਪਨੇ ਦੇਖਦਾ ਹੈ ਜਿਵੇਂ ਦੀ ਜਿੰਦਗੀ ਉਹ ਜਿਉਣਾ ਲੋਚਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਕਿਸੇ ਨੌਜਵਾਨ ਦੀ ਇੱਛਾ ਵਿਦੇਸ਼ ਜਾਣ ਦੀ ਹੈ ਤਾਂ ਉਸਦੀ ਕਲਪਨਾ ਵਿੱਚ ਜਿਆਦਾਤਰ ਜਦੋਂ ਵਿਦੇਸ਼ ਜਾਣਾ ਹੈ, ਉਹ ਸਾਰਾ ਸਮਾਂ ਅੱਖਾਂ ਮੂਹਰੇ ਘੁੰਮ ਜਾਂਦਾ ਹੈ, ਇੱਥੋਂ ਤੱਕ ਕਿ ਕਈ ਵਾਰ ਇਸ ਕਲਪਨਾ ਵਿੱਚ ਗਵਾਚਿਆ ਨੌਜਵਾਨ ਆਪਣੇ ਆਪ ਨੂੰ ਮਾਪਿਆਂ, ਘਰ ਪਰਿਵਾਰ ਤੋਂ ਦੂਰ ਹੁੰਦਾ ਮਹਿਸੂਸ ਕਰ ਭਾਵੁਕ ਵੀ ਹੋ ਜਾਂਦਾ ਹੈ, ਇਹ ਸਾਰੀ ਸਾਡੇ ਮਨ ਦੀ ਕਲਪਨਾ ਸ਼ਕਤੀ ਹੈ, ਜੋ ਸਾਨੂੰ ਭੂਤ, ਭਵਿੱਖ ਦੀ ਸੈਰ ਕਰਵਾ ਦਿੰਦੀ ਹੈ। ਸਾਡੀ ਜਿੰਦਗੀ ਵਿੱਚ ਘਟਨ ਵਾਲੀਆਂ ਬਹੁਤ ਸਾਰੀਆਂ ਘਟਨਾਵਾਂ ਸਾਡੀਆਂ ਇਨਾਂ ਸੋਚਾਂ, ਕਲਪਨਾਵਾਂ ਉੱਤੇ ਨਿਰਭਰ ਕਰਦੀਆਂ ਹਨ। ਮਨੁੱਖੀ ਮਨ ਦੀ ਕਲਪਨਾ ਸ਼ਕਤੀ ਵਿੱਚ ਏਨੀ ਤਾਕਤ ਹੈ ਕਿ ਇਹ ਬ੍ਰਹਿਮੰਡ ਨੂੰ ਉਸੇ ਤਰਾਂ ਕੰਮ ਕਰਨ ਲਗਾ ਦਿੰਦੀ ਹੈ ਜਿਸ ਤਰਾਂ ਦੇ ਖਿਆਲ ਸਾਡੇ ਮਨ ਵਿੱਚ ਆਉਂਦੇ ਹਨ। ਇੱਥੇ ਇੱਕ ਉਦਾਹਰਣ ਦੇ ਕੇ ਸਮਝਾਉਣ ਦਾ ਯਤਨ ਕਰਾਂਗੀ ਇੱਕ ਵਿਅਕਤੀ ਜਿਸ ਨੇ ਆਪਣਾ ਕੋਈ ਨਵਾਂ ਕਾਰੋਬਾਰ ਸ਼ੁਰੂ ਕਰਨਾ ਹੈ, ਜੇਕਰ ਉਹ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਆਉਣ ਵਾਲੇ ਜੋਖਮਾਂ, ਘਾਟਿਆਂ ਦੀ ਕਲਪਨਾ ਕਰੇਗਾ, ਯਕੀਨਨ ਉਸ ਦੇ ਕਾਰੋਬਾਰ ਵਿੱਚ ਮੁਨਾਫ਼ੇ ਨਾਲੋਂ ਘਾਟਾ ਜਿਆਦਾ ਹੋਵੇਗਾ ਕਿਉਂਕਿ ਉਸਦੀ ਕਲਪਨਾ ਵਿਚੋਂ ਨਿਕਲ ਰਹੀਆਂ ਤਰੰਗਾਂ ਬ੍ਰਹਿਮੰਡ ਨੂੰ ਨਾਕਾਰਾਤਮਕ ਊਰਜਾ ਦੇ ਰਹੀਆਂ ਹਨ, ਇਸਦੇ ਉੱਲਟ ਜੇਕਰ ਇਹੀ ਵਿਅਕਤੀ ਕਾਰੋਬਾਰ ਸ਼ੁਰੂ ਕਰਨ ਸਮੇਂ ਘਾਟੇ ਬਾਰੇ ਸੋਚਣ ਦੀ ਬਜਾਇ ਸਿਰਫ਼ ਮੁਨਾਫ਼ੇ ਬਾਰੇ ਸੋਚ ਰਿਹਾ ਹੈ ਤਾਂ ਉਸਨੂੰ ਕਾਰੋਬਾਰ ਵਿੱਚ ਲਾਭ ਹੀ ਹੋਵੇਗਾ ਕਿਉਂਕਿ ਉਸ ਦੁਆਰਾ ਕੁਦਰਤ ਵਿੱਚ ਬ੍ਰਹਿਮੰਡ ਵਿੱਚ ਸਕਾਰਾਤਮਕ ਤਰੰਗਾਂ ਛੱਡੀਆਂ ਗਈਆਂ ਹਨ। ਸਾਡੇ ਸਾਰੇ ਕੰਮ ਕੁਦਰਤ ਦੇ ਇਰਦ ਗਿਰਦ ਘੁੰਮਦੇ ਹਨ, ਅਸੀਂ ਜੋ ਵੀ ਚਾਹੁੰਦੇ ਹਾਂ ਕੁਦਰਤ ਕੋਲੋਂ ਪ੍ਰਾਪਤ ਕਰ ਸਕਦੇ ਹਾਂ, ਪਰ ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕੁਦਰਤ ਨੂੰ ਆਪਣੀਆਂ ਕਲਪਨਾ ਦੀਆਂ ਤਰੰਗਾਂ ਵਿੱਚ ਕੀ ਪਰੋਸ ਰਹੇ ਹੋ। ਇੱਕ ਆਮ ਜਿਹੀ ਗੱਲ ਹੈ ਕਿ ਬਹੁਤ ਵਾਰ ਕਿਸੇ ਵੀ ਘਟਨਾ ਦੇ ਘਟਨ ਤੇ ਲੋਕਾਂ ਨੂੰ ਆਮ ਹੀ ਕਹਿੰਦਿਆਂ ਸੁਣਿਆ ਜਾਂਦਾ ਹੈ, ਕਿ ਮੇਰੇ ਮਨ ਵਿੱਚ ਤਾਂ ਪਹਿਲਾਂ ਹੀ ਇਹ ਖਿਆਲ ਆਇਆ ਸੀ ਕਿ ਏਦਾਂ ਨਾ ਹੋ ਜਾਵੇ... ਇਸਦਾ ਸਿੱਧਾ ਤੇ ਸਾਫ ਅਰਥ ਇਹ ਹੈ ਕਿ ਤੁਹਾਡੇ ਮਨ ਦੇ ਸ਼ੰਕੇ, ਡਰ, ਸੋਚਾਂ ਤਰੰਗਾਂ ਦਾ ਰੂਪ ਧਾਰਣ ਕਰ ਕੁਦਰਤ ਤੱਕ ਪਹੁੰਚ ਰਹੀਆਂ ਹਨ, ਫਿਰ ਕੁਦਰਤ ਉਨਾਂ ਤਰੰਗਾਂ ਦੇ ਸੰਕੇਤਾਂ ਉੱਪਰ ਹੀ ਕੰਮ ਕਰਨਾ ਸ਼ੁਰੂ ਕਰਦੀ ਹੈ। ਇਹ ਇੱਕ ਮਨੋਵਿਗਿਆਨਕ ਸਿਧਾਂਤ ਹੈ ਸਕਾਰਾਤਮਕ ਨਜ਼ਰੀਏ ਵਾਲਾ ਵਿਅਕਤੀ ਦੂਸਰੇ ਵਿਅਕਤੀਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। ਬਹੁਤ ਸਾਰੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਦਿਮਾਗ ਬਹੁਤ ਅਥਾਹ ਸ਼ਕਤੀ ਦਾ ਭੰਡਾਰ ਹੈ, ਪ੍ਰੰਤੂ ਲੱਖਾਂ ਵਿਚੋਂ ਕੋਈ ਇੱਕ ਦੋ ਵਿਅਕਤੀ ਹੀ ਅਜਿਹੇ ਹਨ ਜੋ ਆਪਣੇ ਦਿਮਾਗ਼ ਦਾ ਅੱਧੇ ਤੋਂ ਜਿਆਦਾ ਹਿੱਸਾ ਵਰਤੋਂ ਵਿੱਚ ਲਿਆਉਂਦੇ ਹਨ, ਬਾਕੀ ਮਨੁੱਖ ਆਪਣੀ ਦਿਮਾਗੀ ਸ਼ਕਤੀ ਦਾ 10 ਪ੍ਰਤੀਸ਼ਤ ਹੀ ਵਰਤਦੇ ਹਨ। ਉਸ ਦਸ ਪ੍ਰਤੀਸ਼ਤ ਵਿੱਚ ਵੀ ਮਨੁੱਖ ਨਾਕਾਰਾਤਮਕ ਅਤੇ ਢਹਿੰਦੀ ਕਲਾ ਵਾਲੀਆਂ ਗੱਲਾਂ ਨੂੰ ਜਹਿਨ ਵਿੱਚ ਲਿਆ ਕੇ ਆਪਣੇ ਜੀਵਨ ਨੂੰ ਹੋਰ ਕਠਿਨਾਈ ਭਰਭੂਰ ਬਣਾ ਲੈਂਦੇ ਹਨ। ਸਕਾਰਾਤਮਕ ਸੋਚ ਤੇ ਚੜਦੀ ਕਲਾ ਦਾ ਸੁਨੇਹਾ ਦੇਣ ਵਾਲੀਆਂ ਸ਼ਖ਼ਸੀਅਤਾਂ ਹਮੇਸ਼ਾ ਅਗਾਂਹਵਧੂ ਹੁੰਦੀਆਂ ਹਨ। ਇਸ ਲਈ ਹਮੇਸ਼ਾ ਯਤਨ ਕਰੋ ਕਿ ਤੁਹਾਡੇ ਮਨ, ਦਿਮਾਗ ਵਿੱਚ ਚੱਲਣ ਵਾਲੇ ਵਿਚਾਰ ਕਦੇ ਵੀ ਨਕਾਰਾਤਮਕ ਨਾ ਹੋਣ, ਜੇਕਰ ਕਦੇ ਅਣਸੁਖਾਵੇਂ ਹਲਾਤਾਂ ਦੇ ਚੱਲਦਿਆਂ ਮਨ ਵਿੱਚ ਢਹਿੰਦੀਕਲਾ ਵਾਲੀਆਂ ਸੋਚਾਂ ਆਉਣ ਵੀ ਤਾਂ ਉਹਨਾਂ ਨੂੰ ਤਰੁੰਤ ਰੋਕਣ ਦਾ ਯਤਨ ਕਰੋ, ਆਪਣੇ ਦਿਮਾਗ਼ ਨੂੰ ਉਸ ਪਾਸੇ ਤੋਂ ਹਟਾ ਕਿਸੇ ਹੋਰ ਗਤੀਵਿਧੀ ਵਿੱਚ ਵਿਅਸਤ ਕਰੋ। ਇਹ ਨਕਾਰਾਤਮਕ ਸੋਚਾਂ ਦੇ ਵਹਿਣ ਨੂੰ ਰੋਕਣ ਦਾ ਇੱਕ ਕਾਰਗਰ ਤਰੀਕਾ ਹੈ। ਕਈ ਵਾਰ ਅਜਿਹਾ ਵੀ ਹੁੰਦਾ ਕਿ ਅਸੀਂ ਸੋਚਾਂ ਵਿਚੋਂ ਬਾਹਰ ਨਿਕਲਣ ਦਾ ਯਤਨ ਕਰਦੇ ਹਾਂ ਪਰੰਤੂ ਵਾਰ ਵਾਰ ਸੋਚਾਂ ਦਾ ਉਹੀ ਵਹਾਅ ਸਾਨੂੰ ਆਪਣੇ ਨਾਲ ਰੋੜ ਕੇ ਲੈ ਜਾਂਦਾ ਹੈ, ਅਜਿਹੇ ਵਿੱਚ ਤੁਸੀਂ ਉਸ ਗਤੀਵਿਧੀ ਵਿੱਚ ਆਪਣੇ ਆਪ ਨੂੰ ਰੁਝਾ ਸਕਦੇ ਹੋ, ਜਿਸਨੂੰ ਕਰਨ ਵਿੱਚ ਤੁਹਾਨੂੰ ਬਹੁਤ ਆਨੰਦ ਆਉਂਦਾ ਹੈ, ਉਦਾਹਰਣ ਦੇ ਤੌਰ 'ਤੇ ਫੁੱਲਾਂ, ਬੂਟਿਆਂ ਨੂੰ ਪਾਣੀ ਦੇਣਾ, ਬੱਚਿਆਂ ਨਾਲ ਖੇਡਣਾ ਆਦਿ। ਇਸ ਤਰਾਂ ਸਾਡੇ ਮਨ ਨੂੰ ਸੋਚਾਂ ਤੋਂ ਰਹਾਉ ਮਿਲੇਗਾ ਅਤੇ ਕੁਦਰਤ ਨੂੰ ਨਾਕਾਰਾਤਮਕ ਤਰੰਗਾਂ ਦੇ ਰੂਪ ਵਿੱਚ ਕੋਈ ਗਲਤ ਸੁਨੇਹਾ ਨਹੀਂ ਜਾਵੇਗਾ। ਜੇਕਰ ਤੁਸੀਂ ਲੋਚਦੇ ਹੋ ਕਿ ਤੁਹਾਡੇ ਜੀਵਨ ਵਿੱਚ ਹਮੇਸ਼ਾ ਚੜਦੀ ਕਲਾ ਰਹੇ ਅਤੇ ਜੀਵਨ ਸੋਹਣਾ ਬਣਿਆ ਰਹੇ ਤਾਂ ਫਿਰ ਸੋਹਣਾ ਸੋਚੋ ਕਿਉਂਕਿ ਸੋਚਾਂ ਸੱਚ ਹੋ ਤੁਰਦੀਆਂ ਹਨ।

# ਅਜੋਕਾ ਪੰਜਾਬ



**ਗਗਨਦੀਪ ਸਿੰਘ ਸਰਾਂ**

ਸੰਨ 2010 ਤੋਂ ਪਹਿਲਾਂ ਦਾ ਪੰਜਾਬ ਜਿਸਨੂੰ ਦੇਸ਼ ਦੀ ਖੜਗ ਭੁਜਾ ਕਿਹਾ ਜਾਂਦਾ ਹੈ, ਇੱਥੇ ਵਗਦੇ ਦਰਿਆ ਜਿਸਦੀ ਸ਼ਾਹਰਗ ਸਨ, ਉਨਾਂ ਦਰਿਆਵਾਂ ਕੰਢੇ ਸਾਡੇ ਅਮੀਰ ਸੱਭਿਆਚਾਰ ਦੀ ਉਤਪਤੀ ਹੋਈ। ਵੇਦ ਅਤੇ ਪੁਰਾਣ ਇਨਾਂ ਦਰਿਆਵਾਂ ਦੇ ਕੰਢਿਆਂ 'ਤੇ ਰਚੇ ਗਏ। ਦਰਿਆਵਾਂ ਦੇ ਪਾਣੀਆਂ ਦੀ ਰਵਾਨੀ ਨੇ ਪ੍ਰੇਮੀ ਦੇ ਇਸ਼ਕ ਪਿਆਰ ਨੂੰ ਹੁਲਾਰਾ ਦਿੱਤਾ। ਹੀਰ-ਰਾਂਝਾ, ਸੋਹਣੀ-ਮਹੀਵਾਲ ਦੀ ਮੁਹੱਬਤ ਦੀ ਗਵਾਹੀ ਇਹ ਦਰਿਆ ਭਰਦੇ ਥੱਕਦੇ ਨਹੀਂ ਸਨ। ਇਨਾਂ ਦੇ ਪਾਣੀਆਂ 'ਤੇ ਇਸ਼ਕ ਦੀ ਕਹਾਣੀ ਤਾਰੀਆਂ ਲਾਉਂਦੀ ਸੀ, ਪੰਜਾਬੀ ਦੇ ਇਨਾਂ ਦਰਿਆਵਾਂ ਦੀ ਰਵਾਨਗੀ ਤੇ ਸੁਭਾਅ ਰਾਖਵੇਂ ਸਨ। ਕੋਈ ਅੱਥਰਾ ਘੋੜਾ ਹੈ ਤੇ ਕੋਈ ਸ਼ਾਂਤ ਸਮਾਧੀ। ਕੋਈ ਰੂਪ ਬਦਲਦਾ ਛਲੇਡਾ। ਕਿਸੇ ਦੀ ਸ਼ੂਕ ਸੁਣ ਕੇ ਭੈਅ ਆਉਂਦਾ ਸੀ ਤੇ ਕੋਈ ਸੰਗੀਤ ਦੀਆਂ ਮੱਧਮ ਮਧੁਰ ਤਰੰਗਾਂ ਵਾਂਗ ਵਹਿੰਦਾ ਸੀ। ਇਨਾਂ ਮਧੁਰ ਤਰੰਗਾਂ ਵਾਲੇ ਦਰਿਆਵਾਂ ਦੇ ਕੰਢੇ 'ਤੇ ਰਿਸ਼ੀਆਂ ਮੁਨੀਆਂ ਨੇ ਡੇਰੇ ਲਾ ਕੇ ਵੇਦਾਂ ਦੀ ਰਚਨਾ ਕੀਤੀ ਸੀ। ਸਮਾਂ ਬਦਲਿਆ ਤੇ ਪੰਜਾਬ ਵੀ ਅਜੋਕਾ ਪੰਜਾਬ ਬਣ ਗਿਆ, ਜਿਸ ਵਿੱਚ ਹੁਣ ਨਸ਼ਿਆਂ ਦੇ ਦਰਿਆ ਸ਼ੂਕ ਰਹੇ ਹਨ। ਸਰਕਾਰਾਂ ਦੀਆਂ ਨੀਤੀਆਂ ਤੋਂ ਅੱਕੀ ਜਵਾਨੀ ਵਿਦੇਸ਼ਾਂ ਵੱਲ ਨੂੰ ਉਡਾਰੀਆਂ ਮਾਰ ਰਹੀ ਹੈ। ਜਿਹੜੇ ਇੱਥੇ ਰਹਿੰਦੇ ਉਨਾਂ ਦੀ ਜਿੰਦਗੀ ਕੁੱਝ ਇਸ ਤਰਾਂ ਦੀ ਹੈ .....ਕੋਈ ਸੋਨੇ ਦੀ ਚੈਨ ਨਾ ਪਾ ਕੇ, ਕੋਈ ਕੰਨਾਂ 'ਚ ਟੋਪਸ ਪਾ ਕੇ, ਆਪਣੇ ਪੈਸਿਆਂ ਵਾਲਾ ਪਰਸ ਵੀ ਮੋਢੇ ਤੇ ਨਾ ਲਟਕਾ ਕੇ ਕੋਈ ਮਾਈ ਬੀਬੀ ਘੁੰਮ ਨਹੀਂ ਸਕਦੀ ਕਿਉਂਕਿ ਅੱਜ ਕੱਲ ਹਰ ਹੱਟੀ ਭੱਠੀ 'ਤੇ ਸਨੇਚਰਾਂ ਦਾ ਰਾਜ ਹੈ।

ਜੇਕਰ ਤੁਸੀਂ ਸਪਲੈਂਡਰ ਮੋਟਰਸਾਇਕਲ ਤੇ ਬਾਜ਼ਾਰ ਗਏ ਹੋ ਤਾਂ ਆਪਣੇ ਨਾਲੋਂ ਵੱਧ ਖਿਆਲ ਆਪਣੇ ਮੋਟਰਸਾਈਕਲ ਦਾ ਰੱਖਣਾ, ਅੱਖ ਚਪਕਦਿਆਂ ਗਾਇਬ ਹੋ ਸਕਦਾ, ਕਿਉਂਕਿ ਚੋਰ ਬਿਨਾਂ ਕਿਸੇ ਡਰ ਭੈਅ ਤੋਂ ਸ਼ਰੇਆਮ ਘੁੰਮ ਰਹੇ ਹਨ। ਜੇਕਰ ਰਾਹ ਵਿਚ ਕਿਸੇ ਨਾਲ ਕੋਈ 19-21 ਹੋ ਜਾਂਦੀ ਹੈ ਤਾਂ ਬਹੁਤੀ ਬਹਿਸਬਾਜ਼ੀ ਨਾ ਕਰਨਾ, ਅੱਜ ਕੱਲ ਜਵਾਕ ਇੱਥੇ ਹਥਿਆਰ ਡੱਬ 'ਚ ਪਾਈ ਫ਼ਿਰਦਾ ਤੇ ਘੋੜਾ ਦੱਬਣ ਨੂੰ ਅਗਲੇ ਮਿੰਟ ਲਾਉਂਦੇ ਨੇ। ਅਜੋਕੇ ਪੰਜਾਬ ਵਿੱਚ ਇਨਸਾਫ਼ ਦੀ ਕੀ ਪਰਿਭਾਸ਼ਾ ਇਹ ਤੁਸੀਂ ਮੇਰੇ ਨਾਲੋਂ ਬਿਹਤਰ ਜਾਣਦੇ ਹੋ ਕਿਸੇ ਸੁਨਿਆਰੇ ਦੀ ਦੁਕਾਨ 'ਤੇ ਚਲੇ ਹੋ ਤਾਂ ਦੋ-ਚਾਰ ਬੰਦੇ ਨਾਲ ਲੈ ਕੇ ਜਾਣਾ ਕਿਉਂਕਿ ਲੁਈਏ ਬਾਹਰ ਹੀ ਘੁੰਮਦੇ ਹੁੰਦੇ ਨੇ, ਆਪਦੇ ਬੱਚਿਆਂ ਦੀ ਨਿਗਰਾਨੀ ਰੱਖਣਾ, ਸੁਣਿਆ ਉੱਥੇ ਚਿੱਟਾ ਰੂਪੀ ਦੈਂਤ ਘੁੰਮਦਾ ਫਿਰਦਾ, ਕੀਤੇ ਤੁਹਾਡੇ ਜਵਾਕ ਵੀ ਚਿੱਟੇ ਤੇ ਨਾ ਲੱਗ ਜਾਣ।



ਬਹੁਤੀ ਅਮੀਰੀ ਦਿਖਾਉਣ ਦੀ ਵੀ ਲੋੜ ਨਹੀਂ, ਸੁਣਿਆ ਗੈਂਗਸਟਰਾਂ ਦੇ ਜੇਲਾਂ ਦੇ ਅੰਦਰੋਂ ਹੀ ਫਿਰੌਤੀ ਲਈ ਫ਼ੋਨ ਆ ਜਾਂਦਾ। ਦੁੱਧ ਪਨੀਰ ਦੇਖ ਕੇ ਚੈੱਕ ਕਰਕੇ ਲੈਣਾ, ਜਾਅਲੀ ਪਨੀਰ ਤੇ ਦੁੱਧ ਬਣਾਉਣ ਦਾ ਕਾਰੋਬਾਰ ਵੀ ਜ਼ੋਰਾਂ 'ਤੇ ਹੈ, ਆਪਣੀ ਸਿਹਤ ਦਾ ਆਪ ਖਿਆਲ ਰੱਖਣਾ, ਬਾਕੀ ਪੁਲਿਸ ਦੀ ਕਾਰਵਾਈ ਦਾ ਤਾਂ ਤੁਹਾਨੂੰ ਪਤਾ ਉਹ ਪਹਿਲਾਂ ਵਾਂਗ ਹੀ ਹੈ। ਇਸ ਲਈ ਅਜੋਕੇ ਪੰਜਾਬ ਵਿੱਚ ਮਾਪਿਆਂ ਦੀ ਜ਼ਿੰਮੇਵਾਰੀ ਹੈ ਆਪਣੇ ਬੱਚਿਆਂ ਦਾ ਆਪ ਖ਼ਿਆਲ ਰੱਖਣਾ।

# ਮੋਹ ਦੀਆਂ ਤੰਦਾਂ



**ਗੁਰਮੀਤ ਸਿੰਘ ਪਲਾਹੀ**
9815802070

'ਚੱਲ ਛੱਡ, ਹੌਂਸਲਾ ਕਰ, ਕੋਈ ਗੱਲ ਨਹੀਂ, ਕਿਹੜਾ ਮੇਰੇ ਹੱਡ ਪੈਰ ਸੋਕਲੇ ਹੋ ਗਏ ਆ, ਹਾਲੇ ਕੰਮ ਕਰਨ ਜੋਗੀ ਹਿੰਮਤ ਬਥੇਰੀ ਆ ਮੇਰੇ 'ਚ'

'ਹੌਸਲੇ ਨੂੰ ਤਾਂ ਹੌਸਲਾ ਹੀ ਆ, ਉਵੇਂ ਮੀਤੇ ਦੇ ਬਾਪੂ ਮੈਂ ਸੋਚਦੀ ਆਂ ਲੋਹੜਾ ਹੀ ਆ ਬਈ ਮੁੰਡੇ ਹੁਣ ਸਾਨੂੰ ਝੱਲਦੇ ਹੀ ਨੀ, ਆਪਾਂ ਕੀ ਵਿਗਾੜਿਆ ਉਨਾਂ ਦਾ'

'ਛੱਡ ਪਰੇ ਇਹੋ ਜਿਹੀਆਂ, ਇੰਜ ਸੋਚ ਬਈ, ਸਵੇਰੇ ਉਠਕੇ ਖੇਤਾਂ ਨੂੰ ਚੱਲੀਏ ਤੇ ਵੇਖੀਏ ਭਾਲੀਏ ਬਈ ਰੋਟੀ ਟੁੱਕ ਦਾ ਜੁਗਾੜ ਕਿਵੇਂ ਕਰਨਾ ?'

'ਚੰਗਾ ਨੀਲੀ ਛੱਤ ਵਾਲਿਆ ਤੇਰੀ ਮਰਜ਼ੀ ,ਜਿਵੇਂ ਤੂੰ ਰੱਖੇਂ ਉਵੇਂ ਹੀ ਰਹਿਣਾ।'

ਅਤੇ ਦੋਵੇਂ ਜੀਅ ਤਾਰੇ ਗਿਣਦੇ ਗਈ ਰਾਤ ਤੱਕ ਗੱਲਾਂ ਕਰਦੇ ਰਹੇ। ਪਿਛਲੇ ਦਿਨਾਂ ਵਿੱਚ ਵਾਪਰੀਆ ਘਟਨਾਵਾਂ ਮਨ ਤੇ ਲਿਆਉਂਦਿਆਂ ਬਹੁਤਾ ਦੁੱਖ ਵੈਸੇ ਕਿਸ਼ਨੀ ਮਹਿਸੂਸ ਕਰ ਰਹੀ ਸੀ। ਲਾਲ ਸਜੂੰਖੇ ਮੂੰਹਾਂ ਵਾਲੇ ਤਿੰਨ ਪੁੱਤ ਜੰਮਕੇ ਸ਼ਰੀਕੇ ਵਿੱਚ ਭਾਗਾਂ ਵਾਲੀ ਅਖਵਾਉਣ ਵਾਲੀ ਬੇਬੇ ਕਿਸ਼ਨੀ ਨੇ ਆਪਣੇ ਪੁੱਤਰਾਂ ਨੂੰ ਮੱਖਣਾਂ ਪੇੜਿਆਂ ਨਾਲ ਪਾਲਿਆ-ਪੋਸਿਆ ਅਤੇ ਜਵਾਨ ਚੜਾਇਆ ਸੀ। ਲੀੜੇ ਲੱਤੇ ਅਤੇ ਖਾਣ ਪੀਣ ਦੀ ਕਦੇ ਉਨਾਂ ਨੂੰ ਥੁੜ ਨਹੀਂ ਸੀ ਰਹਿਣ ਦਿੱਤੀ। ਪੁੱਤਾਂ ਨਾਲ ਚਾਅ ਮਲਾਰ ਕਰਦਿਆਂ, ਖੇਡਦਿਆਂ ਮੱਲਦਿਆਂ, ਝਿੜਕਦਿਆਂ, ਹੱਸਦਿਆਂ, ਕੋਸਦਿਆਂ, ਵਰਿਆਂ ਦੇ ਵਰੇ ਇੰਜ ਲੰਘ ਗਏ ਜਿਵੇਂ ਇਹ ਕੁਝ ਦਿਨਾਂ ਦੀ ਗੱਲ ਹੋਵੇ ਅਤੇ ਬਾਬੇ ਬਿਸ਼ਨੇ ਨੇ ਕਿਹੜਾ ਔਲਾਦ ਲਈ ਘੱਟ ਕੀਤਾ ਸੀ। ਕੋਈ ਉਹਨੂੰ ਐਬ ਤਾਂ ਹੈ ਨਹੀਂ ਸੀ ਬਈ ਕਮਾਈ ਐਵੇਂ ਰੋਹੜ ਦਿੰਦਾ। ਘਰ ਲਈ ਮਿਹਨਤ ਮੁਸ਼ੱਕਤ ਕਰਕੇ, ਸੋਹਣਾ ਗੁਜ਼ਾਰਾ ਚਲਾਉਂਦਿਆਂ ਦੋ-ਚਾਰ ਸਿਆੜ ਹੋਰ ਜੋੜ ਹੀ ਲਏ ਸਨ।

ਵਾਹੀ ਖੇਤੀ ਕਰਨ ਲਈ ਬਿਸ਼ਨਾ ਪਿੰਡ ਵਿੱਚ ਇੱਕ ਨੰਬਰ ਉੱਤੇ ਸੀ। ਸਵੇਰੇ ਉਠਕੇ ਹਲ ਜੋੜਕੇ ਅਤੇ ਪਹੁ ਫੁਟਦਿਆਂ ਹੀ ਖੇਤ ਵਾਹ ਛੱਡਣਾ। ਕੁੱਝ ਸਾਲ ਤਾਂ ਉਹਨੂੰ ਬਾਪੂ ਦੇ ਗੁਜ਼ਰ ਜਾਣ ਤੋਂ ਬਾਅਦ ਇਕੱਲਿਆਂ ਹੀ ਖੇਤੀ ਕਰਨੀ ਪਈ ਸੀ, ਪਰ ਮੁੰਡਿਆਂ ਦੇ ਥੋੜਾ ਕੱਦ ਕੱਢਣ ਤੇ ਉਹਨੂੰ ਕੁੱਝ ਸੁਖਾਲ ਹੋ ਗਈ ਸੀ। ਪਸ਼ੂਆਂ ਦੇ ਪੱਠੇ ਦੱਥੇ ਅਤੇ ਪਾਣੀ ਦਾ ਕੰਮ ਛੋਟੇ-ਛੋਟੇ ਮੁੰਡੇ ਕਰ ਦਿੰਦੇ ਤੇ ਉਹ ਖੇਤੀ ਦੇ ਹੋਰ ਕੰਮਾਂ ਵਿੱਚ ਲੱਗਾ ਰਹਿੰਦਾ। ਕਿਸ਼ਨੀ ਉਹਦੇ ਕੰਮਾਂ ਵਿੱਚ ਚੰਗਾ ਹੱਥ ਵਟਾ ਦਿੰਦੀ। ਘਰ ਚੰਗੇ ਸਰਦੇ ਪੁੱਜਦੇ ਘਰਾਂ ਵਿੱਚ ਗਿਣਿਆ ਜਾਣ ਲੱਗਾ ਸੀ।

ਮੁੰਡੇ ਵੀ ਚੰਗੇ ਘਰਾਂ ਵਿੱਚ ਵਿਆਹੇ ਗਏ ਸਨ। ਮੁੰਡਿਆਂ ਦੇ ਵਿਆਹਾਂ ਤੋਂ ਬਾਅਦ ਬੇਬੇ ਕਿਸ਼ਨੀ ਤੇ ਬਾਬੇ ਬਿਸ਼ਨੇ ਨੂੰ ਉਦੋਂ ਅਜੀਬ ਜਿਹਾ ਅਹਿਸਾਸ ਹੋਇਆ ਸੀ ਜਦੋਂ ਵੱਡੇ ਮੁੰਡੇ ਨੇ ਇੱਕ ਦਿਨ ਉਨਾਂ ਨੂੰ ਆਖਿਆ ਸੀ, 'ਬਾਪੂ ਅਸੀਂ ਵੱਖ ਰੋਟੀ ਟੁੱਕ ਕਰਨਾ, ਵੱਖ ਖੇਤੀ ਕਰਨੀ ਆ।'

ਇਹ ਗੱਲ ਸੁਣਕੇ ਉਹਨੂੰ ਜਾਪਿਆ ਸੀ ਜਿਵੇਂ ਜ਼ਮੀਨ ਉਹਦੇ ਪੈਰਾਂ ਥੱਲਿਓਂ ਖਿਸਕ ਗਈ ਹੈ, 'ਅੱਛਾ ਪੁੱਤ' ਆਖਕੇ ਉਹਨੇ ਇਹਦਾ ਕਾਰਨ ਵੀ ਨਹੀਂ ਸੀ ਪੁੱਛਿਆ। ਉਹਨੂੰ ਤੇ ਕਿਸ਼ਨੀ ਨੂੰ ਜਾਪਿਆ ਸੀ, ਉਨਾਂ ਦੇ ਸਰੀਰ ਦਾ ਇੱਕ ਹਿੱਸਾ ਉਨਾਂ ਨਾਲੋਂ ਲੱਥ ਰਿਹਾ ਹੋਵੇ। ਮਨ ਤੇ ਬੋਝ ਰੱਖਕੇ ਉਨਾਂ ਨੇ ਤਿੰਨਾਂ ਪੁੱਤਰਾਂ ਨੂੰ ਕੋਲ ਬੈਠਾਕੇ ਸਮਝਾਇਆ, ਪਰ ਇੱਕ ਨਹੀਂ ਤਿੰਨੋਂ ਹੀ ਜੁਦਾ ਹੋਣਾ ਚਾਹੁੰਦੇ ਸਨ। ਪਹਿਲਾਂ ਤਾਂ ਬੇਬੇ ਕਿਸ਼ਨੀ ਨੇ ਹਾਲ ਪਾਹਰਿਆ ਕੀਤੀ, ਆਪਣਾ ਕਸੂਰ ਪੁੱਛਿਆ, ਪਰ ਗਭਲੇ ਦੀ ਆਖੀ ਗੱਲ 'ਬਾਪੂ ਤੁਸੀਂ ਆਪਣੀ ਪਕਾਉ ਖਾਓ, ਅਸੀਂ ਆਪਣੀ ਖਾਵਾਂਗੇ' ਸੁਣ ਉਸ ਕਿਹਾ, 'ਅੱਛਾ ਬੱਚਾ, ਜਿਵੇਂ ਤੁਸੀਂ ਰਾਜ਼ੀ ਹੋ।'

ਘਰ ਦੀ ਹਰ ਚੀਜ਼ ਵੰਡੀ ਗਈ। ਖੇਤ ਵੰਡੇ ਗਏ। ਪਸ਼ੂ ਵੰਡੇ ਗਏ। ਮਕਾਨ ਦੇ ਚਾਰੇ ਹਿੱਸੇ ਕਰ ਦਿੱਤੇ ਗਏ। ਘਰ ਦਾ ਹਰ ਨਿੱਕੜ ਸੁੱਕੜ ਵੰਡਿਆ ਗਿਆ ਅਤੇ ਉਹ ਦੋਵੇਂ ਜੀਅ ਘਰ ਵਿੱਚ ਸਭ ਕੁਝ ਹੁੰਦਿਆਂ ਸੁੰਦਿਆਂ ਇਕੱਲੇ ਰਹਿ ਗਏ। ਆਪਣੇ ਵਿਆਹ ਤੋਂ ਤੀਹ ਪੈਂਤੀ ਸਾਲਾਂ ਬਾਅਦ ਪਹਿਲੀ ਵੇਰ ਉਨਾਂ ਨੂੰ ਇਕੱਲੇਪਨ ਦਾ ਅਹਿਸਾਸ ਹੋਇਆ ਸੀ। ਭਰਿਆ ਭਰਾਇਆ ਵਿਹੜਾ ਖਾਲੀ ਜਾਪਿਆ ਸੀ।

ਮੁੰਡਿਆਂ ਦੇ ਜਵਾਨ ਹੁੰਦਿਆਂ ਹੀ ਉਨਾਂ ਦੇ ਕਹਿਣ 'ਤੇ ਬਾਬੇ ਬਿਸ਼ਨ ਸਿਹੁੰ ਪਿਛਲੇ ਪੰਜਾਂ ਕੁ ਸਾਲਾਂ ਤੋਂ ਖੇਤੀ ਦਾ ਕੰਮ ਛੱਡ ਦਿੱਤਾ ਸੀ। ਸਿਰਫ ਉਹ ਖੇਤਾਂ ਵੱਲ ਗੇੜਾ ਮਾਰ ਆਉਂਦਾ। ਬਹੁਤਾ ਕਿਧਰੇ ਚਿੱਤ ਕਰਦਾ ਤਾਂ ਪਸ਼ੂਆਂ ਨੂੰ ਪਾਣੀ ਪਿਆ ਦਿੰਦਾ। ਨਹੀਂ ਤਾਂ ਖੇਤਾਂ ਦੇ ਬੰਨੇ-ਬੰਨੇ ਘੁੰਮਦਿਆਂ, ਜਵਾਨ ਹੁੰਦੇ ਖੇਤਾਂ ਨੂੰ ਨਿਹਾਰਦਾ ਜਾਂ ਮੁੰਡਿਆਂ ਨੂੰ ਖੇਤੀ ਦੀਆਂ ਸਲਾਹਾਂ ਦਿੰਦਾ। ਉਂਜ ਵੀ ਹੁਣ ਉਹਨੂੰ ਹੱਡ ਪੈਰਾਂ 'ਚ ਕੁਝ ਨਾਤਾਕਤੀ ਆ ਗਈ ਮਹਿਸੂਸ ਹੁੰਦੀ ਸੀ। ਉਹਦੇ ਹਾਣੀ ਉੱਤੇ ਰਸ਼ਕ ਕਰਦੇ ਕਿ ਕੇਹੀ ਚੰਗੀ ਔਲਾਦ ਹੈ ਬਿਸ਼ਨੇ ਦੀ। ਇਸ ਉਮਰੇ ਉਹਨੂੰ ਸੁੱਖ ਦੇ ਰਹੀ ਆ। ਬਿਸ਼ਨਾ ਵੀ ਪੁੱਤਾਂ ਦੀ ਸਿਫਤ ਕਰਦਾ ਨਹੀਂ ਸੀ ਥੱਕਦਾ। ਪਰਿਆਂ 'ਚ ਬੈਠ ਕੇ ਜਦੋਂ ਵੀ ਗੱਲਾਂ ਗੱਲਾਂ 'ਚ ਦਾਅ ਲੱਗਦਾ ਆਪਣੇ ਘਰ ਦੀ ਗੱਲ ਲੈ ਬੈਠਦਾ ਅਤੇ ਮੁੰਡਿਆਂ ਦੀਆਂ ਸਿਫਤਾਂ ਦੇ ਪੁਲ ਬੰਨ ਛੱਡਦਾ।

ਤੜਕੇ ਉਠਦਿਆਂ ਹੀ ਬਾਬੇ ਬਿਸ਼ਨੇ ਨੇ ਕਿਸ਼ਨੀ ਨੂੰ ਅਵਾਜ਼ ਮਾਰਦਿਆਂ ਉਠਾਇਆ, 'ਮਖ, ਮੇਰੀ ਪਰੈਣ ਤਾਂ ਫੜਾ, ਪੰਜਾਲੀ ਠੀਕ ਕਰਕੇ ਬੱਗੇ ਮੀਣੇ ਨੂੰ ਜੋਤ ਖੇਤਾਂ 'ਚ ਚਾਰ ਸਿਆੜ ਕੱਢ ਆਵਾਂ, ਵੇਖਿਆ ਸੀ ਕੱਲ ਵੱਤ ਆਈ ਹੋਈ ਆ।' 'ਬੇਬੇ ਕਿਸ਼ਨੀ ਨੇ ਚੁੱਪ ਚਾਪ ਉਠਕੇ ਪਰੈਣ ਫੜਾਉਂਦਿਆਂ ਕਿਹਾ', ਮੀਤੇ ਦੇ ਬਾਪੂ, ਦੱਸ ਬੁੱਢੇ ਵਾਰੇ ਹੱਡ ਤੁੜਵਾਏਂਗਾ ਤੂੰ ਹੁਣ ? ਮੁੰਡਿਆਂ ਦੀ ਕੀ ਮੱਤ ਮਾਰੀ ਗਈ ? ਬਿਸ਼ਨੀ ਦੇ ਅੱਖਾਂ 'ਚ ਅੱਥਰੂ ਆ ਗਏ।

ਬਾਬੇ ਬਿਸ਼ਨੇ ਦੇ ਜਾਂਦੇ ਬਲਦਾਂ ਦੀਆਂ ਟੱਲੀਆਂ ਖੜਕਦੀਆਂ ਸੁਣ ਇੱਕ ਪਲ ਤਾਂ ਬੇਬੇ ਕਿਸ਼ਨੀ ਨੂੰ ਜਵਾਨੀ ਦੇ ਦਿਨ ਯਾਦ ਆਏ, ਜਦੋਂ ਉਹ ਬਲਦਾਂ ਨੂੰ ਪਿੰਡੋਂ ਬਾਹਰ ਤੱਕ ਛੱਡਣ ਜਾਇਆ ਕਰਦੀ ਸੀ। ਪਰ ਇਨਾਂ ਟੱਲੀਆਂ ਦੀ ਅਵਾਜ਼ ਵਿੱਚ ਉਹ ਮਿਠਾਸ ਨਹੀਂ ਸੀ, ਉਹ ਜੋਸ਼ ਨਹੀਂ ਸੀ, ਸਗੋਂ ਉਦਾਸੀ ਸੀ, ਭਰਪੂਰ ਉਦਾਸੀ।

ਛਾਹ ਵੇਲਾ ਦੇਣ ਜਾਣ ਲੱਗਿਆਂ ਵੀ ਬੇਬੇ ਕਿਸ਼ਨੀ ਦਾ ਇੱਕ ਵੇਰ ਗੱਚ ਭਰ ਆਇਆ ਅਤੇ ਉਹਦੇ ਮਨ 'ਚ ਪੁਰਾਣੇ ਦਿਨਾਂ ਦੀ ਯਾਦ ਆ ਗਈ, ਜਦੋਂ ਮੁਕਲਾਵੇ ਤੋਂ ਕੁਝ ਦਿਨਾਂ ਬਾਅਦ ਹੀ ਬਿਸ਼ਨੇ ਲਈ ਛਾਹ ਵੇਲਾ ਲੈ ਕੇ ਜਾਣ ਲੱਗ ਪਈ ਦੇ ਬਿਸ਼ਨਾ ਸਾਰੇ ਕੰਮ ਛੱਡ ਉਹਦੇ ਕੋਲ ਬੈਠ ਸਾਰੀਆਂ ਗੱਲਾਂ ਕਰਦਾ ਹੁੰਦਾ ਸੀ। ਅੱਜ ਕਈ ਸਾਲਾਂ ਬਾਅਦ ਉਹ ਛਾਹ ਵੇਲਾ ਲੈ ਕੇ ਚੱਲੀ ਗਈ ਸੀ। ਉਹਨੂੰ ਆਉਂਦੀ ਨੂੰ ਵੇਖ ਬਾਬੇ ਬਿਸ਼ਨ ਸਿਹੁੰ ਨੇ ਰੋਕ ਲਿਆ, 'ਕਿਉਂ ਕਿਸ਼ਨੀਏ ਫਿਰ ਪੀਹਣੇ ਪੈ ਗਏ ?

'ਚੱਲ ਫਿਰ ਕੀ ਆ, ਕਰ ਪੈਰ ਚਲਦੇ ਆ ਜਿੰਨਾ ਚਿਰ ਚੱਲਣਗੇ, ਨਹੀਂ ਤੇ ਫਿਰ ਉਹਦਾ ਮਨ ਭਰ ਆਇਆ। ਉਸ ਸਿਰ ਤੇ ਲਏ ਦੁਪੱਟੇ ਨਾਲ ਅੱਖਾਂ ਪੂੰਝੀਆਂ ਤੇ ਉਹਨੂੰ ਰੋਟੀ ਫੜਾ ਦਿੱਤੀ।

'ਤੂੰ ਥੱਕਿਆ ਤਾਂ ਨਹੀਂ, ਕਿੰਨੇ ਸਾਲਾਂ ਬਾਦ ਤੂੰ ਕੰਮ ਕਰਨ ਲੱਗਿਆਂ।'

'ਨਹੀਂ ਕਿਸ਼ਨੀ ਆਦਮੀ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ। ਇੱਕ ਦੋ ਦਿਨ ਦੀ ਗੱਲ ਆ ਥਕੇਵਾਂ ਹੋਊ ਫੇਰ ਆਪੇ ਸੂਤ ਹੋ ਜੂ, ਮੈਂ ਤੇਰੇ ਮੁੰਡਿਆਂ ਨਾਲੋਂ ਤਕੜਾਂ ਹਾਲੇ।'

ਮੁੰਡਿਆ ਬਾਰੇ ਗੱਲ ਸੁਣਕੇ ਬੇਬੇ ਕਿਸ਼ਨੀ ਦਾ ਫਿਰ ਰੋਣ ਨੂੰ ਜੀਅ ਕੀਤਾ, ਪਰ ਉਹ ਚੁੱਪ ਕਰ ਰਹੀ।

ਕੁਝ ਦਿਨ ਲੋਕਾਂ ਨੇ ਟੱਬਰ ਦੇ ਜੁਦੇ ਹੋਣ ਦੀਆਂ ਗੱਲਾਂ ਕੀਤੀਆਂ, ਪਰ ਫਿਰ ਸਭ ਭੁਲ ਗਿਆ। ਬਿਸ਼ਨਾ ਮੁੜ ਕੰਮ 'ਤੇ ਜਾ ਡਟਿਆ। ਫ਼ਸਲ ਘਰ ਆਉਣ ਤੇ ਉਹਨੂੰ ਮੁੜ ਫਿਰ ਅੰਤਾਂ ਦੀ ਖ਼ੁਸ਼ੀ ਹੋਈ। ਘਰ ਦੇ ਖਾਣ ਅਤੇ ਖਰਚ ਚਲਾਉਣ ਲਈ ਰੱਖਕੇ, ਬਾਕੀ ਉਸ ਵੇਚ ਦਿੱਤੀ। ਮੁੰਡੇ ਆਪਣੀ ਵੱਖਰੀ ਖੇਤੀ ਕਰਦੇ ਰਹੇ ਅਤੇ ਉਹ ਆਪਣੀ। ਉਸ ਆਪਣੇ ਖੇਤਾਂ ਵਿੱਚ ਰੋਜ਼ ਦੀ ਪਾਣੀ ਦੀ ਵੰਡ ਦੀ ਖਿਚ ਖਿਚ ਨਾਲੋਂ ਆਪਣਾ ਵੱਖਰਾ ਟਿਊਬਵੈਲ ਲਗਵਾ ਲਿਆ। ਐਤਕਾਂ ਆਪਣੇ ਹਿੱਸੇ ਆਏ ਚਾਰ ਖੇਤਾਂ ਵਿਚੋਂ ਇੱਕ ਖੇਤ ਪੱਠਿਆਂ ਦੱਥਿਆਂ ਲਈ ਛੱਡ ਤਿੰਨ ਖੇਤਾਂ ਵਿੱਚ ਝੋਨਾ ਲਾ ਲਿਆ। ਕੁਦਰਤ ਦੀ ਐਸੀ ਮਾਰ ਪਈ ਕਿ ਮੀਂਹ ਨਾ ਪਿਆ। ਝੋਨੇ ਦੇ ਲਾਏ ਹੋਏ ਖੇਤ ਮੁਰਝਾਉਣ ਲੱਗੇ। ਪਾਣੀ ਖੁਣੋਂ ਖੇਤ ਸੁਕਣ ਲੱਗੇ। ਬਿਜਲੀ ਦੇ ਘੱਟ ਆਉਣ ਨਾਲ ਟਿਊਬਵੈਲ ਵੀ ਘੱਟ ਚੱਲਦੇ। ਪਰ ਬਾਬੇ ਬਿਸ਼ਨੇ ਦੇ ਤਿੰਨ ਖੇਤਾਂ ਲਈ ਉਹਦੇ ਟਿਊਬਵੈਲ ਦਾ ਪਾਣੀ ਕਾਫੀ ਸੀ। ਉਹ ਇਨਾਂ ਤਿੰਨਾਂ ਖੇਤਾਂ ਨੂੰ ਪਾਣੀ ਵਾਰੀ ਸਿਰ ਮੋੜਦਾ, ਉਨਾਂ ਦੀ ਸੇਵਾ ਸੰਭਾਲ ਕਰਦਾ ਅਤੇ ਰਾਤ ਬਰਾਤੇ ਉਠਕੇ ਵੀ ਖੇਤਾਂ ਵੱਲ ਗੇੜਾ ਮਾਰਦਾ ਰਹਿੰਦਾ। ਪਿੰਡ 'ਚ ਮੀਂਹ ਨਾ ਪੈਣ ਕਾਰਨ ਹਾਹਾਕਾਰ ਮਚੀ ਹੋਈ ਸੀ।'

ਕਦੇ ਕਦਾਈਂ ਜਦੋਂ ਉਹ ਆਪਣੇ ਨਾਲ ਲਗਦੇ ਆਪਣੇ ਪੁੱਤਰਾਂ ਦੇ ਖੇਤਾਂ ਵੱਲ ਝਾਤੀ ਮਾਰਦਾ, ਜਿਹੜੇ ਪਾਣੀ ਬਿਨਾਂ ਸੁੱਕ ਰਹੇ ਸਨ ਤਾਂ ਉਹਦਾ ਮਨ ਬਹੁਤ ਉਦਾਸ ਹੁੰਦਾ। ਔੜ ਨੇ ਤਾਂ ਉਨਾਂ ਖੇਤਾਂ ਦਾ ਛੱਡਿਆ ਕੁਝ ਹੀ ਨਹੀਂ ਸੀ। ਬੀਜੇ ਹੋਏ ਤੀਲੇ ਜਾੜ੍ਹਾ ਨਹੀਂ ਸਨ ਫੜ ਰਹੇ ਸਗੋਂ ਉਨਾਂ ਦਾ ਰੰਗ ਪੀਲਾ ਹੋ ਰਿਹਾ ਸੀ। ਉਹਦੇ ਤਿੰਨਾਂ ਪੁੱਤਰਾਂ ਨੇ ਵੀ ਆਪੋ ਆਪਣੇ ਹਿੱਸੇ ਆਉਂਦੇ ਖੇਤਾਂ ਵਿਚੋਂ ਤਿੰਨ ਤਿੰਨ ਖੇਤ ਝੋਨੇ ਦੇ ਬੀਜੇ ਹੋਏ ਸਨ, ਪਰ ਉਨਾਂ ਤਿੰਨਾਂ ਕੋਲ ਸਿਰਫ ਇੱਕ ਹੀ ਟਿਊਬਵੈਲ ਸੀ, ਜੀਹਦਾ ਪਾਣੀ ਵਾਰੋ ਵਾਰੀ ਹੀ ਉਨਾਂ ਲੈਣਾ ਸੀ। ਘਰ ਦੇ ਹੋਰ ਖਰਚੇ ਕਾਰਨ ਉਹ ਚਾਹੁੰਦੇ ਹੋਏ ਵੀ ਹੋਰ ਪ੍ਰਬੰਧ ਨਹੀਂ ਸਨ ਕਰ ਸਕੇ। ਅਕਸਰ ਹੀ ਬਿਸ਼ਨਾ ਘਰ ਆ ਕੇ ਕਿਸ਼ਨੀ ਨਾਲ ਸੁੱਕ ਰਹੇ ਖੇਤਾਂ ਬਾਰੇ ਗੱਲ ਕਰਨੀ ਚਾਹੁੰਦਾ, ਪਰ ਕਿਸੇ ਅਣਜਾਣੀ ਜਿਹੀ ਝਿਜਕ ਕਾਰਨ ਇੰਜ ਨਾ ਕਰਦਾ।

ਇੱਕ ਸ਼ਾਮ ਬਾਬੇ ਬਿਸ਼ਨੇ ਮੂੰਹੋਂ ਆਪਣੇ ਪੁੱਤਰਾਂ ਬਾਰੇ ਗੱਲਾਂ ਸੁਣ ਬੇਬੇ ਕਿਸ਼ਨੀ ਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ। ਬਿਸ਼ਨੇ ਨੇ ਜਦੋਂ ਕਿਹਾ, 'ਮੇਰਾ ਤਾਂ ਜੀਅ ਕਰਦੈ, ਉਨਾਂ ਖੇਤਾਂ ਨੂੰ ਪਾਣੀ ਮੋੜ ਦਿਆਂ, ਮੁੰਡੇ ਤਾਂ ਸਾਡੇ ਨਾਲ ਨਿਰਮੋਹੇ ਹੋ ਗਏ ਆ, ਅਸੀਂ ਆਪਣੇ ਖੇਤਾਂ ਨਾਲ ਨਿਰਮੋਹੇ ਕਿਉਂ ਹੋਈਏ ?' ਤਾਂ ਕਿਸ਼ਨੀ ਨੇ ਕਿਹਾ, 'ਉਨਾਂ 'ਚੋਂ ਕੋਈ ਸਾਡੇ ਨਾਲ ਬੋਲਦਾ ਤਾਂ ਹੈ ਨਹੀਂ, ਸਾਨੂੰ ਕੀ ਪਈ ਆ ਉਨਾਂ ਦੀ ਮਦਦ ਕਰਨ ਦੀ' ਪਰ ਦਿਲੋਂ ਉਹ ਚਾਹੁੰਦੀ ਸੀ ਬਿਸ਼ਨਾ ਪੁੱਤਰਾਂ ਦੀ ਮਦਦ ਜ਼ਰੂਰ ਕਰੇ।

ਰੋਟੀ ਪਾਣੀ ਖਾਕੇ ਬਿਸ਼ਨਾ ਖੇਤਾਂ ਵੱਲ ਹੋ ਤੁਰਿਆ। 'ਮਖ ਏਸ ਵੇਲੇ ਕਿਧਰ ਤੁਰਿਆਂ ?' ਕਿਸ਼ਨੀ ਨੇ ਤੁਰੇ ਜਾਂਦੇ ਬਿਸ਼ਨੇ ਨੂੰ ਪੁੱਛਿਆ। 'ਖੇਤਾਂ ਵੱਲ ਚੱਲਿਆਂ, ਰਾਤੀਂ ਪਾਵਰ ਆਊ, ਖੇਤਾਂ ਦਾ ਨੱਕਾ ਮੋੜ ਆਵਾਂ', ਬਿਸ਼ਨੇ ਨੇ ਮੋੜਵਾਂ ਜਵਾਬ ਦਿੱਤਾ ਅਤੇ ਫਿਰ ਦਰਵਾਜੇ ਕੋਲ ਪਹੁੰਚ ਕਿਹਾ, 'ਰਾਤੀਂ ਵੀ ਆਇਆ ਤਾਂ ਉੱਥੇ ਹੀ ਮੈਂ ਰਹੂੰ ਰਾਤੀਂ।'

'ਚੰਗਾ' ਕਿਸ਼ਨੀ ਨੇ ਆਖ ਛੱਡਿਆ । ਸਾਰਾ ਰਸਤਾ ਸੋਚਾਂ ਵਿਚਾਰਾਂ 'ਚ ਗੁਜ਼ਾਰਦਿਆਂ ਬਿਸ਼ਨਾ ਤੁਰਿਆ ਗਿਆ। ਪੁੱਤਰਾਂ ਦੇ ਮੋਹ 'ਚ ਉਹ ਭਿੱਜਦਾ ਜਾ ਰਿਹਾ ਸੀ। ਬਚਪਨ, ਜਵਾਨੀ ਦੇ ਦਿਨਾਂ ਦੀਆਂ ਪੁੱਤਰਾਂ ਦੀਆਂ ਯਾਦਾਂ ਉਸਤੇ ਹਾਵੀ ਹੋ ਗਈਆਂ। ਖੇਤ ਪਹੁੰਚਦਿਆਂ ਹੀ ਉਸ ਪਾਣੀ ਦਾ ਨੱਕਾ ਵੱਡੇ ਪੁੱਤ ਮੀਤੇ ਦੇ ਖੇਤਾਂ ਵੱਲ ਮੋੜ ਦਿੱਤਾ ਅਤੇ ਆਪ ਸਾਰੀ ਰਾਤ ਇੱਕ ਅਜ਼ੀਬ ਜਿਹੀ ਖ਼ੁਸ਼ੀ 'ਚ ਉਤਪੋਤ ਖੇਤ ਦੇ ਬੰਨੇ ਬੈਠਾ ਰਿਹਾ।

ਮਤਾ ਕਿਸੇ ਵੀ ਵੇਲੇ ਬਿਜਲੀ ਚਲੇ ਜਾਏ ਤੇ ਪਾਣੀ ਬੰਦ ਹੋ ਜਾਏ। ਪਾਣੀ ਪਹੁ ਫੁਟਦਿਆਂ ਤੱਕ ਖੇਤ 'ਚ ਨੱਕੋ ਨੱਕ ਭਰ ਗਿਆ। ਦੂਜੇ ਖੇਤ ਦਾ ਨੱਕਾ ਵੱਢਦਿਆਂ, ਜਦੋਂ ਪਿੰਡੋਂ ਆਉਂਦੇ ਮੀਤੇ ਨੇ ਘੁਸਮੁਸੇ 'ਚ ਬਾਪੂ ਨੂੰ ਕਹੀ ਚਲਾਉਂਦਿਆਂ ਵੇਖਿਆ, ਉਹਦੇ ਮਨ ਆਈ ਸ਼ਾਇਦ

ਬਾਕੀ ਸਫ਼ਾ 30 'ਤੇ

# ਮਾਂ ਬੋਲੀ ਇਕ ਵੱਖਰੀ ਕੌਮ ਦੀ ਉਸਾਰੀ ਲਈ ਨੀਂਹ

**ਡਾਕਟਰ ਤਾਹਿਰ ਮਹਿਮੂਦ**

ਇਨਸਾਨ ਦਾ ਦੁਨੀਆ ਨੂੰ ਸਮਝਣਾ ਤੇ ਇਨਸਾਨਾਂ ਦਾ ਇਨਸਾਨਾਂ ਦੇ ਦਿਲਾਂ ਦੇ ਹਾਲ ਨੂੰ ਜਾਣਨਾ ਆਪਣੇ ਵਰਗਿਆਂ ਨਾਲ ਜੁੜੇ ਰਹਿਣਾ, ਮਿਲਣ ਵਾਲਿਆਂ ਦੀਆਂ ਚਾਹਤਾਂ-ਮੁਹੱਬਤਾਂ, ਨੇੜਤਾਵਾਂ-ਦੂਰੀਆਂ ਤੇ ਯਾਦਾਂ ਨੂੰ ਮਨ ਵਿਚ ਵਸਾ ਕੇ ਰੱਖਣਾ ਅਹਿਸਾਸ ਤੇ ਜਜ਼ਬਾਤ ਨੂੰ ਮਨ ਦੀਆਂ ਡੂੰਘਿਆਈਆਂ ਤੱਕ ਮਹਿਸੂਸ ਕਰਨਾ। ਦੱਸਣਾ-ਪੁੱਛਣਾ, ਗੱਲ ਸੁਣਾ ਕੇ ਮੋਹ ਲੈਣਾ, ਗੱਲ ਸੁਣ ਕੇ ਮੋਹਿਆ ਜਾਣਾ। ਇਹ ਇਕੱਲੀ ਬੋਲੀ ਦਾ ਨਹੀਂ, ਬਲਕਿ ਮਾਂ-ਬੋਲੀ ਦਾ ਕਮਾਲ ਤੇ ਚਮਤਕਾਰ ਹੈ। ਬੋਲੀ ਇਕ ਅਜਿਹਾ ਖਜ਼ਾਨਾ ਹੈ, ਜੋ ਸੋਚ-ਵਿਚਾਰ, ਇਤਿਹਾਸ ਤੇ ਵਿਰਸਾ ਆਪਣੀ ਬੁੱਕਲ ਅੰਦਰ ਲੁਕਾ ਕੇ ਰੱਖਦੀ ਹੈ ਤੇ ਮਾਂ-ਬੋਲੀ ਇਸ ਖਜ਼ਾਨੇ ਨੂੰ ਪਛਾਣ ਦਿੰਦੀ ਹੈ ਤੇ ਪਛਾਣ ਕਰਾਉਂਦੀ ਵੀ ਹੈ। ਇਨਸਾਨੀ ਬੋਲੀ ਹੀ ਕਿਸੇ ਤਹਿਜ਼ੀਬ ਨੂੰ ਇਕ ਮੰਜ਼ਿਲ ਤੋਂ ਦੂਜੀ ਮੰਜ਼ਿਲ ਤੱਕ ਲੈ ਜਾਂਦੀ ਹੈ ਤੇ ਮਾਂ-ਬੋਲੀ ਹੀ ਇਸ ਤਹਿਜ਼ੀਬ ਦਾ ਹੁਸਨ ਤੇ ਸ਼ਿੰਗਾਰ ਬਣ ਜਾਂਦੀ ਹੈ। ਮਾਂ-ਬੋਲੀ ਤਹਿਜ਼ੀਬ ਨੂੰ ਕਿਸੇ ਖ਼ਾਸ ਇਲਾਕੇ 'ਵਿਚ ਵੱਖਰੇ ਰਸਮੋ-ਰਿਵਾਜ ਦੇ ਰੰਗਾਂ ਵਿਚ ਰੰਗ ਦਿੰਦੀ ਹੈ। ਇੰਜ ਇਕ ਖ਼ਾਸ ਇਲਾਕੇ ਦੇ ਰਹਿਣ ਵਾਲੇ ਲੋਕਾਂ ਨੂੰ ਉਨਾਂ ਦੀ ਮਾਂ-ਬੋਲੀ ਇਕ 'ਵੱਖਰਾ ਨਾਂਅ' 'ਵੱਖਰੀ ਪਛਾਣ' ਤੇ ਇਕ ਵੱਖਰੀ ਕੌਮ ਦੀ ਉਸਾਰੀ ਦੀ ਬੁਨਿਆਦ ਬਣ ਜਾਂਦੀ ਹੈ। ਕਿਸੇ ਵੀ ਕੌਮ ਦੀ ਮਾਂ-ਬੋਲੀ ਉਸ ਕੌਮ ਦੇ ਬੁੱਤ ਤੇ ਰੂਹ ਨੂੰ ਜੋੜ ਦਿੰਦੀ ਹੈ। ਕਿਸੇ ਵੀ ਕੌਮ ਦੇ ਕਰੋੜਾਂ ਜਿਊਂਦੇ-ਜਾਗਦੇ ਤੇ ਜ਼ਿੰਦਗੀ ਦੀ ਦੌੜ ਦੌੜਦੇ ਇਨਸਾਨੀ ਰੂਪ ਵਿਚ ਬੁੱਤ ਵੱਖਰੇ-ਵੱਖਰੇ ਹੋਣ ਦੇ ਬਾਵਜੂਦ ਇਕ ਲਗਦੇ ਹਨ। ਇਕ ਮਾਂ-ਬੋਲੀ ਦਾ ਹੀ ਕਮਾਲ, ਇਜਾਜ਼ ਤੇ ਸ਼ਾਨ ਹੈ ਕਿ ਉਹ ਕਿਸੇ ਵੀ ਕੌਮ ਨੂੰ ਨਾਂਅ ਤੇ ਪਛਾਣ ਦਿੰਦੀ ਹੈ।

ਪੰਜਾਬ, ਪੰਜਾਬੀ ਤੇ ਪੰਜਾਬੀਅਤ ਇਹ ਸ਼ਬਦ ਵੱਖਰੇ ਹੋਣ ਦੇ ਬਾਵਜੂਦ ਇਕ ਹੀ ਤਸਵੀਰ ਦੇ ਤਿੰਨ ਰੁਖ਼ (ਪਾਸੇ) ਹਨ। ਹਰ ਕੌਮ ਦਾ ਮੁਹੱਬਤਾਂ ਤੇ ਅਜ਼ਾਦੀ ਦੀਆਂ ਲੜਾਈਆਂ ਦਾ ਆਪਣਾ ਇਤਿਹਾਸ ਤੇ ਆਪਣੀ ਵੱਖਰੀ ਵਿਰਾਸਤ ਹੁੰਦੀ ਹੈ। ਕਿਸੇ ਵੀ ਕੌਮ ਦੀ ਵਿਰਾਸਤ ਭਾਵੇਂ ਕਿਸੇ ਇਕ ਧਰਮ ਨਾਲ ਜੁੜੀ ਹੋਵੇ ਪਰ ਸਾਰੀ ਕੌਮ ਉਸ ਦੀ ਮਾਲਕ ਹੁੰਦੀ ਹੈ। ਪੰਜਾਬ ਅੰਦਰ ਪੰਜਾਬੀਆਂ ਦੀ ਮੁਹੱਬਤਾਂ ਭਰੀ ਵਿਰਾਸਤ, ਧਰਮਾਂ-ਮਜ਼ਬਾਂ ਤੋਂ ਹਟ ਕੇ ਸਾਰੀ ਪੰਜਾਬੀ ਕੌਮ ਦੀ ਸਾਂਝੀ ਹੈ। ਹੀਰ-ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ-ਜੱਟ ਆਦਿ ਇਹ ਮੁਹੱਬਤਾਂ ਭਰੀ ਵਿਰਾਸਤ ਸਾਰੇ ਪੰਜਾਬ ਤੇ ਸਭ ਪੰਜਾਬੀਆਂ ਦੀ ਹੈ।

**ਸਭਿਆਚਾਰ ਤੇ ਭਾਸ਼ਾ**

ਅਜ਼ਾਦੀ ਦੀ ਖ਼ਾਤਰ ਜਾਨਾਂ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਦੁੱਲਾ ਭੱਟੀ, ਅਹਿਮਦਯਾਰ ਖਰਲ ਆਦਿ, ਇਹ ਸਾਰੇ ਪੰਜਾਬ ਤੇ ਪੰਜਾਬੀਆਂ ਦੀ ਕੌਮੀ ਅਜ਼ਾਦੀ ਦੀ ਵਿਰਾਸਤ ਹੈ। ਚਾਹੇ ਕੋਈ ਪੰਜਾਬੀ ਹਿੰਦੂ ਹੈ, ਸਿੱਖ ਹੈ ਜਾਂ ਮੁਸਲਮਾਨ ਆਦਿ। ਪੰਜਾਬੀ ਇਕ ਕੌਮ ਹਨ। ਇਨਾਂ ਦੀ ਮਾਂ-ਬੋਲੀ ਇਕ, ਇਨਾਂ ਦਾ ਪੰਜਾਬ ਇਕ। ਇਸ ਪੰਜਾਬ ਦੇ ਪੰਜ ਦਰਿਆ ਹਨ, ਜੋ ਪੰਜਾਬ ਦੇ ਨਾਂ ਨਾਲ ਸੰਬੰਧਿਤ ਹਨ ਅਤੇ ਇਸ ਦੀ ਪਛਾਣ ਹਨ। ਸਾਡੇ ਹੱਥਾਂ ਦੀਆਂ ਪੰਜ ਉਂਗਲਾਂ ਖੋਲੀਏ ਤਾਂ ਇਕ ਪੰਜਾ ਬਣਦਾ ਹੈ। ਇਸ ਪੰਜੇ ਨੂੰ ਵੱਢ-ਕੱਟ ਦੇਈਏ ਤਾਂ ਇਹ ਪੰਜਾ ਨਹੀਂ ਰਹਿੰਦਾ। ਟੁੰਡ ਬਣ ਜਾਂਦਾ ਹੈ। ਜਿਵੇਂ ਪੰਜਾਬ ਦੇ ਪੰਜੇ (ਪੰਜ ਆਬ ਪੰਜ ਦਰਿਆ) ਨੂੰ ਵੱਢ-ਟੁੱਕ ਕੇ ਟੁੰਡ ਬਣਾ ਦਿੱਤਾ ਗਿਆ ਹੈ। ਪੰਜਾਬ ਦੀ ਵੱਢ-ਟੁੱਕ ਤੋਂ ਬਾਅਦ ਵੀ ਇਸ ਦੇ ਟੋਟੇ ਕੀਤੇ ਗਏ। ਕੇਵਲ ਗੱਲ ਇਥੇ ਹੀ ਨਹੀਂ ਮੁੱਕੀ, ਇਨਾਂ ਟੁਕੜਿਆਂ ਦੀ ਬੋਟੀ-ਬੋਟੀ ਕਰਨ ਦੇ ਯਤਨ ਹੋ ਰਹੇ ਹਨ। ਦਰਅਸਲ ਪੰਜਾਬ ਦੀ ਵੰਡ ਗ਼ੈਰ-ਫ਼ਿਤਰੀ, ਗ਼ੈਰ-ਇਨਸਾਨੀ ਹੀ ਨਹੀਂ, ਬਲਕਿ ਕੁਦਰਤ ਨਾਲ ਖਿਲਵਾੜ ਹੈ। ਰੱਬ ਨੇ ਪੰਜਾਬ ਨੂੰ ਜੋ ਸ਼ਕਲ-ਓ-ਸੂਰਤ ਤੇ ਬਨਾਵਟ ਦਿੱਤੀ ਸੀ, ਇਕ ਸਾਮਰਾਜੀ ਤਾਕਤ ਨੇ ਪੰਜਾਬੀਆਂ ਦਾ ਰੂਪ ਧਾਰ ਕੇ ਪੰਜਾਬ ਦੇ ਦੁਸ਼ਮਣ ਲੀਡਰਾਂ ਨੂੰ ਨਾਲ ਰਲਾ ਕੇ ਪੰਜਾਬ ਦੀ ਬਨਾਵਟ-ਸ਼ਕਲ ਤੇ ਉਸ ਦੇ ਕੁਦਰਤੀ ਹੁਸਨ ਨੂੰ ਤਬਾਹ ਕਰਕੇ ਰੱਖ ਦਿੱਤਾ।

ਜਦ ਕਿਸੇ ਦੀ ਸ਼ਕਲ-ਸੂਰਤ ਵਿਗਾੜ ਦਿੱਤੀ ਜਾਂਦੀ ਹੈ, ਨਾ ਕੇਵਲ ਉਸ ਦਾ ਹੁਸਨ ਤਬਾਹ ਹੋ ਜਾਂਦਾ ਹੈ, ਸਗੋਂ ਉਸ ਦੀ ਸ਼ਨਾਖ਼ਤ ਹੀ ਬਦਲ ਜਾਂਦੀ ਹੈ। ਨਾ ਜਿਊਂਦਾ, ਨਾ ਮੋਇਆ, ਨਾ ਹੀ ਕੁੱਲੀ 'ਤੇ ਕੱਖ ਰਹਿੰਦਾ ਹੈ। ਪੰਜਾਬ ਦਾ ਕਤਲ ਇਸ ਦੇ ਟੋਟੇ ਤੇ ਫਿਰ ਬੋਟੀ-ਬੋਟੀ ਕਰਨ ਦੇ ਯਤਨ ਤੇ ਹੁਣ ਇਨਾਂ ਟੋਟਿਆਂ ਤੇ ਬੋਟੀਆਂ ਨੂੰ ਧਾਰਮਿਕ ਨਫ਼ਰਤ ਦੀ ਅੱਗ ਵਿਚ ਸਾੜਿਆ ਜਾ ਰਿਹਾ ਹੈ। ਵੰਡੇ ਗਏ ਪੰਜਾਬ ਦੀ ਮਾਂ-ਬੋਲੀ ਤਾਂ ਫਿਰ ਵੀ ਤਾਂ ਫਿਰ ਵੀ ਪੰਜਾਬੀ ਹੀ ਹੈ ਪਰ ਚੜਦੇ ਤੇ ਲਹਿੰਦੇ ਪੰਜਾਬ ਦੀ ਮਾਂ-ਬੋਲੀ ਵਿਚ ਓਪਰੇ-ਓਸੜ ਤੇ ਪ੍ਰਦੇਸੀ ਸ਼ਬਦ ਬਹੁਤ ਵਧਦੇ ਜਾ ਰਹੇ ਹਨ। ਡਰ ਹੈ ਕਿ ਜੇ ਇਹ ਸਿਲਸਿਲਾ ਇੰਜ ਹੀ ਚਲਦਾ ਰਿਹਾ ਤੇ ਚੜਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਇਕ-ਦੂਜੇ ਨਾਲ ਪੰਜਾਬੀ ਮਾਂ-ਬੋਲੀ ਵਿਚ ਆਪਸੀ ਗੱਲਬਾਤ ਕਰਨਾ ਬਹੁਤ ਮੁਸ਼ਕਿਲ ਹੋ ਜਾਏਗਾ। ਮੈਨੂੰ ਤਾਂ ਇਹ ਡਰ ਹੈ ਕਿ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਚੜਦੇ ਪੰਜਾਬ ਦੇ ਪੰਜਾਬੀਆਂ ਦੀ ਬੋਲੀ ਨੂੰ ਸਮਝਣ ਲਈ ਕਿਸੇ ਤੀਜੀ ਧਿਰ ਦੀ ਨਾ ਲੋੜ ਪੈ ਜਾਏ। ਪੰਜਾਬ ਦੀ ਵੰਡ ਤੋਂ ਬਾਅਦ ਲਹਿੰਦਿਉਂ ਚੜਦੇ ਤੇ ਚੜਦਿਉਂ ਲਹਿੰਦੇ ਪੰਜਾਬ ਆਉਣ-ਜਾਣ ਵਾਲੇ ਪੰਜਾਬੀ ਸਾਰੀ ਜ਼ਿੰਦਗੀ ਆਪਣੇ ਪਿੰਡਾਂ, ਸ਼ਹਿਰਾਂ ਤੇ ਆਪਣੇ ਯਾਰਾਂ-ਬੇਲੀਆਂ ਨੂੰ ਯਾਦ ਕਰਦੇ ਰਹੇ, ਰੋਂਦੇ ਰਹੇ, ਪਛਤਾਉਂਦੇ ਰਹੇ।

ਜਦ ਵੀ ਆਉਣ-ਜਾਣ ਵਾਲੇ ਪੰਜਾਬੀਆਂ ਨੂੰ ਇਕ-ਦੂਜੇ ਨਾਲ ਮਿਲਣ ਦਾ ਮੌਕਾ ਮਿਲਿਆ, ਇਹੋ ਹੀ ਸਵਾਲ ਪੁੱਛਿਆ ਜਾਂਦਾ ਰਿਹਾ, ਤੁਸੀਂ ਕਿਹੜੇ ਜ਼ਿਲੇ ਦੇ ਹੋ, ਤੁਹਾਡਾ ਪਿੰਡ ਕਿਹੜਾ ਸੀ। ਅਸੀਂ ਵੀ ਫਲਾਣੇ ਜ਼ਿਲੇ ਦੇ, ਫਲਾਣੇ ਪਿੰਡ ਦੇ ਹਾਂ, ਤੁਸੀਂ ਵੀ ਦੱਸੋ ? ਪੰਜਾਬ ਹੀ ਨਹੀਂ ਵੰਡਿਆ ਗਿਆ, ਅਸੀਂ-ਤੁਸੀਂ ਪੰਜਾਬੀ ਵੀ ਬਰਬਾਦ ਹੋ ਗਏ। ਘਰ-ਬਾਰ ਹੀ ਨਹੀਂ, ਦਿਲ ਦੀ ਦੁਨੀਆ ਵੀ ਲੁੱਟੀ-ਪੁੱਟੀ ਗਈ। ਪਤਾ ਨਹੀਂ ਸਾਨੂੰ ਪੰਜਾਬੀਆਂ ਨੂੰ ਸਾਡੇ ਕਿਹੜੇ ਪਾਪਾਂ ਦੀ ਸਜ਼ਾ ਮਿਲੀ ਹੈ। ਫਿਰ ਪੰਜਾਬੀ ਮਿਲਣ ਵਾਲੇ ਇਕ-ਦੂਜੇ ਨੂੰ ਬੇਨਤੀ ਕਰਦੇ ਹਨ। ਸਮਾਂ ਕੱਢ ਕੇ ਸਾਡੇ ਪਿੰਡ ਜ਼ਰੂਰ ਜਾਣਾ, ਉਥੇ ਰਹਿਣ ਵਾਲੇ ਆਪਣੇ ਦੋਸਤਾਂ ਦੇ ਨਾਂ ਵੀ ਲੋਕ ਤੁਹਾਨੂੰ ਦੱਸਦੇ ਹਨ। ਉਨਾਂ ਨੂੰ ਕਹਿਣਾ ਸਾਨੂੰ ਜ਼ਰੂਰ ਚਿੱਠੀ ਲਿਖਣ। ਆਪਣੇ ਪਰਿਵਾਰਾਂ ਦੀ ਖੈਰ-ਸੁੱਖ ਦਾ ਵੀ ਲਿਖਣ। ਸਾਡੇ ਦੋਸਤਾਂ ਤੇ ਮਿਲਣ ਵਾਲਿਆਂ ਵਿਚੋਂ ਕਿਹੜਾ ਹੈ,

ਬਾਕੀ ਸਫ਼ਾ 30 'ਤੇ

# ਕਾਵਿ ਸੰਸਾਰ

## 1, ਸੂਰਮਗਤੀ ਦਾ ਸ਼ਾਸ਼ਤਰ

ਸੂਰਮੇ ਦੰਭੀ ਨਹੀਂ ਹੁੰਦੇ
ਸੂਰਮੇ ਚਾਲਾਕ ਨਹੀਂ ਹੁੰਦੇ
ਸੂਰਮੇ ਮਾਸੂਮ ਹੁੰਦੇ ਨੇ
ਸੂਰਮੇ ਭੋਲੇ ਹੁੰਦੇ ਨੇ,
ਸੂਰਮੇ ਕਮੀਨੇ ਨਹੀਂ ਹੁੰਦੇ
ਸੂਰਮੇ ਸਾਊ ਹੁੰਦੇ ਨੇ,
ਸੂਰਮੇ ਚੋਰ ਮੋਰੀਆਂ ਨਹੀਂ ਵਰਤਦੇ
ਸੂਰਮੇ ਸਿੱਧਾ ਦਰਵਾਜ਼ਾ ਖੜਕਾਉਂਦੇ ਨੇ,
ਸੂਰਮੇ ਖੰਘੂਰਾ ਨਹੀਂ ਮਾਰਦੇ
ਸੂਰਮੇ ਲਲਕਾਰਾ ਮਾਰਦੇ ਨੇ,
ਸੂਰਮੇ ਹੱਥ ਨਹੀਂ ਅੱਡ ਦੇ
ਸੂਰਮੇ ਹਥਿਆਰ ਚੁੱਕਦੇ ਨੇ,
ਸੂਰਮੇ ਤਖ਼ਤ ਦੇ ਪਾਵੇ ਨਹੀਂ ਹੁੰਦੇ
ਸੂਰਮੇ ਨਗਾਰੇ ਲੱਗੀ ਚੋਟ ਹੁੰਦੇ ਨੇ,
ਸੂਰਮੇ ਰਾਜਮਹਿਲ ਦੀ ਛਾਂ ਨਹੀਂ ਹੁੰਦੇ
ਸੂਰਮੇ ਰਾਜਮਹਿਲ ਦੀ ਅੱਖ ਦੀ ਰੜਕ ਹੁੰਦੇ ਨੇ,
ਸੂਰਮੇ ਵਹੀ ਖਾਤੇ ਨਹੀਂ ਲਿਖਦੇ
ਸੂਰਮੇ ਇਤਿਹਾਸ ਲਿਖਦੇ ਨੇ,
ਸੂਰਮੇ ਆਤਮ ਸਮਰਪਣ ਨਹੀਂ ਕਰਦੇ
ਸੂਰਮੇ ਇੱਕ ਪਾਸਾ ਕਰਦੇ ਨੇ,
ਸੂਰਮਿਆਂ ਦੀ ਢਾਲ, ਢਾਲ ਹੀ ਹੁੰਦੀ ਹੈ
ਸਮਝੌਤੇ ਵਿਚ ਮਿਲੀ ਕੁਰਸੀ ਨਹੀਂ ਹੁੰਦੀ,
ਸੂਰਮੇ ਜੀਉਣ ਲਈ ਨਹੀਂ ਜੰਮਦੇ
ਸੂਰਮੇ ਸ਼ਹੀਦ ਹੋਣ ਲਈ ਜੰਮਦੇ ਨੇ,
ਸੂਰਮਿਆਂ ਦੀ ਉਮਰ ਕਦੇ ਵੀ
ਨੱਬੇ ਸਾਲ ਨਹੀਂ ਹੁੰਦੀ
ਪਰ ਸੂਰਮੇ ਕਦੇ ਨਹੀਂ ਮਰਦੇ,
ਸੂਰਮੇ ਕਦੇ ਸਰੀਰ ਨਹੀਂ ਹੁੰਦੇ
ਸੂਰਮੇ ਸਦਾ ਜ਼ਮੀਰ ਹੁੰਦੇ ਨੇ।

**- ਅਮਰਦੀਪ ਸਿੰਘ ਗਿੱਲ**

## 2. ਮਾਨਸ ਜਾਤ

ਸੱਧਰਾਂ ਵਿੱਚ ਨਾ,
ਦੇਖੀਂ ਜਾਤ ।
ਜਿਨਾਂ ਦੇਖੀ,
ਹੋਏ ਖ਼ਾਕ।
ਸਭਨਾਂ ਵੱਲ ਮਾਰੀਂ,
ਇੱਕੋ ਝਾਤ।
ਰੱਬ ਦੇ ਘਰ,
ਇੱਕੋ ਔਕਾਤ।
ਸਭ ਲਈ ਇੱਕੋ,
ਦਿਨ-ਰਾਤ।
ਇੱਕ ਖ਼ੂਨ,
ਇੱਕੋ ਹੱਡ-ਮਾਸ।
ਸਾਰੇ ਹਾਂ ਭਾਈ,
ਮਾਨਸ-ਜਾਤ।
ਦਿਲ 'ਚ ਰੱਖ,
ਇਹੀ ਬਾਤ।

**-ਸੁਖਜਿੰਦਰ ਸਿੰਘ ਭੰਗਚੜੀ**

## 3. ਕਬਿਤ

ਮਿਟੀ ਦੀਏ ਜਾਈਏ ਤੈਨੂੰ ਪਾਣੀਆਂ ਨੇ ਪਾਲਿਆ ਏ
ਪੌਣਾਂ ਦੀ ਰਲਾਈ ਵਾਸ ਡਾਢੀ ਮਹਿਕਾਈ ਤੂੰ
ਬੇਦੀਆਂ ਦੇ ਵਿਹੜੇ ਮਾਣੇ ਖੇੜੇ ਸੰਗ ਸੋਢੀਆਂ ਦੇ
ਭਲਿਆਂ ਦੇ ਭਾਈ ਗੁਰਦਾਸ ਨੇ ਖਿਡਾਈ ਤੂੰ
ਪੋਥੀ ਵਿਚ ਬੰਨੀ ਬੰਨ ਤਖਤ ਬਿਠਾਈ ਸੋਣੇ
ਸਾਹਿਬਾਂ ਅਲਾਈ ਬਣ ਬਾਣੀ ਧੁਰੋਂ ਆਈ ਤੂੰ
ਢਾਲਾਂ ਤੇ ਲਿਖਾਈ ਗੁਰਾਂ ਤੇਗਾ ਤਰਵਾਰਾ ਉਤੇ
ਸਿੰਘਾਂ ਸਰਦਾਰਾਂ ਰਣ ਖੇਤਾਂ 'ਚ ਨਚਾਈ ਤੂੰ
ਦੁੱਧ ਵਾਲੀ ਕਾੜਨੀ 'ਚ ਘੁੰਮਦੀ ਮਧਾਣੀਏ ਨੀ
ਮਿਸੇ ਪਰਸਾਦਿਆਂ ਤੇ ਮੱਖਣ ਮਲਾਈ ਤੂੰ
ਤੂੰਬੜੇ ਦੀ ਫਾੜੀ ਕਿਤੇ ਹੁਬਲੂ ਕਿ ਬੌਹਲੀ ਕਿਤੇ
ਪੋਹਲੀ ਦਿਆਂ ਪੱਤਿਆਂ ਦੀ ਕੂਲੀ ਕੰਡਿਆਈ ਤੂੰ
ਹਾਣੀਆਂ ਦੇ ਨਾਲ ਜੇੜੇ ਸੂਵਿਆਂ 'ਚ ਗੋਤੇ ਲਾਏ
ਮੱਝੀਆਂ ਤੇ ਬੈਠ ਤਾਰੀ ਟੋਬਿਆ ਦੀ ਲਾਈ ਤੂੰ
ਗਾਨੀਏ ਫਕੀਰਾਂ ਦੀਏ ਕਵੀਆਂ ਦੀ ਕਾਨੀਏ ਨੀ
ਦਿਲਾਂ ਦਿਆਂ ਜਾਨੀਆਂ ਨੇ ਦਿਲਾਂ 'ਚ ਵਸਾਈ ਤੂੰ
ਬੋਲੀਏ ਪੰਜਾਬ ਦੀਏ ਮਿਟੀਆਂ ਦੀ ਜਾਈ ਤੂੰ

**- ਹਰਪਿੰਦਰ ਸਿੰਘ**

## 4. ਅਸੀਂ ਸਿੰਘ ਹਾਂ

ਅਸੀਂ ਸਿੰਘ ਹਾਂ
ਤੱਤੀਆਂ ਤਵੀਆਂ 'ਤੇ ਬੈਠ
ਅੱਗ ਨੂੰ ਠਾਰਨ ਵਾਲਿਆਂ ਦੇ..
ਚਾਂਦਨੀ ਚੌਂਕ 'ਚ ਸੀਸ ਵਾਰ
ਸਿਰ ਦੇ ਅਰਥ ਸਮਝਾਉਣ ਵਾਲਿਆਂ ਦੇ..
ਵਾਰ ਪੂਰਾ ਸਰਬੰਸ ਕੌਮ ਖ਼ਾਤਿਰ
ਬੇਫਿਕਰੀ ਦੀ ਨੀਂਦ ਸੌਣ ਵਾਲਿਆਂ ਦੇ..।
ਅਸੀਂ ਤਾਂ..
ਦੇਗਾਂ 'ਚ ਉਬਾਲੇ ਖਾ ਕੇ
ਬੱਚੇ ਨੇਜ਼ਿਆਂ 'ਤੇ ਟਿਕਾ ਕੇ
ਖੰਡੇ ਦੀ ਧਾਰ 'ਤੇ ਨੱਚ ਕੇ
ਪੁੱਤ ਦਾ ਕਾਲਜਾ ਮੂੰਹ 'ਚ ਪਵਾ ਕੇ
ਬੰਦ-ਬੰਦ ਕਟਵਾ ਕੇ..
ਹਾਕਮਾਂ ਦੀਆਂ ਆਪਹੁਦਰੀਆਂ ਨੂੰ
ਠੋਕਰਾਂ ਮਾਰਨ ਵਾਲੇ ਹਾਂ..
ਤੁਸੀਂ ਲੱਖਾਂ ਜ਼ੁਲਮ ਕਰੋ ਸਾਡੇ 'ਤੇ
ਨਹੀਂ ਡਰਦੇ ਤੁਹਾਡੀਆਂ ਬੰਦੂਕੜੀਆਂ ਤੋਂ
ਅਸੀਂ ਤਾਂ ਮੁੱਢੋਂ ਹੀ ਸ਼ਹੀਦੀਆਂ ਪਾਉਣ ਵਾਲੇ ਹਾਂ।
ਸਾਡੇ ਡੁੱਲੇ ਲਹੂ ਦਾ ਕਤਰਾ-ਕਤਰਾ
ਜਦੋਂ ਇਸ ਧਰਤ ਦੀ ਕੁੱਖ ਅੰਦਰ
ਬੀਜ ਬਣ ਸਮਾ ਜਾਵੇਗਾ
'ਤੇ ਲਹਿਰਾਉਣ ਗਈਆਂ ਨਵੀਆਂ ਫਸਲਾਂ
ਉਦੋਂ ਅੰਬਰ ਵੀ ਸਾਡੇ ਹੱਕ 'ਚ ਖਲੋ ਜਾਵੇਗਾ
ਇਹ ਖ਼ਾਲਸਾ ਐ ਦਸਮ ਪਾਤਸ਼ਾਹ ਦਾ
ਤੁਹਾਡੇ ਹਰ ਜ਼ੁਲਮ ਅੱਗੇ ਹਿੱਕ ਤਾਣ ਕੇ ਖਲੋ ਜਾਵੇਗਾ....।

**- ਜੱਸੀ ਚਾਨੀ**

## 5, ਇਹ ਘਰ ਉਨਾਂ ਦੇ

ਬੰਦ ਦਰਵਾਜ਼ੇ, ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ।
ਨਾ ਡੰਗਰ ਨਾ ਖੁਰਲੀ ਛੱਡੀ
ਛੱਡਣੇ ਕੀ ਸੀ ਘਰ ਦੇ ਜੀਅ ,
ਕਿਸੇ ਦਾ ਲੱਭਿਆ ਪੁੱਤ ਨਾ ਮੁੜ ਕੇ
ਕਿਸੇ ਦਾ ਪਿਉ, ਮਾਂ ਤੇ ਧੀ,
ਬਚਦੇ ਰੁਲੇ ਕਚਿਹਰੀਆਂ ਦੇ ਵਿੱਚ
ਮੁੜ ਆਉਂਦੇ ਸੁਣਕੇ ਹਾਕਾਂ ਨੂੰ,
ਬੰਦ ਦਰਵਾਜ਼ੇ , ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ।
ਕਿਸੇ ਦੇ ਰਹਿ ਗਏ ਬਲਦ ਜੁੜੇ ਹੀ
ਕੋਈ ਲਾਹ ਲਿਆ ਕੋਠੇ ਤੋਂ,
ਕਰਤੀ ਵਿਧਵਾ, ਚਮਕ ਲਹੀ ਨਾ
ਅਜੇ ਚੁੰਨੀ ਵਾਲੇ ਗੋਟੇ ਤੋਂ,
ਕੋਈ ਵਿਲਕੇ ਸੱਥਰ ਉੱਤੇ
ਲੈ ਕੇ ਬੁੱਕਲ ਵਿੱਚ ਜਵਾਕਾਂ ਨੂੰ,
ਬੰਦ ਦਰਵਾਜ਼ੇ , ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ।
ਸਿਰ ਦਸਤਾਰ ਤੇ ਖੁੱਲੀ ਦਾਹੜੀ
ਵਜਾ ਬਹੁਤ ਸੀ ਚੁੱਕਣੇ ਲਈ,
ਕਈਆਂ ਨੂੰ ਸੀ ਕਹਿ ਕੇ ਲੈ ਗਏ
ਲੈ ਚੱਲੇ ਕੁਝ ਪੁੱਛਣੇ ਲਈ,
ਨਾ ਜਿਉਂਦੇ ਨਾ ਲਾਸ਼ ਹੀ ਮੋੜੀ
ਖੌਰੇ ਕਿੱਥੇ ਸਾਂਭਤੇ ਰਾਤਾਂ ਨੂੰ,
ਬੰਦ ਦਰਵਾਜ਼ੇ, ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ।

**- ਰਜਿੰਦਰ ਸਿੰਘ**

## 6. ਨਿੱਕੇ ਨਿੱਕੇ ਬੱਚੇ

ਨਿੱਕੇ-ਨਿੱਕੇ ਬੱਚੇ ਸੱਚੀ ਬੜੇ ਹੀ ਪਿਆਰੇ ਸੀ
ਮੰਗਣੇ ਤੋਂ ਸੀ ਝਕਦੇ ਥੋੜੀ ਮਜ਼ਬੂਰੀ ਦੇ ਓਹ ਮਾਰੇ ਸੀ।
ਮੈਨੂੰ ਕੋਲ ਆ ਕੇ ਲੱਗੇ ਕਹਿਣ ਲੋੜ ਪੰਜ ਕੁ ਰੁਪਈਆਂ ਦੀ
ਮੰਗਿਆਂ ਸੀ ਜਦ ਮੈਥੋਂ ਥੋੜੇ ਜਿਹੇ ਉਦਾਸ ਸੀ।
ਪਰ ਮੰਗ ਹੀ ਓਹ ਬੈਠੇ ਜਿਵੇਂ ਬੜੀ ਉਨਾਂ ਆਸ ਸੀ।
'ਮੈਂ ਵੀ ਥੋੜਾ ਢਿੱਲਾ ਸੀ, ਕਿਹਾ ਥੋੜੀ ਦੇਰ ਰੁਕ ਜਾਉ
ਓਸ ਟਾਈਮ ਲੱਗਾ ਜਿਵੇਂ ਬੜੇ ਹੀ ਓਹ ਖਾਸ ਸੀ
ਮੈਂ ਵੀ ਕਿਹਾ ਰੁਕੋ ਥੋੜਾ ਲੈ ਕੇ ਮੈਂ ਆਉਨਾ ਹਾਂ।
ਰੁਕੇ ਨਹੀਂ ਸੀ ਪਰ ਉਥੋਂ ਚਲੇ ਓਹ ਗਏ ਸੀ
ਪਤਾ ਸੀਗਾ ਮੈਨੂੰ ਕਿਉਂ ਪੰਜ ਕੁ ਓਹ ਮੰਗਦੇ।
ਭੋਹਲੇ ਜਿਹੇ ਸੀ ਚਿਹਰੇ ਓਹ ਦਿਲ ਨੂੰ ਸੀ ਡੰਗਦੇ
ਸੋਚ ਕੇ ਮੈਂ ਆਇਆ ਚੱਲ ਫ਼ੇਰ ਕੀ ਓਹ ਮੰਗਦੇ।
ਫ਼ੇਰ ਸੰਧੂ ਸੋਚਿਆ ਕਿਤੇ ਆਦਤ ਹੀ ਨਾ ਬਣ ਜਾਏ
ਕਹਿੰਦਾ ਸੀਗਾ ਦਿੱਲ ਚੱਲ ਉਥੋਂ ਨਾ ਓਹ ਚੱਲ ਜਾਏ।
ਮੈਂ ਪਹੁੰਚਿਆਂ ਜਦੋਂ ਉਥੇਂ ਪਰ ਓਹ ਨਹੀ ਥਿਆਏ
ਮੈਂ ਘਬਰਾਇਆ ਥੋੜਾ ਕੇ ਮੈਂ ਦਿੱਲ ਤਾਂ ਨਹੀਂ ਤੋੜ ਆਇਆ।
ਏਸੇ ਹੀ ਓਹ ਸੋਚ ਨੇ ਦਿਲ ਤੜਫ਼ਾਇਆ
ਆਸ ਸੀ ਬੜੀ ਓਹ ਚਿਹਰੇ ਅੱਗੇ ਆਏ।
ਕਿਉਂ ਦਿਲਾਂ ਉਨਾਂ ਨੂੰ ਤੂੰ ਲਾਰਾ ਐਵੇਂ ਲਾਇਆ
ਫ਼ੇਰ ਸਭ ਭੁੱਲ ਕੇ ਮੈਂ ਲੱਬਣੇ ਨੂੰ ਤੁਰਿਆ।
ਦਿੱਸਦੇ ਨਹੀਂ ਸੀ ਜਾਵੇ ਦਿੱਲ ਬੜਾ ਭੱਰਿਆ
ਫ਼ੇਰ ਕਹਿੰਦੀ ਰੂਹ ਉਨਾਂ ਖੁਦ ਹੀ ਤੂੰ ਲੱਭ ਲੈ।
ਭੋਲ਼ੇ-ਭੋਲ਼ੇ ਚਿਹਰੇ ਮੈਨੂੰ ਦਿਸੇ ਨਾ ਕੁਝ ਟਾਈਮ ਲਈ
ਵੱਢ-ਵੱਢ ਖਾਈ ਜਾਵੇ ਜੋ ਸੀ ਗੱਲ ਉਨਾਂ ਨੂੰ ਕਹੀ।
ਥੱਕ ਹਾਰ ਬੈਠ ਗਿਆ ਕਿਉਂ ਓਹ ਆਉਂਦੇ ਨਹੀਂ
ਜਿਥੇ ਸੀ ਮੈਂ ਕਿਹਾ ਰੁਕੋ ਕਿਉਂ ਓਹ ਥਿਆਉਂਦੇ ਨਹੀਂ।
ਮੈਂ ਬੈਠਾ ਸੀ ਉਡੀਕੀ ਜਾਵਾਂ ਕਿਉਂ ਓਹ ਆਉਂਦੇ ਨਹੀਂ
ਆਈ ਜਦੋਂ ਆਵਾਜ਼ ਮੈਥੋਂ ਰੁਕਿਆ ਗਿਆ ਨਾ।
ਮੈਂ ਦੇਖਿਆ ਜਦ ਸਾਹਮਣੇ ਦਿਲ ਝੂਮਣੇ ਸੀ ਲੱਗਿਆ
ਉਦੋਂ ਇੰਝ ਲੱਗਾ ਜਿਵੇਂ ਰੱਬ ਸੀ ਮੈਂ ਲੱਭਿਆ।
ਮੈਂ ਗਿਆ ਜਦੋਂ ਕੋਲ ਓਹ ਭੱਜੇ ਆਏ ਮੇਰੇ ਵੱਲ
ਖੁਸ਼ ਸੀ ਓਹ ਬੜੇ ਥੋੜਾ ਦੇਖਦੇ ਸੀ ਮੇਰੇ ਵੱਲ।
ਦੇ ਕੇ ਜਦੋਂ ਉਨਾਂ ਹੱਥ ਮੁੜ ਕੇ ਮੈਂ ਆਇਆ
ਪਹਿਲੀ ਵਾਰ ਲੱਗਾ ਜਿਵੇਂ ਰੱਬ ਨੂੰ ਮੈਂ ਪਾਇਆ।
ਰੇਹਾ ਨਹੀਉਂ ਗਿਆ ਮੈਨੂੰ ਰੱਜ ਕੇ ਰਵਾਇਆ
ਜ਼ਿੰਦਗੀ 'ਚ ਲੱਗਾ ਖੁਸ਼ੀ ਪਹਿਲੀ ਵਾਰ ਪਾਈ ਸੀ।
ਜੀਣਾ ਕਿਹਨੂੰ ਕਹਿੰਦੇ,' ਉਦੋਂ ਸਮਝ ਮੈਨੂੰ ਆਈ ਸੀ।

**- ਦਿੱਲ ਸ਼ਾਇਰ ਅਮਨ**

## 7. ਸਾਡੀ ਜ਼ਿੰਦਗੀ.....

ਸਾਡੀ ਜ਼ਿੰਦਗੀ ਦੇ ਸਭ ਪੰਨੇ।
ਅੱਧਕਾਂ, ਬਿੰਦੀਆਂ, ਟਿੱਪੀਆਂ, ਕੰਨੇ।
ਰਿਹਾ ਦੁੱਖਾਂ ਦੇ ਨਾਲ਼ ਆਢਾ,
ਸੁੱਖ ਤਾਂ ਲੰਘੇ ਬੰਨੇ-ਬੰਨੇ ।
ਸਾਡੇ ਚਾਅ ਸਮਿਆਂ ਨੇ ਪੀੜੇ,
ਜਿਉਂ ਘੁਲਾੜੀ ਦੇ ਵਿੱਚ ਗੰਨੇ ।
ਕਰਦੇ ਹੋਏ ਕਿਰਤ ਕਮਾਈ,
ਲੈ ਕੇ ਫਾਹੇ ਮਰ ਗਏ ਧੰਨੇ।
ਰੱਤ ਸਾਡੀ ਦੇ ਵਿੱਚ ਬਗਾਵਤ,
ਕੋਈ ਮੰਨੇ ਜਾਂ ਨਾ ਮੰਨੇ।
ਕੁਛੜ ਬਹਿ ਕੇ ਮੁੰਨ ਗਏ ਦਾਹੜੀ,
ਬਣੇ ਸੀ ਜੋ ਸਾਡੇ ਮੁਤਬੰਨੇ।
ਨੀਲਾ ਕਾਰਡ ਹੱਕ ਨਹੀਂ ਤੇਰਾ,
ਭਟਕਿਆ ਕਿਉਂ ਤੂੰ ਫਿਰਦੈਂ ਚੰਨੇ।
ਏਨੀ ਕੁ ਔਕਾਤ ਹੈ ਸਾਡੀ,
ਚਮਚੇ, ਕੜਛੇ, ਬਾਟੇ, ਛੰਨੇ।
ਵਿਹਲੜ ਬਹਿ ਕੇ ਗੋਗੜ ਕੱਢਦੇ,
ਕਿਰਤੀ ਦੇ ਜਾਂਦੇ ਹੱਡ ਭੰਨੇ।
ਇੱਕ, ਰੋਟੀ ਨੂੰ ਮਾਰਨ ਠੋਕਰ,
ਇੱਕ, ਰੋਟੀ ਨੂੰ ਤਰਸਣ ਨੰਨੇ।

**- ਜਸਵਿੰਦਰ ਪੰਜਾਬੀ**

## ਭਾਰੀ ਬਸਤਾ

ਮੈਂ ਖੋਤਿਆਂ ਜਿਉਂ ਲੱਦਿਆ ਰਹਿੰਦਾ,
ਝੋਲਾ ਮੋਢਿਆਂ 'ਤੇ ਚੜ ਬਹਿੰਦਾ।
ਲੱਗੇ ਇਉਂ ਚੁੱਕੀ ਪੰਡ ਭਾਰੀ,
ਬਾਬਾ ਜੀ ਮੇਰਾ ਬਸਤਾ ਭਾਰੀ।
ਕਈ ਗਾਈਡਾਂ ਕਈ ਪਾਠ ਪੁਸਤਕਾਂ,
ਕਾਪੀਆਂ ਮੈਂ ਲਿਖ ਲਿਖ ਕੇ ਥੱਕਾਂ।
ਢੇਰ ਕਿਤਾਬਾਂ ਨੇ ਮੱਤ ਮਾਰੀ,
ਦਾਦਾ ਜੀ ਮੇਰਾ ਬਸਤਾ ਭਾਰੀ।
ਪੀਰੀਅਡ ਵਿਚ ਸਰ ਖਿਝ ਖਿਝ ਪੈਂਦੇ,
ਡਰਦੇ ਮਾਰੇ ਬਸ ਚੁੱਪ ਈ ਰਹਿੰਦੇ।
ਕਮਰਿਆਂ ਦੇ ਵਿੱਚ ਰੱਖਣ ਤਾੜੀ,
ਪਾਪਾ ਜੀ ਮੇਰਾ ਬਸਤਾ ਭਾਰੀ।
ਖੇਡਣ ਲਈ ਦੋ ਪਲ ਨਾ ਮਿਲਦੇ,
ਹੋਮ ਵਰਕ ਵਿਚ ਰਹਿੰਦੇ ਉਲਝੇ।
ਕੱਢੀ ਕਸਰ ਟਿਊਸ਼ਨਾਂ ਨੇ ਸਾਰੀ,
ਮੰਮੀ ਜੀ ਮੇਰਾ ਬਸਤਾ ਭਾਰੀ।
ਨੰਬਰਾਂ ਦੀ ਮੈਨੂੰ ਦੌੜ ਵਿੱਚ ਪਾਇਆ,
ਚੰਗਾ ਮਾੜਾ ਸਮਝ ਨਾ ਆਇਆ।
ਸੁਪਨੇ ਮੇਰੇ ਜਾਂਦੇ ਮਾਰੀ,
ਮਾਸਟਰ ਜੀ ਮੇਰਾ ਬਸਤਾ ਭਾਰੀ।
ਧੱਕੇ ਨਾਲ ਨਾ ਠੋਸੋ ਗਿਆਨ,
ਏਦਾਂ ਨਾ ਕੋਈ ਬਣੇ ਮਹਾਨ।
ਖੋਹ ਲਿਆ ਬਚਪਨ ਚੀਜ਼ ਪਿਆਰੀ,
ਬਾਬੂ ਜੀ ਮੇਰਾ ਬਸਤਾ ਭਾਰੀ।
ਅਕਲਾਂ ਵਾਲਿਓ ਕੱਢੋ ਰਸਤਾ,
ਹਲਕਾ ਕਰ ਦਿਓ ਮੇਰਾ ਬਸਤਾ।
ਤਰਲੇ ਪਾਉਂਦੀ ਜਿੰਦ ਬੇਚਾਰੀ,
ਨੇਤਾ ਜੀ ਮੇਰਾ ਬਸਤਾ ਭਾਰੀ।

**- ਮਾਸਟਰ ਪ੍ਰੇਮ ਸਰੂਪ ਛਾਜਲੀ**
**ਮੋ. 9417134982**



# 'ਸ਼ਹੀਦਾਂ ਦੀ ਕੰਧ'

ਹਰਫਾਂ ਦੇ ਨੂਰ

**ਹਰਪ੍ਰੀਤ ਸਿੰਘ ਜਵੰਦਾ**

ਫਰਿਜ਼ਨੋ ਪਾਰਕ ਦੀ ਕੰਧ 'ਤੇ ਲੱਗੀਆਂ ਤਸਵੀਰਾਂ ਹੇਠ ਮੋਟੇ ਅੱਖਰਾਂ ਵਿਚ ਲਿਖੀ ਹੋਈ ਇੱਕ 'ਤਿੰਨ ਸ਼ਬਦੀ ਦਾਸਤਾਨ'। ਭਾਈ ਖਾਲੜਾ ਜੀ ਤੋਂ ਇਲਾਵਾ ਕਿਸੇ ਹੋਰ ਦੇ ਕੋਈ ਪਛਾਣ ਨਹੀਂ..ਪਰ ਏਨਾ ਪਤਾ ਕਿ ਵੱਖੋ-ਵੱਖ ਧਰਮਾਂ, ਨਸਲਾਂ, ਜਾਤਾਂ ਨਾਲ ਸਬੰਧਿਤ ਇਹ ਸਾਰੇ ਦੇਵ ਪੁਰਸ਼ ਤੁਰੇ ਜਰੂਰ ਇੱਕੋ ਜਿਹੇ ਰਾਹਾਂ 'ਤੇ ਹੀ ਹੋਣਗੇ। ਡਰਾਵੇ.. ਧਮਕੀਆਂ..ਲਾਲਚ..ਅਤੇ ਹੋਰ ਵੀ ਕਿੰਨਾ ਕੁਝ..ਖ਼ੁਦ ਦਾ ਅਖੀਰੀ ਅੰਜਾਮ ਵੀ ਜਾਣਦੇ ਹੋਣੇ ਤਾਂ ਵੀ ਖ਼ੌਫ਼ ਨੂੰ ਨੇੜੇ ਤੱਕ ਵੀ ਨਹੀਂ ਲੱਗਣ ਦਿੱਤਾ..।

ਕੰਧ ਦਾ ਸ਼ਿੰਗਾਰ ਬਣੇ ਇਹ ਸਾਰੇ ਸ਼ਾਇਦ ਅੱਧੀ ਰਾਤ ਨੂੰ ਇੱਕ ਦੂਜੇ ਨਾਲ ਗੱਲਾਂ ਵੀ ਕਰਦੇ ਹੋਣਗੇ..ਜਾਬਰਾਂ ਦੀ ਫੌਜ ਬਾਬਤ..।

ਪੰਜ ਸਤੰਬਰ ਪਚਾਨਵੇਂ ਵਾਲੇ ਜਿਸ ਦਿਨ ਭਾਈ ਸਾਬ ਨੂੰ ਅੰਮ੍ਰਿਤਸਰੋਂ ਚੁੱਕਿਆ ਦਾਸ ਓਸੇ ਸ਼ਹਿਰ ਇੱਕ ਹੋਟਲ ਵਿਚ ਨੌਕਰੀ 'ਤੇ ਸੀ..ਉਸ ਸ਼ਾਮ ਕਿੰਨੇ ਸਾਰੇ ਅਫਸਰ ਦੇਰ ਰਾਤ ਤੱਕ ਓਸੇ ਹੋਟਲ ਵਿਚ ਸ਼ਰਾਬ ਪੀਂਦੇ ਰਹੇ ਸਨ..ਇੰਝ ਲੱਗ ਰਿਹਾ ਸੀ ਜਿੱਦਾਂ ਕੋਈ ਜਸ਼ਨ ਮਨਾ ਰਿਹਾ ਹੋਵੇ..!

ਹਰ ਪੈਗ ਨਾਲ ਸੋਚ ਰਹੇ ਸਨ 'ਦੀਵਾ' ਤਾਂ ਕਾਬੂ ਕਰ ਲਿਆ ਹੁਣ ਸਿਰਫ ਫੂਕ ਮਾਰਨੀ ਹੀ ਬਾਕੀ ਏ..।

ਜਾਣਕਾਰ ਦੱਸਦੇ ਖਾਲੜਾ ਸਾਬ ਇੱਕ ਦਿਨ ਘਰੋਂ ਤੁਰੇ ਜਾਂਦੇ ਵਾਪਿਸ ਪਰਤ ਆਏ..ਫੇਰ ਨਾਲਦੀ ਨੂੰ ਪੁੱਛਣ ਲੱਗੇ..'ਕੱਲੀ ਬੱਚੇ ਪਾਲ ਲਵੇਂਗੀ..'

ਅੱਗਿਓਂ ਆਖਿਆ ਤੁਸੀਂ ਹੈ ਤੇ ਓ..ਫੇਰ ਮੈਨੂੰ ਕਾਹਦਾ ਫਿਕਰ..ਨਾਲੇ ਅੱਗੇ ਵੀ ਤੇ ਅਕਾਲ ਪੁਰਖ ਆਸਰੇ ਹੀ ਪਲਦੇ ਪਏ ਨੇ..।

ਏਨੀ ਗੱਲ ਸੁਣ ਬੇਫਿਕਰ ਹੋ ਗਏ..ਫੇਰ ਮਾਨਾਂਵਾਲੇ ਵਾਲੇ ਫਾਰਮ ਤੇ ਉਹ ਕੱਲੇ ਤੇ ਬਾਕੀ ਕਿੰਨੇ ਸਾਰੇ..ਜਦੋਂ ਕਲਬੂਤ ਅੰਦਰ ਕੁਝ ਵੀ ਬਾਕੀ ਨਾ ਰਹਿ ਗਿਆ ਤਾਂ ਜਿਪਸੀ ਹਰੀਕੇ ਵਾਲੇ ਰਾਹ ਤੇ ਪੈ ਗਈ..ਅੱਧਮੋਏ ਹੋ ਗਏ ਨੂੰ ਆਖਣ ਲੱਗੇ ਜੇ ਗੱਲ ਮੰਨ ਲਈ ਹੁੰਦੀ ਤਾਂ ਆਪ ਵੀ ਸੌਖਾ ਰਹਿੰਦਾ ਤੇ ਅਸੀਂ ਵੀ ਆਹ ਕੁਝ ਕਰਨ ਲਈ ਮਜਬੂਰ ਨਾ ਹੁੰਦੇ..।

ਅੱਗੋਂ ਬਚੇ ਖੁਚੇ ਸਾਹ ਸੱਤ ਇਕੱਠੇ ਕੀਤੇ ਤੇ ਆਖਿਆ 'ਜੋ ਕੁਝ ਹੋ ਰਿਹਾ ਸਭ ਉਸ ਵਾਹਿਗੁਰੂ ਦੇ ਭਾਣੇ ਵਿਚ ਹੋ ਰਿਹਾ..' ਕਿੰਨੀ ਵੱਡੀ ਸੱਚਾਈ ਏ ਇਸ ਗੁਰੂ ਦੇ ਭਾਣੇ ਵਾਲੀ..ਜਿਸ ਨੂੰ ਮੰਨਣਾ ਆ ਜਾਵੇ ਉਸਨੂੰ ਅੱਗਿਓਂ ਆਉਂਦੀ ਗੋਲੀ ਦੀ ਵਾਛੜ ਵੀ ਫੁੱਲਾਂ ਦੀ ਵਰਖਾ ਹੀ ਲੱਗਦੀ ਏ..।



ਛੇ ਜੂਨ ਨੂੰ ਸੁਵਰੇ ਜਦੋਂ ਸ਼ਸ਼ਤਰਾਂ ਵਾਲੀ ਪਾਲਕੀ ਉਡਾ ਦਿੱਤੀ ਗਈ ਤਾਂ ਉਹ ਇੱਕ ਦਮ ਉੱਠ ਪਿਆ..ਅਰਦਾਸ ਕੀਤੀ ਅਤੇ ਫੇਰ ਸਭ ਤੋਂ ਅੱਗੇ ਲੱਗ ਬਾਹਰ ਨਿੱਕਲ ਸਿੱਧਾ ਓਧਰ ਨੂੰ ਹੋ ਤੁਰਿਆ ਜਿਧਰੋਂ ਮੋਟੀ ਨਾਲੀ ਵਾਲੇ ਲੋਹੇ ਦੇ ਕਿੰਨੇ ਸਾਰੇ ਪਹਾੜ ਅੱਗ ਉੱਗਲ ਰਹੇ ਸਨ..। ਸਕਿੰਟਾਂ ਵਿਚ ਹੀ ਖੇਡ ਵਰਤ ਗਈ ਤੇ ਸਭ ਕੁਝ ਸ਼ਾਂਤ ਹੋ ਗਿਆ..ਉਸ ਵਰਤ ਗਈ ਖੇਡ ਨੇ ਫੇਰ ਜੋ ਇਤਿਹਾਸ ਰਚਿਆ ਅੱਜ ਬੱਚੇ ਬੱਚੇ ਦੀ ਜੁਬਾਨ ਤੇ ਹੈ..।

ਦਸ ਜੂਨ ਨੂੰ ਗੰਗਾਨਗਰ ਤੋਂ ਭਗੌੜੇ ਹੋਏ ਅੰਮ੍ਰਿਤਸਰ ਵੱਲ ਨੂੰ ਆਉਂਦੇ ਜਦੋਂ ਅਬੋਹਰ ਅੱਪੜੇ ਤਾਂ ਰੋਕਾਂ ਲਾ ਕੇ ਡੱਕ ਲਿਆ.. ਫੇਰ ਬਿਨਾ ਕਿਸੇ ਭੜਕਾਹਟ ਦੇ ਗੋਲੀਆਂ ਦਾ ਮੀਂਹ ਵਰਾ ਦਿੱਤਾ..ਦੋ ਸਕੇ ਭਰਾ ਸਨ ਇੱਕ ਦਾ ਜਬਾੜਾ ਉੱਡ ਗਿਆ..ਉਹ ਰੁੱਖ ਦੀ ਓਟ ਲੈ ਬੈਠ ਗਿਆ..।

ਅੱਜ ਵੀ ਜਿਉਂਦਾ ਏ..ਦੱਸਦਾ ਏ ਕੇ ਅਚਾਨਕ ਹੀ ਇੰਝ ਲੱਗਾ ਦਸਮ ਪਿਤਾ ਘੋੜੇ 'ਤੇ ਚੜ੍ਹੇ ਕੋਲ ਆਏ ਤੇ ਆਖਣ ਲੱਗੇ ਸਿੰਘਾਂ ਘਬਰਾਵੀਂ ਨਾ..ਇੰਝ ਹੁੰਦਾ ਹੀ ਆਇਆ..ਫੇਰ ਇੱਕਦਮ ਹੀ ਪੀੜ ਹਟ ਗਈ ਤੇ ਜ਼ਿਹਨ ਤੇ ਇੱਕ ਜ਼ਰੂਰ ਜਿਹਾ ਚੜ ਗਿਆ..ਏਨੀ ਗੱਲ ਸੁਣਨ ਵਾਲੇ ਹੱਸੇ..ਭਲਾ ਗੋਲੀ ਦਾ ਵੀ ਕੋਈ ਸਰੂਰ ਹੁੰਦਾ..ਇਹ ਤਾਂ ਪਹਿਲੀ ਵੇਰ ਸੁਣਿਆ..। ਅੱਗੋਂ ਆਖਿਆ ਜਦੋਂ ਉਸ ਦੀ ਮੇਹਰ ਹੋ ਜਾਵੇ ਤਾਂ ਇੱਕ ਨਹੀਂ ਕਈ ਸਰੂਰ ਚੜਦੇ..।

ਭਾਈ ਅਨੋਖ ਸਿੰਘ..ਮਾਝੇ ਦੇ ਇੱਕ ਤਸੀਹਾ ਕੇਂਦਰ ਵਿਚ ਅੱਖਾਂ ਕੱਢ ਦਿੱਤੀਆਂ ਗਈਆਂ..ਤਾਂ ਵੀ ਆਥਣੇ ਅੰਦਾਜੇ ਜਿਹੇ ਨਾਲ ਕੋਲ ਖਲੋਤੇ ਸਿਪਾਹੀ ਨੂੰ ਪੁੱਛਣ ਲੱਗਾ ਭਾਈ ਟਾਈਮ ਦੱਸੀਂ ਮੈਂ ਰਹਿਰਾਸ ਸਾਬ ਦਾ ਜਾਪੁ ਕਰਨਾ..।

ਸਰਵਾਲੀ ਦਾ ਕੰਵਲਜੀਤ ਸਿੰਘ ਵਾਹਿਗੁਰੂ..ਜਿਨਾਂ ਜਿਆਦਾ ਤਸ਼ੱਦਤ ਓਨੀ ਹੀ ਉੱਚੀ ਵਾਹਿਗੁਰੂ.. ਫੇਰ ਅਖੀਰ ਵਾਹਿਗੁਰੂ ਦਾ ਜਾਪੁ ਕਰਦਿਆਂ ਹੀ ਸ਼ਹਾਦਤ ਹੋਈ..ਕਿੰਨੀ ਵੱਡੀ ਸੇਵਾ ਸੀ..ਰਹਿੰਦੀ ਦੁਨੀਆਂ ਤੱਕ ਵਾਹੇਗੁਰੁ ਨਾਮ ਦੇ ਨਾਲ ਜੁੜ ਗਿਆ ਹੋਵੇ..।

ਸ਼ਹੀਦਾਂ ਦੀ ਕੰਧ ਵਾਲਾ ਭਾਈ ਖਾਲੜਾ ਇੱਕ ਵੇਰ ਕਨੇਡਾ ਆਇਆ..ਐੱਮ.ਪੀ ਆਖਣ ਲੱਗੇ ਹੁਣ ਇਸਨੂੰ ਵਾਪਿਸ ਪਰਤਣ ਤੋਂ ਰੋਕ ਲਵੋ.. ਨਹੀਂ ਤਾਂ ਮੁਕਾ ਦੇਣਾ.. ਅੱਗਿਓਂ ਆਖਣ ਲੱਗੇ ਜੇ ਮੈਂ ਇੰਝ ਕੀਤਾ ਤਾਂ ਜਿਹੜੇ ਮਾਝੇ ਦੀ ਧਰਤੀ ਤੇ ਮੇਰੇ ਨਾਲ ਤੁਰੇ ਸਨ ਉਹ ਕੀ ਆਖਣਗੇ..।

ਸ਼ਹੀਦਾਂ ਦੀ ਗੱਲ ਤੁਰੀ ਏ ਤਾਂ ਮਾਵਾਂ ਦੀ ਗੱਲ ਕਰਨੀ ਵੀ ਬਣਦੀ..ਇਕ ਪੰਥਕ ਸੇਵਾ ਲਈ ਤੁਰਨ ਲੱਗੇ ਨੂੰ ਮਾਂ ਆਖਣ ਲੱਗੀ ਪੁੱਤ ਤੈਨੂੰ ਜਾਣੋ ਤੇ ਨੀ ਡੱਕਦੀ ਪਰ ਦੋ ਗੱਲਾਂ ਹਮੇਸ਼ ਚੇਤੇ ਰੱਖੀਂ..ਅਸ੍ਲਾ ਵਧੀਆ ਰੱਖੀਂ ਤੇ ਰਖੀਂ ਵੀ ਹਮੇਸ਼ ਆਪਣੇ ਨਾਲ..ਕਦੀ ਵਿਸਾਹੁ ਨਾ ਖਾਵੀਂ..ਮੈਨੂੰ ਪਤਾ ਤੈਥੋਂ ਕੁੱਟ ਨਹੀਂ ਖਾਦੀ ਜਾਣੀ..ਨਿੱਕੇ ਹੁੰਦੇ ਦਾ ਟੀਕੇ ਦੀ ਸੂਈ ਵੇਖ ਮੂਤ ਨਿੱਕਲ ਜਾਂਦਾ ਸੀ..।

ਦੱਸਦੇ ਫੇਰ ਜਦੋਂ ਉਹ ਮੁੱਕਿਆ ਤਾਂ ਵਧੀਆ ਅਸਲਾ ਰੱਖਣ ਵਾਲੀ ਸਲਾਹ ਦੇਣ ਵਾਲੀ ਦਾ ਪਹਿਲਾ ਸਵਾਲ ਸੀ..ਫੜ ਕੇ ਜਾਂ ਲੜ ਕੇ ?

ਅੱਗਿਓਂ ਆਖਣ ਲੱਗੇ ਮਾਤਾ ਉਸ ਲੜਾਈ ਵਿਚ ਸ਼ਹੀਦ ਹੋਇਆ ਜਿਸ ਵਿਚ ਜੀਤ ਸਿੰਘ ਸੰਧੂ ਨਾਮ ਦੇ ਅਫਸਰ ਦਾ ਖੜੇ ਖਲੋਤੇ ਦਾ ਮੂਤ ਨਿੱਕਲ ਗਿਆ ਸੀ।

ਇਹ ਕੋਈ ਮਿਥਿਹਾਸਿਕ ਕਿੱਸੇ ਨਹੀਂ ਸਗੋਂ ਸਾਮਣੇ ਵਾਪਰੇ ਕੱਲ ਦੇ ਸੱਚੇ ਵਰਤਾਰੇ ਨੇ..।

ਸ਼ਹੀਦ ਨਾ ਤੇ ਕਿਸੇ ਗੋਲੀ ਨਾਲ ਮੁੱਕੇ ਤੇ ਨਾ ਹੀ ਕਿਸੇ ਟਾਊਟ ਦੀ ਮੁਖਬਰੀ ਨਾਲ..ਇਹ ਅਸਲ ਵਿਚ ਓਦੋਂ ਮੁੱਕਦੇ ਨੇ ਜਦੋਂ ਕੌਮੀਂ ਸੱਥਾਂ ਵਿਚ ਇਨਾਂ ਬਾਰੇ ਗੱਲਾਂ ਹੋਣੀਆਂ ਬੰਦ ਹੋ ਜਾਵਣ..ਸੋ ਗਾਹੇ ਬਗਾਹੇ ਗੱਲਾਂ ਅਤੇ ਜਿਕਰ ਕਰਦੇ ਰਹਿਣਾ ਚਾਹੀਦਾ ਜਦੋ ਵੀ ਇਨਾਂ ਦੀਆਂ ਤਸਵੀਰਾਂ ਸਾਹਮਣੇ ਆਉਣ..ਕੰਧਾਂ 'ਤੇ ਜਾਂ ਫੇਰ ਟਰੱਕਾਂ ਟਰਾਲੀਆਂ ਦੇ ਡਾਲਿਆਂ ਤੇ..। ਪੈਨਸ਼ਨਾਂ, ਤਨਖਾਹਾਂ, ਕੁਰਸੀਆਂ ਵਕਤੀ ਤਖਤੋਂ ਤਾਜ ਅਤੇ ਸੁਖ ਸਹੂਲਤਾਂ ਖੁੱਸ ਜਾਣ ਦੇ ਡਰੋਂ ਸੁਰ ਨਹੀਂ ਦੱਬਣੀ ਚਾਹੀਦੀ..।

ਸਰਹਿੰਦ ਦੀ ਕਚਹਿਰੀ..ਆਲੀ ਸਿੰਘ ਨਾਮ ਦਾ ਅਰਜੀ ਨਵੀਸ..ਲਿਖਾਈ ਬਹੁਤ ਸੁੰਦਰ..ਕੇਰਾਂ ਤੁਰਿਆ ਜਾਂਦਾ ਸੂਬਾ ਖਲੋ ਗਿਆ..ਅਖ਼ੇ ਆਲੀ ਸਿਹਾਂ ਬੰਦੇ ਨੂੰ ਇੱਕ ਚਿੱਠੀ ਤੇ ਲਿਖ ਕੇ ਸਰਹਿੰਦ ਵੱਲ ਕਦੋਂ ਆਉਣਾ ?

ਆਲੀ ਸਿੰਘ ਆਖਣ ਲੱਗਾ ਜੇ ਉਹ ਵਾਕਿਆ ਹੀ ਬਹਾਦੁਰ ਹੋਇਆ ਤਾਂ ਬਿਨਾ ਸੱਦਾ ਪੱਤਰ ਦੇ ਹੀ ਆ ਜਾਊ..ਚਿੱਠੀ ਦੀ ਕੀ ਲੋੜ ਏ..।

ਸੂਬਾ ਗੁੱਸਾ ਕਰ ਗਿਆ..ਆਲੀ ਸਿੰਘ ਨੂੰ ਮਹੀਨੇ ਲਈ ਜੇਲ ਵਿਚ ਸੁੱਟ ਦਿੱਤਾ..ਆਲੀ ਸਿੰਘ ਮਹੀਨੇ ਬਾਅਦ ਜਦੋਂ ਜੇਲੋਂ ਬਾਹਰ ਆਇਆ ਤਾਂ ਮੁੜ ਕਚਹਿਰੀ ਨਹੀਂ ਗਿਆ ਸਗੋਂ ਸਿੱਧਾ ਕੈਥਲ ਜਾ ਬੰਦਾ ਸਿੰਘ ਬਹਾਦੁਰ ਦੀ ਫੌਜ ਵਿਚ ਰਲ ਗਿਆ..ਫੇਰ ਚਾਪੜ ਝਿੜੀ ਦੀ ਜੰਗ ਵਿਚ ਸੂਬੇ ਖਿਲਾਫ ਜਿਹੜੀ ਰਣਨੀਤੀ ਅਪਨਾਈ ਗਈ ਸੀ ਉਸ ਵਿਚ ਸਭ ਤੋਂ ਵੱਡਾ ਰੋਲ ਬਾਬੇ ਆਲੀ ਸਿੰਘ ਜੀ ਦਾ ਹੀ ਸੀ।

---

# ਜੀਣ ਦੀ ਕਲਾ

**ਪਰਵੀਨ ਕੌਰ ਸਿੱਧੂ**
**ਮੋ. 8146536200**

ਜ਼ਿੰਦਗੀ ਵਿੱਚ ਵਿਚਰਦਿਆਂ ਹਮੇਸ਼ਾ ਆਪਣੇ ਚਿਹਰੇ ਉੱਤੇ ਮੁਸਕਰਾਹਟ ਰੱਖੋ ਅਤੇ ਸ਼ਬਦਾਂ ਵਿੱਚ ਥੋੜੀ ਬਹੁਤ ਮਿਠਾਸ ਜ਼ਰੂਰ ਰੱਖੋ। ਤੁਹਾਡੀ ਸ਼ਖ਼ਸੀਅਤ ਖਿੱਚ ਹੀ ਨਹੀਂ ਪਾਵੇਗੀ, ਸਗੋਂ ਧੂਹ ਪਾਵੇਗੀ। ਤੁਹਾਡੀ ਪਹਿਚਾਣ ਆਪਣੇ ਆਪ ਬਣ ਜਾਵੇਗੀ। ਆਪਣੇ ਆਲੋਚਕਾਂ ਦਾ ਹਮੇਸ਼ਾ ਸਤਿਕਾਰ ਕਰੋ। ਉਨਾਂ ਦੀ ਬਦੌਲਤ ਹੀ ਅਸੀਂ ਕਈ ਵਾਰ ਉਹ ਵੀ ਕਰ ਜਾਂਦੇ ਹਾਂ, ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਹੁੰਦਾ। ਦੂਸਰਾ ਇਹ ਸੋਚੋ ਕਿ ਅਗਲਾ ਤੁਹਾਨੂੰ ਕਿੰਨੀ ਬਰੀਕੀ ਨਾਲ ਨੋਟ ਕਰ ਰਿਹਾ ਹੈ। ਤੁਹਾਡੇ ਬਾਰੇ ਜਾਣ ਰਿਹਾ ਹੈ। ਤੁਸੀਂ ਉਸ ਲਈ ਤਾਂ ਖ਼ਾਸ ਹੀ ਹੋ। ਇਹ ਸੋਚੋ ਕਿ ਤੁਹਾਡੇ ਅੰਦਰ ਕੁਝ ਤਾਂ ਖ਼ਾਸੀਅਤ ਹੈ, ਜੋ ਤੁਸੀਂ ਦੂਸਰੇ ਵਿਅਕਤੀ ਲਈ ਖਿੱਚ ਦਾ ਕਾਰਨ ਬਣੇ ਹੋ? ਇਹ ਸੋਚ ਕੇ ਤਸੱਲੀ ਨਾਲ ਖੁੱਲ ਕੇ ਹੱਸਦੇ ਹੋਏ ਅੱਗੇ ਵੱਧਦੇ ਜਾਉ ਅਤੇ ਨਵੇਂ ਰਾਹ ਬਣਾਉਣ ਵਿੱਚ ਜੁੱਟ ਜਾਉ। ਇਸ ਗੱਲ ਦੀ ਪ੍ਰਵਾਹ ਜ਼ਰੂਰ ਕਰੋ ਕਿ ਕੁਝ ਗ਼ਲਤ ਨਾ ਹੋ ਜਾਵੇ। ਕਿਸੇ ਦਾ ਦਿਲ ਨਾ ਦੁਖਾਇਆ ਜਾਵੇ।

ਇਸ ਗੱਲ ਨੂੰ ਸਮਝ ਲਵੋ ਕਿ ਕਿਤੇ ਵੀ ਜਾਉਗੇ ਤੁਹਾਨੂੰ ਸਾਰੇ ਪਿਆਰ ਕਰਨ ਵਾਲੇ ਨਹੀਂ ਮਿਲਣਗੇ। ਆਪਣੀਆਂ ਕਮੀਆਂ ਨੂੰ ਸਹਿਣ ਦੇ ਕਾਬਲ ਬਣੋ ਅਤੇ ਉਨਾਂ ਨੂੰ ਹੌਲੀ-ਹੌਲੀ ਦੂਰ ਕਰਨ ਦੀ ਕੋਸ਼ਿਸ਼ ਕਰੋ। ਆਪ ਵੀ ਅਤੇ ਆਪਣਿਆਂ ਬੱਚਿਆਂ ਨੂੰ ਵੀ ਕੁਝ ਵੱਖਰਾ ਅਤੇ ਨਵਾਂ ਕਰਨ ਲਈ ਪ੍ਰੇਰਿਤ ਕਰਦੇ ਰਹੋ। ਜ਼ਿੰਦਗੀ ਵਿੱਚ ਸਭ ਕੁਝ ਪਾਉਣ ਦੀ ਲਾਲਸਾ ਨਾਲੋਂ ਬੇਹਤਰ ਹੋਵੇਗਾ ਕਿ ਜੋ ਕੁਝ ਵੀ ਹਾਸਲ ਕੀਤਾ ਹੈ ਜਾਂ ਹੋਇਆ ਹੈ ਉਸੇ ਨੂੰ ਵੱਖਰੇ ਅੰਦਾਜ਼ ਵਿੱਚ ਮਾਣੋ। ਕੁਦਰਤ ਦੇ ਪ੍ਰੇਮੀ ਬਣੋ ਅਤੇ ਘਰ ਵਿੱਚ ਬੂਟੇ ਲਾ ਕੇ ਆਪ ਪਾਲੋ। ਨਿੱਕੀਆਂ-ਨਿੱਕੀਆਂ ਖੁਸ਼ੀਆਂ ਨੂੰ ਨਜ਼ਰਅੰਦਾਜ਼ ਨਾ ਕਰੋ। ਖੁਸ਼ ਹੋਣ ਲਈ




ਪੈਸੇ ਨਹੀਂ ਲੱਗਦੇ। ਤੁਸੀਂ ਘਾਹ ਦੀ ਕਰੂੰਬਲ ਨੂੰ ਵੇਖ ਕੇ ਵੀ ਖੁਸ਼ ਹੋ ਸਕਦੇ ਹੋ। ਤੁਸੀਂ ਜਦੋਂ ਨਿਰਾਸ਼ ਹੁੰਦੇ ਹੋ ਤਾਂ ਬਹੁਤ ਘੱਟ ਲੋਕ ਜਾਂ ਨਾਮਾਤਰ ਲੋਕ ਤੁਹਾਡੇ ਨਾਲ ਖਲੋਂਦੇ ਹਨ। ਜਦੋਂ ਅਸੀਂ ਖੁਸ਼ ਹੁੰਦੇ ਹਾਂ, ਤਾਂ ਸਾਰੇ ਸਾਡੇ ਕੋਲ ਆਉਣਾ ਪਸੰਦ ਕਰਦੇ ਹਨ। ਹਰ ਕਿਸੇ ਦਾ ਆਪਣੀ ਮਰਜ਼ੀ ਦੇ ਮੁਤਾਬਕ ਸਾਡੇ ਨਾਲ ਵਿਹਾਰ ਹੁੰਦਾ ਹੈ। ਜਦੋਂ ਅਗਲੇ ਦਾ ਦਿਲ ਕੀਤਾ ਤਾਂ ਹੱਸ ਕੇ ਬੋਲ ਪੈਂਦੇ ਹਨ। ਜੇਕਰ ਮੂਡ ਨਹੀਂ ਤਾਂ ਕੋਲ਼ ਖਲੋਤਿਆਂ ਵੀ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਜਿਹਾ ਵਿਹਾਰ ਤਕਰੀਬਨ ਸਭ ਨਾਲ ਹੋਇਆ ਹੁੰਦਾ ਹੈ ਜਾਂ ਆਪ ਵੀ ਕਦੀ ਅਜਿਹਾ ਵਿਹਾਰ ਕੀਤਾ ਹੋਵੇਗਾ। ਅਜਿਹੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਕਿ ਕਿਸੇ ਦਾ ਸਾਡੇ ਨਾਲ ਵਿਹਾਰ ਕਿਹੋ ਜਿਹਾ ਹੈ, ਬਲਕਿ ਇਹ ਸੋਚੋ ਕਿ ਅਸੀਂ ਕਿਵੇਂ ਦਾ ਵਿਹਾਰ ਕਰ ਰਹੇ ਹਾਂ?

ਦੂਸਰੇ ਦੇ ਔਗੁਣਾਂ ਦਾ ਵਾਰ-ਵਾਰ ਜ਼ਿਕਰ ਕਰਨ ਨਾਲੋਂ ਬੇਹਤਰ ਹੋਵੇਗਾ ਕਿ ਅਪਣੇ ਗੁਣਾਂ ਵਿੱਚ ਵਾਧਾ ਕੀਤਾ ਜਾਵੇ। ਜਿਸ ਕਿਸੇ ਵਿੱਚ ਵੀ ਗੁਣ ਦਿਸਦਾ ਹੈ ਉਸ ਦੇ ਗੁਣ ਦੀ ਸਿਫ਼ਤ ਸਲਾਹ ਕਰੋ। ਆਪਣੀਆ ਮੁਸ਼ਕਲਾਂ ਦੇ ਹੱਲ ਆਪ ਕਰਨ ਦੀ ਕੋਸ਼ਿਸ਼ ਕਰਨ ਦੇ ਕਾਬਲ ਬਣੋ। ਤੁਹਾਡੀ ਔਖ ਸਿਰਫ਼ ਤੇ ਸਿਰਫ਼ ਤੁਹਾਡੀ ਹੀ ਹੈ। ਉਸ ਵਿੱਚੋਂ ਨਿਕਲਣ ਦੀ ਹਿੰਮਤ ਵੀ ਆਪ ਹੀ ਕਰਨੀ ਪਵੇਗੀ। ਬਾਕੀਆਂ ਲਈ ਮਹਿਜ ਇੱਕ ਸੁਣੀ ਹੋਈ ਗੱਲ ਹੈ। ਜੋ ਹਿੰਮਤ ਤੁਸੀਂ ਆਪ ਆਪਣੇ ਲਈ ਕਰਦੇ ਹੋ, ਉਹ ਹੋਰ ਕੋਈ ਕਰ ਹੀ ਨਹੀਂ ਸਕਦਾ। ਜੇਕਰ ਬਿਮਾਰ ਆਪ ਹੋਈਏ ਤਾਂ ਦਵਾਈ ਵੀ ਖੁਦ ਨੂੰ ਹੀ ਖਾਣੀ ਪੈਂਦੀ ਹੈ।

ਖੁਸ਼ ਹਰ ਕੋਈ ਨਹੀਂ ਰਹਿ ਸਕਦਾ। ਕਈ ਲੋਕ ਆਪਣੀਆਂ ਖੁਸ਼ੀਆਂ ਨੂੰ ਪਾਸੇ ਰੱਖ ਕੇ ਦੂਸਰਿਆਂ ਵੱਲ ਝਾਕਦੇ ਰਹਿੰਦੇ ਹਨ। ਆਪਣੀ ਜ਼ਿੰਦਗੀ ਦੇ ਕਈ ਕੀਮਤੀ ਪਲ਼ ਮਾਣ ਹੀ ਨਹੀਂ ਪਾਉਂਦੇ। ਆਪਣੀ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਖੁਸ਼ੀਆਂ ਨੂੰ ਮਾਨਣ ਦੀ ਥਾਂ 'ਤੇ ਦੂਸਰਿਆਂ ਵੱਲ ਬੇਲੋੜਾ ਧਿਆਨ ਦੇ ਕੇ ਆਪਣੇ ਅੱਜ ਨੂੰ ਅਣਗੌਲਿਆਂ ਕਰ ਦਿੰਦੇ ਹਨ। ਹੋਰਾਂ ਵੱਲ ਉਨਾਂ ਹੀ ਧਿਆਨ ਦਿਓ ਜਿੰਨੀ ਜ਼ਰੂਰਤ ਹੁੰਦੀ ਹੈ, ਐਵੈਂ ਵਾਧੂ ਬੋਝ ਚੁੱਕ ਕੇ ਆਪਣੇ ਆਪ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ। ਨਿੱਕੀਆਂ ਮੋਟੀਆਂ ਹਾਰਾਂ ਹਰ ਕਿਸੇ ਨੂੰ ਸਹਿਣੀਆਂ ਪੈਂਦੀਆਂ ਹਨ। ਹਿੰਮਤ ਕਰਕੇ ਉਨਾਂ ਨੂੰ ਜਿੱਤਾਂ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਕਦੇ ਮਨ ਉਦਾਸ ਹੋਵੇ ਜਾਂ ਰੋਣ ਨੂੰ ਦਿਲ ਕਰੇ, ਤਾਂ ਮੇਰੇ ਖ਼ਿਆਲ ਅਨੁਸਾਰ ਰੋ ਲੈਣਾ ਚਾਹੀਦਾ ਹੈ। ਮਨ ਹਲਕਾ ਹੋ ਜਾਂਦਾ ਹੈ ਅਤੇ ਅਗਲੇਰੀ ਤਿਆਰੀ ਲਈ ਮਨ ਨਰੋਆ ਹੋ ਜਾਂਦਾ ਹੈ। ਰੋਣਾ ਕਮਜ਼ੋਰੀ ਨਹੀਂ ਹੁੰਦਾ, ਸਗੋਂ ਇਸ ਨਾਲ ਮਨ ਦਾ ਵੈਰਾਗ ਦੂਰ ਹੋ ਜਾਂਦਾ ਹੈ ਅਤੇ ਅਗਲੇ ਰਸਤਿਆਂ 'ਤੇ ਤੁਰਨ ਲਈ ਤਿਆਰ ਹੋ ਜਾਈਦਾ ਹੈ।

ਹੱਸਣਾ ਅਤੇ ਰੋਣਾ ਦੋਵੇਂ ਮਨ ਦੇ ਭਾਵ ਹਨ, ਜਿਵੇਂ ਦੁੱਖ-ਸੁੱਖ ਹਨ। ਕਿਸੇ ਦੀ ਚੜਦੀ ਗੁੱਡੀ ਨੂੰ ਅੰਬਰਾਂ 'ਤੇ ਦੇਖ ਕੇ ਰੌਲਾ ਤਾਂ ਸਾਰੇ ਪਾ ਲੈਂਦੇ ਹਨ, ਪਰ ਡਿੱਗਦੀ ਨੂੰ ਧਰਵਾਸ ਦੇਣ ਦੀ ਥਾਂ 'ਤੇ ਲੁੱਟ ਕੇ ਤਮਾਸ਼ਾ ਦੇਖਣ ਵਾਲੇ ਬਹੁਤ ਹੁੰਦੇ ਹਨ। ਇਸ ਕਰਕੇ ਸਦਾ ਖੁਸ਼ ਰਹੋ ਅਤੇ ਦੂਸਰਿਆਂ ਨੂੰ ਵੀ ਕੁਝ ਪਲ਼ ਖੁਸ਼ੀ ਦਾ ਅਹਿਸਾਸ ਕਰਵਾ ਕੇ ਆਪਣਾ ਮਨ ਅਤੇ ਵਿਚਾਰ ਨਰੋਏ ਕਰਨੇ ਚਾਹੀਦੇ ਹਨ। ਜ਼ਿੰਦਗੀ ਵਿੱਚ ਮਿਹਨਤੀ ਅਤੇ ਇਮਾਨਦਾਰ ਬਣੋ। ਗੱਲ ਮੂੰਹ 'ਤੇ ਕਰਨ ਦੀ ਹਿੰਮਤ ਰੱਖੋ। ਗ਼ਲਤ ਨੂੰ ਗ਼ਲਤ ਹੀ ਕਹੋ ਅਤੇ ਸਹੀ ਨੂੰ ਸਹੀ ਹੀ ਕਹਿਣ ਦਾ ਜਿਗਰਾ ਰੱਖਦੇ ਹੋਏ ਹਵਾ ਵਾਂਗ ਵਹਿੰਦੇ ਹੋਏ ਆਖ਼ਰੀ ਸਾਹ ਵਾਂਗ ਲਗਾਤਾਰ ਚਲਦੇ ਰਹੋ। ਆਉ, ਜ਼ਿੰਦਗੀ ਨੂੰ ਮਾਣ ਕੇ ਮੁਸਕੁਰਾਉਂਦੇ ਹੋਏ ਜਾਈਏ। ਹੱਸਦੇ ਵੱਸਦੇ ਰਹੋ ਦੋਸਤੋ।

## ਯੋਧੇ

ਯੋਧੇ ਉਹ ਨਹੀਂ ਹੁੰਦੇ ਸਿਰਫ  
ਜਿਨਾਂ ਦੇ ਇਸ਼ਤਿਹਾਰ ਛੱਪਦੇ ਨੇ,  
ਯੋਧੇ ਉਹ ਨਹੀਂ ਹੁੰਦੇ ਸਿਰਫ  
ਜਿਨਾਂ ਦੇ ਮੇਲੇ ਲਗਦੇ ਨੇ,  
ਯੋਧੇ ਉਹ ਨਹੀਂ ਹੁੰਦੇ ਸਿਰਫ  
ਜਿਨਾਂ ਦੀ ਚਰਚਾ ਖੁੰਢਾਂ 'ਤੇ ਹੁੰਦੀ ਹੈ,  
ਯੋਧੇ ਉਹ ਨਹੀਂ ਹੁੰਦੇ ਸਿਰਫ  
ਜੋ ਖਬਰਾਂ ਬਣਦੇ ਨੇ,  
ਜਦ ਗੁਰੂ ਬੇਦਾਵਾ ਪਾੜ ਦਿੰਦਾ ਹੈ  
ਤੇ ਮੈਦਾਨ-ਏ-ਜੰਗ 'ਚ  
ਆਪਣੇ ਗੋਡੇ ਤੇ ਰੱਖ  
ਇੱਕ ਇੱਕ ਦਾ ਸੀਸ,  
ਲਹੂ ਭਿੱਜਿਆ ਮੁੱਖ  
ਆਪਣੇ ਪੱਲੇ ਦੇ ਨਾਲ ਪੂੰਝਦਿਆਂ  
'ਮੇਰਾ ਦੱਸ ਹਜ਼ਾਰੀ'  
'ਮੇਰਾ ਬੀਸ ਹਜ਼ਾਰੀ'  
ਦੇ ਖਿਤਾਬ ਨਾਲ ਨਵਾਜਦਾ ਹੈ ,  
ਤਾਂ ਇਤਿਹਾਸ 'ਚ ਦਰਜ ਹੁੰਦੇ ਹਨ  
ਉਨਾਂ ਯੋਧਿਆਂ ਦੇ ਨਾਂ ,  
ਜਿਨਾਂ ਨੂੰ ਕਦੇ ਭਗੌੜੇ ਕਿਹਾ ਗਿਆ ਸੀ,  
ਯੁੱਧ ਤੇ ਸ਼ਹਾਦਤ  
ਗੁੰਮਨਾਮ ਭਗੌੜਿਆਂ ਨੂੰ  
'ਮੁਕਤੇ' ਵੀ ਬਣਾ ਦਿੰਦੇ ਹਨ।  
ਯੁੱਧ ਹਰ ਯੋਧੇ ਦਾ  
ਸਵਾਗਤ ਕਰਦਾ ਹੈ।

**- ਅਮਰਦੀਪ ਸਿੰਘ ਗਿੱਲ**

# ਕਿਤੋਂ ਬੋਲ ਵੇ ਚੰਦਰਿਆ ਕਾਵਾਂ...

ਸਭਿਆਚਾਰ

**ਮਨਜੀਤ ਮਾਨ**

ਮੁੱਢ ਕਦੀਮ ਤੋਂ ਹੀ ਮਨੁੱਖ ਦਾ ਪੰਛੀਆਂ ਨਾਲ ਸਬੰਧ ਰਿਹਾ ਹੈ। ਉਹ ਸ਼ੌਕ ਤੇ ਆਪਣੀਆਂ ਲੋੜਾਂ ਲਈ ਪੰਛੀਆਂ ਨੂੰ ਪਾਲਦਾ ਆ ਰਿਹਾ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਤੋਂ ਪਹਿਲਾਂ ਤਾਂ ਮਨੁੱਖ ਦਾ ਜੀਵਨ ਬਹੁਤ ਜ਼ਿਆਦਾ ਪੰਛੀਆਂ 'ਤੇ ਨਿਰਭਰ ਹੁੰਦਾ ਸੀ। ਕੁੱਕੜ ਦੇ ਬਾਂਗ ਦੇਣ ਤੇ ਚਿੜੀ ਦੇ ਚੂਕਣ ਨਾਲ ਦਿਨ ਦੀ ਸ਼ੁਰੂਆਤ ਹੁੰਦੀ ਸੀ। ਕਬੂਤਰ ਕਾਸਦ ਦਾ ਕੰਮ ਕਰਦੇ ਸਨ। ਸ਼ਿਕਾਰੀ ਕਿਸਮ ਦੇ ਲੋਕ ਬਾਜ਼ ਨੂੰ ਪਾਲਦੇ ਸਨ, ਪਰ ਇਸ ਸਭ ਦੇ ਨਾਲ ਕਾਂ ਦਾ ਵੀ ਮਨੁੱਖੀ ਜੀਵਨ ਵਿੱਚ ਵਿਸ਼ੇਸ਼ ਮਹੱਤਵ ਸੀ। ਪੁਰਾਤਨ ਸਮੇਂ ਵਿੱਚ ਮਨੁੱਖ ਨੇ ਜਦੋਂ ਅਜੇ ਕੰਪਾਸ ਦੀ ਖੋਜ ਨਹੀਂ ਕੀਤੀ ਸੀ ਤਾਂ ਉਸ ਵਕਤ ਜਦੋਂ ਵਪਾਰੀ ਸਮੁੰਦਰ ਜਾਂ ਜੰਗਲਾਂ ਵਿੱਚ ਯਾਤਰਾ ਕਰਦੇ ਰਸਤਾ ਭਟਕ ਜਾਂਦੇ ਸਨ ਤਾਂ ਉਹ ਆਪਣੇ ਨਾਲ ਰੱਖੇ ਕਾਵਾਂ ਨੂੰ ਛੱਡ ਦਿੰਦੇ ਸਨ। ਕਾਵਾਂ ਦੇ ਉੱਡਣ ਨਾਲ ਉਨਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਕਿਨਾਰਾ ਕਿੱਧਰ ਹੈ ਜਾਂ ਮਨੁੱਖੀ ਅਬਾਦੀ ਕਿਸ ਦਿਸ਼ਾ ਵੱਲ ਹੈ। ਕਾਂ ਦਿਨ ਸਮੇਂ ਹਮੇਸ਼ਾ ਅਬਾਦੀ ਵੱਲ ਨੂੰ ਉੱਡਦਾ ਹੈ ਜਿਸ ਕਰਕੇ ਉਹ ਆਪਣੀ ਮੰਜ਼ਿਲ ਤੱਕ ਜਾਂ ਮਨੁੱਖੀ ਅਬਾਦੀ ਤੱਕ ਪਹੁੰਚ ਜਾਂਦੇ ਸਨ। ਕਾਂ ਦੇ ਬਨੇਰੇ 'ਤੇ ਬੋਲਣ ਨਾਲ ਘਰ ਵਿੱਚ ਪ੍ਰਾਹੁਣਾ ਜਾਂ ਮਹਿਮਾਨ ਆਉਣ ਦੀ ਮਿੱਥ ਵੀ ਇਸ ਕਰਕੇ ਹੀ ਕਾਂ ਨਾਲ ਜੁੜੀ ਹੋਈ ਮੰਨੀ ਜਾਂਦੀ ਹੈ ਕਿਉਂਕਿ ਕਾਂ ਪਿੱਛੇ ਕੋਈ ਨਾ ਕੋਈ ਘਰ ਵਿੱਚ ਆ ਜਾਂਦਾ ਸੀ। ਕਬੂਤਰ ਤੇ ਤੋਤਾ ਪਿਆਰ ਤੇ ਮਿਲਾਪ ਦੇ ਪੰਛੀ ਮੰਨੇ ਜਾਂਦੇ ਸਨ ਕਿਉਂਕਿ ਇਹ ਸੁਨੇਹੇ ਲੈ ਕੇ ਆਉਂਦੇ ਸਨ, ਪਰ ਵਿਛੋੜੇ ਵਿੱਚ ਕਾਂ ਨੂੰ ਯਾਦ ਕੀਤਾ ਜਾਂਦਾ ਸੀ। ਜਦੋਂ ਕਿਸੇ ਮੁਟਿਆਰ ਦਾ ਮਾਹੀ, ਮਹਿਬੂਬ ਦੂਰ ਹੁੰਦਾ ਸੀ ਤਾਂ ਉਹ ਔਸੀਆਂ ਪਾਉਂਦੀ ਕਾਵਾਂ ਹੱਥ ਸੁਨੇਹਾ ਦਿੰਦੀ ਸੀ:

ਚੁੰਝ ਵੇ ਤੇਰੀ ਕਾਲਿਆ ਕਾਵਾਂ ਮੈਂ ਸੋਨੇ ਨਾਲ ਮੜ੍ਹਾਵਾਂ<br>
ਜਾਹ ਆਖੀਂ ਮੇਰੇ ਮਾਹੀਏ ਨੂੰ ਮੈਂ ਨਿੱਤ ਔਸੀਆਂ ਪਾਵਾਂ।<br>
ਕਿਤੋਂ ਬੋਲ ਵੇ ਚੰਦਰਿਆ ਕਾਵਾਂ<br>
ਕੋਇਲਾਂ ਕੂਕਦੀਆਂ।

ਕਾਂ ਨਾਲ ਮਨੁੱਖ ਦਾ ਗਹਿਰਾ ਸਬੰਧ ਹੋਣ ਕਰਕੇ ਹੀ ਇਸ ਦਾ ਜ਼ਿਕਰ ਸਾਡੇ ਸੱਭਿਆਚਾਰ, ਲੋਕਧਾਰਾ ਦੇ ਨਾਲ ਨਾਲ ਮੁਹਾਵਰੇ, ਅਖਾਣ, ਬਾਲ ਕਹਾਣੀਆਂ, ਬੋਲੀਆਂ, ਸਿੱਠਣੀਆਂ ਤੇ ਸਾਡੇ ਲੋਕ ਗੀਤਾਂ ਵਿੱਚ ਹੁੰਦਾ ਹੈ :

ਖਾਧੇ ਸੀ ਮਾਂਹ ਜੰਮੇ ਸੀ ਕਾਂ<br>
ਕਾਵਾਂ ਰੌਲੀ ਪਾਉਂਦੀਆਂ<br>
ਨਾਜ਼ਰ ਤੇਰੀਆਂ ਨਾਨਕੀਆਂ।<br>
**<br>
ਪਾਣੀ ਛੰਨੇ ਵਿੱਚੋਂ ਕਾਂ ਪੀਤਾ<br>
ਤੇਰੇ 'ਚੋਂ ਰੱਬ ਦਿਸਿਆ<br>
ਤੈਨੂੰ ਸਜਦਾ ਹੀ ਤਾਂ ਕੀਤਾ।<br>
**<br>
ਕੋਈ ਉੱਡਦਾ ਕਾਂ ਜਾਂਦਾ<br>
ਇਸ਼ਕ ਮੁਕਾ ਦਿੰਦਾ<br>
ਲੱਗ ਮੌਤ ਦਾ ਨਾਂ ਜਾਂਦਾ।

ਪੰਜਾਬੀ ਲੋਕਧਾਰਾ ਵਿੱਚ ਅਨੇਕਾਂ ਕਹਾਣੀਆਂ ਕਾਂ ਤੇ ਚਿੜੀ ਨਾਲ ਸਬੰਧਿਤ ਮਿਲਦੀਆਂ ਹਨ ਜਿਨਾਂ ਵਿੱਚ ਕਾਂ ਨੂੰ ਜਰਵਾਣਾ ਪਾਤਰ ਤੇ ਚਿੜੀ ਨੂੰ ਮਜ਼ਲੂਮ ਪਾਤਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਹਰ ਕਹਾਣੀ ਵਿੱਚ ਕਾਂ ਧੱਕਾ ਕਰਦਾ ਦਿਖਾਇਆ ਜਾਂਦਾ ਹੈ, ਪਰ ਅੰਤ ਵਿੱਚ ਚਿੜੀ ਦੀ ਜਿੱਤ ਦਿਖਾਈ ਜਾਂਦੀ ਹੈ। ਇਸੇ ਤਰਾਂ ਹੀ ਅਖਾਣ, ਮੁਹਾਵਰਿਆਂ ਵਿੱਚ ਵੀ ਕਾਂ ਦਾ ਨਾਂ ਆਉਂਦਾ ਹੈ:

ਕਾਵਾਂ ਦੇ ਕਿਹਾਂ ਢੱਗੇ ਨਹੀਂ ਮਰਦੇ।<br>
ਕਾਂ ਕਾਵਾਂ ਦੇ, ਭਰਾ ਭਰਾਵਾਂ ਦੇ।

ਇਸ ਤੋਂ ਇਲਾਵਾ ਗੁਰਬਾਣੀ ਵਿੱਚ ਕਾਂ ਨੂੰ ਮਨਮੁਖ ਤੇ ਹੰਸ ਨੂੰ ਗੁਰਮੁਖ ਕਿਹਾ ਗਿਆ ਹੈ। ਕਈ ਥਾਈਂ ਤੁਲਨਾਤਮਕ ਅਲੰਕਾਰ ਦੇ ਰੂਪ ਵਿੱਚ ਵਰਤਿਆ ਗਿਆ ਹੈ ਤੇ ਜਿੱਥੇ ਪ੍ਰਭੂ ਤੋਂ ਵਿਸਰੇ ਮਨੁੱਖ ਦੀ ਤੁਲਨਾ ਕਾਂ ਨਾਲ ਕੀਤੀ ਹੈ :

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥<br>
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ॥<br>
**<br>
ਕਲਰ ਕੇਰੀ ਛਪੜੀ, ਕਊਆ ਮਲਿ ਮਲਿ ਨਾਇ॥<br>
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ॥

ਬਾਬਾ ਫ਼ਰੀਦ ਜੀ ਨੇ ਵੀ ਆਪਣੇ ਸਲੋਕਾਂ ਵਿੱਚ ਸਰੀਰ ਵਿਚਲੇ ਵਿਕਾਰਾਂ ਦੀ ਤੁਲਨਾ ਕਾਂ ਨਾਲ ਕੀਤੀ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਜੇਕਰ ਗੁਰੂ ਦੀ ਨਦਰ ਹੋ ਜਾਵੇ ਤਾਂ ਵਿਕਾਰਾਂ ਨਾਲ ਭਰਿਆ ਮਨੁੱਖ ਵੀ ਗੁਰਮੁਖ ਬਣ ਜਾਂਦਾ ਹੈ।

ਫਰੀਦਾ ਤਨੁ ਸੁਕਾ ਪਿੰਜਰੁ ਥੀਆ, ਤਲੀਆਂ ਖੂੰਡਹਿ ਕਾਗ॥<br>
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥<br>
**<br>
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥<br>
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

ਕਾਂ ਦਾ ਪੁਰਾਤਨ ਧਰਮ ਗ੍ਰੰਥਾਂ ਤੇ ਵੇਦਾਂ ਵਿੱਚ ਵੀ ਜ਼ਿਕਰ ਆਉਂਦਾ ਹੈ। ਇੱਕ ਕਥਾ ਅਨੁਸਾਰ ਮਹਾਭਾਰਤ ਕਾਲ ਵਿੱਚ ਜਦੋਂ ਯੁਧਿਸ਼ਟਰ ਹਿਮਾਲਿਆ 'ਤੇ ਗਏ ਸਨ ਤਾਂ ਉਨਾਂ ਨਾਲ ਹੋਰਨਾਂ ਤੋਂ ਇਲਾਵਾ ਕਾਂ ਵੀ ਗਿਆ ਸੀ ਜਿਸ ਕਰਕੇ ਕਾਂ ਨੂੰ ਸਵਰਗ ਦੀ ਪ੍ਰਾਪਤੀ ਹੋਈ ਸੀ। ਪਰ ਕਾਂ ਨੂੰ ਇਹ ਮਾਣ ਸਨਮਾਨ ਸ਼ਰਾਧਾਂ ਵਿੱਚ ਹੀ ਮਿਲਦਾ ਹੈ। ਸ਼ਰਾਧ ਪੱਖ ਵਿੱਚ ਜਦੋਂ ਲੋਕ ਆਪਣੇ ਵੱਡੇ ਵਡੇਰਿਆਂ ਦੇ ਸ਼ਰਾਧ ਕਰਦੇ ਹਨ ਤਾਂ ਪਹਿਲੀ ਪੱਤਲ ਕਾਂ ਦੀ ਕੱਢਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਕਾਂ ਨੂੰ ਖਵਾਇਆ ਭੋਜਨ ਮ੍ਰਿਤ ਵਿਅਕਤੀ ਨੂੰ ਪ੍ਰਾਪਤ ਹੋ ਜਾਂਦਾ ਹੈ।

ਰਮਾਇਣ ਵਿੱਚ ਵੀ ਸ੍ਰੀ ਰਾਮ ਚੰਦਰ ਦਾ ਇੱਕ ਕਾਂ ਨਾਲ ਪਿਆਰ ਤੇ ਖੇਡ ਚੋਹਲ ਵਿਖਾਏ ਗਏ ਹਨ ਭਾਵੇਂ ਕਿ ਉੱਥੇ ਵੀ ਕਾਂ ਦੀ ਅੱਖ ਸ੍ਰੀ ਰਾਮ ਚੰਦਰ ਜੀ ਦੇ ਹੱਥ ਵਿੱਚ ਫੜੀ ਰੋਟੀ 'ਤੇ ਹੈ। ਕ੍ਰਿਸ਼ਨ ਲੀਲਾ ਵਿੱਚ ਵੀ ਇੱਕ ਕਾਲਾ ਕਾਂ ਕ੍ਰਿਸ਼ਨ ਦੇ ਹੱਥੋਂ ਰੋਟੀ ਤੇ ਮੱਖਣ ਖੋਹ ਕੇ ਲੈ ਜਾਂਦਾ ਹੈ।

ਕਾਂ ਇੱਕ ਚੁਸਤ ਤੇ ਚਲਾਕ ਪੰਛੀ ਹੈ ਤੇ ਜਿਸ ਨੂੰ ਚੰਗੇ ਮਾੜੇ ਦੀ ਬਿੜਕ ਦੂਜੇ ਪੰਛੀਆਂ ਦੇ ਮੁਕਾਬਲੇ ਪਹਿਲਾਂ ਹੋ ਜਾਂਦੀ ਹੈ। ਇਹ ਕਾਰਵਿਡੀ ਕੁਲ ਦਾ ਮੈਂਬਰ ਹੈ ਤੇ ਕਾਰਵਸ ਪ੍ਰਜਾਤੀ ਦੀਆਂ ਲਗਪਗ 20 ਪ੍ਰਜਾਤੀਆਂ ਨੂੰ ਕਾਂ ਜਾਂ ਅੰਗਰੇਜ਼ੀ ਵਿੱਚ



ਕ੍ਰੋ ਕਿਹਾ ਜਾਂਦਾ ਹੈ। ਕਾਂ ਦੀ ਨਿਊ ਕੈਲੇਡੋਨੀਅਨ ਨਸਲ ਸਭ ਤੋਂ ਸਿਆਣੀ ਮੰਨੀ ਜਾਂਦੀ ਹੈ। ਭਾਰਤ ਵਿੱਚ ਪਾਇਆ ਜਾਣ ਵਾਲਾ ਘਰੇਲੂ ਕਾਂ ਕਾਰਵਸ ਸਪਲੈਂਡੈਂਸ ਪ੍ਰਜਾਤੀ ਦਾ ਹੈ ਤੇ ਇਹ ਭਾਰਤ, ਬਰਮਾ, ਸ੍ਰੀਲੰਕਾ ਸਮੇਤ ਮਲੇਸ਼ੀਆ ਤੱਕ ਪਾਇਆ ਜਾਂਦਾ ਹੈ। ਇਹ ਮਨੁੱਖੀ ਅਬਾਦੀ ਵਿੱਚ ਰਹਿੰਦਾ ਵੀ ਉਸ ਤੋਂ ਥੋੜੀ ਦੂਰੀ ਬਣਾ ਕੇ ਰੱਖਦਾ ਹੈ। ਇਸ ਕਰਕੇ ਹੀ ਇਹ ਆਪਣਾ ਆਲਣਾ ਨਹਿਰ ਦੇ ਕਿਨਾਰੇ ਉੱਚੇ ਦਰੱਖਤਾਂ ਜਾਂ ਬੀੜ ਵਿੱਚ ਬਣਾਉਂਦਾ ਹੈ। ਕਾਂ ਹਮੇਸ਼ਾ ਝੁੰਡਾਂ ਵਿੱਚ ਰਹਿੰਦਾ ਹੈ ਜਿਸ ਵਿੱਚ ਉਨਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੁੰਦੀ ਹੈ, ਪਰ ਜਦੋਂ ਉਹ ਚੋਗ ਲੈਣ ਜਾਂਦੇ ਹਨ ਤਾਂ ਉਹ ਛੋਟੇ ਝੁੰਡਾਂ ਵਿੱਚ ਵੰਡੇ ਜਾਂਦੇ ਹਨ। ਦਿਨ ਸਮੇਂ ਇਹ ਦੂਰ ਤੱਕ ਨਿਕਲ ਜਾਂਦੇ ਹਨ, ਪਰ ਰਾਤ ਪੈਣ ਤੋਂ ਪਹਿਲਾਂ ਆਪਣੇ ਟਿਕਾਣਿਆਂ 'ਤੇ ਵਾਪਸ ਆ ਜਾਂਦੇ ਹਨ।

ਕਾਵਾਂ ਦੀਆਂ ਸੰਸਾਰ ਵਿੱਚ ਬਹੁਤ ਸਾਰੀਆਂ ਨਸਲਾਂ ਪਾਈਆਂ ਜਾਂਦੀਆਂ ਹਨ, ਪਰ ਆਕਾਰ ਤੇ ਅਨੁਪਾਤ ਮੁਤਾਬਕ ਇਨਾਂ ਵਿੱਚ ਘੱਟ ਹੀ ਭਿੰਨਤਾ ਵੇਖਣ ਨੂੰ ਮਿਲਦੀ ਹੈ। ਹਰ ਨਸਲ ਦੀ ਆਵਾਜ਼ ਵਿੱਚ ਥੋੜਾ ਫਰਕ ਜ਼ਰੂਰ ਹੁੰਦਾ ਹੈ। ਆਮ ਜੀਵਾਂ ਦੇ ਮੁਕਾਬਲੇ ਕਾਂ ਦਾ ਦਿਮਾਗ਼ ਥੋੜਾ ਵੱਡਾ ਹੁੰਦਾ ਹੈ। ਜਿਸ ਕਰਕੇ ਹੀ ਉਹ ਨੁਕਸਾਨ ਪਹੁੰਚਾਉਣ ਵਾਲੇ ਚਿਹਰੇ ਦੀ ਪਛਾਣ ਰੱਖਣ ਦੀ ਸੂਝ ਰੱਖਦਾ ਹੈ। ਇਸ ਸੂਝ ਸਦਕਾ ਹੀ ਜਦੋਂ ਕਿਸੇ ਕਾਂ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਸਾਥੀ ਇਕੱਠੇ ਹੋ ਕੇ ਸੋਗ ਮਨਾਉਂਦੇ ਹਨ ਤੇ ਕਾਵਾਂ ਰੌਲੀ ਪਾ ਦਿੰਦੇ ਹਨ।

ਕਾਂ ਦੀ ਅੱਖ ਬਹੁਤ ਤੇਜ਼ ਹੁੰਦੀ ਹੈ ਇਸ ਕਰਕੇ ਹੀ ਕਿਸੇ ਤੇਜ਼ ਤਰਾਰ ਵਿਅਕਤੀ ਦੀ ਤੁਲਨਾ ਕਾਂ ਨਾਲ ਕੀਤੀ ਜਾਂਦੀ ਹੈ। ਕਾਂ ਦੀ ਪ੍ਰਜਣਨ ਕਿਰਿਆ ਅਪ੍ਰੈਲ ਤੋਂ ਜੂਨ ਮਹੀਨਿਆਂ ਵਿਚਕਾਰ ਹੁੰਦੀ ਹੈ ਤੇ ਕਾਂ ਦੇ ਬੱਚਿਆਂ ਨੂੰ ਕਾਕੜੇ ਕਿਹਾ ਜਾਂਦਾ ਹੈ। ਬੱਚਿਆਂ ਦਾ ਪਾਲਣ-ਪੋਸ਼ਣ ਨਰ ਤੇ ਮਾਦਾ ਕਾਂ ਦੋਵੇਂ ਮਿਲ ਕੇ ਕਰਦੇ ਹਨ। ਕਾਂ ਇੱਕ ਸਰਬਆਹਾਰੀ ਪੰਛੀ ਹੈ, ਇਸ ਲਈ ਉਹ ਘੁੱਗੀ ਤੇ ਦੂਜੇ ਹੋਰ ਪੰਛੀਆਂ ਦੇ ਆਂਡੇ ਭੰਨ ਕੇ ਪੀ ਜਾਂਦਾ ਹੈ। ਭਾਰਤ ਵਿੱਚ ਤਿੰਨ ਤਰਾਂ ਦੇ ਕਾਂ ਪਾਏ ਜਾਂਦੇ ਹਨ ਜਿਨਾਂ ਵਿੱਚ ਘੋਗੜ ਕਾਂ, ਜੰਗਲੀ ਜਾਂ ਪਹਾੜੀ ਕਾਂ ਤੇ ਘਰੇਲੂ ਕਾਂ ਹਨ। ਜੇਕਰ ਘੋਗੜ ਕਾਂ ਦੀ ਗੱਲ ਕਰੀਏ ਤਾਂ ਇਹ ਆਮ ਕਾਵਾਂ ਨਾਲੋਂ ਆਕਾਰ ਵਿੱਚ ਥੋੜੇ ਜਿਹੇ ਵੱਡੇ ਹੁੰਦੇ ਹਨ। ਇਹ ਰੌਲਾ ਵੀ ਘੱਟ ਪਾਉਂਦੇ ਹਨ ਤੇ ਇਹ ਸੁਸਤ ਕਿਸਮ ਦੇ ਹੁੰਦੇ ਹਨ। ਇਹ ਜ਼ਿਆਦਾਤਰ ਗੰਦੀਆਂ ਥਾਵਾਂ 'ਤੇ ਰਹਿੰਦੇ ਹਨ। ਜੰਗਲੀ ਕਾਂ ਆਕਾਰ ਵਿੱਚ ਛੋਟੇ ਹੁੰਦੇ ਹਨ ਅਤੇ ਇਹ ਅਬਾਦੀ ਤੋਂ ਦੂਰ ਪਹਾੜਾਂ ਜਾਂ ਜੰਗਲਾਂ ਵਿੱਚ ਰਹਿੰਦੇ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਪਾਏ ਜਾਣ ਵਾਲੇ ਘਰੇਲੂ ਕਾਂ ਦੀ ਗਰਦਨ ਤੇ ਛਾਤੀ ਸੁਰਮਈ ਤੇ ਬਾਕੀ ਸਾਰਾ ਰੰਗ ਕਾਲਾ ਹੁੰਦਾ ਹੈ। ਉਸ ਦੀ ਪੂਛ ਵਿੱਚ ਚਮਕੀਲੇ, ਕਾਸ਼ਨੀ, ਨੀਲੇ ਅਤੇ ਹਰੇ ਰੰਗ ਦੀ ਭਾਹ ਹੁੰਦੀ ਹੈ। ਇਹ ਮਨੁੱਖੀ ਆਬਾਦੀ ਨੇੜੇ ਪਿੰਡਾਂ, ਸ਼ਹਿਰਾਂ ਵਿੱਚ ਰਹਿੰਦੇ ਹਨ। ਇਹ ਕੀੜੇ ਮਕੌੜੇ, ਟੁੱਕ ਤੇ ਮੁਰਦਾਰ ਆਦਿ ਖਾਂਦੇ ਹਨ।

ਕਾਂ ਨੂੰ ਲੈ ਕੇ ਦੁਨੀਆ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਸ਼ਗਨ- ਅਪਸ਼ਗਨ ਪ੍ਰਚੱਲਿਤ ਹਨ। ਪ੍ਰਾਚੀਨ ਜਰਮਨ ਦੇ ਲੋਕ ਇਸ ਨੂੰ ਸਿਆਣਪ ਦਾ ਪ੍ਰਤੀਕ ਮੰਨਦੇ ਸਨ। ਅਮਰੀਕਨ ਘਰਾਂ ਵਿੱਚ ਵੀ ਇਹ ਕਾਫ਼ੀ ਪ੍ਰਸਿੱਧ ਹੈ। ਭਾਰਤ ਵਿੱਚ ਵੀ ਇਸ ਨਾਲ ਬਹੁਤ ਸਾਰੇ ਸ਼ਗਨ-ਅਪਸ਼ਗਨ ਜੁੜੇ ਹੋਏ ਹਨ। ਕਾਂ ਦਾ ਬਨੇਰੇ 'ਤੇ ਬੋਲਣਾ ਸ਼ਗਨ ਮੰਨਿਆ ਜਾਂਦਾ ਹੈ ਤੇ ਘਰ ਵਿੱਚ ਮਹਿਮਾਨ ਦੇ ਆਉਣ ਦਾ ਸੰਦੇਸ਼ ਸਮਝਿਆ ਜਾਂਦਾ ਹੈ, ਪਰ ਜ਼ਿਆਦਾ ਕਾਵਾਂ ਦੇ ਰੌਲੇ ਨੂੰ ਕਾਵਾਂ ਰੌਲੀ ਕਿਹਾ ਜਾਂਦਾ ਹੈ ਜੋ ਕਿ ਕਿਸੇ ਅਣਹੋਣੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਇਲਾਕਿਆਂ ਵਿੱਚ ਕਾਂ ਦਾ ਮੱਥੇ ਲੱਗਣਾ ਮਾੜਾ ਸਮਝਿਆ ਜਾਂਦਾ ਹੈ, ਪਰ ਅਸਲ ਵਿੱਚ ਕਾਂ ਮਨੁੱਖੀ ਆਬਾਦੀ ਦਾ ਸੂਚਕ ਹੈ ਕਿਉਂਕਿ ਕਾਂ ਇਕੱਲਾ ਨਹੀਂ ਰਹਿੰਦਾ। ਉਹ ਆਪਣੀ ਖੁਰਾਕ ਲਈ ਹਮੇਸ਼ਾਂ ਪਿੰਡਾਂ, ਸ਼ਹਿਰਾਂ ਦੇ ਨੇੜੇ ਹੀ ਆਪਣਾ ਟਿਕਾਣਾ ਬਣਾਉਂਦਾ ਹੈ। ਅਜੋਕੇ ਸਮੇਂ ਵਿੱਚ ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਭਾਵੇਂ ਕਾਂ ਦਾ ਬਨੇਰੇ 'ਤੇ ਬੋਲਣਾ ਬੀਤੇ ਸਮੇਂ ਦੀ ਬਾਤ ਬਣਕੇ ਰਹਿ ਗਿਆ ਹੈ, ਪਰ ਫਿਰ ਵੀ ਕਾਂ ਦਾ ਸਾਡੇ ਸੱਭਿਆਚਾਰ ਤੇ ਲੋਕਧਾਰਾ ਵਿੱਚ ਅਹਿਮ ਸਥਾਨ ਹੈ।

# ਤਰੱਕੀ ਪਸੰਦ



**ਸਆਦਤ ਹਸਨ ਮੰਟੋ**

ਇਸ ਲਈ ਉਹਨੇ ਪਤਨੀ ਤੇ ਬੱਚੀ ਨੂੰ ਆਪਣੇ ਹੀ ਕੋਲ ਸੱਦ ਭੇਜਿਆ ਸੀ।

ਤ੍ਰਿਪਾਠੀ ਆਪਣੇ ਨਾਲ ਛੁਟ ਏਸ ਫੁੱਲੇ ਹੋਏ ਥੈਲੇ ਦੇ ਕੁਝ ਵੀ ਨਹੀਂ ਸੀ ਲਿਆਇਆ। ਸਿਆਲ ਦੀ ਰੁੱਤ ਸੀ, ਇਸ ਲਈ ਦੋਵੇਂ ਕਹਾਣੀਕਾਰ ਇਕੋ ਬਿਸਤਰੇ ਵਿਚ ਸੌਂਦੇ। ਤ੍ਰਿਪਾਠੀ ਦੀ ਪਤਨੀ ਆਪਣੇ ਨਾਲ ਕੇਵਲ ਇਕ ਕੰਬਲ ਹੀ ਲਿਆਈ ਸੀ ਜਿਹੜਾ ਮਾਂ ਤੇ ਧੀ ਲਈ ਵੀ ਕਾਫੀ ਨਹੀਂ ਸੀ। ਪਹਿਲੇ ਚਾਰ ਦਿਨ ਬੜੀਆਂ ਦਿਲਚਸਪ ਗੱਲਾਂ ਕਰਦਿਆਂ ਬੀਤ ਗਏ। ਤ੍ਰਿਪਾਠੀ ਤੋਂ ਆਪਣੀ ਕਹਾਣੀਆਂ ਦੀ ਪ੍ਰਸ਼ੰਸਾ ਸੁਣ ਕੇ ਜੋਗਿੰਦਰ ਸਿੰਘ ਬੜਾ ਖੁਸ਼ ਹੋਇਆ। ਉਹਨੇ ਆਪਣੀ ਇਕ ਕਹਾਣੀ ਜਿਹੜੀ ਅਜੇ ਛਪੀ ਨਹੀਂ ਸੀ, ਸੁਣਾਈ ਜਿਸ ਦੀ ਤ੍ਰਿਪਾਠੀ ਨੇ ਰੱਜ ਕੇ ਪ੍ਰਸ਼ੰਸਾ ਕੀਤੀ। ਦੋ ਅਧੂਰੀਆਂ ਕਹਾਣੀਆਂ ਵੀ ਸੁਣਾਈਆਂ। ਇਨਾਂ ਬਾਰੇ ਵੀ ਤ੍ਰਿਪਾਠੀ ਨੇ ਚੰਗੀ ਰਾਏ ਪ੍ਰਗਟਾਈ। ਤਰੱਕੀਪਸੰਦ ਸਾਹਿਤ ਬਾਰੇ ਚਰਚਾ ਵੀ ਹੁੰਦੀ ਰਹੀ। ਦੂਜੇ ਕਹਾਣੀਕਾਰਾਂ ਦੀ ਕਲਾ ਦੇ ਦੋਸ਼ ਕਢੇ ਗਏ, ਨਵੀਂ ਤੇ ਪੁਰਾਣੀ ਸ਼ਾਇਰੀ ਦਾ ਮੁਕਾਬਲਾ ਕੀਤਾ ਗਿਆ। ਗੱਲ ਕੀ, ਇਹ ਚਾਰ ਦਿਨ ਬੜੇ ਚੰਗੇ ਬੀਤੇ ਅਤੇ ਜੋਗਿੰਦਰ ਸਿੰਘ ਹਰ ਪੱਖੋਂ ਤ੍ਰਿਪਾਠੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਤ੍ਰਿਪਾਠੀ ਦਾ ਬੋਲਣ-ਚਾਲਣ ਦਾ ਢੰਗ, ਜਿਸ ਵਿਚ ਇਕੋ-ਵੇਲੇ ਬਚਪਨਾ ਤੇ ਬਜ਼ੁਰਗੀ ਸ਼ਾਮਿਲ ਸਨ, ਉਸ ਨੂੰ ਬੜਾ ਚੰਗਾ ਲਗਿਆ। ਤ੍ਰਿਪਾਠੀ ਦੀ ਲੰਮੀ ਦਾੜ੍ਹੀ ਉਹਦੇ ਵਿਚਾਰਾਂ ਉਤੇ ਛਾ ਗਈ। ਤ੍ਰਿਪਾਠੀ ਦੀਆਂ ਕਾਲੀਆਂ ਕਾਲੀਆਂ ਲਿਟਾਂ ਜਿਨਾਂ ਵਿਚ ਪੇਂਡੂ ਗੀਤਾਂ ਦੀ ਰਵਾਨੀ ਸੀ, ਹਰ ਵੇਲੇ ਉਹਦੇ ਸਾਹਮਣੇ ਰਹਿਣ ਲੱਗੀਆਂ। ਡਾਕਖਾਨੇ 'ਚ ਚਿੱਠੀਆਂ ਦੀ ਦੇਖਭਾਲ ਦੌਰਾਨ ਵੀ ਤ੍ਰਿਪਾਠੀ ਦੀਆਂ ਇਹ ਲਿਟਾਂ ਜੋਗਿੰਦਰ ਸਿੰਘ ਨੂੰ ਨਹੀਂ ਸਨ ਭੁੱਲੀਆਂ। ਚਹੁੰਆਂ ਦਿਨਾਂ ਵਿਚ ਤ੍ਰਿਪਾਠੀ ਨੇ ਜੋਗਿੰਦਰ ਸਿੰਘ ਨੂੰ ਮੋਹ ਲਿਆ। ਉਹ ਉਸ ਦਾ ਪ੍ਰਸ਼ੰਸਕ ਹੋ ਗਿਆ। ਉਹਦੀ ਟੇਢੀ ਅੱਖ ਵੀ ਉਹਨੂੰ ਸੋਹਣੀ ਲੱਗਣ ਲਗੀ, ਸਗੋਂ ਉਹਨੇ ਸੋਚਿਆ, 'ਜੇ ਉਨਾਂ ਦੀਆਂ ਅੱਖਾਂ ਵਿਚ ਟੇਢਾਪਨ ਨਾ ਹੁੰਦਾ ਤਾਂ ਉਨਾਂ ਦੇ ਚਿਹਰੇ 'ਤੇ ਇਹ ਬਜ਼ੁਰਗੀ ਕਦੇ ਵੀ ਪ੍ਰਗਟ ਨਹੀਂ ਸੀ ਹੋਣੀ।'

ਤ੍ਰਿਪਾਠੀ ਦੇ ਵੱਡੇ ਵੱਡੇ ਬੁੱਲ ਜਦੋਂ ਉਹਦੀਆਂ ਸੰਘਣੀਆਂ ਮੁੱਛਾਂ ਦੇ ਪਿੱਛੇ ਹਿਲਦੇ ਤਾਂ ਜੋਗਿੰਦਰ ਸਿੰਘ ਨੂੰ ਮਹਿਸੂਸ ਹੁੰਦਾ ਜਿਵੇਂ ਝਾੜੀਆਂ ਵਿਚ ਪੰਖੇਰੂ ਬੋਲ ਰਹੇ ਹੋਣ। ਤ੍ਰਿਪਾਠੀ ਸਹਿਜੇ ਸਹਿਜੇ ਸੋਚਦਾ ਸੀ। ਬੋਲਦਿਆਂ ਜਦੋਂ ਉਹ ਆਪਣੀ ਦਾੜ੍ਹੀ ਉਤੇ ਹੱਥ ਫੇਰਦਾ ਤਾਂ ਜੋਗਿੰਦਰ ਸਿੰਘ ਦੇ ਦਿਲ ਨੂੰ ਬੜਾ ਸੁਖ ਮਿਲਦਾ-ਉਹ ਸਮਝਦਾ ਕਿ ਉਹਦੇ ਦਿਲ ਉਤੇ ਪਿਆਰ ਨਾਲ ਹੱਥ ਫੇਰਿਆ ਜਾ ਰਿਹਾ ਹੈ। ਚਾਰ ਦਿਨ ਜੋਗਿੰਦਰ ਸਿੰਘ ਅਜਿਹੀ ਹੀ ਫ਼ਿਜ਼ਾ ਵਿਚ ਜੀਵਿਆ-ਏਸ ਫ਼ਿਜ਼ਾ ਨੂੰ ਜੇ ਉਹ ਆਪਣੀ ਕਿਸੇ ਕਹਾਣੀ ਵਿਚ ਬਿਆਨ ਕਰਨਾ ਚਾਹੁੰਦਾ ਤਾਂ ਨਹੀਂ ਸੀ ਕਰ ਸਕਦਾ। ਪੰਜਵੇਂ ਦਿਨ ਤ੍ਰਿਪਾਠੀ ਨੇ ਚਾਣਚਕ ਆਪਣਾ ਚਮੜੇ ਦਾ ਥੈਲਾ ਖੋਲਿਆ, ਫੇਰ ਸਾਰੀਆਂ ਕਹਾਣੀਆਂ ਕਢੀਆਂ ਅਤੇ ਜੋਗਿੰਦਰ ਸਿੰਘ ਨੂੰ ਸੁਣਾਉਣੀਆਂ ਅਰੰਭ ਦਿੱਤੀਆਂ। ਤ੍ਰਿਪਾਠੀ ਨਿਰੰਤਰ ਦਸ ਦਿਨ ਆਪਣੀਆਂ ਕਹਾਣੀਆਂ ਸੁਣਾਉਂਦਾ ਰਿਹਾ। ਏਸ ਦੌਰਾਨ ਉਹਨੇ ਜੋਗਿੰਦਰ ਸਿੰਘ ਨੂੰ ਕਈ ਕਿਤਾਬਾਂ ਸੁਣਾ ਦਿੱਤੀਆਂ। ਜੋਗਿੰਦਰ ਸਿੰਘ ਤੰਗ ਪੈ ਗਿਆ। ਉਹ ਕਹਾਣੀਆਂ ਨੂੰ ਨਫਰਤ ਕਰਨ ਲੱਗਿਆ। ਤ੍ਰਿਪਾਠੀ ਦਾ ਚਮੜੇ ਦਾ ਥੈਲਾ ਜਿਸ ਦਾ ਢਿੱਡ ਬਾਣੀਏ ਦੀ ਤੋਂਦ ਵਾਂਗ ਫੁੱਲਿਆ ਹੋਇਆ ਸੀ, ਉਹਦੇ ਲਈ ਇਕ ਸੰਤਾਪ ਬਣ ਗਿਆ। ਰੋਜ਼ ਸ਼ਾਮੀਂ ਡਾਕਖਾਨੇ ਤੋਂ ਮੁੜਦਿਆਂ ਉਹਨੂੰ ਇਹ ਭੈ ਖਾਂਦਾ ਰਹਿੰਦਾ ਕਿ ਘਰ ਕਦਮ ਰਖਦਿਆਂ ਹੀ ਉਹਨੂੰ ਤ੍ਰਿਪਾਠੀ ਦਾ ਸਾਹਮਣਾ ਕਰਨਾ ਪਏਗਾ। ਏਧਰ ਓਧਰ ਦੀਆਂ ਇਕ-ਦੋ ਗੱਲਾਂ ਹੋਣਗੀਆਂ, ਫੇਰ ਉਹੋ ਚਮੜੇ ਦਾ ਥੈਲਾ ਖੁਲੇਗਾ ਤੇ ਉਹਨੂੰ ਇਕ ਜਾਂ ਦੋ ਲੰਮੀਆਂ ਕਹਾਣੀਆਂ ਸੁਣਨੀਆਂ ਪੈਣਗੀਆਂ।

ਜੋਗਿੰਦਰ ਸਿੰਘ ਤਰੱਕੀਪਸੰਦ ਕਹਾਣੀਕਾਰ ਸੀ। ਜੇ ਤਰੱਕੀਪਸੰਦੀ ਉਹਦੇ ਅੰਦਰ ਨਾ ਹੁੰਦੀ ਤਾਂ ਉਹਨੇ ਤ੍ਰਿਪਾਠੀ ਨੂੰ ਸਾਫ ਆਖ ਦੇਣਾ ਸੀ, 'ਬਸ ਬਸ ਤ੍ਰਿਪਾਠੀ ਸਾਹਿਬ, ਬਸ ਬਸ਼ ਹੁਣ ਮੇਰੇ ਵਿਚ ਤੁਹਾਡੀਆਂ ਕਹਾਣੀਆਂ ਸੁਣਨ ਦੀ ਸ਼ਕਤੀ ਨਹੀਂ ਰਹੀ।' ਪਰ ਉਹ ਸੋਚਦਾ, 'ਨਹੀਂ ਨਹੀਂ, ਮੈਂ ਤਰੱਕੀਪਸੰਦ ਹਾਂ, ਮੈਨੂੰ ਇਸ ਤਰਾਂ ਨਹੀਂ ਸੋਚਣਾ ਚਾਹੀਦਾ। ਅਸਲ ਵਿਚ ਇਹ ਤਾਂ ਮੇਰੀ ਆਪਣੀ ਕਮਜ਼ੋਰੀ ਹੈ ਕਿ ਉਨਾਂ ਦੀਆਂ ਕਹਾਣੀਆਂ ਹੁਣ ਮੈਨੂੰ ਚੰਗੀਆਂ ਨਹੀਂ ਲਗਦੀਆਂ। ਇਨਾਂ ਵਿਚ ਕੋਈ ਨਾ ਕੋਈ ਖੂਬੀ ਜ਼ਰੂਰ ਹੋਵੇਗੀ। ਇਸ ਲਈ ਕਿ ਉਨਾਂ ਦੀਆਂ ਪਹਿਲੀਆਂ ਕਹਾਣੀਆਂ ਮੈਨੂੰ ਖੂਬੀਆਂ ਨਾਲ ਭਰੀਆਂ ਦਿਸਦੀਆਂ ਸਨ, ਮੈਂ ਮੈਂ ਹੁਣ ਪੱਖਪਾਤੀ ਹੋ ਗਿਆ ਹਾਂ।'

ਇਕ ਹਫਤੇ ਤੋਂ ਵਧੇਰੇ ਸਮੇਂ ਤੱਕ ਜੋਗਿੰਦਰ ਸਿੰਘ ਦੇ ਤਰੱਕੀਪਸੰਦ ਦਿਮਾਗ ਵਿਚ ਇਹ ਖਿੱਚੋਤਾਣ ਜਾਰੀ ਰਹੀ-ਉਹ ਸੋਚ ਸੋਚ ਕੇ ਉਸ ਹੱਦ 'ਤੇ ਪੁਜ ਗਿਆ ਜਿਥੇ ਸੋਚ-ਵਿਚਾਰ ਹੋ ਹੀ ਨਹੀਂ ਸਕਦੀ। ਉਹਦੇ ਮਨ ਵਿਚ ਭਾਂਤ ਭਾਂਤ ਦੇ ਵਿਚਾਰ ਉਪਜਦੇ। ਉਹ ਠੀਕ ਤਰਾਂ ਉਨਾਂ ਦੀ ਪਰਖ ਪੜਤਾਲ ਨਾ ਕਰ ਸਕਦਾ। ਉਹਦੀ ਮਾਨਸਿਕ ਹਫੜਾ-ਦਫੜੀ ਸਹਿਜੇ ਸਹਿਜੇ ਵਧਦੀ ਗਈ ਤੇ ਉਹ ਇੰਜ ਮਹਿਸੂਸ ਕਰਨ ਲੱਗਿਆ ਜਿਵੇਂ ਇਕ ਬਹੁਤ ਵੱਡਾ ਮਕਾਨ ਹੋਵੇ ਜਿਸ ਵਿਚ ਬੇਅੰਤ ਬਾਰੀਆਂ ਹੋਣ, ਉਸ ਮਕਾਨ ਵਿਚ ਉਹ ਇਕੱਲਾ ਹੈ ਅਤੇ ਹਨੇਰੀ ਆ ਗਈ ਹੈ। ਕਦੇ ਇਸ ਬਾਰੀ ਦੇ ਤਖ਼ਤੇ ਵੱਜਦੇ ਹਨ ਕਦੇ ਉਸ ਬਾਰੀ ਦੇ ਤੇ ਉਹਨੂੰ ਸਮਝ ਨਹੀਂ ਆ ਰਹੀ ਕਿ ਉਹ ਏਨੀਆਂ ਬਾਰੀਆਂ ਨੂੰ ਇਕੋ ਵੇਲੇ ਕਿਵੇਂ ਬੰਦ ਕਰੇ। ਹੁਣ ਤ੍ਰਿਪਾਠੀ ਨੂੰ ਆਏ ਨੂੰ ਵੀਹ ਦਿਨ ਹੋ ਗਏ ਸਨ ਤੇ ਜੋਗਿੰਦਰ ਸਿੰਘ ਬੇਚੈਨ ਰਹਿਣ ਲਗਿਆ ਸੀ।

ਤ੍ਰਿਪਾਠੀ ਸ਼ਾਮੀਂ ਉਹਨੂੰ ਨਵੀਂ ਕਹਾਣੀ ਸੁਣਾਉਂਦਾ ਤਾਂ ਉਹਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਬਹੁਤ ਸਾਰੀਆਂ ਮੱਖੀਆਂ ਉਹਦੇ ਕੰਨਾਂ ਕੋਲ ਭਿਣਭਿਣ ਕਰ ਰਹੀਆਂ ਹੋਣ, ਫੇਰ ਉਹ ਕਿਸੇ ਹੋਰ ਹੀ ਸੋਚ ਵਿਚ ਡੁੱਬ ਜਾਂਦਾ। ਇਕ ਦਿਨ ਤ੍ਰਿਪਾਠੀ ਨੇ ਉਹਨੂੰ ਆਪਣੀ ਇਕ ਹੋਰ ਤਾਜ਼ਾ ਕਹਾਣੀ ਸੁਣਾਈ। ਇਸ ਵਿਚ ਕਿਸੇ ਤੀਵੀਂ ਤੇ ਮਰਦ ਦੇ ਜਿਨਸੀ ਸੰਬੰਧਾਂ ਦਾ ਜ਼ਿਕਰ ਸੀ-ਉਹਦੇ ਦਿਲ ਨੂੰ ਧੱਕਾ ਜਿਹਾ ਵਜਿਆ। ਪੂਰੇ ਇੱਕੀ ਦਿਨ ਮੈਂ ਆਪਣੀ ਪਤਨੀ ਕੋਲ ਸੌਣ ਦੀ ਥਾਂ ਇਕ ਲਮਡਢੋਲ ਨਾਲ ਇਕੋ ਰਜ਼ਾਈ ਵਿਚ ਸੌਂਦਾ ਰਿਹਾ ਹਾਂ। ਇਸ ਅਹਿਸਾਸ ਨੇ ਜੋਗਿੰਦਰ ਸਿੰਘ ਦੇ ਦਿਲ ਤੇ ਦਿਮਾਗ ਵਿਚ ਇਕ ਛਿਣ ਲਈ ਇਨਕਲਾਬ ਲੈ ਆਂਦਾ। ਇਹ ਕਿਸ ਤਰਾਂ ਦਾ ਬੰਦਾ ਹੈ, ਜੋਕ ਵਾਂਗੂੰ ਚੰਬੜ ਗਿਆ ਹੈ. ਹਿੱਲਣ ਦਾ ਨਾਂ ਹੀ ਨਹੀਂ ਲੈਂਦਾ ਤੇ ਤੇ ਉਹਦੀ ਪਤਨੀ, ਉਹਦੀ ਬੱਚੀ, ਸਾਰਾ ਪਰਿਵਾਰ ਹੀ ਆਣ ਪਧਾਰਿਆ। ਇਹ ਲੋਕ ਤਾਂ ਸੋਚਦੇ ਤਕ ਨਹੀਂ ਕਿ ਮੇਰਾ ਗ਼ਰੀਬ ਦਾ ਕਚੂਮਰ ਨਿਕਲ ਜਾਏਗਾ। ਡਾਕਖਾਨੇ ਦਾ ਮੁਲਾਜ਼ਮ, ਪੰਜਾਹ ਰੁਪਏ ਮਾਸਿਕ ਤਨਖਾਹ, ਅੰਤ ਕਦੋਂ ਤਕ ਇਨਾਂ ਨੂੰ ਖੁਆਂਦਾ ਪਿਆਂਦਾ ਰਹਾਂਗਾ ਅਤੇ ਫੇਰ ਕਹਾਣੀਆਂ ਨੇ ਕਿ ਮੁੱਕਣ ਵਿਚ ਹੀ ਨਹੀਂ ਆਉਂਦੀਆਂ ਇਨਸਾਨ ਹਾਂ, ਕੋਈ ਲੋਹੇ ਦਾ ਟਰੰਕ ਤਾਂ ਨਹੀਂ ਕਿ ਹਰ

ਬਾਕੀ ਸਫ਼ਾ 30 'ਤੇ




## ਪਾਠਕਾਂ ਦਾ ਨਜ਼ਰੀਆ

### ਹਰੇਕ ਲੀਡਰ ਭ੍ਰਿਸ਼ਟ ਨਹੀਂ ਹੁੰਦਾ

'ਰਾਜਨੀਤੀ ਵਿਚ ਭ੍ਰਿਸ਼ਟਾਚਾਰ ਜੇਕਰ ਦਾਲ 'ਚ ਲੂਣ ਬਰਾਬਰ ਹੋਵੇ ਤਾਂ ਇਲਾਜ ਹੋ ਸਕਦਾ ਹੈ ਪਰ ਸਾਡੇ ਦੇਸ਼ ਵਿੱਚ ਤਾਂ ਰਾਜਨੀਤੀ ਦੀ ਪੂਰੀ ਦਾਲ ਹੀ ਕਾਲੀ ਹੈ'। ਇਹ ਸ਼ਬਦ ਕਿਸੇ ਆਮ ਬੰਦੇ ਦੇ ਨਹੀਂ ਸਗੋਂ ਮਹਾਨ ਸੁਤੰਤਰਤਾ ਸੰਗਰਾਮੀ, ਇਲਾਹਾਬਾਦ ਯੂਨੀਵਰਸਿਟੀ 'ਚ ਪ੍ਰੋਫੈਸਰ ਤੇ ਕਈ ਮਸ਼ਹੂਰ ਕਿਤਾਬਾਂ ਦੇ ਲੇਖਕ, ਦੇਸ਼ ਦੇ ਦੋ ਵਾਰੀ ਕਾਰਜਕਾਰੀ ਪ੍ਰਧਾਨ ਮੰਤਰੀ ਤੇ ਕਈ ਵਾਰ ਮੰਤਰੀ ਰਹੇ, ਕਦੇ ਵੀ ਕੋਈ ਸਰਕਾਰੀ ਸੁਵਿਧਾ ਨਾ ਲੈਣ ਵਾਲੇ ਇਮਾਨਦਾਰ, ਸਿਰੜੀ ਤੇ ਅਣਖੀ ਨੇਤਾ ਗੁਲਜ਼ਾਰੀ ਲਾਲ ਨੰਦਾ ਦੇ ਸਨ। ਸਿਆਲਕੋਟ 'ਚ ਜਨਮੇ ਇਸ ਪੰਜਾਬੀ ਨੇ, ਦੇਸ਼ ਦੀ ਰਾਜਨੀਤੀ ਦੇ ਸਿਖਰ ਤੱਕ ਪਹੁੰਚਣ ਤੋਂ ਬਾਅਦ ਵੀ ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਬਣਾਈ। ਯੋਜਨਾ ਮੰਤਰੀ ਹੁੰਦਿਆਂ, ਭ੍ਰਿਸ਼ਟ ਅਫ਼ਸਰ ਉਸਦੀਆਂ ਯੋਜਨਾਵਾਂ ਨੂੰ ਅੱਗੇ ਹੀ ਨਹੀਂ ਤੋਰਦੇ ਸੀ, ਉਸਨੇ ਨਹਿਰੂ ਜੀ ਨੂੰ ਸ਼ਿਕਾਇਤ ਕੀਤੀ ਤਾਂ ਉਹਨਾਂ ਨੰਦਾ ਜੀ ਨੂੰ ਭ੍ਰਿਸ਼ਟਾਚਾਰ ਦੂਰ ਕਰਨ ਲਈ ਗ੍ਰਹਿ ਮੰਤਰੀ ਬਣਾ ਦਿੱਤਾ ਪਰ ਇੱਥੇ ਜਦੋਂ ਉਨਾਂ ਆਪਣੀ ਹੀ ਪਾਰਟੀ ਦੇ ਵੱਡੇ ਨੇਤਾ ਨੂੰ ਰੰਗੇ ਹੱਥੀਂ ਫੜ ਨਹੀਂ ਬਖਸ਼ਿਆ ਤਾਂ ਭ੍ਰਿਸ਼ਟ ਲੀਡਰਾਂ ਤੇ ਅਫ਼ਸਰਾਂ ਨੇ ਆਪਣੇ ਲਿੰਕ ਵਰਤ ਉਸਨੂੰ ਮੰਤਰੀ ਅਹੁਦੇ ਤੋਂ ਹਟਾ ਦਿੱਤਾ। ਬੰਬੇ ਤੋਂ ਕਈ ਵਾਰ ਚੋਣ ਜਿੱਤਣ ਵਾਲੇ ਨੰਦਾ ਨੇ 1977 ਵਿਚ ਐਮਰਜੈਂਸੀ ਦੌਰਾਨ ਆਪਣੀ ਹੀ ਸਰਕਾਰ ਦੀ ਕਰੜੀ ਆਲੋਚਨਾ ਕਰਨ ਤੋਂ ਬਾਅਦ ਉਨਾਂ ਨੇ ਨੈਤਿਕ ਆਧਾਰ 'ਤੇ ਆਪਣੀ ਪਾਰਟੀ ਤੋਂ ਟਿਕਟ ਹੀ ਨਹੀਂ ਮੰਗੀ। ਉਨਾਂ ਰਾਜਨੀਤੀ 'ਚ ਪਰਿਵਾਰਵਾਦ ਰਾਹੀਂ ਆਪਣੇ ਪੁੱਤਰਾਂ ਨੂੰ ਸਥਾਪਿਤ ਨਹੀਂ ਕੀਤਾ, ਹਾਲਾਤ ਦੇਖੋ 90 ਸਾਲਾਂ ਦੀ ਉਮਰ ਵਿਚ ਗੁੰਮਨਾਮੀ 'ਚ ਇਕ ਕਿਰਾਏ ਦੇ ਮਕਾਨ 'ਚ ਰਹਿੰਦੇ, ਸਮਾਨ ਦੇ ਨਾਮ ਤੇ ਮੌਜੂਦ ਥੋੜੇ ਜਿਹੇ ਭਾਂਡੇ-ਟਿੰਡੇ, ਮਕਾਨ ਮਾਲਕ ਨੇ ਕਿਰਾਇਆ ਨਾ ਦੇ ਸਕਣ ਕਾਰਨ ਗਲੀ 'ਚ ਸੁੱਟ ਜਲੂਸ ਕੱਢ ਦਿੱਤਾ। ਨੰਦਾ ਦੇ ਕੁੱਝ ਸਮੇਂ ਦੀ ਮੋਹਲਤ ਮੰਗਣ ਤੇ ਪੜੋਸੀਆਂ ਵੱਲੋਂ ਮਿਨਤ ਕਰਨ ਤੇ ਮਾਲਕ ਨੇ ਕੁੱਝ ਸਮਾਂ ਤਾਂ ਦੇ ਦਿੱਤਾ ਪਰ ਇਕ ਪੱਤਰਕਾਰ ਨੇ ਉੱਥੋਂ ਦੀ ਫੋਟੋ ਖਿੱਚ ਨੰਦਾ ਦੀ ਖਸਤਾ ਹਾਲਤ ਦੀ ਅਖ਼ਬਾਰ 'ਚ ਖਬਰ ਲਾ ਦਿੱਤੀ। ਸੰਸਦ ਤੋਂ ਲੈ ਕੇ, ਪੂਰਾ ਸਿਸਟਮ ਹੀ ਹਿੱਲ ਗਿਆ, ਅਗਲੇ ਹੀ ਦਿਨ ਮੰਤਰੀ ਸਣੇ ਵੱਡੇ ਅਫ਼ਸਰਾਂ ਦੀਆਂ ਗੱਡੀਆਂ ਦਾ ਹੜ ਉੱਥੇ ਪਹੁੰਚ ਗਿਆ ਤੇ ਨੰਦਾ ਨੂੰ ਸਰਕਾਰੀ ਰਿਹਾਇਸ਼ ਤੇ ਹੋਰ ਸੁਵਿਧਾਵਾਂ ਲੈਣ ਦੀ ਬੇਨਤੀ ਕੀਤੀ ਤਾਂ ਨੰਦਾ ਨੇ ਇਹ ਕਹਿੰਦੇ ਸਾਫ ਇਨਕਾਰ ਕਰ ਦਿੱਤਾ ਕਿ 'ਜਦੋਂ ਮੈਂ ਕਿਸੇ ਅਹੁਦੇ 'ਤੇ ਨਹੀਂ ਹਾਂ ਤਾਂ ਮੇਰੇ ਲਈ ਬੁਢਾਪੇ 'ਚ ਸਰਕਾਰੀ ਸੁਵਿਧਾ ਲੈਣਾ ਹਰਾਮ ਏ, ਤੁਸੀਂ ਜਾਓ ਮੈਨੂੰ ਕੋਈ ਲੋੜ ਨਹੀਂ ਏ'। ਉੱਥੇ ਮੌਜੂਦ ਸਾਰਾ ਮੁਹੱਲਾ ਹੀ, ਨੰਦਾ ਦੀ ਅਸਲ ਪਛਾਣ ਤੇ ਨੈਤਿਕਤਾ ਦੇ ਦਰਸ਼ਨ ਕਰ ਨਿਹਾਲ ਹੋ ਗਿਆ। ਮਕਾਨ ਮਾਲਕ ਨੇ ਭਰੀ ਅੱਖਾਂ ਨਾਲ ਨੰਦਾ ਤੋਂ ਨਤਮਸਤਕ ਹੋ ਮੁਆਫੀ ਮੰਗੀ ਪਰ ਉਹ ਆਪਣਾ ਸਮਾਨ ਕਿਸੇ ਦੋਸਤ ਘਰ ਰੱਖ, ਧੀ ਕੋਲ ਚਲੇ ਗਏ। 1997 'ਚ ਦੇਸ਼ ਦੇ ਸਭ ਤੋਂ ਵੱਡੇ ਸਨਮਾਨ 'ਭਾਰਤ ਰਤਨ' ਨਾਲ ਇਸ ਮਹਾਨ ਨੇਤਾ ਨੂੰ ਸਨਮਾਨਿਤ ਕੀਤਾ ਗਏ, ਗੁਲਜਾਰੀ ਲਾਲ ਨੰਦਾ ਨੇ 1998 'ਚ ਆਖਰੀ ਸਾਹ ਲੈਣ ਤੱਕ ਆਪਣੀ ਸਾਰੀ ਉਮਰ ਆਮ ਨਾਗਰਿਕ ਵਜੋਂ ਉਸ ਦੇਸ਼ ਵਿਚ ਬਤੀਤ ਕੀਤੀ, ਜਿੱਥੇ ਪਿੰਡ ਦੀ ਸਰਪੰਚੀ ਲੈਣ ਵਾਲੇ ਵੀ ਕਈ ਪੀੜੀਆਂ ਦਾ ਜੁਗਾੜ ਕਰ ਜਾਂਦੇ ਹਨ। ਗੁਲਜ਼ਾਰੀ ਲਾਲ ਨੰਦਾ ਜੀ, ਤੁਹਾਡੀ ਸੋਚ ਨੂੰ, ਤੁਹਾਡੇ ਜਜ਼ਬੇ ਨੂੰ, ਤੁਹਾਡੀ ਨੈਤਿਕਤਾ ਨੂੰ ਪੂਰਾ ਦੇਸ਼ ਸਲਾਮ ਕਰਦਾ ਹੈ।

**ਅਸ਼ੋਕ ਸੋਨੀ, ਕਾਲਮਨਵੀਸ**
ਮੋ. 9872705078

### ਭਾਜਪਾ ਆਗੂਆਂ ਦੇ ਫਾਸ਼ੀਵਾਦ ਦਾ ਖਾੜੀ ਦੇਸ਼ਾਂ ਵਲੋਂ ਵਿਰੋਧ

ਸਾਊਦੀ ਅਰਬ ਉਤੇ ਸ਼ਾਹੀ ਖ਼ਾਨਦਾਨ ਰਾਜ ਕਰਦਾ ਹੈ ਤੇ ਸ਼ਾਹ ਦੇ ਬਜ਼ੁਰਗ ਹੋਣ ਕਰਕੇ ਉਸ ਦਾ ਉੱਤਰਾਅਧਿਕਾਰੀ ਸ਼ਹਿਜ਼ਾਦਾ (ਕ੍ਰਾਊਨ ਪ੍ਰਿੰਸ) ਹੀ ਸ਼ਾਸਨ ਸੰਭਾਲਦਾ ਹੈ। ਰੇਗਿਸਤਾਨ ਹੁੰਦੇ ਹੋਏ ਵੀ ਜਿਸ ਤਰਾਂ ਇਸ ਨੇ ਤੇਲ ਦੇ ਭੰਡਾਰਾਂ ਸਦਕਾ ਆਪਣੇ ਦੇਸ਼ ਨੂੰ ਮੂਹਰਲੇ ਵੱਡੇ ਦੇਸ਼ਾਂ ਵਿਚ ਲਿਆ ਖੜਾ ਕੀਤਾ ਹੈ, ਇਕ ਅਚੰਭਾ ਹੀ ਹੈ।

ਭਾਜਪਾ ਅਤੇ ਆਰ.ਐਸ.ਐਸ. ਦੀ ਵਿਚਾਰਧਾਰਾ ਦਾ ਅੱਜ ਕੱਲ ਬੋਲਬਾਲਾ ਹੈ, ਜਿਸ ਵਿਚ ਇਕ ਧਰਮ ਨੂੰ ਉਚਿਆਉਣ ਤੇ ਹੋਰ ਛੋਟੇ ਧਰਮਾਂ ਨੂੰ ਨੀਵਾਂ ਦਿਖਾਉਣ ਦਾ ਸਿਲਸਿਲਾ ਚੱਲ ਰਿਹਾ ਹੈ। ਜਿਸ ਕਰਕੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੇ ਅਪਣੇ ਵਿਚਾਰ ਦੱਸੇ ਸਨ ਕਿ 'ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕ ਰਾਜ ਹੈ ਤੇ ਇਥੇ ਕਈ ਵੱਖ-ਵੱਖ ਧਰਮਾਂ ਅਤੇ ਆਸਥਾਵਾਂ ਵਾਲੇ ਲੋਕ ਵਸਦੇ ਹਨ। ਪਰ ਦੇਖਣ ਵਿਚ ਆਇਆ ਹੈ ਕਿ ਕਈ ਧਰਮ ਅਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।'

ਇਸ ਬਿਆਨ ਨੂੰ ਇਥੋਂ ਦੇ ਮੁੱਖ ਅਖ਼ਬਾਰ ਅਰਬ ਨਿਊਜ਼ ਜੂਨ 9, 2022 ਦੇ ਕੇਂਦਰੀ ਪੰਨੇ ਦੇ ਸਿਖਰ 'ਤੇ ਛਾਪਦਿਆਂ ਪੂਰਾ ਪੰਨਾ ਬੂਟਾਂ ਥੱਲੇ ਲਤਾੜੀ ਜਾ ਰਹੀ ਨੂਪੁਰ ਦੀ ਤਸਵੀਰ ਤੇ ਕੈਪਸ਼ਨ 'ਨੂਪੁਰ ਸ਼ਰਮਾ ਨੂੰ ਕੈਦ ਕਰੋ' ਤੋਂ ਸ਼ੁਰੂ ਹੋ ਕੇ 'ਭਾਰਤ ਨੂੰ ਇਸ ਦੇ ਕੀ ਨਤੀਜੇ ਭੁਗਤਣੇ ਪੈਣਗੇ' 'ਸਰਕਾਰੀ ਪਾਰਟੀ ਦੇ ਵਕਤਾ ਅਧਿਕਾਰੀ ਦੇ ਭੜਕਾਊ ਭਾਸ਼ਨ ਦੇ ਅਗਾਊਂ ਨਤੀਜੇ ਭੁਗਤਣ ਤੋਂ ਬਚਣ ਲਈ ਭਵਿੱਖ ਵਿਚ ਕੀ ਕਦਮ ਲੈਣੇ ਪੈਣਗੇ' ਦੇ ਸਿਰਲੇਖ ਹੇਠ ਪੂਰੇ ਪੰਨੇ 'ਤੇ ਬਹਿਸ ਕੀਤੀ ਗਈ ਹੈ। ਵੱਡੇ ਅੱਖਰਾਂ ਵਿਚ ਮੁਸਲਮਾਨਾਂ ਵਿਰੁੱਧ ਫੈਲਾਈ ਜਾ ਰਹੀ ਨਫ਼ਰਤ ਦਾ ਵਿਸਥਾਰ ਸਹਿਤ ਵੇਰਵਾ ਦਿੰਦਿਆਂ ਹੋਇਆਂ ਭਾਰਤ ਵਿਚ ਇਸਲਾਮ ਵਿਰੁੱਧ ਟੀ.ਵੀ. ਚੈਨਲਾਂ 'ਤੇ ਹੋ ਰਹੀ ਬਿਆਨਬਾਜ਼ੀ ਨੂੰ ਇਸੇ ਨਫ਼ਰਤੀ ਮੁਹਿੰਮ ਦੀ ਲੜੀ ਦਾ ਅੰਗ ਦੱਸਿਆ। ਅਖ਼ਬਾਰ ਵਿਚ ਵੱਡੇ ਅੱਖਰਾਂ ਵਿਚ ਹੀ ਭਾਰਤੀ ਭਾਜਪਾ ਅਧਿਕਾਰੀ ਦੀ ਟਿੱਪਣੀ ਵਿਰੁੱਧ ਗੁੱਸਾ ਸਿਰਲੇਖ ਹੇਠ ਵੱਖ-ਵੱਖ ਮੁਸਲਿਮ ਦੇਸ਼ਾਂ ਦੇ ਸਰਕਾਰੀ ਪ੍ਰਤੀਕਰਮ ਦਿੱਤੇ ਗਏ ਹਨ। ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਨੇ ਇਸ ਬਿਆਨ ਨੂੰ ਲੈ ਕੇ 'ਇਸਲਾਮੀ ਧਰਮ ਅਤੇ ਇਸ ਦੀਆਂ ਨਿਸ਼ਾਨੀਆਂ ਨੂੰ ਨਫ਼ਰਤ ਨਾਲ ਵੇਖਣ ਅਤੇ ਨਾਂਹ ਪੱਖੀ ਬਿਆਨਬਾਜ਼ੀ ਕਰਨ ਨੂੰ ਨਕਾਰਿਆ ਅਤੇ ਭੰਡਿਆ ਹੈ।' ਯੂ.ਏ.ਈ. ਦੇ ਵਿਦੇਸ਼ ਮੰਤਰਾਲੇ ਨੇ ਵੀ ਇਨਾਂ ਬਿਆਨਾਂ ਨੂੰ ਭੰਡਿਆ ਹੈ ਤੇ ਨਫ਼ਰਤੀ ਬਿਆਨਬਾਜ਼ੀ ਅਤੇ ਹਿੰਸਾ ਨੂੰ ਨੱਥ ਪਾਉਣ ਤੇ ਦੂਜੇ ਧਰਮਾਂ ਦੀਆਂ ਧਾਰਮਿਕ ਨਿਸ਼ਾਨੀਆਂ ਦੀ ਇੱਜ਼ਤ ਕਰਨ ਲਈ ਕਿਹਾ ਹੈ।

ਕਤਰ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਦੇ ਸਫ਼ੀਰ ਨੂੰ ਬੁਲਾ ਕੇ ਸਰਕਾਰੀ ਪਰਚਾ ਦਿੰਦਿਆਂ ਕਿਹਾ, 'ਮੰਗ ਹੈ ਕਿ ਭਾਰਤ ਸਰਕਾਰ ਖੁੱਲੇਆਮ ਇਸ ਲਈ ਮਾਫ਼ੀ ਮੰਗੇ ਤੇ ਇਸ ਘਟਨਾ ਦੀ ਨਿੰਦਾ ਕਰੇ।' ਇਸਲਾਮੀ ਦੇਸ਼ਾਂ ਦੇ ਸਮੂਹ (ਓ.ਆਈ.ਸੀ.) ਨੇ ਕਿਹਾ, 'ਇਹ ਬਿਆਨ ਭਾਰਤ ਵਿਚ ਇਸਲਾਮ ਦੇ ਵਿਰੁੱਧ ਲਗਾਤਾਰ ਵਧਦੀ ਨਫ਼ਰਤ ਅਤੇ ਛੁਟਿਆਉਣ ਦੀ ਲਗਾਤਾਰ ਪ੍ਰਤੀਕਿਰਿਆ ਦਾ ਹਿੱਸਾ ਹੈ।' ਓਮਾਨ ਵਿਚ ਵੀ ਭਾਰਤੀ ਸਫ਼ੀਰ ਨੂੰ ਬੁਲਾਇਆ ਗਿਆ ਤੇ ਇਸ ਹਿੰਸਕ ਬਿਆਨ ਦੀ ਨਿੰਦਾ ਕੀਤੀ ਗਈ। ਭਾਵੇਂ ਕਿ ਸਾਊਦੀ ਅਰਬ ਵਾਂਗ ਓਮਾਨ ਨੇ ਵੀ ਦੋਸ਼ੀਆਂ ਵਿਰੁੱਧ ਭਾਰਤ ਸਰਕਾਰ ਦੀ ਨੂਪੁਰ ਨੂੰ ਪਾਰਟੀ ਵਿਚੋਂ ਕੱਢੇ ਜਾਣ ਦੀ ਕੀਤੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ। ਕੁਵੈਤ ਦੇ ਵਿਦੇਸ਼ ਮੰਤਰਾਲੇ ਨੇ ਵੀ ਭਾਰਤ ਸਰਕਾਰ ਤੋਂ ਜਨਤਕ ਮੁਆਫ਼ੀ ਦੀ ਮੰਗ ਕੀਤੀ ਹੈ ਤੇ ਬਹਿਰੀਨ ਦੇ ਵਿਦੇਸ਼ ਮੰਤਰਾਲੇ ਨੇ ਦੂਜੇ ਧਰਮਾਂ ਤੇ ਉਨਾਂ ਦੀਆਂ ਨਿਸ਼ਾਨੀਆਂ ਦੀ ਇੱਜ਼ਤ ਕਰਨ ਤੇ ਇਨਾਂ ਨਫ਼ਰਤ, ਘਿਰਣਾ ਤੇ ਵੰਡੀਆਂ ਪਾਉਂਦੀਆਂ ਕਾਰਵਾਈਆਂ ਉਤੇ ਲਗਾਮ ਲਾਉਣ ਲਈ ਕਿਹਾ ਹੈ। ਜਾਰਡਨ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਧਾਰਮਿਕ ਕੱਟੜਵਾਦ ਅਤੇ ਨਫ਼ਰਤੀ ਦੱਸਦਿਆਂ ਇਸਲਾਮ ਅਤੇ ਇਸ ਵਿਰੁੱਧ ਹਿੰਸਾ ਨੂੰ ਭੰਡਦਿਆਂ ਇਸ ਉੱਪਰ ਲਗਾਮ ਲਾਉਣ ਲਈ ਕਿਹਾ ਹੈ। ਮਾਲਦੀਪ ਅਤੇ ਇੰਡੋਨੇਸ਼ੀਆ ਨੇ ਵੀ ਇਸ ਬਿਆਨਬਾਜ਼ੀ ਨੂੰ ਨਫ਼ਰਤੀ ਤੇ ਇਸਲਾਮ ਵਿਰੋਧੀ ਕਿਹਾ ਹੈ। ਉਪਰੋਕਤ ਪ੍ਰਤੀਕਿਰਿਆਵਾਂ ਦਿੰਦਿਆਂ ਅਖ਼ਬਾਰ ਲਿਖਦਾ ਹੈ ਕਿ ਮੋਦੀ ਨੂੰ ਪੈਗ਼ੰਬਰ ਮੁਹੰਮਦ ਵਿਰੁੱਧ ਭਾਜਪਾ ਦੇ ਆਗੂਆਂ ਵਲੋਂ ਦਿੱਤੇ ਗਏ ਬਿਆਨ ਕਾਰਨ ਮੁਸਲਿਮ ਦੇਸ਼ਾਂ ਵਿਚ ਪੈਦਾ ਹੋਏ ਗੁੱਸੇ ਤੇ ਭੜਕਾਹਟ ਨੂੰ ਰੋਕਣ ਲਈ ਤੇ ਆਪਣੇ ਸੰਬੰਧਾਂ ਨੂੰ ਪਹਿਲੇ ਪੱਧਰ 'ਤੇ ਲਿਆਉਣ ਲਈ ਰਾਜਨੀਤਕ ਅਤੇ ਕੂਟਨੀਤਕ ਪੱਧਰ 'ਤੇ ਬੜੀ ਮਿਹਨਤ ਕਰਨੀ ਪਵੇਗੀ। ਲਗਭਗ 16 ਦੇਸ਼ਾਂ ਤੋਂ ਇਸ ਦਾ ਵਿਰੋਧ; ਟਵੀਟ, ਕੂਟਨੀਤਕ ਪੱਧਰ 'ਤੇ ਬਿਆਨ ਅਤੇ ਭਾਰਤੀਆਂ ਅਤੇ ਭਾਰਤੀ ਵਸਤਾਂ ਦੀ ਵਰਤੋਂ ਬੰਦ ਕਰਨ ਤੱਕ ਦੇ ਬਿਆਨ ਦਿੱਤੇ ਗਏ ਹਨ। ਇਹ ਮੰਗ ਕੀਤੀ ਗਈ ਹੈ ਕਿ ਭਾਰਤ ਸਰਕਾਰ ਦਾ ਸਭ ਤੋਂ ਪਹਿਲਾ ਕਦਮ ਨੂਪੁਰ ਅਤੇ ਉਸ ਦੇ ਸਹਿਯੋਗੀ ਨੂੰ ਜੇਲ ਵਿਚ ਭੇਜਣ ਤੋਂ ਹੀ ਸ਼ੁਰੂ ਹੋ ਸਕਦਾ ਹੈ।

ਅਖ਼ਬਾਰ ਅਨੁਸਾਰ, 'ਕਾਨਪੁਰ ਵਿਚ ਇਸ ਬਿਆਨ ਵਿਰੁੱਧ ਹੋਏ ਮੁਜ਼ਾਹਰੇ ਵਿਚ 40 ਤੋਂ ਵੱਧ ਲੋਕ ਜ਼ਖ਼ਮੀ ਹੋਏ। ਸੂਬੇ ਦੇ ਕੱਟੜ ਹਿੰਦੂ ਮੁੱਖ ਮੰਤਰੀ ਨੇ ਇਨਾਂ ਮੁਜ਼ਾਹਰੇ ਕਰਨ ਵਾਲਿਆਂ ਉਤੇ ਬਹੁਤ ਸਖ਼ਤੀ ਵਰਤੀ। ਮਈ 27 ਨੂੰ ਟੀ.ਵੀ. ਬਹਿਸ ਵਿਚ ਜਦ ਮੰਦਰ ਮਸਜਿਦ ਦੇ ਮਾਮਲੇ 'ਤੇ ਬਹਿਸ ਹੋ ਰਹੀ ਸੀ ਤਾਂ ਭਾਜਪਾ ਦੀ ਸਰਕਾਰੀ ਵਕਤਾ ਨੂਪੁਰ ਸ਼ਰਮਾ ਨੇ ਪੈਗ਼ੰਬਰ ਮੁਹੰਮਦ ਤੇ ਉਸ ਦੀ ਧਰਮ ਪਤਨੀ ਵਿਰੁੱਧ ਬੋਲਿਆ, ਜਿਸ ਨੂੰ ਦਿੱਲੀ ਦੇ ਇਕ ਪਾਰਟੀ ਆਗੂ ਨੇ ਟਵਿਟਰ ਰਾਹੀਂ ਹੋਰ ਉਜਾਗਰ ਕੀਤਾ। ਜਦ ਇਸ ਬਿਆਨ ਦੀ ਸਾਰੀ ਦੁਨੀਆ ਵਿਚ ਵਿਰੋਧਤਾ ਹੋਈ ਤਾਂ ਨੂਪੁਰ ਨੂੰ ਉਸ ਦੇ ਰਾਜਸੀ ਬੁਲਾਰੀ ਹੋਣ ਦੇ ਪਦ ਤੋਂ ਹਟਾ ਦਿੱਤਾ ਗਿਆ ਤੇ ਪਾਰਟੀ ਵਿਚੋਂ ਵੀ ਕੁਝ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਤਾਂ ਨੂਪੁਰ ਨੇ ਆਪਣੇ ਬਿਆਨ ਵਾਪਸ ਲੈਣ ਦੀ ਗੱਲ ਕਹੀ, ਜਿਸ ਨੂੰ ਮੁਆਫ਼ੀਨਾਮੇ ਦੇ ਤੌਰ 'ਤੇ ਨਹੀਂ ਲਿਆ ਜਾ ਸਕਦਾ। ਭਾਰਤ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਅਪਰਾਧਕ ਬਿਆਨ ਨਾਲ ਭਾਰਤ ਦੀ ਸਰਕਾਰ ਦਾ ਕੁਝ ਲੈਣਾ ਦੇਣਾ ਨਹੀਂ ਹੈ ਤੇ ਇਹ ਭਾਰਤ ਦੀ ਵਿਚਾਰਧਾਰਾ ਅਨੁਸਾਰ ਨਹੀਂ'। ਅਖ਼ਬਾਰ ਨੇ ਕੁਝ ਭਾਰਤੀ ਡਿਪਲੋਮੈਟਾਂ ਦੇ ਵਿਚਾਰ ਛਾਪਦਿਆਂ ਲਿਖਿਆ ਕਿ ਭਾਰਤ ਵਿਚ ਮੁਸਲਮਾਨਾਂ ਵਿਰੁੱਧ ਲਗਾਤਾਰ ਨਫ਼ਰਤ ਤੇ ਵਖਰੇਵੇਂ ਵਾਲਾ ਵਰਤਾਉ ਹੋ ਰਿਹਾ ਹੈ। ਮੋਦੀ ਨੂੰ ਇਸ ਸੰਬੰਧੀ ਬਹੁ-ਗਿਣਤੀ ਧਰਮ ਵਾਲਿਆਂ ਨੂੰ ਲਗਾਮ ਪਾਉਣੀ ਪਵੇਗੀ ਤੇ ਘੱਟ-ਗਿਣਤੀ ਧਰਮਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਪਵੇਗੀ। ਨਹੀਂ ਤਾਂ ਬਾਹਰ ਵਾਲੇ ਮੁਸਲਮਾਨ ਵੀ ਕਹਿਣਗੇ ਕਿ ਹੁਣ ਬਹੁਤ ਹੋ ਗਿਆ। ਤੁਸੀਂ ਕਿਸੇ ਘੱਟ-ਗਿਣਤੀ ਨੂੰ ਬਹੁਗਿਣਤੀ ਨੂੰ ਖ਼ੁਸ਼ ਕਰਨ ਲਈ ਲਗਾਤਾਰ ਦਬਾ ਨਹੀਂ ਸਕਦੇ ਅਤੇ ਆਪਣੇ ਆਪ ਨੂੰ ਇਹ ਨਹੀਂ ਵਿਖਾ ਸਕਦੇ ਕਿ ਸਾਡਾ ਦੇਸ਼ ਸੱਚਾ ਲੋਕ ਰਾਜ ਹੈ।... ਭਾਰਤ ਨੂੰ ਇਸ ਵਿਵਸਥਾ ਦਾ ਗੰਭੀਰਤਾ ਨਾਲ ਮੁਲਾਂਕਣ ਕਰਨਾ ਹੋਵੇਗਾ ਤੇ ਮੁਸਲਿਮ ਦੇਸ਼ਾਂ ਤੇ ਬਾਕੀ ਦੁਨੀਆ ਨੂੰ ਯਕੀਨ ਦਿਵਾਉਣਾ ਪਵੇਗਾ ਕਿ 'ਸਭ ਭਾਰਤੀਆਂ ਨਾਲ ਇਕੋ ਜਿਹਾ ਵਰਤਾਉ ਹੋ ਰਿਹਾ ਹੈ। ਸਾਡੀਆਂ ਅੰਦਰੂਨੀ ਅਤੇ ਬਾਹਰੀ ਨੀਤੀਆਂ ਮੇਲ ਖਾਂਦੀਆਂ ਹੋਣੀਆਂ ਚਾਹੀਦੀਆਂ ਹਨ ਤੇ ਅਨੇਕਤਾ ਵਿਚ ਏਕਤਾ ਦੀ ਧਾਰਨਾ, ਧਾਰਮਿਕ ਸਦਭਾਵਨਾ, ਸਹਿਣਸ਼ੀਲਤਾ ਅਤੇ ਆਪਸੀ ਮੇਲ-ਜੋਲ ਵਾਲੇ ਅਸੂਲ ਨਹੀਂ ਛੱਡਣੇ ਚਾਹੀਦੇ।'

**ਡਾਕਟਰ ਦਲਵਿੰਦਰ ਸਿੰਘ**




# ਗੁਰੂ ਦਾ ਸਿਦਕਵਾਨ ਸਿੱਖ ਸ਼ਹੀਦ ਭਾਈ ਤਾਰੂ ਸਿੰਘ

**ਵਿਸ਼ੇਸ਼ 16 ਜੁਲਾਈ**

### ਸੁਖਵਿੰਦਰ ਸਿੰਘ ਮੁੱਲਾਂਪੁਰ

ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਜਨਮ 1716 ਈਸਵੀ ਵਿਚ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਪੂਹਲਾ ਵਿਖੇ ਹੋਇਆ। ਮੁਗ਼ਲਾਂ ਨੇ ਸਿੱਖਾਂ ਉੱਪਰ ਅੱਤਿਆਚਾਰ ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਹੀ ਸ਼ੁਰੂ ਕਰ ਦਿੱਤੇ ਸਨ ਪਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਵੇਲੇ ਜ਼ੁਲਮ ਦੀ ਇੰਤਹਾ ਹੋ ਗਈ ਸੀ। ਜਦੋਂ ਬਾਬਾ ਜੀ ਨੂੰ ਗੁਰਦਾਸ ਨੰਗਲ ਦੀ ਲੜਾਈ ਦੌਰਾਨ ਫੜ ਕੇ ਲਾਹੌਰ ਦਾ ਗਵਰਨਰ ਅਬਦੁਲ ਸਮੁੰਦ ਖ਼ਾਂ ਲਾਹੌਰ ਲੈ ਕੇ ਜਾ ਰਿਹਾ ਸੀ ਤਾਂ ਉਨਾਂ ਨੂੰ ਲਾਹੌਰ ਤੋਂ ਦਿੱਲੀ ਲਿਜਾਏ ਜਾਣ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਮਗਰ ਸਿੱਖਾਂ ਦੇ ਸੀਸਾਂ ਨਾਲ ਭਰੇ ਹੋਏ ਗੱਜੇ ਵੀ ਸਨ ਅਤੇ ਦੋ ਹਜ਼ਾਰ ਸਿੰਘਾਂ ਦੇ ਸੀਸ ਨੇਜਿਆਂ ਉੱਪਰ ਟੰਗੇ ਹੋਏ ਸਨ।

ਇਸ ਉਪਰੰਤ 1734 ਈਸਵੀ ਵਿਚ ਲਾਹੌਰ ਵਿਖੇ ਭਾਈ ਮਨੀ ਸਿੰਘ ਜੀ ਦੀ ਸ਼ਹੀਦ ਹੋਈ। ਉਸ ਵੇਲੇ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਸਿੱਖਾਂ ਉੱਪਰ ਜ਼ੁਲਮ ਹੋਰ ਵਧਾ ਦਿੱਤੇ। ਜ਼ਕਰੀਆ ਖ਼ਾਨ ਨੇ ਹੁਕਮ ਦਿੱਤਾ ਕਿ 'ਮੈਨੂੰ ਕਿਸੇ ਪਾਸੇ ਕੋਈ ਸਿੱਖ ਦਿਸਣਾ ਨਹੀਂ ਚਾਹੀਦਾ।' ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਸਿੱਖਾਂ ਨੇ ਜੰਗਲਾਂ ਵਿਚ ਟਿਕਾਣੇ ਕਰ ਲਏ। ਜਦ ਕਦੇ ਵੀ ਮੌਕਾ ਲਗਦਾ ਤਾਂ ਉਹ ਆ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆ ਕੇ ਮੱਥਾ ਟੇਕ ਜਾਂਦੇ, ਇਸ਼ਨਾਨ ਕਰ ਜਾਂਦੇ ਤੇ ਜੰਗਲਾਂ ਵਿੱਚੋਂ ਹੀ ਵਿਓਂਤ ਬਣਾ ਕੇ ਜ਼ਾਲਮ ਸਰਕਾਰ ਨਾਲ ਟੱਕਰ ਲੈ ਜਾਂਦੇ।

ਸ਼ਹੀਦ ਭਾਈ ਤਾਰੂ ਸਿੰਘ ਜੀ ਇਕ ਮਿਹਨਤਕਸ਼ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਤਾਰੂ ਸਿੰਘ ਜੀ ਨੇ ਜੰਗਲਾਂ 'ਚ ਲੁੱਕ ਕੇ ਰਹਿੰਦੇ ਸਿੰਘਾਂ ਵਾਸਤੇ ਲੰਗਰਾਂ ਦੀ ਸੇਵਾ ਸ਼ੁਰੂ ਕਰ ਦਿੱਤੀ। ਇਕ ਮੁਖ਼ਬਰ ਹਰਿ ਭਗਤ ਨਿਰੰਜਨੀਏ ਨੇ ਸਮੇਂ ਦੀ ਹਕੂਮਤ ਕੋਲ ਇਸ ਬਾਰੇ ਚੁਗ਼ਲੀ ਲਾਈ ਤਾਂ ਇਹ ਗੱਲ ਜ਼ਕਰੀਆ ਖ਼ਾਨ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਸ ਨੇ ਹੁਕਮ ਭੇਜ ਕੇ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਖੇ ਤਲਬ ਕਰ ਲਿਆ।

ਭਾਈ ਤਾਰੂ ਸਿੰਘ ਜੀ ਨੂੰ ਧਰਮ ਦੀ ਇਸ ਸੇਵਾ ਬਦਲੇ ਅਸਹਿ ਤੇ ਅਕਹਿ ਤਸੀਹੇ ਸਹਿਣੇ ਪਏ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਧਰਮ ਪਰਿਵਰਤਨ ਕਰ ਕੇ ਮੁਸਲਮਾਨ ਬਣ ਜਾਣ ਵਾਸਤੇ ਕਈ ਲਾਲਚ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਕਿਹਾ ਗਿਆ ਕਿ ਉਹ ਸਿੱਖੀ ਨੂੰ ਛੱਡ ਕੇ ਦੀਨ ਕਬੂਲ ਕਰ ਲਵੇ ਤੇ ਇਸ ਦੇ ਬਦਲੇ ਉਸ ਨੂੰ ਦੁਨੀਆ ਭਰ ਦੀਆਂ ਖ਼ੁਸ਼ੀਆਂ ਤੇ ਸੁੱਖ-ਸਹੂਲਤਾਂ ਮਿਲਣਗੀਆਂ ਪਰ ਭਾਈ ਤਾਰੂ ਸਿੰਘ ਜੀ ਸਿੱਖੀ ਸਿਦਕ ਤੋਂ ਨਾ ਡੋਲੇ। ਉਨਾਂ ਆਪਣੇ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁਖ ਹੋਣਾ ਕਬੂਲ ਨਹੀਂ ਕੀਤਾ। ਭਾਈ ਤਾਰੂ ਸਿੰਘ ਵੱਲੋਂ ਇਸ ਗੱਲ ਤੋਂ ਇਨਕਾਰ ਕਰਨ 'ਤੇ ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਹੁਕਮ ਦਿੱਤਾ ਕਿ ਇਸ ਦੇ ਕੇਸ ਕਤਲ ਕਰ ਦਿੱਤੇ ਜਾਣ। ਭਾਈ ਤਾਰੂ ਸਿੰਘ ਨੇ ਕਿਹਾ ਇਹ ਕੇਸ ਮੇਰੇ ਗੁਰੂ ਦੀ ਮੋਹਰ ਹਨ, ਇਨਾਂ ਨੂੰ ਕਤਲ ਨਾ ਕੀਤਾ ਜਾਵੇ। ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦੇ ਦਿੱਤਾ। ਜਿਸ ਸਮੇਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾ ਰਹੀ ਸੀ, ਉਹ ਜਪੁਜੀ ਸਾਹਿਬ ਦਾ



ਪਾਠ ਪੜ ਰਹੇ ਸਨ। ਰੱਬੀ ਭਾਣੇ 'ਚ ਰਹਿੰਦਿਆਂ ਉਨਾਂ ਮੂੰਹੋਂ 'ਸੀ' ਤਕ ਨਾ ਉਚਾਰੀ।

ਜਦੋਂ ਜੱਲਾਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਲਾਹ ਰਿਹਾ ਸੀ ਤਾਂ ਜ਼ਕਰੀਆ ਖ਼ਾਨ ਨੇ ਕਿਹਾ, 'ਹੁਣ ਤੇਰਾ ਗੁਰੂ ਕਿੱਥੇ ਹੈ ?' ਭਾਈ ਤਾਰੂ ਸਿੰਘ ਨੇ ਕਿਹਾ, 'ਜ਼ਕਰੀਆ ! ਹੰਕਾਰ ਨਾ ਕਰ, ਤੈਨੂੰ ਦੁਨੀਆ ਤੋਂ ਮੇਰੀ ਜੁੱਤੀ ਅੱਗੇ ਲਾ ਕੇ ਲੈ ਕੇ ਜਾਵੇਗੀ।' ਖੋਪਰੀ ਉਤਾਰਨ ਤੋਂ ਬਾਅਦ ਭਾਈ ਤਾਰੂ ਜੀ ਨੂੰ ਸ਼ਹਿਰ ਤੋਂ ਬਾਹਰ ਇਕ ਰਸਤੇ ਵਿਚ ਕਾਂਵਾਂ ਤੇ ਗਿਰਝਾਂ ਦੇ ਖਾਣ ਲਈ ਸੁੱਟ ਦਿੱਤਾ ਗਿਆ। ਦੂਜੇ ਪਾਸੇ ਜ਼ਕਰੀਆ ਖ਼ਾਨ ਦਾ ਪਿਸ਼ਾਬ ਬੰਦ ਹੋ ਗਿਆ। ਇਕ ਰਾਹਗੀਰ ਨੇ ਜਦੋਂ ਭਾਈ ਤਾਰੂ ਸਿੰਘ ਜੀ ਨੂੰ ਡਿੱਗੇ ਪਏ ਵੇਖਿਆ ਤਾਂ ਉਸ ਨੇ ਕਿਹਾ ਕਿ ਜ਼ਕਰੀਆ ਖ਼ਾਨ ਬੇਗੁਨਾਹਾਂ 'ਤੇ ਬੇਇੰਤਹਾ ਜ਼ੁਲਮ ਕਰਦਾ ਸੀ, ਉਸ ਨੂੰ ਰੱਬ ਨੇ ਇਹ ਸਜ਼ਾ ਦਿੱਤੀ ਹੈ ਕਿ ਉਸ ਦਾ ਪਿਸ਼ਾਬ ਬੰਦ ਹੋ ਗਿਆ ਹੈ। ਰਾਹਗੀਰ ਦੀ ਗੱਲ ਸੁਣ ਕੇ ਭਾਈ ਤਾਰੂ ਸਿੰਘ ਨੇ ਕਿਹਾ ਕਿ 'ਮੇਰੀ ਜੁੱਤੀ ਲੈ ਜਾਓ, ਉਸ ਦੇ ਸਿਰ ਵਿਚ ਮਾਰੋ, ਪਿਸ਼ਾਬ ਖੁੱਲ ਜਾਵੇਗਾ।' ਰਾਹਗੀਰ ਨੇ ਇਹ ਗੱਲ ਹੋਰਨਾਂ ਲੋਕਾਂ ਨੂੰ ਦੱਸੀ ਤੇ ਇਹ ਗੱਲ ਜ਼ਕਰੀਆ ਖ਼ਾਨ ਕੋਲ ਵੀ ਪਹੁੰਚ ਗਈ। ਬਿਮਾਰੀ ਨਾਲ ਤੜਪ ਰਹੇ ਜ਼ਕਰੀਆ ਖ਼ਾਨ ਨੇ ਇਸ ਤਰਾਂ ਕਰਨਾ ਵੀ ਕਬੂਲ ਲਿਆ। ਜਦੋਂ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲਿਆ ਕੇ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰੀ ਗਈ ਤਾਂ ਉਸ ਦਾ ਪਿਸ਼ਾਬ ਚਾਲੂ ਹੋ ਗਿਆ ਅਤੇ ਇਸ ਤਰਾਂ ਜੁੱਤੀਆਂ ਮਾਰ-ਮਾਰ ਕੇ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆਉਂਦਾ ਰਿਹਾ। ਬਿਮਾਰੀ ਨਾਲ 22 ਦਿਨ ਤੜਪਣ ਤੋਂ ਬਾਅਦ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਭਾਈ ਤਾਰੂ ਸਿੰਘ ਜੀ ਵੀ ਖੋਪਰੀ ਲਾਹੇ ਜਾਣ ਤੋਂ 22 ਦਿਨ ਬਾਅਦ 1 ਜੁਲਾਈ 1745 ਈਸਵੀ ਨੂੰ ਸ਼ਹਾਦਤ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਦਾ ਸਿੱਖੀ ਸਿਦਕ ਤੇ ਸ਼ਹਾਦਤ ਸਾਨੂੰ ਸਦਾ ਯਾਦ ਰਹੇਗੀ ਤੇ ਆਉਣ ਵਾਲੀਆਂ ਪੀੜੀਆਂ ਦਾ ਵੀ ਰਾਹ ਰੁਸ਼ਨਾਉਂਦੀ ਰਹੇਗੀ।

---

## ਤੱਤੀ ਤਵੀ ਦਾ ਸੇਕ

ਅਗਰ ਖ਼ੁਸਰੋ ਨਾਲ ਮੇਲ ਮਿਲਾਪ ਹੋਇਆ ਹੁੰਦਾ ਤਾਂ ਕਿਸੇ ਨਾ ਕਿਸੇ ਨੂੰ ਤਾਂ ਪਤਾ ਹੋਣਾ ਸੀ।

7 ਤੋਂ 20 ਮਈ ਤੱਕ 13 ਦਿਨ ਹੋਰ ਲੰਘ ਗਏ। ਭਾਵ ਖ਼ੁਸਰੋ ਦੀ ਬਗਾਵਤ ਵਾਲੀ ਹੀਰ ਦਾ ਭੋਗ ਪਏ ਨੂੰ ਦੋ ਹਫਤੇ ਹੋ ਗਏ ਸੀ।20 ਮਈ ਤੋਂ ਬਾਅਦ ਅਚਾਨਕ ਜਹਾਂਗੀਰ ਨੂੰ ਇਹ ਖ਼ਬਰ ਮਿਲਦੀ ਏ।ਸੋਚਣ ਵਾਲੀ ਗੱਲ ਹੈ ਕਿ ਜਹਾਂਗੀਰ ਦੀ ਖ਼ੁਫ਼ੀਆ ਏਜੰਸੀ ਤੇ ਅਹਿਲਕਾਰਾਂ ਨੇ ਇਹ ਖ਼ਬਰ ਪਹਿਲਾਂ ਕਿਉਂ ਨਹੀਂ ਦਿੱਤੀ ? ਉਤਰ ਸਪੱਸ਼ਟ ਹੈ ਕਿ ਇਹ ਇੱਕ ਝੂਠੀ ਖ਼ਬਰ ਸੀ ਤੇ ਗੁਰੂ ਸਾਹਿਬ ਜੀ ਦੇ ਦੁਸ਼ਮਣਾਂ ਦੇ ਗੰਦੇ ਮਨਸੂਬਿਆਂ ਦੀ ਉਪਜ ਸੀ।ਮਤਲਬ-ਪੰਚਮ ਪਾਤਸ਼ਾਹ ਦੇ ਵਿਰੋਧੀਆਂ ਨੇ ਰਲਕੇ 'ਖ਼ੁਸਰੋ ਦੀ ਬਗਾਵਤ ਵਿੱਚ ਮਦਦ ਕਰਨ ਦਾ ਬਹਾਨਾ ਬਣਾ ਕੇ' ਖਤਮ ਕਰਨ ਲਈ ਛੜਯੰਤਰ ਰਚਿਆ, ਜਿਸ ਨੂੰ ਅੰਜ਼ਾਮ ਦੇਣ ਲਈ ਖਬਰ ਜਹਾਂਗੀਰ ਦੇ ਕੰਨਾਂ ਵਿੱਚ ਪਾਈ ਗਈ।

ਜਹਾਂਗੀਰ ਨੇ ਇਸ ਝੂਠੀ ਸ਼ਿਕਾਇਤ ਨੂੰ ਅਧਾਰ ਬਣਾ ਕੇ, ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ।ਮੁਰਤਜ਼ਾ ਖਾਨ ਨੇ ਗੁਰੂ ਸਾਹਿਬ ਜੀ ਨੂੰ ਅੰਮ੍ਰਿਤਸਰ ਤੋਂ ਮਈ ਦੇ ਅਖੀਰਲੇ ਹਫਤੇ ਵਿੱਚ ਗ੍ਰਿਫ਼ਤਾਰ ਕਰਵਾ ਕੇ ਲਾਹੌਰ ਮੰਗਵਾਇਆ। ਲਾਹੌਰ ਬੰਦੀਖਾਨੇ ਵਿੱਚ ਤਸੀਹੇ ਦੇਣ ਲਈ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ।ਸ਼ਾਇਦ ਇਹ ਘਿਰਣਤ ਡਿਊਟੀ ਚੰਦੂ ਨੇ ਆਪ ਮੰਗ ਕੇ ਲਈ ਹੋਵੇ।ਧੀ ਦਾ ਸਾਕ ਛੁੱਟ ਜਾਣ ਕਰਕੇ ਚੰਦੂ ਦੇ ਮਨ ਵਿੱਚ ਬਦਲੇ ਦੀ ਅੱਗ ਲਟ ਲਟ ਬਲ ਰਹੀ ਸੀ।

ਪਹਿਲੇ ਦਿਨ ਦੁਸ਼ਟ ਚੰਦੂ ਨੇ ਗੁਰੂ ਸਾਹਿਬ ਜੀ ਨੂੰ ਉਬਲਦੇ ਪਾਣੀ ਵਿੱਚ ਬਿਠਾਇਆ। ਅਗਲੇ ਦਿਨ ਨੰਗੇ ਸਰੀਰ 'ਤੇ ਗਰਮ-ਗਰਮ ਰੇਤ ਪਾਈ ਗਈ। ਫਿਰ ਤੱਤੀ ਤਵੀ 'ਤੇ ਬਿਠਾ ਕੇ, ਥੱਲੇ ਅੱਗ ਦੇ ਭਾਂਬੜ ਬਾਲੇ ਗਏ। ਉਪਰੋਂ ਤੱਤੀ-ਤੱਤੀ ਰੇਤ ਸਿਰ ਵਿੱਚ ਪਾਈ ਗਈ।ਇੰਝ ਗੁਰੂ ਸਾਹਿਬ ਜੀ ਦਾ ਸਰੀਰ ਨਿਢਾਲ ਹੋ ਗਿਆ।ਅਤਿ ਦੇ ਭਿਆਨਕ ਕਸ਼ਟਾਂ ਵਿੱਚ ਵੀ ਗੁਰੂ ਜੀ ਦੀ ਸੁਰਤ ਪ੍ਰਭੂ ਦੇ ਚਰਨਾਂ ਵਿੱਚ ਲੀਨ ਰਹੀ।ਤੱਤੀ ਤਵੀ 'ਤੇ ਬੈਠ ਕੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਗੁਰੂ ਜੀ ਨੂੰ ਵੇਖ ਕੇ, ਸਾਈਂ ਮੀਆਂ ਮੀਰ ਜੀ ਦਾ ਹਿਰਦਾ ਵੀ ਕੁਰਲਾ ਉੱਠਿਆ।ਉਹਦੇ ਜ਼ਿਹਨ ਵਿੱਚ ਕੁੱਝ ਸਾਲ ਪਹਿਲਾਂ ਦੀ ਝਾਕੀ ਉਭਰ ਆਈ : 'ਲਾਹੌਰ ਵਿੱਚ ਗੁਰੂ ਸਾਹਿਬ ਜੀ ਕਾਲ ਪੀੜਤਾਂ ਦੀ ਸੇਵਾ ਕਰ ਰਹੇ ਹਨ। ਬਿਮਾਰਾਂ ਦੀ ਸੇਵਾ ਦੇ ਨਾਲ-ਨਾਲ ਬਿਮਾਰੀ ਦੀ ਦੁਆ-ਦਾਰੂ ਵੀ ਕਰਦੇ ਹਨ।ਭੁੱਖਿਆ ਨੂੰ ਭੋਜਨ ਤੇ ਯਤੀਮਾਂ ਦੀ ਸੰਭਾਲ ਵਿੱਚ ਜੁੱਟੇ ਹੋਏ ਹਨ।' ਪਰ ਅੱਜ ਉਸੇ ਹੀ ਲਾਹੌਰ ਵਿੱਚ ਅਕਹਿ ਤੇ ਅਸਹਿ ਕਸ਼ਟ ਸਹਿ ਰਹੇ ਹਨ।

ਅਕਹਿ ਤੇ ਅਸਹਿ ਕਸ਼ਟ ਦੇਣ ਤੋਂ ਬਾਅਦ ਬੁੱਚੜ ਹਾਕਮਾਂ ਨੇ, ਅੰਤ 30 ਮਈ 1606 ਈਸਵੀ ਨੂੰ ਗੁਰੂ ਸਾਹਿਬ ਜੀ ਨੂੰ ਰਾਵੀ ਵਿੱਚ ਰੋਹੜ ਦਿੱਤਾ। ਆਪ ਜੀ ਦੀ ਜੋਤ ਪ੍ਰਭੂ ਦੀ ਸਰਵ-ਵਿਆਪਕ ਜੋਤ ਵਿੱਚ ਜਾ ਰਲੀ। ਪੰਚਮ ਪਾਤਸ਼ਾਹ ਦੇ ਆਪਣੇ ਬਚਨ :-

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਗੁਰੂ ਸਾਹਿਬ ਜੀ ਦੀ ਸ਼ਹੀਦੀ ਉਪਰੰਤ 'ਉਮਦੁਤੁਲ ਤਵਾਰੀਖ' ਦਾ ਕਰਤਾ ਲਿਖਦਾ ਹੈ-

ਕਿ ਕਲਮ ਦਰ ਤਹਿਰੀਕੇ ਆ ਖ਼ੂੰ ਫਿਸ਼ਾਂ
ਵ ਦੀਦਹ ਗਿਰਿਯਾਂ
ਵ ਦਿਲ ਬਿਰਿਯਾਂ
ਵ ਜਾਨ ਹੈਰਾਂ ਮੇਂ ਬਾਸ਼ਦ।

ਭਾਵ ਗੁਰੂ ਜੀ ਦੀ ਸ਼ਹਾਦਤ ਨੂੰ ਲਿਖਣ ਲੱਗਿਆਂ ਕਲਮ ਰੱਤ ਦੇ ਹੰਝੂ ਕੇਰਦੀ ਹੈ।ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਤੇ ਜਾਨ ਹੈਰਾਨ ਹੋ ਜਾਂਦੀ ਹੈ। ਗੁਰੂ ਸਾਹਿਬ ਜੀ ਦੀ ਸ਼ਹੀਦੀ ਦੀ ਖ਼ਬਰ ਜਿਸ ਨੇ ਵੀ ਸੁਣੀ, ਉਹ ਕੁਰਲਾ ਉੱਠਿਆ।ਮਗਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਮੁੱਖ ਦੋਸ਼ੀ ਸ਼ੇਖ ਅਹਿਮਦ ਸਰਹੰਦੀ ਤੇ ਉਸਦੇ ਚੇਲੇ-ਚਾਟੜਿਆਂ ਨੂੰ ਅੰਤਾਂ ਦੀ ਖ਼ੁਸ਼ੀ ਹੋਈ।ਇਸ ਸ਼ਹਾਦਤ ਵਿੱਚ ਮੁੱਖ ਰੋਲ ਸ਼ੇਖ ਅਹਿਮਦ ਸਰਹੰਦੀ ਦਾ ਸੀ, ਜਿਸ ਨੇ ਆਪਣੇ ਨਾਪਾਕ ਇਰਾਦਿਆਂ ਨੂੰ ਸਫਲ ਕਰਨ ਲਈ ਸ਼ੇਖ ਫਰੀਦ ਬੁਖਾਰੀ (ਮੁਰਤਜ਼ਾ ਖਾਨ) ਨੂੰ ਵਰਤਿਆ।ਸ਼ੇਖ ਫਰੀਦ ਬੁਖਾਰੀ ਨੇ ਇਸ ਸਾਜਿਸ਼ ਨੂੰ ਅੰਜ਼ਾਮ ਦੇਣ ਲਈ ਸ਼ੇਖ ਅਹਿਮਦ ਸਰਹੰਦੀ ਦੇ ਸਮੂਹ ਜਨੂੰਨੀ ਚੇਲਿਆਂ ਦਾ ਸਾਥ ਦਿੱਤਾ।ਜਹਾਂਗੀਰ ਨੇ ਇਸ ਸਾਜਿਸ਼ ਨੂੰ ਅਮਲੀ ਜਾਮਾ ਪਹਿਨਾਇਆ।ਭਾਵ ਗੁਰੂ ਸਾਹਿਬ ਜੀ ਨੂੰ ਖ਼ਤਮ ਕਰਨ ਲਈ ਅਹਿਮ ਹਿੱਸਾ ਪਾਇਆ।ਇਸ ਤਰਾਂ ਸਮਾਪਤ ਹੋਈ : 'ਪੰਚਮ ਪਾਤਸ਼ਾਹ ਦੀ ਸ਼ਹੀਦੀ ਗਾਥਾ'।

## ਮੁੱਦਾ ਪੰਜਾਬ ਯੂਨੀਵਰਸਿਟੀ.

ਇਸ ਮੌਕੇ ਵਿਦਿਆਰਥੀਆਂ ਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਵੀ ਹੋਈ, ਜਿਸ ਦੌਰਾਨ ਕਈ ਵਿਦਿਆਰਥੀ ਜਿਨਾਂ ਵਿਚ ਕੁੜੀਆਂ ਵੀ ਸ਼ਾਮਿਲ ਸਨ, ਜ਼ਖ਼ਮੀ ਹੋ ਗਈਆਂ । ਇਸ ਖਿੱਚ-ਧੂਹ ਕਾਰਨ ਵਿਦਿਆਰਥੀ ਆਗੂਆਂ ਦੇ ਕਹਿਣ 'ਤੇ ਧਰਨਾਕਾਰੀਆਂ ਨੇ ਵੀ. ਪੀ. ਐੱਸ. ਚੌਂਕ ਨੇੜੇ ਹੀ ਧਰਨਾ ਦੇਣਾ ਸ਼ੁਰੂ ਕਰ ਦਿੱਤਾ । ਇਸ ਤੋਂ ਬਾਅਦ ਮੁੱਖ ਮੰਤਰੀ ਦਫ਼ਤਰ ਤੋਂ ਆਏ ਇਕ ਨੁਮਾਇੰਦੇ ਵਲੋਂ ਵਿਦਿਆਰਥੀਆਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਵਿਦਿਆਰਥੀਆਂ ਨੇ ਧਰਨਾ ਸਮਾਪਤ ਕਰ ਦਿੱਤਾ । ਇਸ ਮੌਕੇ ਸੱਟ ਲੱਗਣ ਕਾਰਨ ਜ਼ਖ਼ਮੀ ਹੋਈ ਪੰਜਾਬ ਸਟੂਡੈਂਟ ਯੂਨੀਅਨ ਦੀ ਆਗੂ ਕਮਲਦੀਪ ਕੌਰ ਨੇ ਦੋਸ਼ ਲਗਾਇਆ ਕਿ ਵਿਦਿਆਰਥਣਾਂ ਨਾਲ ਪੁਰਸ਼ ਪੁਲਿਸ ਮੁਲਾਜ਼ਮਾਂ ਵਲੋਂ ਧੱਕਾ-ਮੁੱਕੀ ਕੀਤੀ ਗਈ ਹੈ, ਜੋ ਕਿ ਕਾਨੂੰਨ ਦੀ ਉਲੰਘਣਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਮੰਗ ਕੀਤੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ ਦਾ ਕੇਂਦਰੀਕਰਨ ਨਾ ਕੀਤਾ ਜਾਵੇ ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਵਿਦਿਆਰਥੀਆਂ ਉਪਰ ਲਾਠੀਚਾਰਜ ਦੀ ਨਿੰਦਾ ਕਰਦਿਆਂ ਪੰਜਾਬ ਦੇ ਮੁਦੇ ਬਾਰੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਚੇਤਨ ਕਰਦਿਆਂ ਕਿਹਾ ਕਿ ਸਾਡੇ ਪਾਣੀ ਵੀ ਗਏ, ਸਾਡੀ ਰਾਜਧਾਨੀ ਵੀ ਨਹੀਂ, ਪੰਜਾਬੀ ਬੋਲਦੇ ਇਲਾਕੇ ਵੀ ਨਹੀਂ ਰਹੇ, ਭਾਖੜਾ ਡੈਮ ਦੀ ਹਿੱਸੇਦਾਰੀ 'ਤੇ ਡਾਕਾ ਮਾਰਿਆ ਗਿਆ, ਹੁਣ ਇਹ ਪੰਜਾਬ ਦੇ ਆਉਣ ਵਾਲੇ ਭਵਿੱਖ ਦਾ ਵਿਦਿਅਕ ਚਾਨਣ ਮੁਨਾਰਾ ਵੀ ਚਲਾ ਜਾਵੇਗਾ ਜੇ ਇਸ ਮੁਦੇ ਉਪਰ ਰਾਜਨੀਤਕ ਪਾਰਟੀਆਂ ਸਰਗਰਮ ਨਾ ਹੋਈਆਂ। ਭਗਵੰਤ ਮਾਨ ਸਰਕਾਰ ਦਾ ਇਸ ਮੁੱਦੇ ਉਪਰ ਸਿਰਫ਼ ਬਿਆਨ ਦੇ ਕੇ ਨਹੀਂ ਸਰਨਾ, ਸੰਜੀਦਗੀ ਨਾਲ ਪੰਜਾਬ ਦੇ ਮਸਲਿਆਂ 'ਤੇ ਇਕਜੁਟ, ਇਕਮੁੱਠ ਹੋ ਕੇ ਫ਼ੈਸਲੇ ਲਏ ਜਾਣ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਕੇਂਦਰ ਦੇ ਹਵਾਲੇ ਕਰਨ ਬਾਰੇ ਚੱਲ ਰਹੇ ਵਿਵਾਦ ਉੱਪਰ ਖੱਲ ਕੇ ਸਟੈਂਡ ਲਿਆ ਹੈ। ਪੰਜਾਬ ਦੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਲੈ ਕੇ ਪੰਜਾਬ ਸਰਕਾਰ ਪੂਰੀ ਤਰਾਂ ਗੰਭੀਰ ਹੈ। ਅਸੀਂ ਇਸ ਦਾ ਕੇਂਦਰੀਕਰਨ ਕਿਸੇ ਹਾਲਤ ਵਿੱਚ ਵੀ ਨਹੀਂ ਹੋਣ ਦੇਵਾਂਗੇ।

ਸੂਤਰਾਂ ਤੋਂ ਪਤਾ ਲਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸੀ ਵਿਧਾਇਕਾਂ ਦਾ ਇਕ ਦਲ ਇਸ ਦਾ ਡਟ ਦੇ ਵਿਰੋਧ ਕਰਨ ਦਾ ਇਰਾਦਾ ਰੱਖਦਾ ਹੈ। ਕਿਹਾ ਜਾਂਦਾ ਹੈ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਫੈਸਲਾ ਦਾ ਸਮਰਥਨ ਕੀਤਾ ਤਾਂ ਉਨਾਂ ਨੂੰ ਵੀ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਰਨਣਯੋਗ ਹੈ ਕਿ ਇਸ ਯੂਨੀਵਰਸਿਟੀ ਦਾ ਹੁਣ ਤੱਕ ਕੋਈ ਇਹੋ ਜਿਹਾ ਵਿਅਕਤੀ ਵਾਈਸ ਚਾਂਸਲਰ ਨਹੀਂ ਬਣ ਸਕਿਆ, ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਪਹਿਰੇਦਾਰ ਸਾਬਤ ਹੋਇਆ ਹੋਵੇ । ਦੂਜੇ ਪਾਸੇ ਇਹ ਮਾਮਲਾ ਭਗਵੰਤ ਮਾਨ ਸਰਕਾਰ ਲਈ ਪ੍ਰੀਖਿਆ ਦੀ ਘੜੀ ਸਾਬਤ ਹੋ ਸਕਦਾ ਹੈ ।

ਪੰਥਕ ਤਾਲਮੇਲ ਸੰਗਠਨ ਨੇ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤਰਜ਼ 'ਤੇ ਪੰਜਾਬ ਸਰਕਾਰ ਵੀ ਯੂਨੀਵਰਸਿਟੀਆਂ ਅੰਦਰ ਕੇਂਦਰ ਦੀ ਦਖਲ ਅੰਦਾਜ਼ੀ ਨੂੰ ਬੰਦ ਕਰਨ ਲਈ ਕਾਨੂੰਨ ਬਣਾਵੇ ਅਤੇ ਪੰਜਾਬ ਯੂਨੀਵਰਸਿਟੀ ਦੀ ਵਿਰਾਸਤ ਨੂੰ ਬਚਾਉਣ ਦੀ ਫ਼ੈਸਲਾਕੁਨ ਕਾਰਵਾਈ ਕਰੇ। ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਗਿਆਨੀ ਕੇਵਲ ਸਿੰਘ ਅਤੇ ਕੋ-ਕਨਵੀਨਰ ਤੇ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਜਸਵਿੰਦਰ ਸਿੰਘ ਐਡਵੋਕੇਟ ਨੇ ਕੋਰ ਕਮੇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਕਿ ਵਿੱਤੀ ਸੰਕਟ ਦੇ ਚਲਦਿਆਂ ਵੀ ਸੂਬਾ ਸਰਕਾਰਾਂ ਦਾ ਫਰਜ਼ ਹੈ ਕਿ ਉਹ ਸਿੱਖਿਆ ਅਤੇ ਸਿਹਤ ਸੇਵਾਵਾਂ ਲਈ ਵਿੱਤੀ ਸਾਧਨ ਰਾਖਵੇਂ ਰੱਖਣ। ਪੰਜਾਬ ਦੇ ਅਦਾਰਿਆਂ ਨੂੰ ਕੇਂਦਰੀਕਰਨ ਅਤੇ ਨਿੱਜੀਕਰਨ ਵੱਲ ਧੱਕਣ ਵਾਲੀਆਂ ਸਰਕਾਰਾਂ ਕਦੇ ਪੰਜਾਬ ਹਿਤੈਸ਼ੀ ਨਹੀਂ ਹੋ ਸਕਦੀਆਂ। ਉਨਾਂ ਕਿਹਾ ਕਿ ਮੌਜੂਦਾ ਸਰਕਾਰ ਯੂਨੀਵਰਸਿਟੀ ਨੂੰ ਬਚਾਉਣ ਲਈ ਆਪਣੀ ਸੁਹਿਰਦਤਾ ਤੇ ਸੰਜ਼ੀਦਗੀ ਦਿਖਾਵੇ ।

ਫ਼ਤਹਿਗੜ ਸਾਹਿਬ :- ਨਿਹੰਗ ਸੰਪਰਦਾ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਅਜਿਹੇ ਹਾਲਾਤ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਹਨ, ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਆਪਣੇ ਵਿੱਦਿਅਕ ਅਦਾਰੇ ਕੇਂਦਰ ਸਰਕਾਰ ਨੂੰ ਸੌਂਪ ਦੇਣ। ਪੰਜਾਬ ਯੂਨੀਵਰਸਿਟੀ, ਪੰਜਾਬ ਅਤੇ ਕੇਂਦਰ ਸਰਕਾਰ ਦੀ ਭਾਈਵਾਲੀ ਨਾਲ ਚਲਦੀ ਹੈ, ਇਸ ਨੂੰ ਪਹਿਲਾਂ ਦੀ ਤਰਾਂ ਹੀ ਚਲਾਇਆ ਜਾਣਾ ਚਾਹੀਦਾ ਹੈ।



## ਤਰੱਕੀਪਸੰਦ

ਰੋਜ਼ ਉਹਦੀਆਂ ਕਹਾਣੀਆਂ ਸੁਣਦਾ ਰਹਾਂ ਅਤੇ ਅਤੇ ਕੇਡਾ ਜ਼ੁਲਮ ਹੈ ਕਿ ਮੈਂ ਪਤਨੀ ਦੇ ਨੇੜੇ ਤਕ ਨਹੀਂ ਜਾ ਸਕਿਆ। ਸਰਦੀਆਂ ਦੀਆਂ ਰਾਤਾਂ ਵਿਅਰਥ ਹੀ ਜਾ ਰਹੀਆਂ ਨੇ। ਇੱਕੀ ਦਿਨਾਂ ਪਿੱਛੋਂ ਉਹ ਤ੍ਰਿਪਾਠੀ ਨੂੰ ਇਕ ਨਵੀਂ ਰੌਸ਼ਨੀ 'ਚ ਵੇਖਣ ਲੱਗਾ।

ਹੁਣ ਜੋਗਿੰਦਰ ਸਿੰਘ ਨੂੰ ਤ੍ਰਿਪਾਠੀ ਦੀ ਹਰ ਗੱਲ ਦੋਸ਼ਪੂਰਨ ਦਿਸਣ ਲੱਗੀ। ਉਹਦੀ ਟੇਢੀ ਅੱਖ, ਜਿਸ ਵਿਚ ਉਹਨੂੰ ਪਹਿਲਾਂ ਖ਼ੂਬਸੂਰਤੀ ਨਜ਼ਰ ਆਉਂਦੀ ਸੀ, ਹੁਣ ਬੱਸ ਇਕ ਟੇਢੀ ਅੱਖ ਹੀ ਸੀ। ਉਹਦੀਆਂ ਕਾਲੀਆਂ ਲਿਟਾਂ ਵੀ ਹੁਣ ਜੋਗਿੰਦਰ ਸਿੰਘ ਨੂੰ ਪਹਿਲਾਂ ਵਾਂਗ ਕੂਲੀਆਂ ਨਹੀਂ ਸਨ ਦਿਸਦੀਆਂ ਤੇ ਉਹਦੀ ਦਾੜ੍ਹੀ ਨੂੰ ਵੇਖ ਕੇ ਸੋਚਦਾ ਸੀ ਕਿ ਏਡੀ ਲੰਬੀ ਦਾੜ੍ਹੀ ਰੱਖਣਾ ਵੱਡੀ ਮੂਰਖਤਾ ਹੈ। ਜਦੋਂ ਤ੍ਰਿਪਾਠੀ ਨੂੰ ਟਿਕਿਆਂ ਪੰਜੀ ਦਿਨ ਹੋ ਗਏ ਤਾਂ ਉਹਦੀ ਮਾਨਸਿਕਤਾ ਵਿਚ ਅਜੀਬ ਜਿਹੀ ਤਬਦੀਲੀ ਆਈ ਜਾਪੀ। ਉਹ ਆਪਣੇ ਆਪ ਨੂੰ ਅਜਨਬੀ ਸਮਝਣ ਲਗਿਆ। ਉਹਨੂੰ ਇਸ ਤਰਾਂ ਅਨੁਭਵ ਹੋਣ ਲਗਿਆ ਕਿ ਉਹ ਕਦੇ ਕਿਸੇ ਜੋਗਿੰਦਰ ਸਿੰਘ ਨੂੰ ਜਾਣਦਾ ਸੀ ਪਰ ਉਹ ਉਹਨੂੰ ਨਹੀਂ ਜਾਣਦਾ, ਆਪਣੀ ਪਤਨੀ ਬਾਰੇ ਉਹ ਸੋਚਦਾ, 'ਜਦੋਂ ਤ੍ਰਿਪਾਠੀ ਤੁਰ ਜਾਏਗਾ ਤਾਂ ਸਭ ਠੀਕ ਹੋ ਜਾਏਗਾ। ਮੇਰਾ ਨਵੇਂ ਸਿਰੇ ਤੋਂ ਵਿਆਹ ਹੋਵੇਗਾ। ਮੈਂ ਮੁੜ ਆਪਣੀ ਪਤਨੀ ਕੋਲ ਸੌਂ ਸਕਾਂਗਾ ਅਤੇ।" ਇਹਦੇ ਅੱਗੋਂ ਜਦ ਉਹ ਸੋਚਦਾ ਤਾਂ ਉਹਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਤੇ ਸੰਘ ਵਿਚ ਕੋਈ ਕੌੜੀ ਜਿਹੀ ਚੀਜ਼ ਫਸ ਜਾਂਦੀ। ਉਹਦਾ ਚਿਤ ਕਰਦਾ ਕਿ ਭੱਜਿਆ ਭੱਜਿਆ ਅੰਦਰ ਜਾਏ ਤੇ ਅੰਮ੍ਰਿਤ ਕੌਰ ਨੂੰ, ਜਿਹੜੀ ਕਦੇ ਉਹਦੀ ਪਤਨੀ ਹੁੰਦੀ ਸੀ, ਗਲ ਨਾਲ ਲਾ ਲਵੇ ਤੇ ਰੋਣ ਲਗ ਪਏ-ਪਰ ਅਜਿਹਾ ਕਰਨ ਦੀ ਉਸ ਵਿਚ ਹਿੰਮਤ ਨਹੀਂ ਸੀ ਕਿਉਂਜੁ ਉਹ ਤਰੱਕੀਪਸੰਦ ਕਹਾਣੀਕਾਰ ਸੀ। ਕਦੇ ਕਦੇ ਜੋਗਿੰਦਰ ਸਿੰਘ ਦੇ ਦਿਲ ਵਿਚ ਇਹ ਖ਼ਿਆਲ ਦੁੱਧ ਦੇ ਉਛਾਲ ਵਾਂਗ ਉਠਦਾ ਕਿ 'ਤਰੱਕੀਪਸੰਦ' ਦੀ ਰਜ਼ਾਈ ਜਿਹੜੀ ਉਹਨੇ ਪਹਿਨੀ ਹੋਈ ਹੈ, ਲਾਹ ਕੇ ਸੁੱਟ ਦੇਵੇ ਅਤੇ ਚੀਕ ਚੀਕ ਕੇ ਆਖੇ, 'ਤ੍ਰਿਪਾਠੀ, ਤਰੱਕੀਪਸੰਦੀ ਦੀ ਐਸੀ ਦੀ ਤੈਸੀ ਤੂੰ ਤੇ ਤੇਰੇ ਇਕੱਠੇ ਕੀਤੇ ਹੋਏ ਗੀਤ ਬਕਵਾਸ ਨੇ, ਮੈਨੂੰ ਮੇਰੀ ਪਤਨੀ ਚਾਹੀਦੀ ਹੈ।ਤੇਰੀਆਂ ਇਛਾਵਾਂ ਤਾਂ ਸਾਰੀਆਂ ਦੀਆਂ ਸਾਰੀਆਂ ਗੀਤਾਂ ਵਿਚ ਜਜ਼ਬ ਹੋ ਚੁਕੀਆਂ ਨੇ। ਮੈਂ ਅਜੇ ਜੁਆਨ ਹਾਂ, ਮੇਰੀ ਹਾਲਤ 'ਤੇ ਤਰਸ ਖਾ। ਜ਼ਰਾ ਸੋਚ ਤਾਂ ਸਹੀ, ਮੈਂ ਜਿਹੜਾ ਆਪਣੀ ਪਤਨੀ ਤੋਂ ਬਿਨਾਂ ਇਕ ਮਿੰਟ ਵੀ ਨਹੀਂ ਸਾਂ ਸੌਂ ਸਕਦਾ, ਪੰਜੀ ਦਿਨਾਂ ਤੋਂ ਤੇਰੇ ਨਾਲ ਇਕੋ ਰਜ਼ਾਈ ਵਿਚ ਸੌਂ ਰਿਹਾ ਹਾਂ। ਕੀ ਇਹ ਜ਼ੁਲਮ ਨਹੀਂ ?'

ਤ੍ਰਿਪਾਠੀ ਉਹਦੇ ਮਨ ਦੀ ਹਾਲਤ ਤੋਂ ਬੇਖ਼ਬਰ ਰੋਜ਼ ਸ਼ਾਮੀਂ ਤਾਜ਼ਾ ਕਹਾਣੀਆਂ ਸੁਣਾਉਂਦਾ ਅਤੇ ਉਹਦੇ ਬਿਸਤਰੇ ਵਿਚ ਸੌਂ ਜਾਂਦਾ। ਇਕ ਮਹੀਨਾ ਬੀਤ ਗਿਆ ਤਾਂ ਜੋਗਿੰਦਰ ਸਿੰਘ ਦੇ ਸਬਰ ਦਾ ਬੰਨ ਟੁੱਟ ਗਿਆ। ਮੌਕਾ ਪਾ ਕੇ, ਉਹ ਗੁਸਲਖਾਨੇ ਵਿਚ ਆਪਣੀ ਪਤਨੀ ਨੂੰ ਮਿਲਿਆ-ਧੜਕਦੇ ਦਿਲ ਨਾਲ, ਇਸ ਗਲੋਂ ਭੈਭੀਤ ਕਿ ਕਿਤੇ ਤ੍ਰਿਪਾਠੀ ਦੀ ਪਤਨੀ ਨਾ ਆ ਜਾਏ, ਉਹਨੇ ਜਲਦੀ ਨਾਲ ਅੰਮ੍ਰਿਤ ਨੂੰ ਇੰਜ ਚੁੰਮਿਆ ਜਿਵੇਂ ਡਾਕਖਾਨੇ ਦੀਆਂ ਚਿੱਠੀਆਂ ਉਤੇ ਮੋਹਰ ਲਾਈ ਜਾਂਦੀ ਹੈ ਅਤੇ ਆਖਿਆ, 'ਅੱਜ ਰਾਤੀਂ ਜਾਗਦੀ ਰਹੀਂ। ਮੈਂ ਤ੍ਰਿਪਾਠੀ ਨੂੰ ਇਹ ਕਹਿ ਕੇ ਬਾਹਰ ਚਲਿਆ ਜਾਵਾਂਗਾ ਕਿ ਰਾਤ ਦੋ ਢਾਈ ਵਜੇ ਪਰਤਾਂਗਾ। ਪਰ ਮੈਂ ਛੇਤੀ ਆ ਜਾਵਾਂਗਾ, ਬਾਰਾਂ ਵਜੇ ਪੂਰੇ ਬਾਰਾਂ ਵਜੇ। ਮੈਂ ਮਲਕੜੇ ਜਿਹੇ ਬੂਹਾ ਖੜਕਾਵਾਂਗਾ। ਤੂੰ ਮਲਕੜੇ ਜਿਹੇ ਖੋਲ ਦੇਵੀਂ ਤੇ ਫੇਰ ਅਸੀਂ ਡਿਉੜੀ ਬਿਲਕੁਲ ਇਕ ਪਾਸੇ ਕਰਕੇ ਹੈ। ਪਰ ਉਂ ਸਾਵਧਾਨੀ ਵਜੋਂ ਉਹ ਬੂਹਾ ਜਿਹੜਾ ਗੁਸਲਖਾਨੇ ਵੱਲ ਖੁਲਦਾ ਹੈ, ਬੰਦ ਕਰ ਦੇਈਂ।

ਪਤਨੀ ਨੂੰ ਚੰਗੀ ਤਰਾਂ ਸਮਝਾ ਕੇ, ਉਹ ਤ੍ਰਿਪਾਠੀ ਨੂੰ ਮਿਲਿਆ ਤੇ ਉਹਨੂੰ ਦੱਸ ਕੇ ਬਾਹਰ ਚਲਿਆ ਗਿਆ। ਬਾਰਾਂ ਵਜਣ ਵਿਚ ਚਾਰ ਘੰਟੇ ਰਹਿੰਦੇ ਸਨ ਜਿਨਾਂ ਵਿਚੋਂ ਦੋ ਉਹਨੇ ਆਪਣੀ ਸਾਈਕਲ ਉਤੇ ਇਧਰ-ਉਧਰ ਘੁੰਮਣ ਵਿਚ ਬਿਤਾਏ। ਉਹਨੂੰ ਠੰਢ ਦੀ ਤਿਖ ਦਾ ਉਕਾ ਹੀ ਅਹਿਸਾਸ ਨਾ ਹੋਇਆ ਕਿਉਂਜੁ ਪਤਨੀ ਨੂੰ ਮਿਲਣ ਦਾ ਖਿਆਲ ਕਾਫੀ ਗਰਮ ਸੀ। ਦੋ ਘੰਟੇ ਸਾਈਕਲ ਉੱਤੇ ਘੁੰਮਣ ਪਿੱਛੋਂ ਉਹ ਆਪਣੇ ਮਕਾਨ ਦੇ ਲਾਗੇ ਮੈਦਾਨ ਵਿਚ ਬਹਿ ਗਿਆ ਤੇ ਮਹਿਸੂਸ ਕਰਨ ਲੱਗਿਆ ਕਿ ਉਹ ਰੁਮਾਂਚਿਤ ਹੋ ਗਿਆ ਹੈ। ਜਦੋਂ ਉਹਨੂੰ ਠੰਢੀ ਰਾਤ ਦੀ ਧੁੰਦਿਆਲੀ ਚੁਪ ਦਾ ਖਿਆਲ ਆਇਆ ਤਾਂ ਇਹ ਉਹਨੂੰ ਇਕ ਜਾਣੀ-ਪਹਿਚਾਣੀ ਚੀਜ਼ ਦਿਸੀ। ਉਪਰ, ਠਿਠਰੇ ਹੋਏ ਅਸਮਾਨ ਉਤੇ ਤਾਰੇ ਚਮਕ ਰਹੇ ਸਨ ਜਿਵੇਂ ਪਾਣੀ ਦੇ ਮੋਟੇ ਮੋਟੇ ਤੁਪਕੇ ਜੰਮ ਕੇ ਮੋਤੀ ਬਣ ਗਏ ਹੋਣ। ਕਦੇ ਕਦੇ ਰੇਲਵੇ ਇੰਜਣ ਦੀ ਚੀਕ ਚੁੱਪ ਨੂੰ ਤੋੜ ਦਿੰਦੀ ਅਤੇ ਜੋਗਿੰਦਰ ਸਿੰਘ ਦਾ ਕਹਾਣੀਕਾਰ ਦਿਮਾਗ ਸੋਚਦਾ ਕਿ ਇਹ ਚੁੱਪ ਬਰਫ ਦਾ ਵੱਡਾ ਸਾਰਾ ਡਲਾ ਹੈ ਅਤੇ ਸੀਟੀ ਦੀ ਆਵਾਜ਼ ਉਹ ਚੀਕ ਹੈ ਜਿਹੜੀ ਉਹਦੀ ਛਾਤੀ ਵਿਚ ਧਸ ਗਈ ਹੈ। ਕਾਫ਼ੀ ਚਿਰ ਤਕ ਜੋਗਿੰਦਰ ਸਿੰਘ ਇਕ ਨਵੀਂ ਕਿਸਮ ਦੇ ਰੁਮਾਂਸ ਨੂੰ ਆਪਣੇ ਦਿਲ ਤੇ ਦਿਮਾਗ ਵਿਚ ਫੈਲਾਉਂਦਾ ਰਿਹਾ ਅਤੇ ਰਾਤ ਦੀਆਂ ਅੰਧਿਆਰੀਆਂ ਖੂਬਸੂਰਤੀਆਂ ਨੂੰ ਗਿਣਦਾ ਰਿਹਾ। ਉਸ ਨੇ ਚਾਣਚਕ ਚੌਂਕ ਕੇ ਘੜੀ ਦੇਖੀ-ਬਾਰਾਂ ਵੱਜਣ ਵਿਚ ਦੋ ਮਿੰਟ ਰਹਿੰਦੇ ਸਨ। ਉਠਿਆ ਅਤੇ ਘਰ ਪਹੁੰਚ ਕੇ ਦਰਵਾਜ਼ਾ ਮਲਕੜੇ ਜਿਹੇ ਖੜਕਾਇਆ। ਪੰਜ ਸਕਿੰਟ ਬੀਤ ਗਏ, ਦਰਵਾਜ਼ਾ ਨਾ ਖੁਲਿਆ। ਉਹਨੇ ਮੁੜ ਦਸਤਕ ਦਿੱਤੀ। ਦਰਵਾਜ਼ਾ ਖੁਲਿਆ। ਜੋਗਿੰਦਰ ਸਿੰਘ ਨੇ ਹੌਲੀ ਜਿਹੀ ਕਿਹਾ, 'ਅੰਮ੍ਰਿਤ' ਤੇ ਜਦੋਂ ਨਜ਼ਰਾਂ ਚੁੱਕ ਕੇ ਤੱਕਿਆ ਤਾਂ ਉਥੇ ਅੰਮ੍ਰਿਤ ਕੌਰ ਦੀ ਥਾਂ ਤ੍ਰਿਪਾਠੀ ਖਲੋਤਾ ਸੀ। ਹਨੇਰੇ ਵਿਚ ਜੋਗਿੰਦਰ ਸਿੰਘ ਨੂੰ ਇੰਜ ਲੱਗਿਆ ਜਿਵੇਂ ਤ੍ਰਿਪਾਠੀ ਦੀ ਦਾੜ੍ਹੀ ਏਡੀ ਲੰਮੀ ਹੋ ਗਈ ਸੀ ਕਿ ਜ਼ਮੀਨ ਨੂੰ ਛੂਹ ਰਹੀ ਸੀ। ਉਹਨੂੰ ਤ੍ਰਿਪਾਠੀ ਦੀ ਆਵਾਜ਼ ਸੁਣਾਈ ਦਿੱਤੀ, 'ਆ ਗਿਆ ਏਂ ਜੋਗਿੰਦਰ ਸਿੰਘ ਇਹ ਵੀ ਚੰਗਾ ਈ ਹੋਇਆ, ਮੈਂ ਹੁਣੇ-ਹੁਣੇ ਇਕ ਕਹਾਣੀ ਮੁਕਾਈ ਹੈ, ਆ ਤੈਨੂੰ ਸੁਣਾਵਾਂ।'

## ਝੋਨੇ ਕਾਰਨ ਪੰਜਾਬ...

ਜ਼ੀਰੋ ਟਿਲ ਡਰਿਲ ਫਿਰ ਨਹੀਂ ਚੱਲੀ। ਹੈਪੀਸੀਡਰ ਵਰਗੀਆਂ ਭਾਰੀਆਂ ਮਸ਼ੀਨਾਂ ਕੱਢ ਦਿੱਤੀਆਂ ਜਿਹੜੀਆਂ 65 ਹਾਰਸ ਪਾਵਰ ਤੋਂ ਘੱਟ ਵਾਲੇ ਟਰੈਕਟਰ ਦੀ ਲਿਫਟ ਹੀ ਨਹੀਂ ਚੁੱਕਦੀ। ਜੇ ਲਿਫਟ ਚੁੱਕਦੀ ਹੈ ਤਾਂ ਟਰੈਕਟਰ ਅੱਗੋਂ ਚੁੱਕਿਆ ਜਾਂਦਾ ਹੈ। ਇਹੋ ਜਿਹੀਆਂ ਮਸ਼ੀਨਾਂ ਖ਼ਰੀਦਣ ਨੂੰ ਸਬਸਿਡੀ ਕਿਸਾਨਾਂ ਨੂੰ ਦਿੱਤੀ ਗਈ ਪਰ ਵਾਰੇ ਨਿਆਰੇ ਸੰਦ ਬਣਾਉਣ ਵਾਲਿਆਂ ਦੇ ਹੋ ਗਏ।

**ਅੱਗੇ ਦਾ ਰਸਤਾ :** ਝੋਨਾ ਇਹੋ ਜਿਹੀ ਫ਼ਸਲ ਹੈ, ਜਿਸ ਦਾ ਰਕਬਾ ਘਟਾਇਆ ਜਾ ਸਕਦਾ ਹੈ ਪਰ ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਜੇ ਛੱਡਿਆ ਨਹੀਂ ਜਾ ਸਕਦਾ ਤਾਂ ਬਾਇਓ ਤਕਨਾਲੋਜੀ ਦੀ ਸਹਾਇਤਾ ਨਾਲ ਝੋਨੇ ਦੀਆਂ ਕਿਸਮਾਂ, ਘੱਟ ਪਾਣੀ ਲੈਣ ਵਾਲੀਆਂ, ਪਨੀਰੀ ਲਾਉਣ ਤੋਂ ਬਾਅਦ ਥੋੜੇ ਸਮੇਂ ਵਿਚ ਪੱਕਣ ਵਾਲੀਆਂ ਅਤੇ ਜਿਨਾਂ ਦੇ ਦਾਣਿਆਂ ਅਤੇ ਪਰਾਲੀ ਦਾ ਅਨੁਪਾਤ ਘੱਟ ਤੋਂ ਘੱਟ ਹੋਵੇ, ਉਹ ਈਜਾਦ ਕੀਤੀਆਂ ਜਾਣ ਤਾਂ ਕਿ ਪਾਣੀ ਅਤੇ ਪ੍ਰਦੂਸ਼ਣ ਦੀਆਂ ਦੋਵੇਂ ਸਮੱਸਿਆਵਾਂ ਹੱਲ ਹੋਣ। ਇਸ ਕੰਮ ਲਈ ਮਿਸ਼ਨ ਮੋਡ ਤਹਿਤ ਮਾਹਰਾਂ ਦੀ ਇਕ ਟੀਮ ਬਣਾਈ ਜਾਵੇ, ਲੋੜ ਅਨੁਸਾਰ ਖੁੱਲਾ ਪੈਸਾ ਸਿੱਧਾ ਪ੍ਰਮੁੱਖ ਜਾਂਚ ਅਧਿਕਾਰੀ ਨੂੰ ਦਿੱਤਾ ਜਾਵੇ। ਉਹ ਦਿਨ-ਰਾਤ ਮਿਹਨਤ ਕਰਕੇ ਲੈਬ ਅਤੇ ਫੀਲਡ ਵਿਚ ਸਾਲ ਦੀਆਂ 3-4 ਫ਼ਸਲਾਂ ਲੈ ਕੇ ਜਲਦੀ ਤੋਂ ਜਲਦੀ ਨਵੀਆਂ ਕਿਸਮਾਂ ਕੱਢਣ। ਜਿਹੜਾ ਰਕਬਾ ਝੋਨੇ ਹੇਠੋਂ ਬਦਲਣਾ ਹੈ ਉਸ ਲਈ ਮੰਡੀਕਰਨ ਦੇ ਮਾਹਿਰਾਂ ਦੀ ਟੀਮ ਦੀ ਸਹਾਇਤਾ ਨਾਲ ਉਚੇਰੀ ਕੀਮਤ ਵਾਲੇ ਉਤਪਾਦਾਂ ਦੇ ਬਰਾਬਰ ਵਾਲੀਆਂ ਫ਼ਸਲਾਂ ਚੁਣੀਆਂ ਜਾਣ ਅਤੇ ਕਿਸਾਨ ਉਤਪਾਦਕ ਸੰਗਠਨ ਬਣਾ ਕੇ ਇਹ ਫ਼ਸਲਾਂ ਪੈਦਾ ਕਰਵਾਈਆਂ ਜਾਣ। ਉਨਾਂ ਦੀ ਬਰਾਮਦ ਵਿਚ ਸਾਡੀਆਂ ਸਰਕਾਰੀ ਏਜੰਸੀਆਂ ਮਾਰਕਫੈੱਡ ਪੰਜਾਬ ਐਗਰੋ ਆਦਿ ਸਹਾਇਤਾ ਕਰਨ।

## ਮਾਂ ਬੋਲੀ ਇਕ

ਕਿਹੜਾ ਇਹ ਫ਼ਾਨੀ ਦੁਨੀਆ ਛੱਡ ਕੇ ਚਲਾ ਗਿਆ। ਜੇ ਸਾਡੇ ਕਿਸੇ ਦੋਸਤ ਨਾਲ ਮੁਲਾਕਾਤ ਹੋਵੇ ਤਾਂ ਸਾਡਾ ਸਲਾਮ ਕਹਿਣਾ। ਸਤਿ ਸ੍ਰੀ ਅਕਾਲ ਬੁਲਾ ਦੇਣਾ। ਪਰ ਆਪਣੇ ਸ਼ਹਿਰਾਂ, ਪਿੰਡਾਂ ਤੇ ਦੋਸਤਾਂ ਦੀਆਂ ਯਾਦਾਂ ਨੂੰ ਆਪਣੇ ਸੀਨੇ ਲਾਈ ਰੱਖਣ ਵਾਲੀ ਇਹ ਪੀੜੀ 95 ਫ਼ੀਸਦੀ ਤਾਂ ਮਰ ਚੁੱਕੀ ਹੈ। ਦੂਜੀ ਪੀੜੀ ਵੀ ਬੁੱਢੀ ਹੋ ਗਈ ਹੈ ਤੇ ਅੱਧੋਂ ਬਹੁਤੀ ਇਹ ਦੁਨੀਆ ਛੱਡ ਗਈ ਹੈ। ਚੜਦੇ ਤੇ ਲਹਿੰਦੇ ਪੰਜਾਬ ਦੀ ਤੀਜੀ ਜਾਂ ਜਵਾਨ ਹੋ ਰਹੀ ਚੌਥੀ ਪੀੜੀ ਇਕ-ਦੂਜੇ ਨੂੰ ਪੁੱਛਣ-ਦੱਸਣ ਤੇ ਆਪਸੀ ਬਜ਼ੁਰਗਾਂ ਦੇ ਯਾਰਾਨੇ ਤੇ ਮੁਹੱਬਤਾਂ ਭਰੀਆਂ ਸਾਂਝਾਂ ਨੂੰ ਭੁਲਦੀ ਹੋਈ ਹਨੇਰਿਆਂ 'ਚ ਗਵਾਚਦੀ ਜਾ ਰਹੀ ਹੈ। ਆਪਣੇ ਪਿੰਡਾਂ, ਸ਼ਹਿਰਾਂ ਨੂੰ ਦੇਖਣ ਦੀ ਖਾਹਿਸ਼ ਇਸ ਬਾਰੇ ਚਾਵਾਂ ਭਰੇ ਆਉਣ ਵਾਲੇ ਸੁਪਨੇ ਸਮੇਂ ਦੀ ਧੁੰਦਲ ਹੌਲੀ-ਹੌਲੀ ਦਫ਼ਨ ਹੁੰਦੇ ਜਾ ਰਹੇ ਹਨ। ਖਿਆਲਾਂ, ਵਿਚਾਰਾਂ, ਜਜ਼ਬਾਤ ਤੇ ਆਸਾਂ-ਉਮੀਦਾਂ ਦੀ ਮੌਤ ਹੋ ਰਹੀ ਹੈ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਦੁਸ਼ਮਣ ਇਹੋ ਹੀ ਤਾਂ ਚਾਹੁੰਦੇ ਹਨ। ਚੜਦੇ ਪੰਜਾਬ ਦਾ ਕੋਈ ਸੱਜਣ ਪੰਜਾਬੀ ਚਿੱਠੀ ਲਿਖ ਕੇ ਆਪਣੇ ਲਹਿੰਦੇ ਪੰਜਾਬ ਦੇ ਪਿਆਰੇ ਨੂੰ ਭੇਜੇ ਤਾਂ ਚਿੱਠੀ ਮਿਲਣ ਤੋਂ ਬਾਅਦ ਉਹ ਵਿਚਾਰਾ ਪਿੰਡਾਂ, ਸ਼ਹਿਰਾਂ ਵਿਚ ਚਿੱਠੀ ਪੜਾਉਣ ਲਈ ਰਾਹਾਂ ਵਿਚ ਰੁਲ ਜਾਏਗਾ।

ਕਿਉਂਕਿ ਗੁਰਮੁਖੀ ਪੜੇਗਾ ਕੌਣ ? ਇੰਜ ਹੀ ਲਹਿੰਦੇ ਪੰਜਾਬ ਦਾ ਪੰਜਾਬੀ ਉਰਦੂ 'ਚ ਚਿੱਠੀ ਲਿਖ ਕੇ ਆਪਣੇ ਚੜਦੇ ਪੰਜਾਬ ਦੇ ਪੰਜਾਬੀ ਨੂੰ ਭੇਜੇ ਤਾਂ ਲਿਖੇ ਮੂਸਾ ਤੇ ਪੜੇ ਖ਼ੁਦਾ ਵਾਲੀ ਗੱਲ ਹੋਵੇਗੀ। ਜਿਸ ਬੋਲ ਦੀ ਜਿਸ ਲਿਖੇ ਦੀ ਸਮਝ ਨਾ ਆਵੇ, ਉਹ ਸਮਝਦਾਰਾਂ ਦੀ ਸਮਝ ਦੀ ਵੀ ਮੱਤ ਮਾਰ ਦਿੰਦਾ ਹੈ। ਇਹ ਤਾਂ ਗੂੰਗੇ-ਬੋਲੇ ਅੱਗੇ ਬਾਤ ਪਾਉਣ ਵਾਲੀ ਗੱਲ ਹੈ। ਜਦ ਓਸੜ (ਗ਼ੈਰ) ਤੇ ਓਪਰੀ ਬੋਲੀ 'ਚ ਦੋ ਪੰਜਾਬੀ ਆਪਸ ਵਿਚ ਗੱਲ ਕਰਦੇ ਹਨ ਤਾਂ ਹੋਣ ਵਾਲੀਆਂ ਗੱਲਾਂ ਮੂੰਹੋਂ ਥੱਲੇ ਦਿਲ ਵਿਚ ਨਹੀਂ ਉਤਰਦੀਆਂ। ਪਰ ਜਦ ਕਦੀ ਪੰਜਾਬਣ ਮੁਟਿਆਰ ਤੇ ਪੰਜਾਬੀ ਮੁੰਡਾ ਭਾਵੇਂ ਕੋਈ ਚੜਦੇ ਪੰਜਾਬ ਦਾ ਤੇ ਕੋਈ ਲਹਿੰਦੇ ਪੰਜਾਬ ਦੀ ਪੰਜਾਬਣ ਹੈ, ਜਦ ਆਪਣੀ ਮਾਂ-ਬੋਲੀ ਪੰਜਾਬੀ 'ਚ ਗੱਲ ਜਾਂ ਗੀਤ ਰਾਹੀਂ ਮਨ ਦੀਆਂ ਸਾਂਝਾਂ ਦਾ ਇਕਰਾਰ (ਇਜ਼ਹਾਰ-ਵਾਅਦਾ) ਕਰਨ ਤਾਂ ਵੰਡਾਂ ਦੀਆਂ ਵਾੜਾਂ ਦਾ ਫ਼ਰਕ ਮਿਟ ਜਾਂਦਾ ਹੈ। ਦਿਲ ਮੋਹੇ ਜਾਂਦੇ ਹਨ। ਇਕ-ਦੂਜੇ ਦੇ ਹੋਣ ਦਾ ਅਹਿਸਾਸ ਦਿਲ ਧੜਕਾਉਂਦਾ ਹੈ।

## ਮੋਹ ਦੀਆਂ ਤੰਦਾਂ

ਬਾਪੂ ਰਾਤੋਂ ਰਾਤ ਖੇਤ ਦਾ ਬੰਨਾ ਵੱਢਕੇ ਆਪਣੇ ਖੇਤ ਨਾਲ ਰਲਾ ਰਿਹੈ। ਉਹਦਾ ਮਨ ਗੁੱਸੇ ਨਾਲ ਭਰ ਆਇਆ। ਉਹ ਹੱਥ 'ਚ ਡਾਂਗ ਫੜੀ ਖੇਤਾਂ ਵੱਲ ਲਲਕਾਰਦਿਆਂ ਦੂਰੋਂ ਹੀ ਬੋਲਿਆ, 'ਕਿਹੜਾ ਬਈ ?'

ਅਵਾਜ਼ ਸੁਣਕੇ ਵੀ ਬਿਸ਼ਨਾ ਵਾਹੋ ਦਾਹੀ ਆਪਣੇ ਕੰਮ ਲੱਗਾ ਰਿਹਾ ਅਤੇ ਆਪਣੇ ਪੁੱਤਰ ਦੇ ਰੋਹ ਭਰੇ ਬੋਲ ਸੁਣਕੇ ਬੋਲਣ ਲੱਗਾ, 'ਸੁਹਰਿਓ ਤੁਸੀਂ ਤਾਂ ਨਿਰਮੋਹੇ ਹੋਗੇ ਮਾਂ ਪਿਓ ਨਾਲ, ਮੈਂ ਤਾਂ ਨਹੀਂ ਨਾ ਹੋ ਸਕਦਾ ਆਪਣੇ ਪੁੱਤਾਂ ਵਰਗੇ ਖੇਤਾਂ ਨਾਲ'

ਮੀਤੇ ਨੇ ਜਦੋਂ ਆਪਣਾ ਝੋਨੇ ਦਾ ਖੇਤ ਪਾਣੀ ਨਾਲ ਨੱਕੋ ਨੱਕ ਭਰਿਆ ਵੇਖਿਆ ਤਾਂ ਉਹਨੂੰ ਆਪਣੇ ਆਪ 'ਤੇ ਸ਼ਰਮਿੰਦਗੀ ਆਈ। ਡਾਂਗ ਪਰੇ ਸੁੱਟ ਉਸ ਬਾਪੂ ਨੂੰ ਦੋਹਾਂ ਹੱਥ ਨਾਲ ਆ ਗਲਵਕੜੀ ਪਾਈ। ਉਸਦੇ ਮੂੰਹੋਂ ਕੋਈ ਸ਼ਬਦ ਨਹੀਂ ਸਨ ਨਿਕਲ ਰਹੇ, ਸਗੋਂ ਅੱਖਾਂ 'ਚੋਂ ਅੱਥਰੂ ਵਗੀ ਜਾ ਰਹੇ ਸਨ। ਬਿਸ਼ਨਾ ਲਗਾਤਾਰ ਬੋਲੀ ਜਾ ਰਿਹਾ ਸੀ, 'ਨਿਰਮੋਹਿਓ..।'

ਦੂਰ ਖੜੇ ਬਿਸ਼ਨੇ ਦੇ ਦੂਜੇ ਦੋਵੇਂ ਪੁੱਤ ਹੈਰਾਨੀ ਨਾਲ ਵੇਖ ਰਹੇ ਸਨ।

## ਸ੍ਰੀ ਗੁਰੂ ਅਰਜਨ...

ਗੁਰੂ ਜੀ ਨੇ ਉਤਰ ਦਿਤਾ-ਭਾਈ ਪਿਰਾਣਾ, ਸਬਰ ਨਾਲ ਕਸ਼ਟ ਝਲਣੇ ਚਾਹੀਦੇ ਹਨ। ਇਸ ਦਾ ਫਲ ਚੰਗਾ ਹੋਵੇਗਾ। ਚੰਦੂ ਦੀ ਨੂੰਹ ਨੂੰ ਜਦ ਇਸ ਕਾਰੇ ਦਾ ਪਤਾ ਲੱਗਾ, ਤਦ ਉਸ ਨੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਕੇ ਸੇਵਾ ਕਰਨ ਦੀ ਬੇਨਤੀ ਕੀਤੀ, ਪਰ ਮਹਾਰਾਜ ਨੇ ਅੰਨ ਜਲ ਅੰਗੀਕਾਰ ਨਹੀਂ ਕੀਤਾ। ਤੀਸਰੇ ਦਿਨ ਸਤਿਗੁਰੂ ਦੇ ਕੋਮਲ ਸਰੀਰ ਤੇ ਤੱਤੀ ਰੇਤ ਪੁਆਈ ਗਈ। ਚੌਥੇ ਦਿਨ ਤੱਤੀ ਲੋਹ ਤੇ ਬਿਠਾਇਆ ਗਿਆ।ਜਿਸ ਕਰਕੇ ਸਰੀਰ ਝੁਲਸ ਗਿਆ। ਪੰਜ ਦਿਨ ਸਖ਼ਤ ਤਸੀਹੇ ਸਹਾਰਨ ਦੇ ਬਾਅਦ ਗੁਰੂ ਜੀ ਨੇ ਨਾਲ ਦੇ ਸਿਖਾਂ ਨੂੰ ਕਿਹਾ, 'ਹੁਣ ਸਾਡਾ ਅੰਤ ਸਮਾਂ ਨੇੜੇ ਆ ਗਿਆ ਹੈ'। ਆਪ ਭਾਈ ਜੇਠੇ ਤੇ ਪਿਰਾਣੇ ਦੇ ਮੋਢੇ ਤੇ ਹੱਥ ਰਖਕੇ ਇਸ਼ਨਾਨ ਕਰਨ ਲਈ ਰਾਵੀ ਦੇ ਕੰਢੇ ਪੁੱਜੇ ਜਾਂ ਲਿਜਾਏ ਗਏ। ਭਾਈ ਲੰਗਾਹ ਨੇ ਆਖਰੀ ਵੇਰ ਪਵਿਤਰ ਚਰਨ ਧੋਤੇ। ਮੁਗਲ ਸਿਪਾਹੀ ਕੰਢੇ 'ਤੇ ਖੜੇ ਸਨ। ਸਿਖ ਭੀ ਦਰਸ਼ਨ ਕਰ ਰਹੇ ਸਨ। ਸਤਿਗੁਰੂ ਜੀ ਨੇ ਜਪੁਜੀ ਦਾ ਪਾਠ ਕੀਤਾ। ਮਾਰੂ ਰਾਗ ਦੇ ਇਕ ਸ਼ਬਦ ਵਿਚ ਆਪ ਨੇ ਫੁਰਮਾਇਆ ਸੀ : 'ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਾਰ ਬਣਜੇ ਲਾਦਿ ਵਖਰੁ ਲੈ ਚਾਲਿਓ ॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥1॥ਰਹਾਉ॥ਜੈਸੀ ਆਗਿਆ ਕੀਨੀ ਠਾਕੁਰਿ ਤਿਸਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦ ਰਖਿਓ ਗ੍ਰਿਹਿ ਭੀਤਰਿ ਉਠਿ ਉਆਹੂ ਕਉ ਦਉਰਿਓ ॥2 ॥ ਆਗਿਆ ਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਸੋ ਮਾਥੈ ਲੇ ਮਾਨਿਓ ॥3 ॥ ਭਇਓ ਕ੍ਰਿਪਾਲੁ ਠਾਕੁਰੁ ਕਉ ਸੇਵਕ ਸਵਰੇ ਹਲਤੁ ਪਲਾਤਾ ॥ ਧੰਨੁ ਸੇਵਕੁ ਸਫਲ ਉਹ ਆਇਆ ਜਿਨਿ ਨਾਨਕ ਖਸਮ ਪਛਾਤਾ ॥

ਗੁਰੂ ਜੀ ਨੇ ਇਸ ਸ਼ਬਦ ਦੇ ਆਦਰਸ਼ ਨੂੰ ਸੰਪੂਰਨ ਕੀਤਾ। ਪੰਚਮ ਪਾਤਸ਼ਾਹ ਜੀ ਦੀ ਅਸਹਿ ਕਸ਼ਟਾਂ ਵਿਚ ਭੀ ਜੋ ਆਤਮਿਕ ਅਵਸਥਾ ਰਹੀ। ਭਾਈ ਗੁਰਦਾਸ ਜੀ ਉਸਦਾ ਇਉਂ ਵਰਨਣ ਕਰਦੇ ਹਨ ਰਹਿੰਦੇ ਗੁਰੁ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ॥ ਦਰਸਨ ਦੇਖ ਪਤੰਗ ਜਿਉ ਜੋਤੀ ਅੰਦਰ ਜੋਤਿ ਸਮਾਣੀ ॥ ਸਬਦ ਸੁਰਤ ਲਿਵ ਮ੍ਰਿਗ ਜਯੋਂ ਭੀੜਪਈ ਚਿਤੁ ਅਵਰੁ ਨ ਆਣੀ ॥ ਚਰਨ ਕੰਵਲ ਮਿਲ ਭਵਰ ਜਯੋਂ ਸੁਖ ਸੰਪਟ ਵਿਚ ਰੈਣ ਵਿਹਾਣੀ॥ ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉਂ ਆਖ ਵਖਾਣੀ ॥ ਗੁਰਮੁਖ ਸੁਖ ਫਲ ਪਰਮ ਰਸ ਸਹਿਜ ਸਮਾਧਿ ਸਾਧ ਸੰਗ ਜਾਣੀ। ਗੁਰ ਅਰਜਨ ਵਿਟਹੁ ਕੁਰਬਾਨੀ ॥ (ਵਾਰ 23-24) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ-ਉਦੇਸ਼ ਪੂਰਾ ਹੋ ਚੁਕਾ ਸੀ। ਸ੍ਰੀ ਜਪੁਜੀ ਦਾ ਪਾਠ ਸਮਾਪਤ ਕਰਕੇ ਬ੍ਰਹਮ ਗਿਆਨ ਦੀ ਮੂਰਤਿ, ਸ਼ਾਂਤਮਈ ਦੇ ਪੰਜ, ਨੇਕੀ ਦੇ ਸੂਰਜ ਜੇਠ ਸੁਦੀ ਚੌਥ, ਸੰਮਤ 1663 (3 ਜੂਨ ਸੰਮਤ 1606 ਨੂੰ ਸਰੀਰਕ ਤੌਰ 'ਤੇ ਰਾਵੀ ਵਿਚ ਤੇ ਆਤਮਿਕ ਸਰੂਪ ਵਾਹਿਗੁਰੂ ਵਿਚ ਲੀਨ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਚਾਰ ਮਹੀਨੇ ਪਿਛੋਂ ਇਕ ਯੂਰਪੀਨ ਪਾਦਰੀ ਜੇਮਸ ਜ਼ੇਵੀਅਰ ਨੇ 25 ਸਤੰਬਰ ਸੰਨ 1606 ਈ : ਨੂੰ ਲਾਹੌਰ ਤੋਂ 'ਇਕ ਚਿਠੀ ਲਿਖੀ , ਜਿਸ ਦਾ ਅੰਗਰੇਜ਼ੀ ਉਤਾਰਾ ਜੌਹਨ ਏ.ਡੀ. ਸਿਲਵਾ ਨੇ ਕੀਤਾ ਹੈ। ਉਸ ਵਿਚ ਖੁਸਰੋ ਦੇ ਗੁਰੂ ਸਾਹਿਬ ਪਾਸ ਆਉਣ ਬਾਦਸ਼ਾਹ ਜਹਾਂਗੀਰ ਵਲੋਂ ਉਨਾਂ ਨੂੰ ਗ੍ਰਿਫਤਾਰ ਕਰਕੇ ਤਸੀਹੇ ਦੇਣ ਦੀ ਸਾਰੀ ਵਾਰਤਾ ਦਰਜ ਹੈ। ਲਿਖਿਆ ਹੈ ਕਿ ਗੁਰੂ ਸਾਹਿਬ ਪਰ ਸਰੀਰਕ ਤਸ਼ੱਦਦ ਬਹੁਤ ਕੀਤਾ ਗਿਆ। ਇਹ ਸਿੱਖ ਇਤਿਹਾਸ ਦੀ ਪਹਿਲੀ ਬੇ-ਮਿਸਾਲ ਕੁਰਬਾਨੀ ਹੈ। ਗੁਰੂ ਜੀ ਬੜੀ ਮਹਾਨ ਆਤਮਾ ਸਨ, ਉਨਾਂ ਨੇ ਇਹ ਕੁਰਬਾਨੀ ਸਿੱਖੀ ਦੇ ਬਚਾਉਣ, ਦੀਨ ਦੁਖੀਆਂ ਦੀ ਸੇਵਾ ਤੇ ਇਕ ਵੱਡੇ ਆਦਰਸ਼ ਲਈ ਕੀਤੀ। ਇਸਦਾ ਫਲ਼ ਹੋਇਆ ਕਿ ਸਿੱਖ ਸੰਤ ਤੋਂ ਸਿਪਾਹੀ ਬਣ ਗਏ। ਉਨਾਂ ਨੇ ਆਪਣੀ ਬੀਰਤਾ ਤੇ ਕੁਰਬਾਨੀ ਨਾਲ ਸਦੀਆਂ ਦਾ ਪੁਰਾਣਾ ਇਤਿਹਾਸ ਬਦਲ ਕੇ ਰੱਖ ਦਿੱਤਾ।

## ਭਾਰਤ ਦਾ ਅਕਸ ਵਿਗਾੜ..

ਦੁਨੀਆ ਦੇ ਸਾਰੇ ਦੇਸ਼ਾਂ ਦੀ ਤਰਾਂ ਸਾਰੇ ਮੁਸਲਿਮ ਦੇਸ਼ਾਂ ਦੇ ਵੀ ਨਵੀਂ ਦਿੱਲੀ 'ਚ ਦੂਤਘਰ ਹਨ, ਜਿਨਾਂ 'ਚ ਕੰਮ ਕਰਨ ਵਾਲਾ ਸਟਾਫ਼ ਆਪਣੇ-ਆਪਣੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਰਿਪੋਰਟ ਭੇਜਦਾ ਰਹਿੰਦਾ ਹੈ ਕਿ ਭਾਰਤ ਵਿਚ ਕੀ ਚੱਲ ਰਿਹਾ ਹੈ। ਇਸ ਲਈ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਨੂੰ 'ਫਰਿੰਜ ਐਲੀਮੈਂਟ' ਕਰਾਰ ਦੇ ਕੇ ਉਨਾਂ ਦੇਸ਼ਾਂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ।

ਇੱਥੇ ਸਵਾਲ ਇਹ ਵੀ ਹੈ ਕਿ ਕੋਈ 'ਫਰਿੰਜ ਐਲੀਮੈਂਟ' ਸੱਤਾਧਾਰੀ ਦਲ ਦਾ ਅਧਿਕਾਰਤ ਬੁਲਾਰਾ ਕਿਵੇਂ ਹੋ ਸਕਦਾ ਹੈ ? ਜੇਕਰ ਭਾਜਪਾ ਦੇ ਇਹ ਦੋਵੇਂ ਬੁਲਾਰੇ 'ਫਰਿੰਜ ਐਲੀਮੈਂਟ' ਹਨ ਤਾਂ ਫਿਰ ਕਥਿਤ ਵੱਖਵਾਦੀਆਂ ਨੂੰ ਉਨਾਂ ਦੇ ਕੱਪੜਿਆਂ ਤੋਂ ਪਛਾਣਨ ਅਤੇ ਸ਼ਮਸ਼ਾਨ ਬਨਾਮ ਕਬਰਸਤਾਨ ਵਾਲੇ ਬਿਆਨ ਦੇਣ ਵਾਲੇ ਸ਼ਖ਼ਸ ਨੂੰ ਕਿਹੜੀ ਸ਼੍ਰੇਣੀ ਵਿਚ ਰੱਖਿਆ ਜਾਵੇਗਾ ? ਸਰਕਾਰ ਦੇ ਮੰਤਰੀਆਂ ਅਤੇ ਸੱਤਾਧਾਰੀ ਪਾਰਟੀ ਦੇ ਉਨਾਂ ਨੇਤਾਵਾਂ ਨੂੰ ਕੀ ਕਿਹਾ ਜਾਵੇਗਾ, ਜੋ ਗੱਲ-ਗੱਲ 'ਤੇ ਆਪਣੇ ਵਿਰੋਧੀਆਂ ਨੂੰ ਪਾਕਿਸਤਾਨ ਜਾਣ ਦੀ ਸਲਾਹ ਦਿੰਦੇ ਹਨ ਅਤੇ ਜਨਤਕ ਸਭਾਵਾਂ ਵਿਚ ਇਕ ਖ਼ਾਸ ਭਾਈਚਾਰੇ ਨੂੰ ਗੱਦਾਰ ਕਰਾਰ ਦਿੰਦਿਆਂ ਉਨਾਂ ਨੂੰ ਗੋਲੀ ਮਾਰਨ ਦੇ ਨਾਅਰੇ ਲਗਾਉਂਦੇ ਹਨ ?

ਫਿਲਹਾਲ ਮੁੱਦਾ ਇਹ ਹੈ ਕਿ ਜੇਕਰ ਮੋਦੀ ਸਰਕਾਰ ਨੂੰ ਆਪਣੇ ਅਤੇ ਦੇਸ਼ ਦੇ ਅਕਸ ਦੀ ਫਿਕਰ ਹੈ ਤਾਂ ਉਸ ਨੂੰ ਆਪਣੇ ਗਿਰੇਵਾਨ 'ਚ ਝਾਕਣ ਦੀ ਲੋੜ ਹੈ। ਉਸ ਲਈ ਇਹ ਸੋਚਣ ਅਤੇ ਚਿੰਤਾ ਦੀ ਗੱਲ ਹੈ ਕਿ ਤਮਾਮ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿਸ਼ਵ ਸੰਸਥਾਵਾਂ ਦੀਆਂ ਰਿਪੋਰਟਾਂ 'ਚ ਲੋਕਤੰਤਰ, ਮੀਡੀਆ ਦੀ ਆਜ਼ਾਦੀ, ਮਨੁੱਖੀ ਅਧਿਕਾਰ, ਧਾਰਮਿਕ ਸੁਤੰਤਰਤਾ, ਟਿਕਾਊ ਵਿਕਾਸ, ਖ਼ੁਸ਼ਹਾਲੀ ਸੂਚਕ ਅੰਕ, ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ, ਪੈਨਸ਼ਨ ਸਿਸਟਮ, ਪਾਸਪੋਰਟ ਰੈਂਕਿੰਗ ਆਦਿ ਦੇ ਪੈਮਾਨਿਆਂ 'ਤੇ ਭਾਰਤ ਦਾ ਲਗਾਤਾਰ ਖ਼ਰਾਬ ਅਕਸ ਕਿਉਂ ਸਾਹਮਣੇ ਆ ਰਿਹਾ ਹੈ ? ਜੇਕਰ ਉਸ ਨੂੰ ਅਕਸ ਦੀ ਚਿੰਤਾ ਨਹੀਂ ਹੈ ਤਾਂ ਫਿਰ ਉਹ ਬੇਸ਼ੱਕ ਇਨਾਂ ਰਿਪੋਰਟਾਂ ਨੂੰ ਨਜ਼ਰਅੰਦਾਜ਼ ਕਰਕੇ ਜਾਂ ਇਨਾਂ ਨੂੰ ਤਿਆਰ ਕਰਨ ਵਾਲੀਆਂ ਸੰਸਥਾਵਾਂ ਨੂੰ ਝੂਠੀਆਂ ਦਲੀਲਾਂ ਦੇ ਸਹਾਰੇ ਸ਼ੀਸ਼ਾ ਦਿਖਾਉਣ ਦੀ ਰਣਨੀਤੀ 'ਤੇ ਅੱਗੇ ਵਧ ਸਕਦੀ ਹੈ, ਪਰ ਇਹ ਗੱਲ ਧਿਆਨ 'ਚ ਰੱਖੀ ਜਾਣੀ ਚਾਹੀਦੀ ਹੈ ਕਿ ਸੱਚ ਨੂੰ ਮੀਡੀਆ ਰਾਹੀਂ ਹਮੇਸ਼ਾ ਲਈ ਛੁਪਾਇਆ ਜਾਂ ਦਬਾਇਆ ਨਹੀਂ ਜਾ ਸਕਦਾ। ਆਪਣੇ ਅਕਸ ਦੀ ਚਿੰਤਾ ਤਹਿਤ ਸਿਰਫ਼ ਕੁਝ ਨੇਤਾਵਾਂ ਨੂੰ ਸੰਭਲ ਕੇ ਬੋਲਣ ਦੀ ਹਦਾਇਤ ਦੇਣ ਨਾਲ ਕੰਮ ਨਹੀਂ ਚੱਲੇਗਾ, ਸਗੋਂ ਸਰਕਾਰ ਅਤੇ ਪਾਰਟੀ ਦੇ ਸਿਖਰ 'ਤੇ ਬੈਠੇ ਲੋਕਾਂ ਨੂੰ ਵੀ ਵੰਡਪਾਊ ਅਤੇ ਨਫ਼ਰਤ ਭਰੇ ਬਿਆਨਾਂ 'ਤੇ ਲਗਾਮ ਲਗਾਉਣੀ ਹੋਵੇਗੀ, ਨਹੀਂ ਤਾਂ ਅੰਤਰਰਾਸ਼ਟਰੀ ਪੱਧਰ 'ਤੇ ਅੱਗੇ ਤੋਂ ਵੀ ਅਜਿਹੀ ਹੀ ਸ਼ਰਮਿੰਦਗੀ ਝੱਲਣੀ ਪੈਂਦੀ ਰਹੇਗੀ।

## ਬੱਚਿਆਂ ਦੀ ਸਿੱਖਿਆ...

ਧਰਤੀ 'ਤੇ ਜੀਵਨ ਨੀ ਚੱਲ ਸਕਦਾ।'

ਬਹੁਤ ਗੱਲਾਂ ਕਰਨ ਤੋਂ ਬਾਅਦ ਮੈਂ ਉਨਾਂ ਨੂੰ ਕਿਹਾ 'ਹੁਣ ਆਪਾਂ ਸਿਖਾਂਗੇ ਕਿ ਔਰਤ ਦੇ ਸ਼ਰੀਰ ਅੰਦਰ ਕੀ-ਕੀ ਕ੍ਰਿਆਵਾਂ ਹੁੰਦੀਆਂ ਅਤੇ ਹਰ ਮਹੀਨੇ ਉਸਨੂੰ ਕਿਸ ਹਾਲਤ ਵਿੱਚੋਂ ਲੰਘਣਾ ਪੈਂਦਾ।'

ਮੈਂ ਪੜਾਉਂਦੀ ਰਹੀ ਅਤੇ ਬੱਚੇ ਸਾਹ ਰੋਕ ਕੇ ਸੁਣਦੇ ਰਹੇ, ਜਦੋਂ ਮੈਂ ਦੱਸਦੀ ਕਿ ਔਰਤ ਨੂੰ ਬੱਚਾ ਪੈਦਾ ਕਰਨ ਲਈ ਕਿਵੇਂ ਤਕਲੀਫ਼ ਸਹਿਣੀ ਪੈਂਦੀ ਹੈ ਤਾਂ ਉਹਨਾਂ ਦੇ ਚਿਹਰੇ 'ਤੇ ਦੁੱਖ ਉਭਰ ਆਉਂਦਾ। ਇਸ ਜਮਾਤ ਤੋਂ ਬਾਅਦ ਕਦੇ ਮੇਰੇ ਵਿਦਿਆਰਥੀ ਅਜਿਹੇ ਵਿਸ਼ੇ 'ਤੇ ਹੱਸੇ ਨੀ। ਇੱਥੋਂ ਤੱਕ ਕਿ ਮੇਰੇ ਕੋਲ਼ ਪੜਦੇ ਮੁੰਡਿਆਂ ਨੇ ਦੱਸਿਆ ਕਿ ਜੇ ਉਹ ਆਪਣੀ ਮੰਮੀ ਜਾਂ ਭੈਣ ਨੂੰ ਥੱਕੀ ਹੋਈ ਜਾਂ ਬਿਮਾਰ ਦੇਖਦੇ ਹਾਂ ਤਾਂ ਉਨਾਂ ਨੂੰ ਅਰਾਮ ਕਰਨ ਨੂੰ ਕਹਿ ਕੇ ਖ਼ੁਦ ਕੰਮ ਕਰਨ ਲੱਗ ਜਾਂਦੇ ਆ।

ਮੈਂ ਸੋਚਦੀ ਹਾਂ ਕਿ ਜੇ ਇਹ ਵਿਸ਼ਾ ਅੰਗਰੇਜ਼ੀ ਵਿੱਚ ਪੜਾ ਕੇ ਸਾਰ ਦਿੱਤਾ ਹੁੰਦਾ ਤਾਂ ਬੱਚਿਆਂ ਵਿੱਚ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ ਨਹੀਂ ਪੈਦਾ ਹੋ ਸਕਦੀ ਸੀ। ਬੱਚਿਆਂ ਨੂੰ ਅਜਿਹੇ ਵਿਸ਼ੇ ਰੋਜ਼ਾਨਾ ਅਤੇ ਉਨਾਂ ਦੀ ਮਾਤ-ਭਾਸ਼ਾ ਵਿੱਚ ਪੜਾਏ ਜਾਣੇ ਚਾਹੀਦੇ ਹਨ ਤਾਂ ਕਿ ਉਹ ਵਿਸ਼ੇ ਨੂੰ ਆਪਣੀ ਜ਼ਿੰਦਗੀ ਨਾਲ਼ ਜੋੜ ਕੇ ਪੜਨ।

## ਬੱਚਿਆਂ ਹੱਥ ਸਮਾਰਟ...

ਇਸ ਕਾਰਨ ਉਹ ਬੱਚਿਆਂ ਨੂੰ ਮੋਬਾਈਲ 'ਤੇ ਲਗਾਉਣਾ ਪਸੰਦ ਕਰਦੇ ਹਨ। ਸਾਂਝੇ ਪਰਿਵਾਰ ਘੱਟ ਹੋਣ ਕਾਰਨ ਨੌਕਰੀ ਪੇਸ਼ੇ ਵਾਲੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਲਈ ਕਿਸੇ ਸੰਭਾਲ ਵਾਲੀ ਔਰਤ ਦਾ ਪ੍ਰਬੰਧ ਕਰਨਾ ਪੈਂਦਾ ਹੈ ਤਾਂ ਮਾਪੇ ਉਸ ਨੂੰ ਵੀ ਸਮਾਰਟ ਫੋਨ ਦੇ ਕੇ ਜਾਂਦੇ ਹਨ ਕਿ ਜੇ ਇਹ ਦਿਲ ਨਾ ਲਗਾਵੇ ਤਾਂ ਮੋਬਾਈਲ ਫੋਨ ਦੇ ਦਿੱਤਾ ਜਾਵੇ। ਕਿਸੇ ਜਨਤਕ ਥਾਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਲੈ ਕੇ ਜਾਂਦੇ ਹਨ ਜੇ ਬੱਚਾ ਖੇਡਣਾ ਚਾਹਵੇ ਤਾਂ ਮਾਪੇ ਉਸ ਨੂੰ ਅਧੁਨਿਕ ਸੱਭਿਅਤਾ ਦੀ ਕਠਪੁਤਲੀ ਬਣਾ ਕੇ ਮੋਬਾਈਲ ਹੱਥ 'ਚ ਦੇ ਕੇ ਇਕ ਜਗ੍ਹਾ ਬੈਠਣ ਲਈ ਕਹਿ ਦਿੰਦੇ ਹਨ। ਕਈ ਮਾਪੇ ਅਜਿਹੇ ਵੀ ਹਨ ਜਿਨਾਂ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਬੱਚਾ ਫੋਨ ਵੇਖਕੇ ਜਲਦੀ ਖਾਂਦਾ ਹੈ, ਤਾਂ ਉਹ ਬੱਚੇ ਦਾ ਪੇਟ ਭਰਨ ਲਈ ਉਸਨੂੰ ਮਾਨਸਿਕ ਤੌਰ 'ਤੇ ਖੋਖਲਾ ਬਣਾ ਲੈਂਦੇ ਹਨ। ਮਾਪੇ ਇਸ ਗੱਲ ਦਾ ਮਾਣ ਮਹਿਸੂਸ ਕਰਦੇ ਹਨ ਕਿ ਸਾਡਾ ਬੱਚਾ ਤਾਂ ਸਾਰਾ ਸਮਾਰਟ ਫੋਨ ਚਲਾ ਲੈਂਦਾ ਹੈ ਤੇ ਬਹੁਤ ਹੁਸ਼ਿਆਰ ਹੈ। ਡਿਜੀਟਲ ਬਚਪਨ ਨੇ ਬੱਚਿਆਂ ਨੂੰ ਮਾਨਸਿਕ ਪੱਖੋਂ ਕਮਜ਼ੋਰ ਕਰ ਦਿੱਤਾ ਹੈ। ਇਸ ਨਾਲ ਬੱਚਿਆਂ 'ਚ ਕਈ ਮਾਨਸਿਕ ਬੀਮਾਰੀਆਂ ਜਨਮ ਲੈ ਰਹੀਆਂ ਹਨ, ਜੋ ਅੱਗੇ ਜਾ ਕੇ ਮਾਨਸਿਕ ਤੇ ਸਰੀਰਕ ਅਪਾਹਜਤਾ ਦਾ ਰੂਪ ਵੀ ਧਾਰ ਸਕਦੀਆਂ ਹਨ। ਤੁਸੀਂ ਖੁਦ ਧਿਆਨ ਦੇ ਕੇ ਵੇਖੋ, ਜੋ ਬੱਚੇ ਸਮਾਰਟ ਫੋਨ ਦੀ ਵਰਤੋਂ ਬਹੁਤ ਜ਼ਿਆਦਾ ਕਰਦੇ ਹਨ ਉਹ ਸੁਭਾਅ ਪੱਖੋਂ ਚਿੜਚਿੜੇ ਤੇ ਇਕਦਮ ਗੁੱਸੇ ਵਿੱਚ ਆ ਜਾਂਦੇ ਹਨ। ਉਨਾਂ ਦੀ ਖਾਣ-ਪੀਣ 'ਚ ਰੁਚੀ ਘਟਣ ਲੱਗ ਜਾਂਦੀ ਹੈ, ਜਿਸ ਕਾਰਨ ਕਈ ਪ੍ਰਕਾਰ ਦੇ ਰੋਗ ਵੀ ਹੋ ਸਕਦੇ ਹਨ। ਸਾਰਾ ਦਿਨ ਸਿਰ ਝੁਕਾ ਕੇ ਫੋਨ ਵੇਖਣ ਨਾਲ ਸਰੀਰ ਦੇ ਢਾਂਚੇ ਵਿੱਚ ਵੀ ਵਿਗਾੜ ਆਉਣ ਲੱਗਦੇ ਹਨ। ਅੱਖਾਂ ਦੀ ਰੌਸ਼ਨੀ 'ਤੇ ਮਾੜਾ ਅਸਰ ਪੈਂਦਾ ਹੈ। ਬੱਚਿਆਂ ਦੀ ਰਚਨਾਤਮਕ ਸ਼ਕਤੀ 'ਤੇ ਵੀ ਮਾੜੂ ਅਸਰ ਪੈਂਦੇ ਹਨ। ਬੱਚੇ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ, ਜੋ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ ਹੈ। ਸਮਾਰਟ ਫੋਨ ਦੀ ਵਰਤੋਂ ਨਾਲ ਬੱਚੇ ਸਮਾਜਿਕ ਪੱਖੋਂ ਵੀ ਟੁੱਟ ਰਹੇ ਹਨ। ਇੱਕ ਸਮਾਂ ਸੀ ਜਦੋਂ ਬੱਚੇ ਟੋਲੀਆਂ ਬਣਾ ਖੇਡਦੇ ਸਨ, ਪਰ ਜਦੋਂ ਤੋਂ ਸਮਾਜ ਵਿੱਚ ਬਲਾਤਕਾਰ, ਬੱਚਿਆਂ ਨੂੰ ਅਗਵਾ ਕਰਨ ਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਮਾਪੇ ਬੱਚਿਆਂ ਨੂੰ ਘਰ ਦੇ ਅੰਦਰ ਹੀ ਮਹਿਫੂਜ਼ ਸਮਝਦੇ ਹਨ। ਅੱਜ-ਕੱਲ ਜਦੋਂ ਮਾਪੇ ਬੱਚਿਆਂ ਲੈ ਕੇ ਕਿਸੇ ਰਿਸ਼ਤੇਦਾਰੀ ਵਿੱਚ ਜਾਂਦੇ ਹਨ ਤਾਂ ਵੱਡੇ ਆਪਸ ਵਿੱਚ ਗੱਲਾਂ ਕਰ ਰਹੇ ਹੁੰਦੇ ਹਨ ਅਤੇ ਬੱਚੇ ਤੇ ਨੌਜਵਾਨ ਮੋਬਾਈਲ 'ਤੇ ਲੱਗੇ ਰਹਿੰਦੇ ਹਨ, ਜਿਸ ਨਾਲ ਆਉਣ ਵਾਲੀਆਂ ਪੀੜੀਆਂ ਦੀ ਸਾਂਝ 'ਤੇ ਸਵਾਲ ਖੜੇ ਹੋ ਰਹੇ ਹਨ। ਪਹਿਲਾਂ ਬੱਚਾ ਆਪਣੀ ਮਾਂ ਦੀ ਗੋਦੀ 'ਚ ਆ ਕੇ ਚੁੱਪ ਕਰ ਜਾਂਦਾ ਸੀ, ਪਰ ਅੱਜ-ਕੱਲ ਬੱਚਾ ਜਦੋਂ ਰੋਂਦਾ ਹੈ ਤਾਂ ਮੋਬਾਈਲ ਦੀ ਸਕਰੀਨ ਵੇਖ ਕੇ ਚੁੱਪ ਹੋ ਜਾਂਦਾ ਹੈ। ਬੱਚਿਆਂ ਦੀਆਂ ਮਾਵਾਂ ਵੀ ਫੋਨ ਹੀ ਬਣ ਚੁੱਕੇ ਹਨ। ਇਸ ਗੱਲ 'ਤੇ ਚਿੰਤਨ ਦੀ ਜ਼ਰੂਰਤ ਹੈ ਕਿ ਜਦੋਂ ਨੌਜਵਾਨ ਨਸ਼ੇ ਦੇ ਆਦੀ ਹੋਏ ਤਾਂ ਨਸ਼ਾ ਛੁਡਾਊ ਕੇਂਦਰ ਖੋਲੇ ਗਏ। ਪਰ ਯਾਦ ਰੱਖਣਾ ਮੋਬਾਈਲ ਛੁਡਾਊ ਕੇਂਦਰ ਕਿਸੇ ਨਹੀਂ ਖੋਲਣੇ। ਇਸ ਲਈ ਮਾਪਿਆਂ ਨੂੰ ਹੀ ਜਾਗਰੂਕ ਹੋਣ ਦੀ ਜ਼ਰੂਰਤ ਹੈ। ਬੱਚਿਆਂ ਨੂੰ ਇਸ ਸਮਾਰਟ ਫੋਨ ਤੋਂ ਅਜ਼ਾਦ ਕਰਵਾਉਣਾ ਬਹੁਤ ਹੀ ਔਖਾ ਕੰਮ ਹੈ, ਪਰ ਇਸ ਦੀ ਵਰਤੋਂ ਨੂੰ ਕੁਝ ਹੱਦ ਤੱਕ ਘੱਟ ਕਰਾਇਆ ਜਾ ਸਕਦਾ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਭ ਤੋਂ ਪਹਿਲਾਂ ਮਾਪਿਆਂ ਨੂੰ ਖੁਦ ਇਸ ਦੀ ਆਦਤ ਛੱਡਣੀ ਪਵੇਗੀ। ਬੱਚਿਆਂ ਸਾਹਮਣੇ ਮੋਬਾਈਲ ਫੋਨ ਦੀ ਵਰਤੋਂ ਘੱਟ ਕਰੋ। ਬੱਚਿਆਂ ਦੀਆਂ ਰੁਚੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨਾਂ ਨੂੰ ਉਹੋ ਜਿਹੇ ਖਿਡੌਣੇ ਖ਼ਰੀਦ ਕੇ ਦਿਓ। ਉਨਾਂ ਨਾਲ ਖੁਦ ਸਮਾਂ ਬਿਤਾਓ। ਜੇ ਉਨਾਂ ਕੋਲ ਬੈਠੇ ਕੰਮ ਵੀ ਕਰ ਰਹੇ ਹੋ, ਤਾਂ ਵੀ ਉਨਾਂ ਨਾਲ ਕੁਝ ਗੱਲਾਂ ਕਰਦੇ ਰਹੋ। ਸਭ ਤੋਂ ਅਹਿਮ ਹੈ, ਤੁਸੀਂ ਜਿਹੋ ਜਿਹੇ ਬੱਚਿਆਂ ਨੂੰ ਬਣਾਉਣਾ ਚਾਹੁੰਦੇ ਹੋ, ਪਹਿਲਾਂ ਆਪ ਬਣੋ। ਜੇ ਮੋਬਾਈਲ ਦੀ ਆਦਤ ਬੱਚੇ ਨੂੰ ਬਹੁਤ ਜ਼ਿਆਦਾ ਹੈ, ਤਾਂ ਬੱਚੇ ਤੋਂ ਮੋਬਾਈਲ ਖੋਹੋ ਨਾ, ਇਸ ਨਾਲ ਉਸ ਦੀ ਰੁਚੀ ਵਧੇਗੀ, ਉਹ ਜ਼ਿੱਦ ਕਰੇਗਾ। ਬੱਚਿਆਂ ਨੂੰ ਕਿਤਾਬਾਂ ਨਾਲ ਜੋੜੋ, ਛੋਟੇ ਬੱਚਿਆਂ ਨੂੰ ਤਸਵੀਰਾਂ ਵਾਲੀਆਂ ਦਿਲਚਸਪ ਕਿਤਾਬਾਂ ਖਰੀਦ ਕੇ ਦਿਓ। ਇੱਕ ਜ਼ਰੂਰੀ ਪਹਿਲੂ ਇਹ ਹੈ ਕਿ ਬੱਚਿਆਂ ਨੂੰ ਬੋਰ ਹੋਣ ਭਾਵ ਅੱਕਣ ਦਿਉ। ਬੱਚੇ ਸਕਰੀਨ ਵੇਖਦੇ ਕਦੇ ਨਹੀਂ ਅੱਕਦੇ। ਜੇ ਬੱਚੇ ਅੱਕੇ ਨਾ ਤਾਂ ਉਹ ਰਚਨਾਤਮਕ ਨਹੀਂ ਹੋ ਸਕਣਗੇ। ਇਸ ਲਈ ਜਦੋਂ ਬੱਚੇ ਅੱਕ ਜਾਣਗੇ ਤਾਂ ਉਹ ਸੋਚਣਗੇ, ਆਲੇ-ਦੁਆਲੇ ਤੋਂ ਕੁਝ ਖੇਡਣ ਲਈ ਲੱਭਣਗੇ ਤਾਂ ਉਨਾਂ ਦੀ ਰਚਨਾਤਮਕਤਾ ਦਾ ਵਿਕਾਸ ਹੋਵੇਗਾ। ਇਹ ਵੀ ਧਿਆਨ ਰੱਖੋ ਕਿ ਅੱਗੇ ਡਿਜੀਟਲ ਯੁੱਗ ਹੈ। ਉਨਾਂ ਨੂੰ ਇਸ ਨੂੰ ਸੀਮਤ ਢੰਗ ਨਾਲ ਵਰਤਣਾ ਵੀ ਸਿਖਾਓ, ਪਰ ਬੱਚਿਆਂ ਨੂੰ ਸਕਰੀਨ ਦੇ ਆਦੀ ਹੋਣ ਤੋਂ ਬਚਾਉਣਾ ਸਾਡੀ ਆਪਣੀ ਜ਼ਿੰਮੇਵਾਰੀ ਹੈ।

## ਮੁਹੰਮਦ ਵਿਵਾਦਤ...

ਗੋਲ ਟੋਪੀਧਾਰੀ ਮੌਲਵੀ ਲੱਗਣ ਵਾਲੇ ਲੋਕ ਤੈਨਾਤ ਕੀਤੇ ਜਾਂਦੇ ਹਨ। ਇਨਾਂ ਦਾ ਹਿੰਦੂ ਅਧਿਆਤਮ ਜਾਂ ਇਸਲਾਮਿਕ ਅਧਿਆਤਮ ਨਾਲ ਕੋਈ ਸੰਬੰਧ ਨਹੀਂ ਹੁੰਦਾ। ਉਕਸਾਵੇਂ-ਭਰੀ, ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਦੁਖੀ ਕਰਨ ਵਾਲੀ ਭਾਸ਼ਾ ਬੋਲਣ ਵਾਲੇ ਇਨਾਂ ਟੀ.ਵੀ. ਯੋਧਿਆਂ ਨੂੰ ਐਂਕਰਾਂ ਵੱਲੋਂ ਮੁਰਗਿਆਂ ਵਾਂਗ ਲੜਾਇਆ ਜਾਂਦਾ ਹੈ। ਮੋਦੀ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਇਸਲਾਮਿਕ ਦੇਸ਼ਾਂ ਨੂੰ ਸਫ਼ਾਈ ਦਿੰਦਿਆਂ ਇਸ ਤਰਾਂ ਦੇ ਬਿਆਨਾਂ ਨੂੰ 'ਫਰਿੰਜ ਐਲੀਮੈਂਟਸ' (ਗ਼ੈਰ-ਸਮਾਜਿਕ ਤੱਤਾਂ) ਦੀ ਕਾਰਸਤਾਨੀ ਕਰਾਰ ਦਿੱਤਾ ਹੈ। ਪਰ ਟੀ.ਵੀ. ਚੈਨਲਾਂ ਦੀਆਂ ਬਹਿਸਾਂ 'ਚ ਇਹ 'ਗ਼ੈਰ-ਸਮਾਜਿਕ ਤੱਤਾਂ' ਲਗਾਤਾਰ 'ਮੇਨਸਟ੍ਰੀਮਿੰਗ' (ਮੁੱਖ ਧਾਰਾ 'ਚ ਲਿਆਉਣ) ਦੀ ਪ੍ਰਕਿਰਿਆ 'ਵਿਚੋਂ ਲੰਘਦੇ ਰਹਿੰਦੇ ਹਨ। ਐਂਕਰਾਂ ਦਾ ਕੰਮ 'ਗ਼ੈਰ-ਸਮਾਜਿਕ ਤੱਤਾਂ' ਦੀ 'ਮੇਨਸਟ੍ਰੀਮਿੰਗ' ਕਰਨਾ ਹੋ ਗਿਆ ਹੈ ਅਤੇ ਜਿਨਾਂ ਸਿਆਸੀ ਸ਼ਕਤੀਆਂ ਨੂੰ ਮੀਡੀਆ ਮੰਚਾਂ 'ਤੇ ਚੱਲ ਰਹੀਆਂ ਇਨਾਂ ਸਰਗਰਮੀਆਂ ਨਾਲ ਲਾਭ ਹੁੰਦਾ ਹੈ, ਉਹ ਕਦੇ ਚੁੱਪਚਾਪ ਅਤੇ ਕਦੇ ਸਪਸ਼ਟ ਅੰਦਾਜ਼ ਨਾਲ ਇਸ ਦਾ ਅਨੰਦ ਲੈਂਦੀਆਂ ਹਨ।

ਸਵਾਲ ਕੁਝ ਹੋਰ ਵੀ ਹਨ ਜੋ ਨਹੀਂ ਪੁੱਛੇ ਜਾ ਰਹੇ। ਭਾਵ ਕੀ ਸੱਤਾਧਾਰੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਦਿੱਲੀ ਰਾਜ ਦੇ ਮੀਡੀਆ ਸੈੱਲ ਦੇ ਇੰਚਾਰਜ ਨੂੰ 'ਗ਼ੈਰ-ਸਮਾਜਿਕ ਤੱਤਾਂ' ਦੀ ਸ਼੍ਰੇਣੀ 'ਵਿਚ ਮੰਨਿਆ ਜਾ ਸਕਦਾ ਹੈ? ਨਿਸ਼ਚਿਤ ਤੌਰ 'ਤੇ ਇਹ ਲੋਕ 'ਗ਼ੈਰ-ਸਮਾਜਿਕ ਤੱਤਾਂ' ਨਹੀਂ, ਸਗੋਂ 'ਮੇਨਸਟ੍ਰੀਮ' ਹਨ। ਇਸ ਦਾ ਸਬੂਤ ਖ਼ੁਦ ਭਾਰਤੀ ਜਨਤਾ ਪਾਰਟੀ ਵੱਲੋਂ ਮੁਹੱਈਆ ਕਰਵਾਏ ਅੰਕੜਿਆਂ ਨੇ ਦਿੱਤਾ ਹੈ। ਜਦੋਂ ਨੂਪੁਰ-ਨਵੀਨ ਮਾਮਲੇ 'ਤੇ ਹੋਏ ਵਿਵਾਦ ਦਾ ਪੱਧਰ ਅੰਤਰਰਾਸ਼ਟਰੀ ਹੋ ਗਿਆ, ਤਾਂ ਪਾਰਟੀ ਨੇ ਆਈ.ਟੀ. ਸੈੱਲ ਮਾਹਿਰਾਂ ਦੀ ਮਦਦ ਨਾਲ ਜਾਂਚ-ਪੜਤਾਲ ਕੀਤੀ। ਸਤੰਬਰ, 2014 ਤੋਂ 3 ਮਈ, 2022 ਦਰਮਿਆਨ ਪਾਰਟੀ ਦੇ 38 ਬੁਲਾਰਿਆਂ, ਸੰਸਦ ਮੈਂਬਰਾਂ, ਵਿਧਾਇਕਾਂ, ਮੰਤਰੀਆਂ ਅਤੇ ਹੋਰ ਨੇਤਾਵਾਂ ਨੇ 5200 ਇਤਰਾਜ਼ਯੋਗ ਬਿਆਨ ਦਿੱਤੇ, ਜਿਸ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ। ਭਾਵ, ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਹਰ ਮਹੀਨੇ 54 ਤੋਂ ਜ਼ਿਆਦਾ ਵਾਰ ਇਸ ਤਰਾਂ ਦੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ।

ਭਾਜਪਾ ਚਾਹੇ ਤਾਂ ਇਸ ਸੰਕਟ ਨੂੰ ਮੌਕਿਆਂ 'ਵਿਚ ਬਦਲ ਕੇ ਆਪਣੇ ਨੇਤਾਵਾਂ ਅਤੇ ਬੁਲਾਰਿਆਂ ਦੀ ਭਾਸ਼ਾ 'ਤੇ ਰੋਕ ਲਗਾ ਸਕਦੀ ਹੈ। ਇਸ ਨਾਲ ਮੋਦੀ ਸਰਕਾਰ ਨੂੰ ਲਾਭ ਹੀ ਹੋਵੇਗਾ।

## ਭਗਵੇਂਵਾਦ ਦਾ...

ਜੇ ਅਮਰੀਕਾ ਵਿਚ ਡੋਨਲਡ ਟਰੰਪ ਦੇ ਆਧਾਰ ਨੂੰ ਖੋਰਾ ਲਾਉਣ ਲਈ ਟੀ ਪਾਰਟੀ ਵਾਲੇ 'ਅਨਸਰਾਂ' ਨੂੰ ਇਕ ਦਹਾਕਾ ਲੱਗ ਗਿਆ ਸੀ ਤਾਂ ਇਸ ਮਾਮਲੇ ਵਿਚ ਸਾਡੇ ਵਾਲੇ 'ਅਨਸਰ' ਵੀ ਬਹੁਤਾ ਪਿੱਛੇ ਨਹੀਂ। ਹੋ ਸਕਦਾ ਹੈ, ਆਖ਼ਰਕਾਰ ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਨਾਲ ਪਾਰਟੀ ਦੀਆਂ ਅੱਖਾਂ ਖੁੱਲ ਜਾਣ। ਹੋ ਸਕਦਾ ਹੈ, ਉਹ ਮੁਲਕ ਵਿਚਲੀਆਂ ਸੁਝਵਾਨ ਆਵਾਜ਼ਾਂ ਨੂੰ ਉਵੇਂ ਹੀ ਸੁਣਨ ਲੱਗ ਪਵੇ ਜਿਵੇਂ ਇਹ ਆਪਣੇ ਅਰਬ ਮਿੱਤਰਾਂ ਨੂੰ ਸੁਣਦੀ ਹੈ। ਹੋ ਸਕਦਾ ਹੈ, ਪਾਰਟੀ ਦੇ ਆਈਟੀ ਸੈੱਲ ਦਾ ਮੁਖੀ ਆਪਣੇ ਦਸਤਿਆਂ ਨੂੰ ਨੱਥ ਪਾ ਕੇ ਰੱਖ ਸਕੇ : ਜਾਂ ਹੋ ਸਕਦਾ ਹੈ, ਉਹ ਘੋੜਾ ਵੀ ਆਪਮੁਹਾਰਾ ਹੋ ਚੁੱਕਿਆ ਹੈ ਅਤੇ ਹੁਣ ਸਾਡੇ ਲਈ ਝੱਖੜਾਂ ਦਾ ਸਾਹਮਣਾ ਕਰਨ ਦਾ ਵੇਲਾ ਆਉਣ ਵਾਲਾ ਹੈ।

## ਸਿੱਖ ਸੰਘਰਸ਼ ਨਾਲ...

ਇਸ ਕਿਤਾਬ ਦਾ ਇਕ ਪਾਤਰ ਇਕ ਬਹੁਤ ਗਰੀਬ ਪਰਵਾਸੀ ਮਜ਼ਦੂਰ ਹੈ ਜੋ ਕਿ ਇਕ ਬੈਂਕ ਵਿਚ ਪਏ ਡਾਕੇ ਤੋਂ ਬਾਅਦ ਖਾੜਕੂਆਂ ਨੂੰ ਬਾਅਦ ਵਿਚ ਇਕ ਦਿਨ ਰੇਲਵੇ ਸਟੇਸ਼ਨ 'ਤੇ ਪਹਿਚਾਣ ਲੈਂਦਾ ਹੈ ਤੇ ਫਿਰ ਉਨਾਂ ਦਾ ਸਭ ਤੋਂ ਵੱਧ ਵਿਸ਼ਵਾਸ ਪਾਤਰ ਬਣ ਜਾਂਦਾ ਹੈ ਤੇ ਕਦੇ ਵੀ ਉਨਾਂ ਨੂੰ ਧੋਖਾ ਨਹੀਂ ਦੇਂਦਾ ਜੋ ਕਿ ਰੇਲਵੇ ਲਾਈਨ ਦੇ ਨਜ਼ਦੀਕ ਸਟੇਸ਼ਨ ਦੇ ਕੋਲ ਆਪਣੇ ਪਰਿਵਾਰ ਸਮੇਤ ਇਕ ਤੱਪੜਾਂ ਦੀ ਝੁੱਗੀ ਵਿਚ ਰਹਿੰਦਾ ਹੈ ਤੇ ਜੋ ਕਿ ਬਾਅਦ ਵਿੱਚ ਉਹ ਝੁੱਗੀ ਖਾੜਕੂਆਂ ਦਾ ਇਕ ਬਹੁਤ ਮਜ਼ਬੂਤ ਟਿਕਾਣਾ ਬਣ ਜਾਂਦੀ ਹੈ ਅਤੇ ਜਿਸਨੂੰ ਖਾੜਕੂ ਵੱਡੀ ਕੋਠੀ ਬੋਲਦੇ ਹਨ ਇਕ ਪ੍ਰਦੇਸੀ ਭਈਏ ਦੀ ਖਾੜਕੂ ਯੋਧਿਆਂ ਪ੍ਰਤੀ ਐਨੀ ਭਰੋਸੇਯੋਗਤਾ ਕਿ ਉਹ ਖਾੜਕੂਆਂ ਦੇ ਹਥਿਆਰਾਂ ਤੇ ਰੁਪਏ ਪੈਸੇ ਨੂੰ ਦੇਖ ਕੇ ਵੀ ਕਦੇ ਡੋਲਦਾ ਨਹੀਂ ਤੇ ਖਾੜਕੂਆਂ ਦਾ ਵੀ ਉਸ ਉੱਤੇ ਅਥਾਹ ਦਾ ਵਿਸ਼ਵਾਸ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਖਾੜਕੂ ਕਿਸੇ ਦੇ ਧਰਮ ਦੇ ਵਿਰੋਧੀ ਨਹੀਂ ਸਨ। ਜ਼ੁਲਮ ਤੇ ਜਾਲਮਾਂ ਦੇ ਵਿਰੋਧੀ ਸਨ ਤੇ ਖਾੜਕੂਆਂ ਦਾ ਇਕ ਵੱਡਾ ਤਬਕਾ ਜੋ ਕਿ ਬਹੁਤ ਪੜੇ ਲਿਖੇ ਅਮੀਰ ਪਰਿਵਾਰਾਂ ਵਿੱਚ ਪੈਦਾ ਹੋਏ ਨੌਜਵਾਨ ਲੋਕਾਂ ਨਾਲ ਸੰਬੰਧਤ ਸੀ ਜੋ ਕਿ ਝੌਂਪੜੀਆਂ ਵਿੱਚ ਰਹਿੰਦੇ ਹੋਏ ਸਿੱਖ ਸੰਘਰਸ਼ ਦੀ ਲੜਾਈ ਨੂੰ ਲੜ ਰਹੇ ਸਨ ਤੇ ਇਸ ਕਿਤਾਬ ਵਿੱਚ ਅੱਗੇ ਪਾਕਿਸਤਾਨ ਤੋਂ ਹਥਿਆਰਾਂ ਦੀ ਸਪਲਾਈ ਲਈ ਬਾਡਰਾਂ ਦੇ ਨਾਲ ਲੱਗਦੇ ਦੋਵੇਂ ਪਾਸੇ ਦੇ ਪਿੰਡਾਂ ਦੇ ਪਾਡੇ ਜੋ ਕਿ ਹਥਿਆਰਾਂ ਨੂੰ ਇੱਧਰ ਤੋਂ ਉਧਰ ਕਰਦੇ ਸਨ ਉਹ ਤੇ ਉਨਾਂ ਦੇ ਪਰਿਵਾਰਾਂ ਦੇ ਦਰਦ ਨੂੰ ਵੀ ਬਹੁਤ ਬਾਖੂਬੀ ਨਾਲ ਇਸ ਤਰਾਂ ਪੇਸ਼ ਕਰਦਾ ਹੈ ਜਿਸ ਨਾਲ ਉਨਾਂ ਪ੍ਰਤੀ ਇਕ ਨਵੀਂ ਹੀ ਜੁਗਿਆਸਾ ਪੈਦਾ ਹੋ ਜਾਂਦੀ ਹੈ ਤੇ ਇਸ ਸ਼ੰਘਰਸ ਦੌਰਾਨ ਜਜ਼ਬਾਤਾਂ ਨਾਲ ਜੁੜਕੇ ਸ਼ਾਮਿਲ ਹੋਏ ਕੁਝ ਉਹ ਸਿੱਖ ਨੌਜਵਾਨਾਂ ਦਾ ਜ਼ਿਕਰ ਜਿਨਾਂ ਨੂੰ ਕਿਸ ਤਰਾਂ ਸਰਕਾਰ ਤੋੜਕੇ ਸੰਘਰਸ਼ ਨੂੰ ਢਾਹ ਲਾਉਂਦੀ ਹੈ ਹੁਣ ਦੇ ਸਿੱਖ ਨੌਜਵਾਨਾਂ ਲਈ ਇਕ ਸਿੱਖਣ ਵਾਲਾ ਸਬਕ ਹੈ ਤੇ ਇਸ ਕਿਤਾਬ ਵਿੱਚ ਕੁਝ ਵਿਲੱਖਣ ਘਟਨਾਵਾਂ ਦਾ ਜ਼ਿਕਰ ਵੀ ਹੈ ਕਿ ਜਦ ਖਾੜਕੂ ਦੁਸ਼ਟ ਸਵਰਨ ਸਿੰਘ ਘੋਟਣੇ ਜਾਲਿਮ ਪੁਲਿਸ ਅਫਸਰ ਦੇ ਘਰ ਤੱਕ ਪਹੁੰਚ ਜਾਂਦੇ ਹਨ ਤੇ ਉਹ ਉਨਾਂ ਦੇ ਪੂਰੇ ਬਹੁਤ ਹੀ ਕਰੀਬ ਤੋਂ ਨਿਸ਼ਾਨੇ ਤੇ ਹੁੰਦਾ ਹੈ ਪਰ ਖਾੜਕੂ ਉਸਨੂੰ ਪਾਠ ਕਰਦੇ ਹੋਏ ਨੂੰ ਦੇਖਦੇ ਹਨ ਤੇ ਉਸਦੇ ਹੱਥ ਵਿੱਚ ਗੁਟਕਾ ਸਾਹਿਬ ਨੂੰ ਦੇਖਕੇ ਉਸਨੂੰ ਮਾਰਦੇ ਨਹੀਂ ਇਹ ਗੱਲ ਸਿੰਘਾਂ ਦੀ ਗੁਰੂ, ਗੁਰਬਾਣੀ ਪ੍ਰਤੀ ਉਨਾਂ ਦੇ ਅਥਾਹ ਪਿਆਰ ਤੇ ਵਿਸ਼ਵਾਸ ਸ਼ਰਧਾ ਨੂੰ ਦਰਸਾਉਂਦੀ ਹੈ ਤੇ ਦੂਜੇ ਪਾਸੇ ਪੁਲਿਸ ਨਾਲ ਜਾਂ ਜਾਲਮਾਂ ਨਾਲ ਲੜਦੇ ਸਮੇਂ ਕੁਝ ਉਹ ਲੋਕ ਜੋ ਅਚਨਚੇਤ ਰਾਹ ਵਿੱਚ ਆਉਣ ਕਰਕੇ ਮਾਰੇ ਜਾਂਦੇ ਸਨ ਜੋ ਕਿ ਬੇਕਸੂਰ ਲੋਕ ਹੁੰਦੇ ਸਨ ਉਨਾਂ ਪ੍ਰਤੀ ਖਾੜਕੂਆਂ ਦਾ ਪਛਤਾਵਾਂ ਉਨਾਂ ਦੇ ਉਚੇ ਇਖ਼ਲਾਕ ਨੂੰ ਸਿੱਧ ਕਰਦਾ ਹੈ ਕਿ ਖਾੜਕੂ ਬੇਦੋਸ਼ੇ ਲੋਕਾਂ ਦੇ ਕੀਤੇ ਜਾਂਦੇ ਕਤਲਾਂ ਦੇ ਸਖ਼ਤ ਵਿਰੋਧੀ ਸਨ ਤੇ ਕੁਝ ਉਨਾਂ ਮਾਵਾਂ ਜਿਨਾਂ ਦੇ ਪੁੱਤਰ ਮੁੜ ਕਦੇ ਵਾਪਿਸ ਘਰ ਨਹੀਂ ਆਏ ਤੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਾਰਕੇ ਦਰਿਆਵਾਂ ਵਿਚ ਰੋੜ ਦਿੱਤੇ ਗਏ, ਮਨ ਵਿੱਚ ਇਕ ਸੋਗ ਦੀ ਲਹਿਰ ਨੂੰ ਪੈਦਾ ਕਰਦੀ ਹੈ ਤੇ ਇਹ ਕਿਤਾਬ ਪੜਨ ਲਈ ਅੰਤ ਤੱਕ ਆਪਣੀ ਖਿੱਚ ਬਣਾਈ ਰੱਖਦੀ ਹੈ ਤੇ ਇਸ ਕਿਤਾਬ ਨੂੰ ਪੜਨ ਕਰਕੇ ਜਿੱਥੇ ਸਿੱਖ ਸ਼ੰਘਰਸ ਨਾਲ ਜੁੜੇ ਲੋਕਾਂ ਦੇ ਕੁਝ ਪੁਰਾਣੇ ਜ਼ਖ਼ਮ ਜ਼ਰੂਰ ਹਰੇ ਹੋ ਜਾਂਦੇ ਹਨ ਉੱਥੇ ਉਸ ਨਾਲ ਹੀ ਹੁਣ ਦੇ ਸਮੇਂ ਦੇ ਸਿੱਖ ਨੌਜਵਾਨਾਂ ਲਈ ਇਹ ਕਿਤਾਬ ਪੜਨੀ ਬਹੁਤ ਲਾਹੇਵੰਦ ਹੋਵੇਗੀ ਤੇ ਉਹ ਇਸ ਕਿਤਾਬ ਨੂੰ ਪੜਦੇ ਪੜਦੇ ਹੋਏ ਉਸ ਸਮੇਂ ਦੇ ਹਾਲਾਤਾਂ ਨੂੰ ਆਪਣੇ ਸਾਹਮਣੇ ਇਸ ਤਰਾਂ ਮਹਿਸੂਸ ਕਰਨਗੇ ਕਿ ਜਿਵੇਂ ਇਹ ਸਭ ਕੁਝ ਉਨਾਂ ਤੇ ਉਨਾਂ ਦੇ ਪਰਿਵਾਰਾਂ ਨਾਲ ਹੀ ਵਾਪਰ ਰਿਹਾ ਹੋਏ ਭੁੱਲ-ਚੁੱਕ ਮਾਫ਼ ਕਰਨਾ ਜੀ।

## ਗਾਇਕ ਸਿੱਧੂ ਮੂਸੇਵਾਲਾ...

ਉਸਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਆਪਣੇ ਪੁਰਖੇ ਤਸਲੀਮ ਕੀਤਾ ਹੈ, ਸ਼ਾਇਦ ਇਹ ਸਾਰਾ ਵਰਤਾਰਾ ਸਟੇਟ ਦੀ ਨੀਂਦ ਹਰਾਮ ਕਰਨ ਵਾਲਾ ਬਣ ਗਿਆ। ਸਿੱਧੂ ਮੂਸੇਵਾਲੇ ਦਾ ਕਤਲ ਜਿਹੜੇ ਅਤਿ ਅਧੁਨਿਕ ਰਸ਼ੀਅਨ ਹਥਿਆਰਾਂ (ਏ. ਐਨ.94) ਨਾਲ ਕੀਤਾ ਗਿਆ ਹੈ, ਉਹ ਆਧੁਨਿਕ ਹਥਿਆਰ ਰੂਸ ਦੀਆਂ ਸੁਰੱਖਿਆ ਫੋਰਸਾਂ ਕੋਲ ਹੈ, ਜਦੋਂਕਿ ਭਾਰਤੀ ਫੋਰਸਾਂ ਕੋਲ ਵੀ ਉਹ ਹਥਿਆਰ ਅਜੇ ਨਹੀਂ ਹਨ, ਫਿਰ ਕਾਤਲਾਂ ਨੂੰ ਉਹ ਖਤਰਨਾਕ ਅਤੇ ਅਤਿ ਆਧੁਨਿਕ ਹਥਿਆਰ ਕਿਸਨੇ ਮੁਹੱਈਆ ਕਰਵਾਏ ਸਨ, ਇਹ ਸ਼ੱਕ ਦੀ ਸੂਈ ਵੀ ਭਾਰਤ ਦੀਆਂ ਏਜੰਸੀਆਂ ਵੱਲ ਜਾਂਦੀ ਹੈ। ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲੇ ਦੇ ਕਤਲ ਨੂੰ ਭਾਵੇਂ ਭਾਰਤੀ ਸਟੇਟ ਗੈਂਗਵਾਰ ਨਾਲ ਜੋੜ ਕੇ ਸਿੱਖ ਜੁਆਨੀ ਦੀ ਬਾਗੀ ਸੋਚ ਨੂੰ ਖਤਮ ਕਰਨ ਦੇ ਨਾਲ ਨਾਲ ਮਿੱਟੀ ਘੱਟੇ ਰੋਲਣ ਲਈ ਵੀ ਪੂਰੀ ਤਿਆਰੀ ਨਾਲ ਯਤਨਸ਼ੀਲ ਹੈ, ਜਿਸ ਵਿੱਚ ਉਹ ਹਰ ਵਾਰ ਕਾਮਯਾਬ ਵੀ ਹੁੰਦੀ ਆ ਰਹੀ ਹੈ, ਪਰ ਇਸ ਦੇ ਬਾਵਜੂਦ ਵੀ ਪੰਜਾਬ ਦੀ ਜੁਆਨੀ ਦੇ ਲਾਲ ਖੂਨ ਨੂੰ ਪੂਰੀ ਤਰਾਂ ਬਦਰੰਗ ਕਰਨ ਤੋਂ ਅਸਮਰੱਥ ਹੈ।ਆਪਣੀ ਗਾਇਕੀ ਰਾਹੀਂ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਉੱਭਰਦੇ ਸਿਤਾਰੇ ਸਿੱਧੂ ਮੂਸੇਵਾਲੇ ਦਾ ਕਤਲ ਕੋਈ ਆਮ ਕਤਲ ਨਹੀਂ ਹੈ। ਇਸ ਕਤਲ ਨੂੰ ਮਹਿਜ ਗੈਂਗਵਾਰ ਜਾਂ ਗੈਂਗਸਟਰਾਂ ਦੀਆਂ ਫਿਰੌਤੀਆਂ ਨਾਲ ਜੋੜ ਕੇ ਦੇਖਣ ਦਾ ਸਿਰਜਿਆ ਜਾ ਰਿਹਾ ਬਿਰਤਾਂਤ ਪੰਜਾਬ ਦੀ ਜੁਆਨੀ ਦੇ ਕੌਮੀ ਜਜ਼ਬੇ ਨੂੰ ਗਲਤ ਪਾਸੇ ਵੱਲ ਮੋੜ ਕੇ ਦਿਸ਼ਾਹੀਣ ਕਰਨ ਦੀ ਗਹਿਰੀ ਸਾਜਿਸ਼ ਹੈ ਜਿਸ ਨੂੰ ਸਮਝਣ ਦੀ ਲੋੜ ਹੈ। ਇਹ ਵੀ ਸਮਝਣਾ ਪਵੇਗਾ ਕਿ ਇੱਕ ਵਾਰ ਫਿਰ ਗੈਂਗਵਾਰ ਦੇ ਨਾਮ ਤੇ ਪੰਜਾਬ ਦੀ ਜੁਆਨੀ ਦਾ ਸ਼ਿਕਾਰ ਖੇਡਿਆ ਜਾਣ ਵਾਲਾ ਹੈ, ਇਹ ਸ਼ਿਕਾਰ ਵੀ ਉਨਾਂ ਨੌਜਵਾਨਾਂ ਦਾ ਖੇਡਿਆ ਜਾਵੇਗਾ ਜਿਨਾਂ ਦੇ ਅੰਦਰ ਕੌਮੀ ਜਜ਼ਬੇ ਦੀ ਕੋਈ ਚਿਣਗ ਬਲਦੀ ਦਿਖਾਈ ਦਿੰਦੀ ਹੈ, ਜਿਨਾਂ ਦੇ ਅੰਦਰ ਰੜ ਰਹੇ ਚੱਲੇ ਪੰਜਾਬ ਦਾ ਦਰਦ ਹੈ। ਨਸ਼ਿਆਂ ਦੇ ਸਮਗਲਰਾਂ, ਸੜਕੀ ਦੁਰਘਟਨਾ ਕਹਿ ਕੇ ਪੰਜਾਬ ਦੇ ਪੁੱਤਾਂ ਨੂੰ ਚੁਣ ਚੁਣ ਕੇ ਖਤਮ ਕਰਨ ਵਾਲਿਆਂ ਅਤੇ ਸਿੱਧੂ ਮੂਸੇਵਾਲੇ ਵਰਗੇ ਨੌਜਵਾਨਾਂ ਦੇ ਸਟੇਟ ਪੱਖੀ ਕਾਤਲਾਂ ਨੂੰ ਕੋਈ ਖਤਰਾ ਨਹੀਂ ਹੋਣ ਵਾਲਾ। ਸ਼ੁਭਦੀਪ ਸਿੰਘ ਸਿੱਧੂ (ਮੂਸੇਵਾਲਾ) ਵਰਗੇ ਬਾਗੀ ਪਰਵਿਰਤੀ ਵਾਲੇ ਅਜਾਦੀ ਪਸੰਦ ਨੌਜਵਾਨਾਂ ਦੇ ਹੋ ਰਹੇ ਕਤਲ ਬੇਹੱਦ ਚਿੰਤਾਜਨਕ ਹਨ ਅਤੇ ਇਹ ਵਰਤਾਰਾ ਸਿੱਖ ਕੌਮ ਲਈ ਸਵੈ-ਚਿੰਤਨ ਦਾ ਗੰਭੀਰ ਵਿਸ਼ਾ ਵੀ ਹੈ। ਪੰਜਾਬ ਨੂੰ ਨਸ਼ਿਆਂ ਦੀ ਭੈੜੀ ਮਾਰ ਨਾਲ ਸਾਹ-ਸਤਹੀਣ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਤੋਂ ਬਾਅਦ ਹੁਣ ਗੈਂਗਵਾਰ ਦੇ ਸਿਰਜੇ ਜਾ ਰਹੇ ਅਤਿ ਘਾਤਕ ਬਿਰਤਾਂਤ ਨੂੰ ਠੱਲ ਪਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਕੌਮੀ ਲਾਮਬੰਦੀ ਦੀ ਜ਼ਰੂਰਤ ਹੈ।

## ਡੋਨਬਾਸ ਵਿੱਚ ਫ਼ੈਸਲਾਕੁਲ..

ਉਨਾਂ ਕਿਹਾ ਕਿ ਉਡਾਸ਼ਨੇ ਰੇਲਵੇ ਸਟੇਸ਼ਨ ਨੇੜੇ ਰੂਸੀ ਮਿਜ਼ਾਈਲਾਂ ਦੇ ਹਮਲੇ ਵਿਚ ਹਥਿਆਰ ਤੇ ਹੋਰ ਸਾਮਾਨ ਤਬਾਹ ਕਰ ਦਿੱਤਾ ਗਿਆ ਜੋ ਯੂਕਰੇਨੀ ਫ਼ੌਜ ਨੂੰ ਸਪਲਾਈ ਕੀਤਾ ਗਿਆ ਸੀ। ਯੂਕਰੇਨੀ ਤੋਪਾਂ ਵੱਲੋਂ ਰੂਸੀ ਸਮਰਥਿਤ ਵੱਖਵਾਦੀ ਖ਼ਿੱਤੇ ਦੋਨੇਤਸਕ ਦੇ ਇਕ ਬਾਜ਼ਾਰ 'ਚ ਦਾਗੇ ਗੋਲਿਆਂ ਦੌਰਾਨ ਇਕ ਬੱਚੇ ਸਮੇਤ ਤਿੰਨ ਵਿਅਕਤੀ ਮਾਰੇ ਗਏ ਤੇ ਚਾਰ ਹੋਰ ਜ਼ਖ਼ਮੀ ਹੋਏ ਹਨ। ਦੋਨੇਤਸਕ ਖ਼ਬਰ ਏਜੰਸੀ ਨੇ ਸੈਂਟਰਲ ਮੈਸਕਾਈ ਮਾਰਕੀਟ 'ਚ ਸਟਾਲਾਂ ਨੂੰ ਅੱਗ ਲੱਗੀ ਹੋਣ ਦੀਆਂ ਤਸਵੀਰਾਂ ਦਿਖਾਈਆਂ ਹਨ। ਨਾਟੋ ਦੀਆਂ 155 ਐੱਮਐੱਮ ਤੋਪਾਂ ਨੇ ਖ਼ਿੱਤੇ ਦੇ ਕਈ ਹਿੱਸਿਆਂ 'ਚ ਗੋਲੇ ਦਾਗੇ।

## ਭਾਈ ਦਲਜੀਤ ਸਿੰਘ...

ਲਿਖਤ 'ਚ ਖੁਦ ਨਾ ਦੇ ਬਰਾਬਰ ਸ਼ਾਮਲ ਹੁੰਦਾ ਹੈ, ਪਾਸੇ ਖੜ ਕੇ ਉਨਾਂ ਦੀ ਗੱਲ ਕਰਦਾ ਹੈ ਜੋ ਸੰਘਰਸ਼ ਦੀ ਨੀਂਹ ਸਨ ਪਰ ਇਤਿਹਾਸ ਜਿਨਾਂ ਦਾ ਜ਼ਿਕਰ ਨਹੀਂ ਕਰੇਗਾ।

ਇਸ ਸਮੇਂ ਬਾਰੇ ਲਿਖੀਆਂ ਬਹੁਤੀਆਂ ਕਿਤਾਬਾਂ ਬੇਹੱਦ ਪੇਤਲੀਆਂ ਨੇ, ਇਹ ਕਿਤਾਬ ਲੰਬੇ ਮੰਥਨ ਬਾਅਦ ਲਿਖੀ ਗਈ ਹੈ। ਬਹੁਤੀਆਂ ਕਿਤਾਬਾਂ ਦੇ ਮੁਕਾਬਲੇ ਅਨੁਭਵ 'ਚੋਂ ਨਿਕਲੀ ਹੈ। ਸੰਖੇਪ ਤੇ ਸਾਦੀ ਲਿਖਤ ਹੈ। ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਪੜਨ ਬਾਅਦ, ਇਕ ਪਾਠਕ ਨੇ ਕਿਹਾ- ਐਨਾ ਜ਼ੁਲਮ ਤਾਂ ਨਹੀਂ ਹੋਇਆ ਹੋਣਾ। ਇਹ ਕਿਤਾਬ ਦੱਸਦੀ ਹੈ-ਕਹਾਣੀ ਸੱਚ ਹੈ। ਕਿਤਾਬ ਉਹਨਾਂ ਸਮਿਆਂ ਦੇ ਲੁਕੇ ਸੱਚ ਉਜਾਗਰ ਕਰਦੀ ਹੈ। ਭਿੜ ਰਹੀਆਂ ਧਿਰਾਂ ਦੀ ਮਾਨਸਿਕਤਾ ਤੇ ਕਾਰਜ-ਸ਼ੈਲੀ ਦੀ ਕਨਸੋਅ ਮਿਲਦੀ ਹੈ। ਇਸੇ ਲਈ ਮਹੱਤਵਪੂਰਨ ਹੈ।

ਕਿਤੇ ਲਿਖਿਆ ਪੜਿਆ ਸੀ- ਜੱਟਾਂ ਕੋਲ ਦੋ ਚੀਜ਼ਾਂ ਹੁੰਦੀਆਂ ਨੇ-ਜ਼ਮੀਨ ਤੇ ਰੱਬ। ਸਮਾਜਵਾਦ ਦੋਵੇਂ ਖੋਂਹਦਾ ਹੈ। ਜੱਟ (ਪੰਜਾਬ 'ਚ) ਸਮਾਜਵਾਦ ਲਈ ਕਿਉਂ ਲੜੇ?

ਲੱਗਦਾ ਹੈ ਪੰਜਾਬ ਦੀ ਰੂਹ 'ਚ ਕੋਈ ਬਾਗੀ ਕਣ ਹੈ। ਬੇਚੈਨੀ ਹੈ, ਟੇਕ ਨੀਂ। ਸੁਝ ਘੱਟ ਹੈ, ਭਾਵੁਕਤਾ ਵੱਧ। ਇਹ ਛਲੇਡੇ ਵਾਂਗ ਦੇਹ ਪਲਟ ਲੈਂਦੀ ਹੈ, ਇਕ ਤੋਂ ਦੂਜੀ ਲਹਿਰ ਵਿਚ। ਕਦੇ ਨਕਸਲਵਾਦ ਦਾ ਰੂਪ ਧਾਰਨ ਕਰ ਲੈਂਦੀ ਹੈ, ਕਦੇ ਖਾੜਕੂਵਾਦ ਦਾ। ਕਦੇ ਦਿੱਲੀ ਬਾਰਡਰ 'ਤੇ ਜਾ ਬੈਠਦੀ ਹੈ। ਅੱਜ-ਕੱਲ ਇਹ ਸਿਵਿਆਂ ਵਿਚ ਆਪਣਾ 'ਆਈਕੌਨ' ਲੱਭਦੀ ਫਿਰਦੀ ਹੈ।

ਇਹ ਸਾਰੇ ਸਾਡੇ ਹੀ ਮੁੰਡੇ ਨੇ, ਪਿਆਰਨਯੋਗ ਨੇ। ਵਿਚਾਰਨਯੋਗ ਵੀ।

ਤਨਵੀਰ

## ਸੰਗਰੂਰ ਲੋਕ ਸਭਾ...

ਉਨਾਂ ਕਿਹਾ ਕਿ ਬਾਪੂ ਸੂਰਤ ਸਿੰਘ ਨੇ ਬਾਦਲਾਂ ਦੀ ਹਕੂਮਤ ਵੇਲੇ ਤੋਂ ਬੇਕਸੂਰ ਸਿੱਖਾਂ ਦੀ ਰਿਹਾਈ ਲਈ ਮੋਰਚਾ ਲਾਇਆ ਹੋਇਆ ਹੈ, ਜੋ ਹਾਲੇ ਤੱਕ ਜਾਰੀ ਹੈ। ਉਨਾਂ ਕਿਹਾ ਕਿ ਬਾਦਲ ਪਰਿਵਾਰ ਨੇ ਆਪਣੀ ਹਕੂਮਤ ਵੇਲੇ ਬੇਦੋਸ਼ੇ ਲੋਕਾਂ ਦੇ ਝੂਠੇ ਮੁਕਾਬਲੇ ਬਣਾਉਣ ਵਾਲੇ ਅਤੇ ਤਸੀਹੇ ਦੇਣ ਵਾਲੇ ਪੁਲਿਸ ਅਧਿਕਾਰੀਆਂ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਨੂੰ ਵੱਡੇ ਅਹੁਦੇ ਦਿੱਤੇ ਅਤੇ ਕੇਸ ਦਰਜ ਹੋਣ 'ਤੇ ਉਨਾਂ ਦੇ ਹੱਕ ਵਿੱਚ ਪੈਰਵੀ ਵੀ ਕੀਤੀ।

### ਅਕਾਲੀ ਦਲ ਦੇ ਪੋਸਟਰ ਨੂੰ ਰੱਦ ਕਰਨ ਦੇ ਫੈਸਲੇ 'ਤੇ ਚੋਣ ਕਮਿਸ਼ਨ ਮੁੜ ਸਮੀਖਿਆ ਕਰੇ : ਡਾ. ਚੀਮਾ

ਸੰਗਰੂਰ ਦੀ ਲੋਕ ਸਭਾ ਉਪ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਲਗਾਏ ਪੋਸਟਰਾਂ ਸੰਬੰਧੀ ਚੋਣ ਕਮਿਸ਼ਨ ਵਲੋਂ ਉਠਾਏ ਇਤਰਾਜ਼ਾਂ ਤੋਂ ਸ਼੍ਰੋਮਣੀ ਅਕਾਲੀ ਦਲ ਨਿਰਾਸ਼ ਹੈ ਕਿ ਅਕਾਲੀ ਦਲ ਦੇ ਪੋਸਟਰ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਸ ਨਾਲ ਲੋਕਾਂ ਨੂੰ ਪੀੜਾ ਹੋਵੇਗੀ। ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਚੋਣ ਅਫ਼ਸਰ ਵਲੋਂ ਅਕਾਲੀ ਦਲ ਦੇ ਪੋਸਟਰ ਨੂੰ ਪ੍ਰਵਾਨਗੀ ਨਾ ਦੇਣਾ ਸਰਾਸਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਤੇ ਅਕਾਲੀ ਦਲ ਵਲੋਂ ਕਮਿਸ਼ਨ ਦੀ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ ਨੂੰ ਅਪੀਲ ਹੈ ਕਿ ਪ੍ਰਵਾਨਗੀ ਨਾ ਦੇਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕੀਤਾ ਜਾਵੇ। ਡਾ. ਚੀਮਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਇਕ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ। ਉਨਾਂ ਕਿਹਾ ਕਿ ਇਹ ਸਿਰਫ਼ ਬੰਦੀ ਸਿੰਘਾਂ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬਾ ਕਮਲਦੀਪ ਕੌਰ ਰਾਜੋਆਣਾ ਵਲੋਂ ਕੀਤੀ ਅਪੀਲ ਹੈ, ਜੋ ਉਨਾਂ ਦਾ ਹੱਕ ਹੈ। ਅਕਾਲੀ ਦਲ ਮੁੱਖ ਚੋਣ ਅਫ਼ਸਰ ਕੋਲ ਫ਼ੈਸਲੇ ਦੀ ਸਮੀਖਿਆ ਲਈ ਅਰਜ਼ੀ ਦਾਇਰ ਕਰੇਗਾ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com